ਕੌਮਾਂਤਰੀ
www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

West/East Coast Edition | Volume 22 | Issue 178| 4 to 10 June, 2025 | Ph.: (510) 240-5949 | Email: asrtimes@gmail.com

# ਸਾਕਾ ਨੀਲਾ ਤਾਰਾ: ਰਿਸਦੇ ਜ਼ਖ਼ਮਾਂ ’ਤੇ ਕਦੋਂ ਲੱਗੇਗੀ ਮਲ੍ਹਮ

## ਹਰ ਸਾਲ ਜੂਨ ਮਹੀਨੇ ਤਾਜ਼ਾ ਹੋ ਜਾਂਦੀ ਹੈ ਤੀਜੇ ਘੱਲੂਘਾਰੇ ਦੀ ਚੀਸ



ਸਿੱਖਾਂ ਦੇ ਪਵਿੱਤਰ ਧਾਰਮਿਕ ਅਸਥਾਨ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ’ਤੇ 1 ਤੋਂ 10 ਜੂਨ 1984 ਦੇ ਵਿਚਕਾਰ ਭਾਰਤੀ ਫ਼ੌਜ ਵੱਲੋਂ ਹਮਲਾ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਅਨੇਕਾਂ ਇਤਿਹਾਸਕ ਇਮਾਰਤਾਂ ਨੂੰ ਢਹਿ ਢੇਰੀ ਕਰ ਦਿੱਤਾ ਗਿਆ। ਸਿੱਖ ਸਰਬਸੱਤਾ ਅਤੇ ਮੁਗ਼ਲ ਤੇ ਅਫ਼ਗਾਨ ਜਬਰ ਵਿਰੁੱਧ ਸੰਘਰਸ਼ ਦੇ ਇਤਿਹਾਸਕ ਪ੍ਰਤੀਕ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਖੰਡਰ ਬਣਾ ਦਿੱਤਾ ਗਿਆ ਸੀ।

ਇਸ ਹਮਲੇ ਦੇ ਦੌਰਾਨ ਸ੍ਰੀ ਹਰਿਮੰਦਰ ਸਾਹਿਬ ’ਤੇ 500 ਗੋਲੀਆਂ ਦੇ ਨਿਸ਼ਾਨ ਸਨ, ਜਿਨ੍ਹਾਂ ਵਿਚੋਂ 380 ਗੋਲੀਆਂ ਦੇ ਨਿਸ਼ਾਨ ਸੋਨੇ ਦੇ ਪੱਤਰਿਆਂ ’ਤੇ ਲੱਗੇ ਹੋਏ ਸਨ। ਇਹ ਫ਼ੌਜੀ ਕਾਰਵਾਈ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਹੁਕਮਾਂ ’ਤੇ ਕੀਤੀ ਗਈ। 1984 ਵਿੱਚ ਭਾਰਤੀ ਫ਼ੌਜ ਨੇ ਜਦੋਂ ਸ੍ਰੀ ਦਰਬਾਰ ਸਾਹਿਬ ’ਤੇ ਹਮਲਾ ਕੀਤਾ ਤਾਂ ਮਾਨਵਤਾ ਕੰਬ ਉੱਠੀ ਸੀ। ਸ਼ਾਂਤੀ ਅਤੇ ਮਾਨਵਤਾ ਦਾ ਸੁਨੇਹਾ ਦੇਣ ਵਾਲੇ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਇਸ ਕਾਰੇ ਲਈ ਚੁਣਿਆ ਗਿਆ। ਇਸ ਦਿਹਾੜੇ ’ਤੇ ਹਜ਼ਾਰਾਂ ਦੀ ਗਿਣਤੀ ’ਚ ਮਰਦ, ਔਰਤਾਂ, ਬੱਚੇ ਅਤੇ ਬਜ਼ੁਰਗ ਸ੍ਰੀ ਦਰਬਾਰ ਸਾਹਿਬ ਨਤਮਸਤਕ ਹੋਣ ਲਈ ਆਏ ਸਨ, ਜਿਹਨਾਂ ਵਿਚੋਂ ਵੱਡੀ ਗਿਣਤੀ ਸੰਗਤ ਸ਼ਹੀਦ ਹੋ ਗਈ ਸੀ। ਸਰਕਾਰੀ ਵਾਈਟ ਪੇਪਰ ਮੁਤਾਬਕ ਸਾਕਾ ਨੀਲਾ ਤਾਰਾ ਦੌਰਾਨ 493 ਆਮ ਲੋਕ ਤੇ 83 ਫ਼ੌਜੀ ਮਾਰੇ ਗਏ। ਕੇਂਦਰੀ ਸਿੱਖ ਅਜਾਇਬ ਘਰ ਵਿੱਚ ਹਮਲੇ ਦੇ ਮ੍ਰਿਤਕਾਂ ਦੀ ਸੂਚੀ ਵਿੱਚ 743 ਨਾਂ ਸ਼ਾਮਲ ਹਨ।ਜਦਕਿ ਮਨੁੱਖੀ ਅਧਿਕਾਰ ਕਾਰਕੁਨ ਇੰਦਰਜੀਤ ਸਿੰਘ ਜੇਜੀ ਅਤੇ ਕਈ ਹੋਰ ਮੰਨੇ-ਪ੍ਰਮੰਨੇ ਪੱਤਰਕਾਰ ਤੇ ਵਿਦਵਾਨ ਮ੍ਰਿਤਕਾਂ ਦੀ ਗਿਣਤੀ 4,000 ਤੋਂ 5,000 ਦੱਸਦੇ ਹਨ।ਫ਼ੌਜੀ ਹਮਲੇ ਕਰਨ ਤੋਂ ਪਹਿਲਾਂ ਮੀਡੀਆ, ਜਿਸ ਨੂੰ ਲੋਕਤੰਤਰ ਦਾ ਚੌਥਾ ਥੰਮ੍ਹ ਕਿਹਾ ਜਾਂਦਾ ਹੈ, ਨੂੰ ਖਰੀਦ ਕੇ ਭੜਕਾਊ ਖ਼ਬਰਾਂ ਰਾਹੀਂ ਸਿੱਖਾਂ ਨੂੰ ਅੱਤਵਾਦੀ ਕਹਿ ਕੇ ਪ੍ਰਚਾਰਿਆ ਗਿਆ। ਸਾਕਾ ਨੀਲਾ ਤਾਰਾ ਹਾਕਮਾਂ ਦੀ ਗਿਣੀ-ਮਿਥੀ ਸੋਚੀ ਸਮਝੀ ਚਾਲ ਸੀ, ਜਿਸ ਦੀ ਤਿਆਰੀ 2 ਸਾਲ ਪਹਿਲਾਂ ਤੋਂ ਕੀਤੀ ਜਾ ਰਹੀ ਸੀ। ਅਸਲ ਵਿੱਚ ਉਸ ਸਮੇਂ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸਿੱਖਾਂ ਨੂੰ ਸਬਕ ਸਿਖਾਉਣਾ ਚਾਹੁੰਦੀ ਸੀ ਕਿਉਂਕਿ ਸਿੱਖਾਂ ਅਤੇ ਖਾਸ ਕਰਕੇ ਸ਼੍ਰੋਮਣੀ ਅਕਾਲੀ ਦਲ ਵੱਲੋਂ ਇੰਦਰਾ ਗਾਂਧੀ ਵੱਲੋਂ ਦੇਸ਼ ਵਿੱਚ ਲਗਾਈ ਗਈ ਐਮਰਜੈਂਸੀ ਦਾ ਵਿਰੋਧ ਕਰਨ ਕਰਕੇ ਇੰਦਰਾ ਗਾਂਧੀ ਸਿੱਖਾਂ ਨਾਲ ਕਾਫ਼ੀ ਈਰਖਾ ਰੱਖਦੀ ਸੀ। ਇਸੇ ਕਾਰਨ ਉਸ ਵੱਲੋਂ ਜਾਨ ਬੁੱਝ ਕੇ ਅਜਿਹਾ ਮਾਹੌਲ ਸਿਰਜਿਆ ਗਿਆ ਤਾਂ ਕਿ ਸਾਕਾ ਨੀਲਾ ਤਾਰਾ ਨੂੰ ਅੰਜਾਮ ਦਿੱਤਾ ਜਾ ਸਕੇ।

ਉਸ ਸਮੇਂ ਸਰਕਾਰ ਵੱਲੋਂ ਇਹ ਕਿਹਾ ਗਿਆ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ, ਭਾਈ ਅਮਰੀਕ ਸਿੰਘ, ਜਨਰਲ ਸੁਬੇਗ ਸਿੰਘ ਅਤੇ ਹੋਰ ਖਾੜਕੂ ਮੌਜੂਦ ਸਨ, ਜਿਹਨਾਂ ਨੂੰ ਉਥੋਂ ਕੱਢਣ ਲਈ ਸਾਕਾ ਨੀਲਾ ਤਾਰਾ ਕਰਨਾ ਪਿਆ। ਕੁਝ ਸਿੱਖ ਵਿਦਵਾਨਾਂ ਦਾ ਕਹਿਣਾ ਹੈ ਕਿ ਇਹ ਹਮਲਾ ਇੰਦਰਾ ਗਾਂਧੀ ਸਰਕਾਰ ਦੀ ਧੁਰਵੀਕਰਨ ਦੀ ਸਿਆਸਤ ਦਾ ਨਤੀਜਾ ਸੀ।ਕਈ ਸਿੱਖ ਵਿਦਵਾਨ ਸਵਾਲ ਕਰਦੇ ਹਨ ਕਿ ਸ੍ਰੀ ਦਰਬਾਰ ਸਾਹਿਬ ਵਿੱਚ ਤਾਂ ਸੰਤ ਭਿੰਡਰਾਂਵਾਲੇ ਮੌਜੂਦ ਸਨ ਪਰ ਉਸ ਸਮੇਂ ਪੰਜਾਬ ਦੇ ਵੱਖ -ਵੱਖ ਇਲਾਕਿਆਂ ਵਿੱਚ ਸਥਿਤ ਜਿਹੜੇ ਦੋ ਦਰਜਨ ਤੋਂ ਵਧੇਰੇ ਹੋਰ ਗੁਰਧਾਮਾਂ ਉੱਪਰ ਭਾਰਤੀ ਫ਼ੌਜ ਵੱਲੋਂ ਹਮਲਾ ਕੀਤਾ ਗਿਆ, ਉਹਨਾਂ ਵਿੱਚ ਤਾਂ ਸੰਤ ਭਿੰਡਰਾਂਵਾਲੇ ਮੌਜੂਦ ਨਹੀਂ ਸਨ। ਫਿਰ ਉਹਨਾਂ ਗੁਰਧਾਮਾਂ ’ਤੇ ਹਮਲੇ ਕਿਉਂ ਕੀਤੇ ਗਏ ?

ਸਾਕਾ ਨੀਲਾ ਤਾਰਾ ਨੂੰ 41 ਸਾਲ ਬੀਤ ਚੁੱਕੇ ਹਨ ਪਰ ਉਸ ਦੇ ਦਿੱਤੇ ਜ਼ਖ਼ਮ ਹਾਲੇ ਵੀ ਅੱਲੇ ਹਨ। ਪੀੜਤਾਂ ਨੂੰ ਅਜੇ ਤਾਈਂ ਇਨਸਾਫ਼ ਨਹੀਂ ਮਿਲ ਸਕਿਆ ਅਤੇ ਤਰਾਸਦੀ ਅਜੇ ਵੀ ਉਨ੍ਹਾਂ ਨੂੰ ਖੌਫ਼ਜ਼ਦਾ ਕਰਦੀ ਰਹਿੰਦੀ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਾਕਾ ਨੀਲਾ ਤਾਰਾ ਕਾਰਨ ਸਿੱਖਾਂ ਦੇ ਰਿਸਦੇ ਜ਼ਖ਼ਮਾਂ ’ਤੇ ਕਦੋਂ ਮਲ੍ਹਮ ਲੱਗੇਗੀ ਅਤੇ ਇਹ ਮਲ੍ਹਮ ਆਖ਼ਰ ਲਗਾਏਗਾ ਕੌਣ ?

### ਸਾਕਾ ਨੀਲਾ ਤਾਰਾ ਦੀ ਬਰਸੀ ਮੌਕੇ ਸਮਾਗਮ ਰਹੇਗਾ ਸ਼ਾਂਤੀਪੂਰਨ : ਜਥੇ. ਗੜਗੱਜ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਹੈ ਕਿ ਇਸ ਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਸਮਾਗਮ ਪੂਰਨ ਤੌਰ ’ਤੇ ਸ਼ਾਂਤੀਪੂਰਨ ਹੋਵੇਗਾ ਅਤੇ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਸਾਡੇ ਗੁਰੂ ਭਾਈ ਹਨ। ਉਹ ਹਰ ਮਰਿਆਦਾ ਨੂੰ ਸਮਝਦੇ ਹਨ ਅਤੇ ਸਾਡੇ ਸਤਿਕਾਰਯੋਗ ਵੀ ਹਨ। ਉਹ ਸਿੱਖ ਪੰਥ ਅਤੇ ਕੌਮ ਦੇ ਹਰ ਮਸਲੇ ਵਿੱਚ ਸਾਡੇ ਨਾਲ ਖੜ੍ਹੇ ਹਨ। ਆਪਣੇ ਸਾਥੀਆਂ ਨਾਲ ਹਰ ਖੇਤਰ ਦੇ ਲੋਕਾਂ ਵਿੱਚ ਕਦੇ ਨਾ ਕਦੇ ਕੋਈ ਖਟਾਸ ਪੈਦਾ ਹੋ ਜਾਂਦੀ ਹੈ ਪਰ ਇਸ ਦਾ ਮਤਲਬ ਇਹ ਨਹੀਂ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 6 ਜੂਨ ਵਰਗੇ ਇਤਿਹਾਸਕ ਘੱਲੂਘਾਰੇ ਮੌਕੇ ਕੋਈ ਵੀ ਸਿੱਖ ਜਥੇਬੰਦੀ ਜਾਂ ਗੁਰਸਿੱਖ ਟਕਰਾਅ ਚਾਹੁੰਦਾ ਹੈ। 6 ਜੂਨ ਦੇ ਸਮਾਗਮ ਪਹਿਲਾਂ ਦੀ ਤਰ੍ਹਾਂ ਵੈਰਾਗ ਅਤੇ ਚੜ੍ਹਦੀਕਲਾ ਦੇ ਰੂਪ ਵਿੱਚ ਨੇਪਰੇ ਚੜ੍ਹਨਗੇ ਅਤੇ ਟਕਰਾਅ ਜਿਹਾ ਕੁੱਝ ਵੀ ਨਹੀਂ ਹੋਣ ਵਾਲਾ,ਇਸ ਲਈ ਸੰਗਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਹੁੰਚ ਕੇ ਮੱਥਾ ਟੇਕੇ ਅਤੇ ਸ਼ਹੀਦਾਂ ਨੂੰ ਬੇਫਿਕਰ ਹੋਕੇ ਸਨਮਾਨ ਦੇਵੇ।

### ਘੱਲੂਘਾਰਾ ਦਿਵਸ ਮੌਕੇ ਪੈਦਾ ਹੋ ਸਕਦੀ ਹੈ ਟਕਰਾਅ ਦੀ ਸਥਿਤੀ

6 ਜੂਨ ਨੂੰ ਘੱਲੂਘਾਰਾ ਦਿਵਸ (ਸਾਕਾ ਨੀਲਾ ਤਾਰਾ) ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਨਾਇਆ ਜਾਣਾ ਹੈ ਅਤੇ ਇਸ ਮੌਕੇ ਸਿੱਖ ਪਰੰਪਰਾ ਮੁਤਾਬਿਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵੱਲੋਂ ਕੌਮ ਨੂੰ ਸੰਬੋਧਨ ਕਰਨ ਦੇ ਨਾਲ-ਨਾਲ ਸ਼ਹੀਦਾਂ ਨੂੰ ਸਨਮਾਨ ਦਿੱਤਾ ਜਾਂਦਾ ਹੈ। ਪਰ ਇਸ ਵਾਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦਾ ਵੱਖ-ਵੱਖ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ ਅਤੇ ਮੰਗ ਕੀਤੀ ਜਾ ਰਹੀ ਹੈ ਕਿ ਜਥੇਦਾਰ ਸਰਬ ਪ੍ਰਵਾਨਿਤ ਨਾ ਹੋਣ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੰਦੇਸ਼ ਨਾ ਦੇਵੇ। ਇਸ ਮਾਮਲੇ ਵਿੱਚ ਦਮਦਮੀ ਟਕਸਾਲ ਮੁਖੀ ਹਰਨਾਮ ਸਿੰਘ ਧੁੰਮਾ ਨੇ ਵੀ ਇਤਰਾਜ਼ ਜਤਾਉਂਦਿਆਂ 6 ਜੂਨ ਨੂੰ ਟਕਰਾਅ ਦੀ ਸਥਿਤੀ ਵਰਗੇ ਹਾਲਾਤ ਪੈਦਾ ਹੋਣ ਦੀ ਚਿਤਾਵਨੀ ਦਿੱਤੀ ਹੈ।





ਜ਼ਿਕਰਯੋਗ ਹੈ ਕਿ ਕੁੱਝ ਦਿਨ ਪਹਿਲਾਂ ਐੱਸ.ਜੀ.ਪੀ.ਸੀ. ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿੱਚ ਇੱਕ ਵਫ਼ਦ ਦਮਦਮੀ ਟਕਸਾਲ ਦੇ ਮੁਖੀ ਹਰਨਾਮ ਸਿੰਘ ਧੁੰਮਾ ਨੂੰ ਮਿਲਣ ਗਿਆ ਸੀ ਅਤੇ ਉਸ ਮੌਕੇ ਦਮਦਮੀ ਟਕਸਾਲ ਦੇ ਮੁਖੀ ਨੇ ਇਸ਼ਾਰਾ ਦਿੱਤਾ ਸੀ ਕਿ, ‘ ਦਮਦਮੀ ਟਕਸਾਲ ਵੱਲੋਂ ਸਿੱਧਾ ਸਨੇਹਾ ਇਹ ਹੈ ਕਿ ਜਿਸ ਵਿਅਕਤੀ ਨੂੰ ਸਾਰੀ ਸਿੱਖ ਕੌਮ ਅਤੇ ਮੁੱਖ ਸਿੱਖ ਜਥੇਬੰਦੀਆਂ ਵੱਲੋਂ ਜਥੇਦਾਰ ਦੇ ਤੌਰ ’ਤੇ ਮਨਜ਼ੂਰੀ ਨਾ ਮਿਲੀ ਹੋਵੇ, ਉਹ ਸ੍ਰੀ ਅਕਾਲ ਤਖਤ ਸਾਹਿਬ ਤੋਂ ਕੌਮ ਦੇ ਨਾਂ ਸੰਦੇਸ਼ ਨਹੀਂ ਦੇ ਸਕਦਾ’। ਉਨ੍ਹਾਂ ਨੇ ਸਾਫ ਕਿਹਾ, ‘ਕੁਲਦੀਪ ਸਿੰਘ ਗੜਗੱਜ ਨੂੰ ਸਿੱਖ ਕੌਮ ਨੇ ਜਥੇਦਾਰ ਤਸਲੀਮ ਨਹੀਂ ਕੀਤਾ। ਇਸ ਲਈ 6 ਜੂਨ ਨੂੰ ਉਹ ਸੰਦੇਸ਼ ਨਾ ਜਾਰੀ ਕਰਨ ਨਹੀਂ ਤਾਂ ਟਕਰਾਅ ਦੀ ਸਥਿਤੀ ਪੈਦਾ ਹੋ ਸਕਦੀ ਹੈ।’ ਹੁਣ ਭਲਕੇ 6 ਜੂਨ ਨੂੰ ਸਪੱਸ਼ਟ ਹੋਵੇਗਾ ਕਿ ਸਮਾਗਮ ਸ਼ਾਂਤਮਈ ਮਾਹੌਲ ਵਿੱਚ ਪੂਰੇ ਹੁੰਦੇ ਹਨ ਜਾਂ ਨਹੀਂ।

# ਪੰਜਾਬ ’ਚ ਮੁੜ ਸ਼ੁਰੂ ਹੋਇਆ ਪੁਲਿਸ ਤਸ਼ੱਦਦ ਅਤੇ ਮੁਕਾਬਲਿਆਂ ਦਾ ਦੌਰ

### ਅੱਸੀ ਅਤੇ ਨੱਬੇ ਦੇ ਦਹਾਕੇ ਵਾਲੀ ਚੀਸ ਮੁੜ ਰੜਕਣ ਲੱਗੀ

ਹਰ ਚੜ੍ਹਦੇ ਦਿਨ ਨਾਲ ਪੰਜਾਬ ’ਚ ਕੋਈ ਨਾ ਕੋਈ ਪੁਲਿਸ ਮੁਕਾਬਲਾ ਹੋਣ ਅਤੇ ਸਿੱਖ ਨੌਜਵਾਨਾਂ ’ਤੇ ਪੁਲਿਸ ਵੱਲੋਂ ਅੰਨ੍ਹਾ ਤਸ਼ੱਦਦ ਕਰਨ ਦੀਆਂ ਖ਼ਬਰਾਂ ਮੀਡੀਆ ’ਚ ਆ ਰਹੀਆਂ ਹਨ। ਜਿਸ ਤੋਂ ਇਹ ਮਹਿਸੂਸ ਹੁੰਦਾ ਹੈ ਕਿ ਇਸ ਸਮੇਂ ਪੰਜਾਬ ਵਿੱਚ ਪੰਜਾਬ ਪੁਲਿਸ ਨੂੰ 80 ਅਤੇ 90 ਦੇ ਦਹਾਕਿਆਂ ਵਰਗੀ ਹੀ ਖੁੱਲ੍ਹੀ ਛੁੱਟੀ ਮਿਲੀ ਹੋਈ ਹੈ। ਦਿਨੋਂ ਦਿਨ ਵਾਪਰ ਰਹੀਆਂ ਪੁਲਿਸ ਤਸ਼ੱਦਦ ਅਤੇ ਪੁਲਿਸ ਮੁਕਾਬਲਿਆਂ ਦੀਆਂ ਘਟਨਾਵਾਂ ਕਾਰਨ ਪੰਜਾਬ ਦੇ ਲੋਕਾਂ ਨੂੰ

### ਪੀੜਤਾਂ ਦੇ ਜ਼ਖ਼ਮਾਂ ’ਤੇ ਮਲੱਮ ਲਗਾਉਣ ਦੀ ਥਾਂ ਹੁਕਮਰਾਨਾ ਨੇ ਹਮੇਸ਼ਾ ਕੀਤੀ ਹੈ ਲਾਸ਼ਾਂ ’ਤੇ ਸਿਆਸਤ

ਇੱਕ ਵਾਰ ਫਿਰ ‘ਕਾਲਾ ਦੌਰ’ ਦੀ ਯਾਦ ਤਾਜ਼ਾ ਹੋ ਗਈ ਹੈ। ਪਿਛਲੇ ਦਿਨੀਂ ਬਠਿੰਡਾ ਦੇ ਨਰਿੰਦਰਦੀਪ ਸਿੰਘ ’ਤੇ ਪੰਜਾਬ ਪੁਲਿਸ ਵੱਲੋਂ ਕੀਤੇ ਗਏ ਵਹਿਸ਼ੀ ਤਸ਼ੱਦਦ ਦੀ ਰਿਪੋਰਟ ਨੇ ਪੰਜਾਬ ਪੁਲਿਸ ਅਤੇ ਆਮ ਆਦਮੀ ਪਾਰਟੀ ਦੀ ਸਰਕਾਰ ’ਤੇ ਵੱਡੇ ਸਵਾਲ ਖੜੇ ਕਰ ਦਿੱਤੇ ਹਨ। ਨਰਿੰਦਰਦੀਪ ਸਿੰਘ ਨੂੰ ਬਠਿੰਡਾ ਸੀ.ਆਈ.ਏ.-2 (ਕ੍ਰਿਮੀਨਲ ਇਨਵੈਸਟੀਗੇਸ਼ਨ ਏਜੰਸੀ) ਦੀ ਪੁਲਿਸ ਨੇ ਹਿਰਾਸਤ ਵਿੱਚ ਲਿਆ ਸੀ। ਨਰਿੰਦਰਦੀਪ ਸਿੰਘ ਦੀ ਪੋਸਟਮਾਰਟਮ ਰਿਪੋਰਟ ਅਨੁਸਾਰ ਉਸ ਦੇ ਸਰੀਰ ’ਤੇ 16 ਸੱਟਾਂ ਦੇ ਨਿਸ਼ਾਨ ਸਨ। ਉਸ ਦੇ ਸਿਰ, ਬਾਂਹਾਂ, ਛਾਤੀ,



ਲੱਤਾਂ ਸਮੇਤ ਸਰੀਰ ਦਾ ਕੋਈ ਅੰਗ ਅਜਿਹਾ ਨਹੀਂ ਸੀ, ਜਿਸ ਉੱਤੇ ਸੱਟਾਂ ਦੇ ਨਿਸ਼ਾਨ ਨਾ ਹੋਣ। 10 ਪੇਜਾਂ ਦੀ ਪੋਸਟਮਾਰਟਮ ਰਿਪੋਰਟ ਇੱਕ ਚੀਕਦੀ ਸੱਚਾਈ ਹੈ ‘16 ਸੱਟਾਂ, ਸਰੀਰ ’ਤੇ ਨੀਲ, ਖ਼ੂਨ ਦੇ ਧੱਬੇ, ਜੀਭ ’ਤੇ ਕੱਟ, ਅੱਖਾਂ ਵਿੱਚ ਲਹੂ’ ਇਹ ਸਭ ਕੋਈ ਕਹਾਣੀ ਨਹੀਂ, ਸਗੋਂ ਪੁਲਿਸ ਦੀ ਬੇਰਹਿਮੀ ਦਾ ਜ਼ਾਲਮਾਨਾ ਸਬੂਤ ਹੈ। ਛੇ ਘੰਟਿਆਂ ਦੀ ਕੁੱਟਮਾਰ ਨੇ ਇੱਕ ਨੌਜਵਾਨ ਦੀ ਜਾਨ ਲੈ ਲਈ, ਪਰ ਸਵਾਲ ਇਹ ਹੈ ਕਿ ਕੀ ਇਸ ਜ਼ੁਲਮ ਦੇ ਜ਼ਿੰਮੇਵਾਰਾਂ ਨੂੰ ਸਜ਼ਾ ਮਿਲੇਗੀ, ਜਾਂ ਇਹ ਵੀ ਲਵਾਰਸ ਲਾਸ਼ਾਂ ਵਾਂਗ ਫਾਈਲਾਂ ਵਿੱਚ ਦਫ਼ਨ ਹੋ ਜਾਵੇਗਾ ? ਨਰਿੰਦਰਦੀਪ ਸਿੰਘ ਦੀ ਹਾਲਤ ਵੇਖ ਕੇ ਹਰ ਕਿਸੇ ਨੂੰ ਖਾੜਕੂਵਾਦ ਦੇ ਦੌਰ ਵਿੱਚ ਅਨੇਕਾਂ ਨੌਜਵਾਨਾਂ ’ਤੇ ਹੋਏ ਪੁਲਿਸ ਤਸ਼ੱਦਦ ਦੀਆਂ ਕਹਾਣੀਆਂ ਚੇਤੇ ਆ ਜਾਂਦੀਆਂ ਹਨ। ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਮਗਰੋਂ ਪੁਲਿਸ ਤਸ਼ੱਦਦ ਦੀ ਇਹ ਪਹਿਲੀ ਘਟਨਾ ਨਹੀਂ ਹੈ। ਇਸ ਘਟਨਾ ਤੋਂ ਪਹਿਲਾਂ ਵੀ ਪੰਜਾਬ ’ਚ ਕਥਿਤ ਪੁਲਿਸ ਮੁਕਾਬਲੇ ਅਤੇ ਪੁਲਿਸ ਤਸ਼ੱਦਦ ਦੀਆਂ ਘਟਨਾਵਾਂ ਵਾਪਰੀਆਂ ਹਨ। ਇਹ ਸਿਲਸਿਲਾ ਅਜੇ ਵੀ ਜਾਰੀ ਹੈ। ਸੂਤਰਾਂ ਮੁਤਾਬਕ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਬਾਅਦ ਪਿਛਲੇ 3 ਸਾਲਾਂ ਵਿੱਚ 195 ਕਥਿਤ ਪੁਲਿਸ ਮੁਕਾਬਲੇ ਹੋਏ ਹਨ

(**ਬਾਕੀ ਸਫ਼ਾ 30 ’ਤੇ**)

# ਬਾਰੀ ਬਰਸੀ ਖਟਕੇ ਲਿਆਂਦਾ, ਖਟਕੇ ਮੁੜਿਆ ਈ ਨਾ

## ਪੰਜਾਬ ਦੇ ਖਾਲੀ ਹੁੰਦੇ ਪਿੰਡ - ਇੱਕ ਸਮਾਜਿਕ ਅਤੇ ਸੱਭਿਆਚਾਰਕ ਦੁਖਾਂਤ

ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ
9815700916

ਪੰਜਾਬ ਦੀ ਮਿੱਟੀ, ਜਿਸ ਦੀ ਸੁਗੰਧ ਵਿੱਚ ਸਤਿਗੁਰੂ ਨਾਨਕ ਦੇ ਹਲ਼ ਦੀ ਖ਼ੁਸ਼ਬੋ ਸਮਾਈ ਸੀ, ਜਿੱਥੇ ਕਿਰਤ ਦਾ ਅੰਮ੍ਰਿਤ ਵਰਸਦਾ ਸੀ, ਅੱਜ ਉਹ ਮਿੱਟੀ ਖਪਤਕਾਰੀ ਯੁੱਗ ਵਿੱਚ ਤਨਹਾਈਆਂ ਦੀ ਚੁੱਪ ਵਿੱਚ ਡੁੱਬੀ ਹੈ। ਇਹ ਚੁੱਪ ਸਿਰਫ਼ ਮਿੱਟੀ ਦੀ ਨਹੀਂ, ਸਾਡੀ ਆਤਮਾ ਦੀ ਹੈ।

ਪੰਜਾਬ, ਜੋ ਕਦੇ ਸੁਨਹਿਰੀ ਖੇਤਾਂ ਦੀ ਗੋਦ ਵਿੱਚ ਖੁਸ਼ਹਾਲੀ ਦੇ ਗੀਤ ਗਾਉਂਦਾ ਸੀ, ਅੱਜ ਆਪਣੇ ਹੀ ਪੁੱਤਰ-ਪੁੱਤਰੀਆਂ ਦੀ ਵਿਛੋੜੇ ਦੀ ਮਾਰ ਝੱਲ ਰਿਹਾ ਹੈ। ਪਿੰਡਾਂ ਦੀਆਂ ਗਲੀਆਂ, ਜੋ ਕਦੇ ਮੇਲਿਆਂ ਦੀ ਰੌਣਕ, ਬੋਲੀਆਂ ਦੀ ਮਿਠਾਸ ਅਤੇ ਸਾਂਝੀਵਾਲਤਾ ਦੀ ਗਵਾਹੀ ਨਾਲ ਜੀਉਂਦੀਆਂ ਸਨ, ਅੱਜ ਖਾਲੀਪਨ ਦੇ ਕਾਲੇ ਪਰਛਾਵਿਆਂ ਦੇ ਹੇਠ ਸੁੰਨੀਆਂ ਪਈਆਂ ਹਨ। ਕੋਠੀਆਂ ਦੀਆਂ ਚਮਕਦੀਆਂ ਬਾਰੀਆਂ ਵਿੱਚੋਂ ਹੁਣ ਹਾਸਿਆਂ ਦੀ ਗੂੰਜ ਨਹੀਂ, ਸਗੋਂ ਇਕੱਲੇਪਣ ਦੇ ਘੁੱਪ ਹਨੇਰੇ ਦਿਖਦੇ ਹਨ। ਪੰਜਾਬ ਦੀ ਜਵਾਨੀ, ਜੋ ਕਦੇ ਮਿੱਟੀ ਨਾਲ ਜੁੜੀ ਹੋਈ ਸੀ, ਅੱਜ ਪੱਛਮੀ ਸੰਸਾਰ ਦੀ ਚਮਕ ਵਿੱਚ ਖੁਰ ਗਈ ਹੈ। ਪਿੱਛੇ ਰਹਿ ਗਏ ਹਨ ਸਿਰਫ਼ ਬਜ਼ੁਰਗ, ਜਿਹੜੇ ਆਪਣੀ ਜਨਮ-ਭੂਮੀ ਦੀ ਯਾਦ ਨੂੰ ਸੀਨੇ ਵਿੱਚ ਸੰਭਾਲਦੇ, ਸੁੰਨੇ ਘਰਾਂ ਦੀ ਨਿਗਰਾਨੀ ਕਰ ਰਹੇ ਹਨ।

ਬਾਰੀ ਬਰਸੀ ਖੱਟਣ ਗਿਆ ਸੀ, ਖਟਕੇ ਲਿਆਂਦਾ —ਇਹ ਲੋਕ ਗੀਤ, ਜੋ ਕਦੇ ਸਾਂਝ ਦੀ ਮੁਸਕਾਨ ਸੀ, ਅੱਜ ਖਟਕੇ ਮੁੜਿਆ ਈ ਨਾ ਦੀ ਦੁਖਾਂਤਕ ਕਹਾਣੀ ਬਣ ਗਿਆ ਹੈ। ਇਹ ਸਿਰਫ਼ ਇੱਕ ਪਰਵਾਸੀ ਪੰਜਾਬੀ ਦੀ ਕਥਾ ਨਹੀਂ, ਸਗੋਂ ਪੰਜਾਬ ਦੀ ਸਮਾਜਿਕ, ਸੱਭਿਆਚਾਰਕ ਅਤੇ ਆਰਥਿਕ ਵਿਰਾਸਤ ਦੀ ਟੁੱਟਦੀ ਲੜੀ ਦਾ ਦੁਖਾਂਤ ਹੈ।

### ਤਨਹਾਈ ਵਿੱਚ ਡੁੱਬੀ ਮਿੱਟੀ

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕਰਤਾਰਪੁਰ ਵਾਲੀ ਧਰਤੀ ਨੇ ਸਾਨੂੰ ਕਿਰਤ ਕਰੋ, ਵੰਡ ਛਕੋ, ਨਾਮ ਜਪੋ ਦਾ ਮੰਤਰ ਦਿੱਤਾ। ਇਹ ਮੰਤਰ ਹੁਣ ਤੱਕ ਪੰਜਾਬ ਦੀ ਆਤਮਾ ਦੀ ਧੜਕਣ ਬਣਿਆ ਹੋਇਆ ਹੈ। ਪਰ ਅੱਜ, ਆਰਥਿਕ ਤੇ ਖੇਤੀ ਸੰਕਟ, ਬੇਰੁਜ਼ਗਾਰੀ, ਸਿਆਸੀ ਤੇ ਸਰਕਾਰ ਦੀ ਅਣਗਹਿਲੀ ਅਤੇ ਨੌਜਵਾਨਾਂ ਦੇ ਪਰਵਾਸ ਨੇ ਪੰਜਾਬ ਦੀ ਆਤਮਾ ਨੂੰ ਉਦਾਸ ਕਰ ਦਿੱਤਾ ਹੈ। ਜਲੰਧਰ, ਕਪੂਰਥਲਾ, ਹੁਸ਼ਿਆਰਪੁਰ, ਨਵਾਂ ਸ਼ਹਿਰ—ਦੋਆਬੇ ਦੇ ਪਿੰਡਾਂ ਵਿੱਚ ਕਈ ਘਰਾਂ ਨੂੰ ਤਾਲੇ ਲੱਗੇ ਹਨ। ਇਹ ਘਰ ਸਿਰਫ਼ ਇੱਟਾਂ-ਪੱਥਰ ਦੇ ਨਹੀਂ, ਸਗੋਂ ਸਾਂਝੀ ਵਿਰਾਸਤ, ਸਾਂਝੇ ਪਰਿਵਾਰਾਂ ਦੇ ਪ੍ਰਤੀਕ ਸਨ। ਅੱਜ ਉਹ ਬੇਗਾਨਗੀ ਦੀ ਗੋਦ ਵਿੱਚ ਸੁੱਤੇ ਪਏ ਹਨ। ਕਈ ਪਿੰਡਾਂ ਵਿੱਚ ਅੱਧੇ ਤੋਂ ਵੱਧ ਘਰ ਸੁੰਨੇ ਹਨ। ਬਜ਼ੁਰਗ ਇਕੱਲੇ, ਆਪਣੀ ਮਿੱਟੀ ਨਾਲ ਲਗਾਅ ਦੇ ਬੰਧਨ ਵਿੱਚ ਜਕੜੇ, ਅਗਲੀ ਪੀੜ੍ਹੀ ਦੀ ਉਡੀਕ ਵਿੱਚ ਜੀਵਨ ਗੁਜ਼ਾਰ ਰਹੇ ਹਨ। ਪਰ ਉਹ ਪੀੜ੍ਹੀ, ਜਿਹੜੀ ਵਿਦੇਸ਼ੀ ਧਰਤੀ 'ਤੇ ਜੜ੍ਹਾਂ ਪੱਕੀਆਂ ਕਰ ਚੁੱਕੀ ਹੈ, ਪੰਜਾਬ ਦੀ ਮਿੱਟੀ ਨੂੰ ਸਿਰਫ਼ ਯਾਦਾਂ ਦੀ ਧੁੰਦ ਵਿੱਚ ਹੀ ਵੇਖਦੀ ਹੈ।

### ਪੰਜਾਬ ਦੀ ਆਰਥਿਕ ਅਤੇ ਸਮਾਜਿਕ ਬਰਬਾਦੀ

ਪੰਜਾਬ ਦੀ ਇਸ ਵਿਰਾਸਤੀ ਤਬਾਹੀ ਦੇ ਜੜ੍ਹ ਵਿੱਚ ਕਈ ਕਾਰਨ ਹਨ। ਆਰਥਿਕ ਵਿਤਕਰਾ ਸਭ ਤੋਂ ਵੱਡੀ ਮਾਰ ਹੈ। ਪੰਜਾਬ, ਜੋ ਭਾਰਤ ਦੀ ਖਾਧ-ਭੰਡਾਰ ਦਾ ਸੋਮਾ ਸੀ, ਨੂੰ ਨਾ ਤਾਂ ਉਦਯੋਗਿਕ ਵਿਕਾਸ ਦੀ ਸੌਗਾਤ ਮਿਲੀ, ਨਾ ਹੀ ਆਈ.ਟੀ. ਸੈਕਟਰ ਦੀ ਹਵਾ। ਨਾ ਖੇਤੀ ਇੰਡਸਟਰੀ ਲੱਗੀ।ਖੇਤੀ ਜੋ ਪੰਜਾਬ ਦੀ ਰੀੜ੍ਹ ਸੀ, ਸਰਕਾਰੀ ਨੀਤੀਆਂ ਦੀ ਅਣਗਹਿਲੀ ਅਤੇ ਪਾਣੀ ਦੇ ਅੰਧਾਧੁੰਦ ਸ਼ੋਸ਼ਣ ਨੇ ਬੰਜਰ ਕਰਨ ਦੀ ਕੋਸ਼ਿਸ਼ ਕੀਤੀ। ਕੇਂਦਰੀ ਸਰਕਾਰ ਨੇ ਪੰਜਾਬ ਨੂੰ ਮਤਰੇਏ ਮੁੰਡੇ ਵਾਂਗ ਰੱਖਿਆ। ਆਨੰਦਪੁਰ ਸਾਹਿਬ ਮਤਾ, ਜੋ ਪੰਜਾਬ ਦੇ ਹੱਕਾਂ ਦੀ ਗੱਲ ਕਰਦਾ ਸੀ, ਨੂੰ ਵੱਖਵਾਦੀ ਬਣਾ ਕੇ ਸਿਆਸੀ ਸਾਜ਼ਿਸ਼ ਦਾ ਸ਼ਿਕਾਰ ਕੀਤਾ ਗਿਆ। 1980 ਦੇ ਦਹਾਕੇ ਦੀ ਅੱਗ ਨੇ ਪੰਜਾਬ ਨੂੰ ਫ਼ਿਰਕੂਵਾਦ ਅਤੇ ਨਸਲਕੁਸ਼ੀ ਦੀ ਭੱਠੀ ਵਿੱਚ ਸਾੜਿਆ। ਨਤੀਜਾ—ਬੇਰੁਜ਼ਗਾਰੀ, ਨਸ਼ਿਆਂ ਦਾ ਜ਼ਹਿਰ ਅਤੇ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਪਲਾਇਨ।ਵਿਦੇਸ਼ਾਂ ਵਿੱਚ ਵੀ ਸੁਪਨੇ ਟੁੱਟਦੇ ਹਨ। ਕਈ ਨੌਜਵਾਨ, ਜਿਹੜੇ ਸੁਨਹਿਰੀ ਜੀਵਨ ਦੀ ਆਸ ਵਿੱਚ ਪੰਜਾਬ ਛੱਡ ਗਏ, ਉਥੇ ਬੇਰੁਜ਼ਗਾਰੀ, ਆਰਥਿਕ ਸੰਘਰਸ਼ ਅਤੇ ਸਥਾਈ ਨਿਵਾਸ ਦੀਆਂ ਮੁਸ਼ਕਿਲਾਂ ਨਾਲ ਜੂਝ ਰਹੇ ਹਨ। ਕੁਝ ਨਸ਼ਿਆਂ ਦੇ ਚੁੰਗਲ ਵਿੱਚ ਫ਼ਸ ਗਏ, ਕੁਝ ਨੇ ਜੀਵਨ ਨੂੰ ਅਲਵਿਦਾ ਕਹਿ ਦਿੱਤਾ। ਪਿੱਛੇ ਰਹਿ ਗਏ ਬਜ਼ੁਰਗ ਇਕੱਲੇਪਣ ਅਤੇ ਆਰਥਿਕ ਤੰਗੀ ਦੀ ਮਾਰ ਸਹਿ ਰਹੇ ਹਨ। ਜ਼ਮੀਨਾਂ ਅਤੇ ਕੋਠੀਆਂ ਸਸਤੇ ਭਾਅ ਵਿਕ ਰਹੀਆਂ ਹਨ, ਅਤੇ ਕਈ ਥਾਂ ਗ਼ੈਰ-ਪੰਜਾਬੀ ਇਨ੍ਹਾਂ ਨੂੰ ਖਰੀਦ ਰਹੇ ਹਨ।








### ਪੰਜਾਬ ਨੂੰ ਮੁੜ ਸੰਵਾਰਨ ਦਾ ਸੁਪਨਾ

ਪੰਜਾਬ ਦੀ ਮਿੱਟੀ ਨੂੰ ਮੁੜ ਹਰਿਆ-ਭਰਿਆ ਕਰਨ ਲਈ ਸਤਿਗੁਰੂ ਨਾਨਕ ਦੇ ਸੁਨੇਹੇ—ਕਿਰਤ ਕਰੋ, ਨਾਮ ਜਪੋ ,ਵੰਡ ਛਕੋ—ਨੂੰ ਜੀਵਨ ਦੀ ਧੁਰੀ ਬਣਾਉਣਾ ਹੋਵੇਗਾ। ਇਸ ਦੁਖਾਂਤ ਨੂੰ ਖਤਮ ਕਰਨ ਲਈ ਸਰਕਾਰ, ਸਮਾਜ ਅਤੇ ਸਿਆਸੀ ਪਾਰਟੀਆਂ ਨੂੰ ਇੱਕਜੁਟ ਹੋਣਾ ਪਵੇਗਾ।

**ਆਰਥਿਕ ਸੁਰਜੀਤੀ:** ਪੰਜਾਬ ਤੇ ਕੇਂਦਰ ਸਰਕਾਰ ਪੰਜਾਬ ਵਿੱਚ ਵੱਡੇ ਉਦਯੋਗ, ਖੇਤੀ ਇੰਡਸਟਰੀ, ਆਈ.ਟੀ. ਪਾਰਕ ਅਤੇ ਸਟਾਰਟਅੱਪ ਹੱਬ ਸਥਾਪਤ ਕਰਕੇ ਨੌਜਵਾਨਾਂ ਨੂੰ ਸਥਾਨਕ ਰੁਜ਼ਗਾਰ ਦੇ ਮੌਕੇ ਦੇਵੇ। ਖੇਤੀ ਨੂੰ ਲਾਹੇਵੰਦ ਬਣਾਉਣ ਲਈ ਘੱਟੋ-ਘੱਟ ਸਮਰਥਨ ਮੁੱਲ ਨੂੰ ਮਜ਼ਬੂਤ ਕਰੇ, ਜੈਵਿਕ ਖੇਤੀ ਅਤੇ ਡਰਿੱਪ ਸਿੰਚਾਈ ਨੂੰ ਉਤਸ਼ਾਹਿਤ ਕਰੇ। ਸਕਿੱਲ ਡਿਵੈਲਪਮੈਂਟ ਸੈਂਟਰ ਅਤੇ ਵੋਕੇਸ਼ਨਲ ਟ੍ਰੇਨਿੰਗ ਨਾਲ ਨੌਜਵਾਨਾਂ ਨੂੰ ਨਿਪੁੰਨ ਕੀਤਾ ਜਾਵੇ। ਪੰਜਾਬ ਸਰਕਾਰ ਵਿਦੇਸ਼ੀ ਪੰਜਾਬੀਆਂ ਨੂੰ ਪੰਜਾਬੀ ਵਿਰਸਾ ਪ੍ਰੋਗਰਾਮ ਰਾਹੀਂ ਮਿੱਟੀ ਨਾਲ ਜੋੜੇ।ਸਿਆਸੀ ਪਾਰਟੀਆਂ ਨੂੰ ਵੋਟ ਬੈਂਕ ਦੀ ਸਿਆਸਤ ਤੋਂ ਉੱਪਰ ਉੱਠ ਕੇ ਆਨੰਦਪੁਰ ਸਾਹਿਬ ਮਤੇ ਦੀ ਰੂਹ ਨੂੰ ਜੀਵੰਤ ਕਰਨਾ ਹੋਵੇਗਾ। ਪੰਜਾਬ ਦੇ ਪਾਣੀ, ਜ਼ਮੀਨ ਅਤੇ ਆਰਥਿਕ ਹੱਕਾਂ ਦੀ ਮੰਗ ਨੂੰ ਮਜ਼ਬੂਤੀ ਨਾਲ ਉਠਾਇਆ ਜਾਵੇ।ਵਾਘਾ ਅਤੇ ਹੁਸੈਨੀਵਾਲਾ ਸਰਹੱਦ 'ਤੇ ਵਪਾਰ ਅਤੇ ਸੱਭਿਆਚਾਰਕ ਸਾਂਝ ਨੂੰ ਉਤਸ਼ਾਹਿਤ ਕਰਕੇ ਪੰਜਾਬ ਦੀ ਆਰਥਿਕ ਰੌਣਕ ਵਾਪਸ ਲਿਆਂਦੀ ਜਾਵੇ।

ਨਸ਼ਾ ਤਸਕਰੀ 'ਤੇ ਸਖ਼ਤ ਨਿਗਰਾਨੀ ਰੱਖੀ ਜਾਵੇ, ਨਸ਼ਾ ਮੁਕਤੀ ਕੇਂਦਰ ਸਥਾਪਤ ਕੀਤੇ ਜਾਣ ਅਤੇ ਨੌਜਵਾਨਾਂ ਨੂੰ ਖੇਡਾਂ, ਕਲਾ ਅਤੇ ਸਭਿਆਚਾਰ ਨਾਲ ਜੋੜਨ ਦੀਆਂ ਮੁਹਿੰਮਾਂ ਸ਼ੁਰੂ ਕੀਤੀਆਂ ਜਾਣ।

ਆਉ ਸਤਿਗੁਰੂ ਬਾਬਾ ਨਾਨਕ ਜੀ ਅੱਗੇ ਅਰਦਾਸ ਕਰੀਏ ਕਿ ਹੇ ਸੱਚੇ ਪਾਤਸ਼ਾਹ! ਪੰਜਾਬ ਉੱਪਰ ਮਿਹਰਾਂ ਦਾ ਮੀਂਹ ਵਰਸਾ।ਪੰਜਾਬ ਦੀ ਧਰਤੀ ਦੀ ਕੋਖ ਵਿੱਚ ਜਵਾਨੀਆਂ ਪੈਦਾ ਹੋਣ। ਪੰਜਾਬ ਦੀ ਮਿੱਟੀ ਵਿੱਚ ਸੁਗੰਧ ਹੈ, ਤੇਰੇ ਪੰਜਾਬ ਦੇ ਪਾਣੀਆਂ ਵਿੱਚ ਜੀਵਨ ਹੈ। ਪੰਜਾਬ ਦੇ ਪੁੱਤਰ-ਪੁੱਤਰੀਆਂ ਨੂੰ ਮੁੜ ਪੰਜਾਬ ਦੀ ਗੋਦ ਵਿੱਚ ਸਿਮਟਣ ਦਾ ਮੌਕਾ ਤੇ ਆਸਰਾ ਮਿਲੇ , ਕਿਉਂਕਿ ਪੰਜਾਬ ਹੀ ਸਾਡੀ ਪਛਾਣ ਹੈ।

ਪੰਜਾਬ 'ਤੇ ਲੱਗੀ ਕਾਲੀ ਨਜ਼ਰ ਨੂੰ ਲਾਲ ਮਿਰਚਾਂ ਵਾਰ ਕੇ ਉਤਾਰਨ ਲਈ ਸਾਂਝੀ ਇੱਛਾ ਸ਼ਕਤੀ ਦੀ ਲੋੜ ਹੈ। ਇਹ ਸੁਪਨਾ ਸਿਰਫ਼ ਹਰ ਪੰਜਾਬੀ ਦਾ ਨਹੀਂ, ਸਗੋਂ ਸਰਕਾਰ ਦਾ ਹੋਣਾ ਚਾਹੀਦਾ ਹੈ।

ਜੇ ਅਸੀਂ ਇੱਕਜੁਟ ਹੋਈਏ, ਤਾਂ ਪੰਜਾਬ ਦੇ ਪਿੰਡ ਮੁੜ ਸਾਂਝਾਂ-ਸੰਗਤਾਂ ਨਾਲ ਗੂੰਜਣਗੇ ਅਤੇ ਖਟਕੇ ਮੁੜਿਆ ਹੀ ਨਾ ਵਰਗੀਆਂ ਸਾਡੀ ਲਚਾਰਗੀਆਂ ਦੀਆਂ ਦਾਸਤਾਨਾਂ ਸਾਡੇ ਲੋਕ ਗੀਤਾਂ ਵਿਚੋਂ ਗਾਇਬ ਹੋ ਜਾਣਗੀਆਂ । ਖੇੜਿਆਂ ਦੇ ਲੋਕ ਗੀਤ ਗੂੰਜਣਗੇ।ਹੇ ਪੰਜਾਬ, ਆਪਣੀ ਮਿੱਟੀ ਦੀ ਸੁਗੰਧ ਨੂੰ ਮੁੜ ਜਗਾ। ਆਪਣੇ ਪੁੱਤਰਾਂ ਤੇ ਪੁੱਤਰੀਆਂ ਨੂੰ ਆਪਣੀ ਗੋਦ ਵਿੱਚ ਲੋਰੀਆਂ ਦੇ, ਕਿਉਂਕਿ ਤੂੰ ਸਿਰਫ਼ ਸਾਡੀ ਧਰਤੀ ਨਹੀਂ, ਸਾਡੀ ਆਤਮਾ ਹੈਂ।ਸਾਡੀ ਮਾਂ ਹੈ।ਅਸੀਂ ਪੰਜਾਬੀ ਸੰਨ ਆਫ਼ ਸਾਇਲ ਹਾਂ।

# ਗੁਰਦੁਆਰਾ ਸਾਹਿਬ ਫ਼ਰੀਮੋਂਟ ਅਤੇ ਸਿੱਖ ਸੰਗਠਨਾਂ ਵੱਲੋਂ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਵਿਰੁੱਧ ਸ਼ਿਕਾਇਤ ਦਰਜ

ਕੈਲੀਫ਼ੋਰਨੀਆ/ਏ.ਟੀ.ਨਿਊਜ਼: ਅਮਰੀਕਾ ਦੇ ਸਭ ਤੋਂ ਸਰਗਰਮ ਸਿੱਖ ਧਾਰਮਿਕ ਸਥਾਨਾਂ ਵਿੱਚੋਂ ਇੱਕ ਗੁਰਦੁਆਰਾ ਸਾਹਿਬ ਫ਼ਰੀਮੋਂਟ ਅਤੇ ਸਿੱਖ ਸੰਗਠਨਾਂ ਨੇ ਰਸਮੀ ਤੌਰ 'ਤੇ ਸੰਯੁਕਤ ਰਾਜ ਅਮਰੀਕਾ ਦੀ ਅਟਾਰਨੀ ਜਨਰਲ ਮਾਨਯੋਗ ਪਾਮੇਲਾ ਬੋਂਡੀ ਨੂੰ 24 ਪੰਨਿਆਂ ਦੀ ਸ਼ਿਕਾਇਤ ਸੌਂਪੀ ਹੈ, ਜਿਸ ਵਿੱਚ ਹਿੰਦੂ ਅਮਰੀਕਨ ਫ਼ਾਊਂਡੇਸ਼ਨ (ਐਚ.ਏ.ਐਫ਼.) ਵਿਰੁੱਧ ਵਿਦੇਸ਼ੀ ਏਜੰਟ ਰਜਿਸਟ੍ਰੇਸ਼ਨ ਐਕਟ (ਐਫ਼.ਏ.ਆਰ.ਏ.) ਤਹਿਤ ਜਾਂਚ ਦੀ ਬੇਨਤੀ ਕੀਤੀ ਗਈ ਹੈ।

ਟੈਕਸਾਸ ਦੇ ਆਸਟਿਨ ਵਿੱਚ ਸਥਿਤ ਮਸ਼ਹੂਰ ਕਾਨੂੰਨੀ ਫ਼ਰਮ ਲੇਕਸ ਪੋਲੀਟਿਕਾ ਪੀ.ਐਲ.ਐਲ.ਸੀ. ਦੁਆਰਾ ਤਿਆਰ ਅਤੇ ਦਾਇਰ ਕੀਤੀ ਗਈ ਕਾਨੂੰਨੀ ਸ਼ਿਕਾਇਤ ਮੁਤਾਬਕ ਦੋਸ਼ ਲਗਾਏ ਗਏ ਹਨ ਕਿ ਐਚ.ਏ.ਐਫ਼. ਵਾਸ਼ਿੰਗਟਨ, ਡੀ.ਸੀ. ਵਿੱਚ ਭਾਰਤੀ ਦੂਤਘਰ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੋਵਾਂ ਦੇ ਇੱਕ ਗੈਰ-ਰਜਿਸਟਰਡ ਵਿਦੇਸ਼ੀ ਏਜੰਟ ਵਜੋਂ ਕੰਮ ਕਰ ਰਿਹਾ ਹੈ। ਇਹ ਫ਼ਰਮ ਐਲੋਨ ਮਸਕ ਦੇ ਅਮਰੀਕਾ ਪੀ.ਏ.ਸੀ., ਯੂ.ਐਸ ਹਾਊਸ ਸਪੀਕਰ ਮਾਈਕ ਜੌਹਨਸਨ ਅਤੇ ਸੈਨੇਟਰ ਰਿਕ ਸਕਾਟ ਵਰਗੀਆਂ ਪ੍ਰਮੁੱਖ ਸ਼ਖ਼ਸੀਅਤਾਂ ਅਤੇ ਸੰਸਥਾਵਾਂ ਦੀ ਨੁਮਾਇੰਦਗੀ ਵੀ ਕਰਦੀ ਹੈ।

ਗੁਰਦੁਆਰੇ ਦੀ ਫ਼ਾਈਲਿੰਗ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਹਿੰਦੂ ਅਮਰੀਕਨ ਫ਼ਾਊਂਡੇਸ਼ਨ (ਐਚ.ਏ.ਐਫ਼.) ਸਾਲਾਂ ਤੋਂ ਵਿਦੇਸ਼ੀ ਪ੍ਰਮੁੱਖਾਂ ਦੇ ਨਿਰਦੇਸ਼ਾਂ ਅਤੇ ਹਿੱਤਾਂ ਲਈ ਅਮਰੀਕਾ ਦੇ ਅੰਦਰ ਰਾਜਨੀਤਿਕ ਗਤੀਵਿਧੀਆਂ ਵਿੱਚ ਰੁੱਝੀ ਹੋਈ ਹੈ।

ਇਹ ਫ਼ਿਲਾਡੇਲਫ਼ੀਆ, ਪੈਨਸਿਲਵੇਨੀਆ ਵਿੱਚ ਸਥਿਤ ਇੱਕ 501(ਸੀ)(3) ਗ਼ੈਰ-ਮੁਨਾਫ਼ਾ ਸੰਸਥਾ ਵਜੋਂ ਰਜਿਸਟਰਡ ਹੈ ਅਤੇ ਇਸ ਵਿੱਚ ਕਈ ਦੇਸ਼ ਵਿਰੋਧੀ ਗਤੀਵਿਧੀਆਂ ਸ਼ਾਮਲ ਹਨ। ਸ਼ਿਕਾਇਤ ਨੂੰ ਦਸਤਾਵੇਜ਼ੀ ਸਬੂਤਾਂ ਜਿਵੇਂ ਕਿ ਈਮੇਲ ਪੱਤਰ ਵਿਹਾਰ, ਜਨਤਕ ਨਿਊਜ਼ਲੈਟਰ, ਇਵੈਂਟ ਵੀਡੀਓ ਅਤੇ ਖ਼ਬਰਾਂ ਦੇ ਲੇਖਾਂ ਨਾਲ ਪ੍ਰਮਾਣਿਤ ਕੀਤਾ ਗਿਆ ਹੈ—ਜਿਸ ਵਿੱਚ ਹਾਉਡੀ, ਮੋਦੀ! ਅਤੇ ਕੈਪੀਟਲ ਹਿੱਲ ਬ੍ਰੀਫ਼ਿੰਗ ਵਰਗੇ ਸਮਾਗਮਾਂ ਦੌਰਾਨ ਭਾਰਤੀ ਸਰਕਾਰੀ ਅਧਿਕਾਰੀਆਂ ਨਾਲ ਐਚ.ਏ.ਐਫ਼. ਦੇ ਖੁੱਲ੍ਹੇ ਤਾਲਮੇਲ ਦੇ ਹਵਾਲੇ ਸ਼ਾਮਲ ਹਨ। ਫ਼ਾਈਲਿੰਗ ਰਾਸ਼ਟਰੀ ਸੁਰੱਖਿਆ ਵਿਭਾਗ ਨੂੰ ਹਿੰਦੂ ਅਮਰੀਕਨ ਫ਼ਾਊਂਡੇਸ਼ਨ ਦੀਆਂ ਗਤੀਵਿਧੀਆਂ ਦੀ ਜਾਂਚ ਕਰਨ, ਵਿਦੇਸ਼ੀ ਪ੍ਰਮੁੱਖਾਂ (ਭਾਰਤ) ਨਾਲ ਏਜੰਸੀ ਸਬੰਧਾਂ ਦੀ ਮੌਜੂਦਗੀ ਦਾ ਪਤਾ ਲਗਾਉਣ ਅਤੇ ਵਿਦੇਸ਼ੀ ਏਜੰਟ ਰਜਿਸਟ੍ਰੇਸ਼ਨ ਐਕਟ (ਐਫ਼.ਏ.ਆਰ.ਏ.) ਤਹਿਤ ਰਜਿਸਟ੍ਰੇਸ਼ਨ ਦੀ ਮੰਗ ਕਰਨ ਲਈ ਇੱਕ ਰਸਮੀ ਬੇਨਤੀ ਨਾਲ ਸਮਾਪਤ ਹੁੰਦੀ ਹੈ।

# ਸ਼ਹੀਦੀ ਸਮਾਗਮ ਦੌਰਾਨ ਜਥੇਦਾਰ ਗੜਗੱਜ ਦਾ ਵਿਰੋਧ ਦਮਦਮੀ ਟਕਸਾਲ ਤੇ ਦਲ ਖ਼ਾਲਸਾ ਵੱਲੋਂ ਕਿਉਂ ?

## ਟਕਸਾਲ ਤੇ ਦਲ ਖ਼ਾਲਸਾ ਦਾ ਐਲਾਨ ਕਿ ਉਹ ਗਿਆਨੀ ਗੜਗੱਜ ਨੂੰ ਸੰਦੇਸ਼ ਜਾਰੀ ਕਰਨ ਦੀ ਇਜਾਜ਼ਤ ਨਹੀਂ ਦੇਣਗੇ

## ਗਿ. ਰਘਬੀਰ ਸਿੰਘ ਨੂੰ ਜ਼ਿੰਮੇਵਾਰੀ ਸੌਂਪਣ ਦਾ ਸੁਝਾਅ ਅਤੇ ਸ਼੍ਰੋਮਣੀ ਕਮੇਟੀ ਦੀ ਚੁੱਪੀ : ਕੀ ਬਚੇਗੀ ਸ਼ਹੀਦੀ ਸਮਾਗਮ ਦੀ ਪਵਿੱਤਰਤਾ ?

ਜੂਨ 1984 ਦੇ ਘੱਲੂਘਾਰੇ ਦੀ 41ਵੀਂ ਵਰ੍ਹੇਗੰਢ ਮੌਕੇ, 6 ਜੂਨ ਨੂੰ ਹੋਣ ਵਾਲੇ ਸ਼ਹੀਦੀ ਸਮਾਗਮ ਨੂੰ ਲੈ ਕੇ ਦਮਦਮੀ ਟਕਸਾਲ, ਦਲ ਖ਼ਾਲਸਾ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਦਾ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ ਤੇ ਧਮਕੀ ਦਿਤੀ ਜਾ ਰਹੀ ਹੈ ਕਿ ਜਥੇਦਾਰ ਨੂੰ ਸੰਦੇਸ਼ ਨਹੀਂ ਦੇਣ ਦਿੱਤਾ ਜਾਵੇਗਾ।

ਇਹ ਵਿਵਾਦ ਸ਼ਹੀਦੀ ਸਮਾਗਮ ਦੀ ਪਵਿੱਤਰਤਾ ਅਤੇ ਸਿੱਖ ਪੰਥ ਦੀ ਏਕਤਾ 'ਤੇ ਡੂੰਘੇ ਸਵਾਲ ਖੜ੍ਹੇ ਕਰ ਰਿਹਾ ਹੈ। ਇਥੇ ਜ਼ਿਕਰਯੋਗ ਹੈ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਿਯੁਕਤੀ ਸਦੀਆਂ ਤੋਂ ਸੰਗਤ ਦੀ ਸਾਂਝੇ ਸਲਾਹ-ਮਸ਼ਵਰੇ ਦੀ ਪਰੰਪਰਾ 'ਤੇ ਆਧਾਰਿਤ ਰਹੀ ਹੈ ਪਰ ਪਿਛਲੇ ਕੁਝ ਦਹਾਕਿਆਂ ਵਿੱਚ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਅਕਾਲੀ ਸਿਆਸਤ ਦੀ ਕਥਿਤ ਰਾਜਨੀਤਕ ਦਖਲਅੰਦਾਜ਼ੀ ਨੇ ਇਸ ਪ੍ਰਕਿਰਿਆ ਨੂੰ ਵਿਵਾਦਾਂ ਦੇ ਘੇਰੇ ਵਿੱਚ ਲਿਆ ਕੇ ਖੜ੍ਹਾ ਕਰ ਦਿੱਤਾ ਹੈ। ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੀ ਨਿਯੁਕਤੀ ਨੂੰ ਦਮਦਮੀ ਟਕਸਾਲ, ਦਲ ਖ਼ਾਲਸਾ, ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਕਮੇਟੀ ਅਤੇ ਹੋਰ ਪੰਥਕ ਧਿਰਾਂ ਨੇ ਪ੍ਰਵਾਨ ਨਹੀਂ ਕੀਤਾ। ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਹੁਣ ਸਪੱਸ਼ਟ ਸ਼ਬਦਾਂ ਵਿੱਚ ਐਲਾਨ ਕੀਤਾ ਹੈ ਕਿ ਉਹ ਜਥੇਦਾਰ ਗੜਗੱਜ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸੰਦੇਸ਼ ਜਾਰੀ ਕਰਨ ਦੀ ਇਜਾਜ਼ਤ ਨਹੀਂ ਦੇਣਗੇ। ਟਕਸਾਲ ਦਾ ਮੰਨਣਾ ਹੈ ਕਿ ਜਥੇਦਾਰ ਦੀ ਨਿਯੁਕਤੀ ਸਮੁੱਚੇ ਪੰਥ ਦੀ ਸਹਿਮਤੀ ਨਾਲ ਹੋਣੀ ਚਾਹੀਦੀ ਹੈ।

ਇਸ ਵਿਰੋਧ ਵਿੱਚ ਦਮਦਮੀ ਟਕਸਾਲ ਦੇ ਨਾਲ-ਨਾਲ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ ਅਤੇ ਭਾਈ ਇੰਦਰਜੀਤ ਸਿੰਘ ਨੇ ਵੀ ਸ਼ਾਮਲ ਹੋ ਕੇ ਵੱਡਾ ਫੈਸਲਾ ਲਿਆ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਹੈ ਕਿ ਉਹ 6 ਜੂਨ ਨੂੰ ਜਥੇਦਾਰ ਗੜਗੱਜ ਤੋਂ ਸਨਮਾਨ ਸਵੀਕਾਰ ਨਹੀਂ ਕਰਨਗੇ, ਕਿਉਂਕਿ ਉਨ੍ਹਾਂ ਨੂੰ ਪੰਥ ਵੱਲੋਂ ਪ੍ਰਵਾਨਿਤ ਜਥੇਦਾਰ ਨਹੀਂ ਮੰਨਿਆ ਜਾਂਦਾ।

### ਧਾਮੀ ਦੀ ਅਗਵਾਈ 'ਚ ਉੱਚ ਪੱਧਰੀ ਵਫ਼ਦ ਵੱਲੋਂ ਦਮਦਮੀ ਟਕਸਾਲ ਮੁਖੀ ਨਾਲ ਮੁਲਾਕਾਤ



### ਧਾਮੀ ਵੱਲੋਂ ਬਾਬਾ ਧੁੰਮਾ ਨੂੰ ਮਨਾਉਣ ਕੋਸ਼ਿਸ਼

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਇਸ ਸੰਕਟ ਨੂੰ ਹੱਲ ਕਰਨ ਦੀ ਕੋਸ਼ਿਸ਼ ਵਜੋਂ ਦਮਦਮੀ ਟਕਸਾਲ ਦੇ ਹੈਡਕੁਆਰਟਰ ਮਹਿਤਾ ਚੌਕ ਵਿਖੇ ਬਾਬਾ ਹਰਨਾਮ ਸਿੰਘ ਖ਼ਾਲਸਾ ਨਾਲ ਬੰਦ ਕਮਰੇ ਵਿੱਚ ਮੁਲਾਕਾਤ ਕੀਤੀ। ਇਸ ਵਫ਼ਦ ਵਿੱਚ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਅਮਰਜੀਤ ਸਿੰਘ ਚਾਵਲਾ, ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਆਦਿ ਸ਼ਾਮਲ ਸਨ। ਇਹ ਮੁਲਾਕਾਤ ਡੇਢ ਘੰਟੇ ਤੱਕ ਚੱਲੀ, ਪਰ ਬਾਬਾ ਹਰਨਾਮ ਸਿੰਘ ਖ਼ਾਲਸਾ ਨੇ ਸਪੱਸ਼ਟ ਕੀਤਾ ਕਿ ਜੇਕਰ ਸ਼੍ਰੋਮਣੀ ਕਮੇਟੀ ਨੇ ਜਥੇਦਾਰ ਗੜਗੱਜ ਨੂੰ ਸੰਦੇਸ਼ ਜਾਰੀ ਕਰਨ ਜਾਂ ਸ਼ਹੀਦ ਪਰਿਵਾਰਾਂ ਨੂੰ ਸਨਮਾਨਿਤ ਕਰਨ ਦੀ ਜ਼ਿੰਮੇਵਾਰੀ ਸੌਂਪੀ, ਤਾਂ 6 ਜੂਨ ਨੂੰ ਸਖ਼ਤ ਵਿਰੋਧ ਕੀਤਾ ਜਾਵੇਗਾ।

ਧਾਮੀ ਨੇ ਮੁਲਾਕਾਤ ਉਪਰੰਤ ਮੀਡੀਆ ਨੂੰ ਕਿਹਾ ਕਿ ਉਹ ਆਸ ਕਰਦੇ ਹਨ ਕਿ ਇੱਕ-ਦੋ ਦਿਨਾਂ ਵਿੱਚ ਵਿਵਾਦ ਦਾ ਸੁਖਾਵਾਂ ਹੱਲ ਨਿਕਲ ਆਵੇਗਾ। ਪਰ ਟਕਸਾਲ ਦੇ ਸਖ਼ਤ ਸਟੈਂਡ ਨੂੰ ਵੇਖਦਿਆਂ, ਇਹ ਸੰਕਟ ਅਸਾਨੀ ਨਾਲ ਹੱਲ ਹੁੰਦਾ ਨਜ਼ਰ ਨਹੀਂ ਆ ਰਿਹਾ।

ਦਲ ਖ਼ਾਲਸਾ ਦੇ ਸਕੱਤਰ ਜਨਰਲ ਕੰਵਰਪਾਲ ਸਿੰਘ ਨੇ ਸੁਝਾਅ ਦਿੱਤਾ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਵਾਰ ਸ਼ਹੀਦੀ ਸਮਾਗਮ ਦੀ ਜ਼ਿੰਮੇਵਾਰੀ ਸਾਬਕਾ ਜਥੇਦਾਰ ਅਤੇ ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੂੰ ਸੌਂਪਣੀ ਚਾਹੀਦੀ ਹੈ।

ਇਹ ਸੁਝਾਅ ਇੱਕ ਸਮਝੌਤੇ ਦੀ ਪੇਸ਼ਕਸ਼ ਹੈ, ਪਰ ਸਵਾਲ ਇਹ ਹੈ ਕਿ ਕੀ ਗਿਆਨੀ ਰਘਬੀਰ ਸਿੰਘ ਪੰਥਕ ਭਾਵਨਾਵਾਂ ਅਨੁਸਾਰ ਅਕਾਲ ਤਖ਼ਤ ਸਾਹਿਬ ਦੀ ਜ਼ਿੰਮੇਵਾਰੀ ਨਿਭਾਉਣ ਦੀ ਸਮਰੱਥਾ ਰੱਖਦੇ ਹਨ ? ਪੰਥਕ ਹਲਕਿਆਂ ਦਾ ਮੰਨਣਾ ਹੈ ਕਿ ਗਿਆਨੀ ਰਘਬੀਰ ਸਿੰਘ ਨੇ ਪਹਿਲਾਂ ਵੀ ਪੰਥਕ ਹੁਕਮਨਾਮਿਆਂ ਨੂੰ ਪੂਰੀ ਤਰ੍ਹਾਂ ਨਿਭਾਉਣ ਵਿੱਚ ਅਸਮਰੱਥਤਾ ਦਿਖਾਈ ਹੈ।

### ਸਿਮਰਨਜੀਤ ਸਿੰਘ ਮਾਨ ਅਤੇ ਧੁੰਮੇ ਦੇ ਟਕਰਾਅ ਦੀ ਸੰਭਾਵਨਾ

ਇਸ ਵਿਵਾਦ ਨੂੰ ਹੋਰ ਗੁੰਝਲਦਾਰ ਬਣਾਉਂਦੇ ਹੋਏ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਉਹ ਬਾਬਾ ਹਰਨਾਮ ਸਿੰਘ ਧੁੰਮੇ ਦੀਆਂ ਹਰਕਤਾਂ ਨੂੰ ਬਰਦਾਸ਼ਤ ਨਹੀਂ ਕਰਨਗੇ ਅਤੇ ਜੇਕਰ ਧੁੰਮੇ ਨੇ ਜਥੇਦਾਰ ਗੜਗੱਜ ਦਾ ਵਿਰੋਧ ਕੀਤਾ, ਤਾਂ ਉਹ ਰੋਕਣ ਲਈ ਸਾਹਮਣੇ ਆਉਣਗੇ। ਇਸ ਦੇ ਜਵਾਬ ਵਿੱਚ, ਦਮਦਮੀ ਟਕਸਾਲ ਨੇ ਮਾਨ ਨੂੰ ਸਖ਼ਤ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਹ ਟਕਸਾਲ ਨੂੰ ਰੋਕਣ ਦੀ ਕੋਸ਼ਿਸ਼ ਕਰਦੇ ਹਨ, ਤਾਂ ਟਕਸਾਲ ਉਸ ਦਾ ਸਖ਼ਤ ਜਵਾਬ ਦੇਵੇਗੀ।

ਇਸ ਤਰ੍ਹਾਂ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਵਿੱਤਰ ਧਰਤੀ 'ਤੇ ਮਾਨ ਅਤੇ ਧੁੰਮੇ ਦੇ ਵਿਚਕਾਰ ਸੰਭਾਵੀ ਟਕਰਾਅ ਦੀ ਸੰਭਾਵਨਾ ਨੇ ਸਿੱਖ ਸੰਗਤ ਵਿੱਚ ਚਿੰਤਾ ਵਧਾ ਦਿੱਤੀ ਹੈ।

ਬਾਦਲ ਅਕਾਲੀ ਨੇਤਾ ਪਰਮਬੰਸ ਸਿੰਘ ਰੋਮਾਣਾ ਨੇ ਵੀ ਇਸ ਮੁੱਦੇ 'ਤੇ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਢਾਹ ਲਗਾਉਣ ਦੀ ਕੋਸ਼ਿਸ਼ ਨੂੰ ਸ਼੍ਰੋਮਣੀ ਅਕਾਲੀ ਦਲ ਬਰਦਾਸ਼ਤ ਨਹੀਂ ਕਰੇਗਾ। ਉਨ੍ਹਾਂ ਨੇ ਬਾਬਾ ਹਰਨਾਮ ਸਿੰਘ 'ਤੇ ਦੋਸ਼ ਲਗਾਇਆ ਕਿ ਉਹ ਕੇਂਦਰੀ ਏਜੰਸੀਆਂ ਦੇ ਇਸ਼ਾਰੇ 'ਤੇ ਸ਼ਹੀਦੀ ਸਮਾਗਮ ਵਿੱਚ ਖਲਲ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇਸ ਦੋਸ਼ ਨੇ ਵਿਵਾਦ ਨੂੰ ਹੋਰ ਗੰਭੀਰ ਕਰ ਦਿੱਤਾ ਹੈ।

ਸੰਗਤਾਂ ਦਾ ਮੰਨਣਾ ਹੈ ਕਿ ਹਰ ਸਾਲ 6 ਜੂਨ ਨੂੰ ਮਨਾਇਆ ਜਾਣ ਵਾਲਾ ਸ਼ਹੀਦੀ ਸਮਾਗਮ ਸਿਰਫ਼ ਇੱਕ ਰਸਮ ਨਹੀਂ, ਸਗੋਂ ਸਿੱਖ ਸ਼ਹੀਦੀ ਦੀ ਰਵਾਇਤ ਦਾ ਪ੍ਰਤੀਕ ਹੈ ਪਰ ਇਸ ਵਾਰ, ਜਥੇਦਾਰ ਗੜਗੱਜ ਦੀ ਨਿਯੁਕਤੀ ਨੂੰ ਲੈ ਕੇ ਵਿਵਾਦ ਨੇ ਸ਼ਹੀਦੀ ਸਮਾਗਮ ਦੀ ਪਵਿੱਤਰਤਾ 'ਤੇ ਸਵਾਲ ਖੜ੍ਹੇ ਕਰ ਦਿੱਤੇ ਹਨ। ਜੇਕਰ 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ, ਤਾਂ ਇਹ ਸਿੱਖ ਪੰਥ ਦੀ ਏਕਤਾ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਨੂੰ ਡੂੰਘੀ ਸੱਟ ਮਾਰ ਸਕਦੀ ਹੈ।

### ਸਰਬਤ ਖਾਲਸਾ: ਸੰਕਟ ਦਾ ਸੁਖਾਵਾਂ ਹੱਲ

ਇਸ ਵਿਵਾਦ ਦਾ ਹੱਲ ਸਿਰਫ਼ ਅਸਥਾਈ ਸਮਝੌਤਿਆਂ ਵਿੱਚ ਨਹੀਂ, ਸਗੋਂ ਸਿੱਖ ਪੰਥ ਦੀ ਸਰਬਉੱਚ ਪਰੰਪਰਾ 'ਸਰਬਤ ਖ਼ਾਲਸਾ' ਦੇ ਸਿਧਾਂਤ ਵਿੱਚ ਹੈ। ਸਰਬਤ ਖਾਲਸਾ ਸੰਗਤ ਦੀ ਸਾਂਝੀ ਸਲਾਹ-ਮਸ਼ਵਰੇ ਦੀ ਪ੍ਰਕਿਰਿਆ ਹੈ, ਜਿਸ ਰਾਹੀਂ ਪੰਥਕ ਮਸਲਿਆਂ ਦਾ ਸਾਰਥਕ ਹੱਲ ਕੱਢਿਆ ਜਾਂਦਾ ਹੈ। ਸ਼ਹੀਦੀ ਸਮਾਗਮ ਤੋਂ ਬਾਅਦ, ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਨੁਮਾਇੰਦਾ ਪੰਥਕ ਇਕੱਠ ਕਰਕੇ ਸਰਬਤ ਖਾਲਸਾ ਦਾ ਐਲਾਨ ਕੀਤਾ ਜਾਣਾ ਚਾਹੀਦਾ ਹੈ। ਇਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਤਖਤਾਂ ਦੇ ਜਥੇਦਾਰਾਂ ਦੀ ਨਿਯੁਕਤੀ, ਸੇਵਾ-ਮੁਕਤੀ ਅਤੇ ਮਰਿਆਦਾ ਸਬੰਧੀ ਇੱਕ ਸਪੱਸ਼ਟ ਢਾਂਚਾ ਘੜਿਆ ਜਾਣਾ ਚਾਹੀਦਾ ਹੈ। ਇਸ ਢਾਂਚੇ ਵਿੱਚ ਸਿੱਖ ਸੰਗਤ, ਪੰਥਕ ਜਥੇਬੰਦੀਆਂ, ਵਿਦਵਾਨ, ਇਤਿਹਾਸਕਾਰ, ਸਾਬਕਾ ਜੱਜ, ਵਕੀਲ, ਅਤੇ ਸਮਾਜ ਦੇ ਹਰ ਵਰਗ ਦੀ ਸ਼ਮੂਲੀਅਤ ਹੋਣੀ ਚਾਹੀਦੀ। ਸਰਬਤ ਖ਼ਾਲਸਾ ਦੀ ਪਰੰਪਰਾ ਨੂੰ ਮੁੜ ਜਗਾਉਣ ਨਾਲ ਨਾ ਸਿਰਫ਼ ਇਸ ਵਿਵਾਦ ਦਾ ਹੱਲ ਨਿਕਲੇਗਾ, ਸਗੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਰਬਉੱਚਤਾ ਅਤੇ ਸਿੱਖ ਪੰਥ ਦੀ ਏਕਤਾ ਨੂੰ ਵੀ ਮਜ਼ਬੂਤੀ ਮਿਲੇਗੀ।

# ਘੱਲੂਘਾਰਾ ਸਮਾਗਮ ਮੌਕੇ ਟਕਰਾਅ ਤੋਂ ਬਚਾਓ ਲਈ ਯਤਨ ਜਾਰੀ

## ਸੁਖਬੀਰ ਬਾਦਲ ਨੇ ਬਾਬਾ ਧੁੰਮਾ ਨਾਲ ਕੀਤੀ ਬੰਦ ਕਮਰਾ ਮੀਟਿੰਗ

## ਬਾਬਾ ਧੁੰਮਾ ਨੇ ਸੁਖਬੀਰ ਨਾਲ ਸਾਂਝੇ ਕੀਤੇ ਆਪਣੇ ਗਿਲੇ-ਸ਼ਿਕਵੇ

ਅੰਮ੍ਰਿਤਸਰ/ਏ.ਟੀ.ਨਿਊਜ਼: ਇਸ ਸਮੇਂ ਸਭ ਦੀਆਂ ਨਜ਼ਰਾਂ 6 ਜੂਨ ਨੂੰ ਕਰਵਾਏ ਜਾ ਰਹੇ ਘੱਲੂਘਾਰਾ ਸਮਾਗਮ ਵੱਲ ਲੱਗੀਆਂ ਹੋਈਆਂ ਹਨ। ਦਰਅਸਲ ਇਸ ਸਾਲ ਇਸ ਸਮਾਗਮ ਸਬੰਧੀ ਕੁਝ ਪੰਥਕ ਧਿਰਾਂ ਵਿੱਚ ਵਿਵਾਦ ਪਾਇਆ ਜਾ ਰਿਹਾ ਹੈ, ਦੂਜੇ ਪਾਸੇ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਬਾਦਲ ਇਸ ਵਿਵਾਦ ਨੂੰ ਹੱਲ ਕਰਨ ਲਈ ਸਰਗਰਮ ਹੋ ਗਏ ਹਨ। ਉਹਨਾਂ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੂੰਮਾ ਨਾਲ ਬੀਤੇ ਦਿਨ ਬੰਦ ਕਮਰਾ ਮੀਟਿੰਗ ਵੀ ਕੀਤੀ ਗਈ ਹੈ। ਇਹ ਮੀਟਿੰਗ ਅੰਮ੍ਰਿਤਸਰ ਦੇ ਦਿਹਾਤੀ ਇਲਾਕੇ ਵਿੱਚ ਕਿਸੇ ਥਾਂ ਹੋਈ, ਜਿਸ ਵਿੱਚ ਬਾਬਾ ਧੂੰਮਾਂ ਨੇ ਸੁਖਬੀਰ ਬਾਦਲ ਨਾਲ ਆਪਣੇ ਗਿਲੇ ਸ਼ਿਕਵੇ ਸਾਂਝੇ ਕੀਤੇ।





ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ 6 ਕਰਵਾਏ ਜਾਣ ਵਾਲੇ ਘੱਲੂਘਾਰਾ ਦਿਵਸ ਸਮਾਗਮ ਸਬੰਧੀ ਵਿਵਾਦ ਉਸ ਸਮੇਂ ਪੈਦਾ ਹੋ ਗਿਆ ਸੀ ਜਦੋਂ ਘੱਲੂਘਾਰਾ ਸਮਾਗਮ 'ਤੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਦੇ ਕੌਮ ਨੂੰ ਸੰਦੇਸ਼ ਦੇਣ ਤੇ ਸ਼ਹੀਦ ਪਰਿਵਾਰਾਂ ਨੂੰ ਸਨਮਾਨਿਤ ਕਰਨ ਦੇ ਫ਼ੈਸਲੇ ਨੂੰ ਲੈ ਕੇ ਦਮਦਮੀ ਟਕਸਾਲ ਨੇ ਸਖ਼ਤ ਵਿਰੋਧ ਜਤਾਇਆ ਸੀ। ਟਕਸਾਲ ਦਾ ਮੰਨਣਾ ਸੀ ਕਿ ਗਿਆਨੀ ਕੁਲਦੀਪ ਸਿੰਘ ਸਰਬ ਪ੍ਰਵਾਨਿਤ ਜਥੇਦਾਰ ਨਹੀਂ, ਤੇ ਉਨ੍ਹਾਂ ਦਾ ਅਜਿਹੇ ਪਵਿੱਤਰ ਮੌਕੇ 'ਤੇ ਸੰਦੇਸ਼ ਦੇਣਾ ਪੰਥਕ ਰਵਾਇਤਾਂ ਨਾਲ ਮੇਲ ਨਹੀਂ ਖਾਂਦਾ। ਨਿਹੰਗ ਜਥੇਬੰਦੀਆਂ ਨੇ ਵੀ ਇਸ ਵਿਰੋਧ 'ਚ ਸੁਰ ਮਿਲਾਈ, ਜਿਸ ਨਾਲ ਮਾਹੌਲ ਤਣਾਅਪੂਰਨ ਹੋ ਗਿਆ ਸੀ।

ਇਸ ਵਿਵਾਦ ਨੂੰ ਹੱਲ ਕਰਨ ਲਈ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਬਾਬਾ ਹਰਨਾਮ ਸਿੰਘ ਧੂੰਮਾ ਨਾਲ ਮੁਲਾਕਾਤ ਕੀਤੀ ਗਈ ਪਰ ਇਹ ਮੁਲਾਕਾਤ ਬੇਸਿੱਟਾ ਰਹੀ ਅਤੇ ਬਾਬਾ ਧੂੰਮਾ ਆਪਣੇ ਸਟੈਂਡ 'ਤੇ ਕਾਇਮ ਰਹੇ। ਉਸ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੇ ਵੀ ਕਿਹਾ ਕਿ ਹਰਨਾਮ ਸਿੰਘ ਧੂੰਮਾ ਗੁਰੂ ਭਾਈ ਹਨ। ਉਹਨਾਂ ਦਾਅਵਾ ਕੀਤਾ ਸੀ ਕਿ ਘੱਲੂਘਾਰਾ ਸਮਾਗਮ ਸ਼ਾਂਤਮਈ ਹੋਵੇਗਾ ਅਤੇ ਸੰਗਤਾਂ ਨੂੰ ਇਸ ਸਮਾਗਮ ਵਿੱਚ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣੀ ਚਾਹੀਦੀ ਹੈ। ਇਸ ਦੇ ਬਾਵਜੂਦ ਵੱਖ ਵੱਖ ਸਿੱਖ ਜਥੇਬੰਦੀਆਂ ਵਿਚਾਲੇ ਵਿਵਾਦ ਪੂਰੀ ਤਰ੍ਹਾਂ ਹਲ ਨਹੀਂ ਸੀ ਹੋਇਆ।

ਹੁਣ ਇਸ ਵਿਵਾਦ ਨੂੰ ਹੱਲ ਕਰਨ ਲਈ ਸੁਖਬੀਰ ਬਾਦਲ ਨੇ ਮੋਰਚਾ ਸੰਭਾਲਿਆ ਹੈ ਅਤੇ ਉਹਨਾਂ ਵੱਲੋਂ ਬਾਬਾ ਧੂੰਮਾ ਨਾਲ ਬੰਦ ਕਮਰਾ ਮੀਟਿੰਗ ਕੀਤੀ ਗਈ ਹੈ। ਇਸ ਮੀਟਿੰਗ ਦੇ ਵੇਰਵੇ ਤਾਂ ਭਾਵੇਂ ਨਹੀਂ ਮਿਲੇ ਪਰ ਪਤਾ ਲੱਗਾ ਹੈ ਕਿ ਇਸ ਮੀਟਿੰਗ ਵਿੱਚ ਘੱਲੂਘਾਰਾ ਸਮਾਗਮ ਸ਼ਾਂਤੀਪੂਰਵਕ ਮਨਾਉਣ ਲਈ ਸਮਝੌਤਾ ਕੀਤਾ ਗਿਆ ਹੈ। ਸੁਖਬੀਰ ਤੇ ਬਾਬਾ ਧੂੰਮਾ ਦੀ ਮੁਲਾਕਾਤ 'ਚ ਵੀ ਇਸ ਮੁੱਦੇ 'ਤੇ ਗੱਲਬਾਤ ਹੋਣ ਦੀ ਸੰਭਾਵਨਾ ਨੂੰ ਨਕਾਰਿਆ ਨਹੀਂ ਜਾ ਸਕਦਾ। ਸੂਤਰ ਦੱਸਦੇ ਹਨ ਕਿ ਤਿੰਨੇ ਧਿਰਾਂ 'ਟਕਸਾਲ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ' ਕੋਈ ਸਰਬ ਪ੍ਰਵਾਨਿਤ ਹੱਲ ਕੱਢ ਲੈਣਗੀਆਂ। ਨਿਹੰਗ ਜਥੇਬੰਦੀਆਂ ਤੇ ਹੋਰ ਧਿਰਾਂ ਨੂੰ ਮਨਾਉਣ ਦੀਆਂ ਕੋਸ਼ਿਸ਼ਾਂ ਵੀ ਜਾਰੀ ਹਨ, ਤਾਂ ਜੋ ਸਮਾਗਮ 'ਚ ਕੋਈ ਰੁਕਾਵਟ ਨਾ ਆਵੇ। ਹੁਣ ਸੁਖਬੀਰ ਬਾਦਲ ਅਤੇ ਬਾਬਾ ਧੂੰਮਾ ਵਿਚਾਲੇ ਹੋਈ ਬੰਦ ਕਮਰਾ ਮੀਟਿੰਗ ਤੋਂ ਬਾਅਦ ਇਹ ਵਿਵਾਦ ਕਾਫੀ ਹੱਦ ਤੱਕ ਥੰਮ ਗਿਆ ਹੈ। ਹੁਣ ਇਹ ਵੇਖਣ ਵਾਲੀ ਗੱਲ ਹੋਵੇਗੀ ਕਿ 6 ਜੂਨ ਨੂੰ ਕੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਸੰਦੇਸ਼ ਦੇਣਗੇ ?, ਜਾਂ ਟਕਸਾਲ ਅਤੇ ਹੋਰ ਜਥੇਬੰਦੀਆਂ ਦੇ ਵਿਰੋਧ ਨੂੰ ਵੇਖਦਿਆਂ ਕੋਈ ਹੋਰ ਸਾਂਝਾ ਰਸਤਾ ਲੱਭਿਆ ਜਾਂਦਾ ਹੈ। ਸੁਖਬੀਰ ਵੱਲੋਂ ਇਸ ਵਿਵਾਦ ਨੂੰ ਹੱਲ ਕਰਨ ਲਈ ਕੀਤੀ ਗਈ ਸਰਗਰਮੀ ਦਾ ਕੋਈ ਅਸਰ ਹੁੰਦਾ ਹੈ ਜਾਂ ਨਹੀਂ, ਇਸ ਦਾ ਪਤਾ ਤਾਂ 6 ਜੂਨ ਨੂੰ ਹੀ ਲੱਗੇਗਾ।

# ਚੀਨ ਨੇ ਵਪਾਰਕ ਸਮਝੌਤੇ ਦੀਆਂ ਸ਼ਰਤਾਂ ਤੋੜੀਆਂ: ਟਰੰਪ

ਨਿਊਯਾਰਕ/ਏ.ਟੀ.ਨਿਊਜ਼ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਚੀਨ ’ਤੇ ਗੰਭੀਰ ਦੋਸ਼ ਲਗਾਇਆ ਹੈ ਕਿ ਚੀਨ ਨੇ ਬੀਜਿੰਗ ਨਾਲ ਕੀਤੇ ‘ਵਪਾਰ ਸਮਝੌਤੇ’ ਦੀ ‘ਪੂਰੀ ਤਰ੍ਹਾਂ ਉਲੰਘਣਾ’ ਕੀਤੀ ਹੈ। ਟਰੰਪ ਦਾ ਦਾਅਵਾ ਹੈ ਕਿ ਉਸਨੇ ਇਹ ਸੌਦਾ ਇਸ ਲਈ ਕੀਤਾ ਸੀ ਤਾਂ ਜੋ ਚੀਨ ਉਸਦੇ ਦੁਆਰਾ ਲਗਾਏ ਗਏ ਭਾਰੀ ਟੈਰਿਫਾਂ ਤੋਂ ਉਭਰ ਸਕੇ, ਪਰ ਹੁਣ ਬੀਜਿੰਗ ਨੇ ਅਮਰੀਕੀ ਵਿਸ਼ਵਾਸ ਨੂੰ ਤੋੜ ਦਿੱਤਾ ਹੈ।



‘ਟ੍ਰੁਥ ਸੋਸ਼ਲ’ ’ਤੇ ਲਿਖਦੇ ਹੋਏ, ਡੋਨਾਲਡ ਟਰੰਪ ਨੇ ਕਿਹਾ ਕਿ ਕੁਝ ਹਫ਼ਤੇ ਪਹਿਲਾਂ ਚੀਨ ਇੱਕ ਗੰਭੀਰ ਆਰਥਿਕ ਸੰਕਟ ਵਿੱਚ ਫਸ ਗਿਆ ਸੀ। ਉਨ੍ਹਾਂ ਕਿਹਾ ਕਿ ਮੇਰੇ ਦੁਆਰਾ ਲਗਾਏ ਗਏ ਟੈਰਿਫ ਇੰਨੇ ਭਾਰੀ ਸਨ ਕਿ ਚੀਨ ਲਈ ਅਮਰੀਕਾ ਨਾਲ ਵਪਾਰ ਕਰਨਾ ਲਗਭਗ ਅਸੰਭਵ ਹੋ ਗਿਆ ਸੀ। ਉਸਨੇ ਅੱਗੇ ਕਿਹਾ ਕਿ ਚੀਨ ਵਿੱਚ ਬਹੁਤ ਸਾਰੀਆਂ ਫੈਕਟਰੀਆਂ ਬੰਦ ਹੋ ਗਈਆਂ ਸਨ ਅਤੇ ਉੱਥੇ ਸਿਵਲ ਅਸ਼ਾਂਤੀ ਵਰਗੀ ਸਥਿਤੀ ਪੈਦਾ ਹੋ ਗਈ ਸੀ। ਟਰੰਪ ਨੇ ਕਿਹਾ ਕਿ ਉਸਨੇ ਜੋ ਤੇਜ਼ ਵਪਾਰ ਸੌਦਾ ਕੀਤਾ ਸੀ ਉਸਦਾ ਉਦੇਸ਼ ਨਾ ਸਿਰਫ ਅਮਰੀਕਾ ਦੀ ਭਲਾਈ ਸੀ ਬਲਕਿ ਚੀਨ ਨੂੰ ਬਰਬਾਦੀ ਤੋਂ ਬਚਾਉਣਾ ਵੀ ਸੀ। ਉਨ੍ਹਾਂ ਲਿਖਿਆ ਕਿ ਮੈਂ ਚੀਨ ਨੂੰ ਅਜਿਹੀ ਸਥਿਤੀ ਤੋਂ ਬਾਹਰ ਕੱਢਿਆ ਜੋ ਹੋਰ ਵੀ ਵਿਗੜ ਸਕਦੀ ਸੀ। ਮੈਂ ਅਜਿਹਾ ਹੁੰਦਾ ਨਹੀਂ ਦੇਖ ਸਕਦਾ ਸੀ। ਟਰੰਪ ਦੇ ਅਨੁਸਾਰ, ਇਸ ਸੌਦੇ ਤੋਂ ਬਾਅਦ, ਚੀਨ ਦੀ ਹਾਲਤ ਵਿੱਚ ਸੁਧਾਰ ਹੋਣਾ ਸ਼ੁਰੂ ਹੋ ਗਿਆ ਅਤੇ ਵਪਾਰ ਆਮ ਹੋ ਗਿਆ। ਪਰ ਥੋੜ੍ਹੇ ਸਮੇਂ ਵਿੱਚ ਹੀ ਚੀਨ ਨੇ ਸਮਝੌਤੇ ਦੀਆਂ ਸ਼ਰਤਾਂ ਤੋੜ ਦਿੱਤੀਆਂ। ਉਨ੍ਹਾਂ ਦੋਸ਼ ਲਗਾਇਆ ਕਿ ਬੀਜਿੰਗ ਨੇ ਅਮਰੀਕਾ ਨਾਲ ਕੀਤੇ ਵਾਅਦੇ ਤੋੜੇ ਅਤੇ ਸਮਝੌਤੇ ਦਾ ਸਨਮਾਨ ਨਹੀਂ ਕੀਤਾ। ਟਰੰਪ ਨੇ ਕਿਹਾ ਕਿ ਸ਼ਾਇਦ ਕੁਝ ਲੋਕਾਂ ਨੂੰ ਇਹ ਜਾਣ ਕੇ ਹੈਰਾਨੀ ਨਹੀਂ ਹੋਵੇਗੀ, ਪਰ ਚੀਨ ਨੇ ਸਾਡੇ ਸਮਝੌਤੇ ਦੀ ਪੂਰੀ ਤਰ੍ਹਾਂ ਉਲੰਘਣਾ ਕੀਤੀ ਹੈ।

**ਅਦਾਲਤ ਤੋਂ ਝਟਕਾ, ਫਿਰ ਅਪੀਲ**

ਇਸ ਪੂਰੇ ਵਿਵਾਦ ਦੇ ਵਿਚਕਾਰ ਇੱਕ ਹੋਰ ਮਹੱਤਵਪੂਰਨ ਵਿਕਾਸ ਹੋਇਆ। ਅਮਰੀਕਾ ਦੀ ਇੱਕ ਸੰਘੀ ਅਦਾਲਤ ਨੇ ਟਰੰਪ ਦੁਆਰਾ ਲਾਗੂ ਕੀਤੇ ਗਏ ਵਿਆਪਕ ਟੈਰਿਫ ’ਤੇ ਸਵਾਲ ਉਠਾਏ ਅਤੇ ਇਸਨੂੰ ਰੋਕ ਦਿੱਤਾ। ਅਦਾਲਤ ਨੇ ਕਿਹਾ ਕਿ ਅਮਰੀਕੀ ਸੰਵਿਧਾਨ ਦੇ ਅਨੁਸਾਰ, ਵਪਾਰ ਨਾਲ ਸਬੰਧਤ ਫੈਸਲੇ ਲੈਣ ਦਾ ਅਧਿਕਾਰ ਕਾਂਗਰਸ ਕੋਲ ਹੈ ਨਾ ਕਿ ਰਾਸ਼ਟਰਪਤੀ ਕੋਲ। ਟਰੰਪ ਪ੍ਰਸ਼ਾਸਨ ਨੇ ਇਸ ਫੈਸਲੇ ਨੂੰ ‘ਆਰਥਿਕ ਰਣਨੀਤੀ ’ਤੇ ਵੱਡਾ ਹਮਲਾ’ ਕਿਹਾ ਅਤੇ ਤੁਰੰਤ ਅਪੀਲ ਦਾਇਰ ਕੀਤੀ।

**ਚੀਨ ਦਾ ਜਵਾਬ: ‘ਟੈਰਿਫ ਹਟਾਓ’**

ਚੀਨ ਦੇ ਵਿਦੇਸ਼ ਮੰਤਰਾਲੇ ਨੇ ਟਰੰਪ ਦੀ (ਬਾਕੀ ਸਫ਼ਾ 30 ’ਤੇ)

## ਟਰੰਪ ਨੇ ਸਟੀਲ ਅਤੇ ਐਲੂਮੀਨੀਅਮ ਦੀ ਦਰਾਮਦ ’ਤੇ ਟੈਕਸ 50 ਫ਼ੀਸਦੀ ਕੀਤਾ

ਵੈਸਟ ਮਿਫ਼ਲਿਨ (ਪੈਨਸਿਲਵੇਨੀਆ)/ ਏ. ਟੀ. ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਦਿਨੀਂ ਪੈਨਸਿਲਵੇਨੀਆ ਸਟੀਲ ਵਰਕਰਾਂ ਨੂੰ ਕਿਹਾ ਕਿ ਉਹ ਉਨ੍ਹਾਂ ਦੇ ਉਦਯੋਗ ਦੀ ਰੱਖਿਆ ਲਈ ਸਟੀਲ ਦੀ ਦਰਾਮਦ ’ਤੇ ਟੈਕਸ ਨੂੰ ਦੁੱਗਣਾ ਕਰਕੇ 50 ਫ਼ੀਸਦੀ ਕਰ ਰਹੇ ਹਨ। ਇਹ ਇੱਕ ਹੈਰਾਨੀਜਨਕ ਵਾਧਾ ਹੈ ਜੋ ਰਿਹਾਇਸ਼ੀ, ਆਟੋ ਅਤੇ ਹੋਰ ਸਾਮਾਨ ਬਣਾਉਣ ਲਈ ਵਰਤੀ ਜਾਂਦੀ ਧਾਤ ਦੀਆਂ ਕੀਮਤਾਂ ਨੂੰ ਹੋਰ ਵਧਾ ਸਕਦਾ ਹੈ।

ਬਾਅਦ ਵਿੱਚ ਆਪਣੇ ਟਰੁਥ ਸੋਸ਼ਲ ਪਲੇਟਫ਼ਾਰਮ ’ਤੇ ਇੱਕ ਪੋਸਟ ਵਿੱਚ ਟਰੰਪ ਨੇ ਕਿਹਾ ਕਿ ਐਲੂਮੀਨੀਅਮ ਟੈਕਸ ਨੂੰ ਵੀ ਦੁੱਗਣਾ ਕਰਕੇ 50 ਫ਼ੀਸਦੀ ਕਰ ਦਿੱਤਾ ਜਾਵੇਗਾ। ਟਰੰਪ ਨੇ ਪਿਟਸਬਰਗ ਵਿੱਚ ਯੂ.ਐੱਸ. ਸਟੀਲ ਦੇ ਮੋਨ ਵੈਲੀ ਵਰਕਸ-ਇਰਵਿਨ ਪਲਾਂਟ ਵਿੱਚ ਸੰਬੋਧਨ ਕਰਦਿਆਂ ਇੱਕ ਭਵਿੱਖ ਦੇ ਸੌਦੇ ’ਤੇ ਵੀ ਚਰਚਾ ਕੀਤੀ, ਜਿਸ ਦੇ ਤਹਿਤ ਜਪਾਨ ਦੀ ਨਿਪੋਨ ਸਟੀਲ ਪ੍ਰਸਿੱਧ ਅਮਰੀਕੀ ਸਟੀਲ ਨਿਰਮਾਤਾ ਵਿੱਚ ਨਿਵੇਸ਼ ਕਰੇਗੀ। ਉਂਝ ਟਰੰਪ ਨੇ ਸ਼ੁਰੂ ਵਿੱਚ ਪਿਟਸਬਰਗ-ਅਧਾਰਤ ਯੂਐੱਸ ਸਟੀਲ ਨੂੰ ਖਰੀਦਣ ਲਈ ਜਪਾਨੀ ਸਟੀਲ ਨਿਰਮਾਤਾ ਦੀ ਬੋਲੀ ਨੂੰ ਰੋਕਣ ਦੀ ਸਹੁੰ ਖਾਧੀ ਸੀ, ਪਰ ਉਨ੍ਹਾਂ ਫ਼ੈਸਲੇ ਨੂੰ ਉਲਟਾਉਂਦਿਆਂ ਪਿਛਲੇ ਹਫ਼ਤੇ ਨਿਪੋਨ ਵੱਲੋਂ ਅੰਸ਼ਕ ਮਾਲਕੀ ਵਜੋਂ ਦਰਸਾਏ ਇੱਕ ਸਮਝੌਤੇ ਦਾ ਐਲਾਨ ਕੀਤਾ। ਸਰਕਾਰ ਦੇ ਉਤਪਾਦਕ ਮੁੱਲ ਸੂਚਕ ਦੇ ਅਨੁਸਾਰ ਟਰੰਪ ਦੇ ਰਾਸ਼ਟਰਪਤੀ ਬਣਨ ਤੋਂ (ਬਾਕੀ ਸਫ਼ਾ 30 ’ਤੇ)

## ਤਣਾਅ ਦੀਆਂ ਸਮੱਸਿਆਵਾਂ ਦੂਰ ਕਰਨ ਲਈ ਦਵਾਈ ਖਾਂਦਾ ਹੁੰਦਾ ਸੀ ਐਲੋਨ ਮਸਕ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਕਰੀਬੀ ਮੰਨੇ ਜਾਣ ਵਾਲੇ ਐਲੋਨ ਮਸਕ ਨੇ ਸਵੀਕਾਰ ਕੀਤਾ ਹੈ ਕਿ ਉਹ ਡਰੱਗ ਦੀ ਵਰਤੋਂ ਕਰਦੇ ਸਨ। ਮੀਡੀਆ ਰਿਪੋਰਟਾਂ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਡੋਨਾਲਡ ਟਰੰਪ ਦੇ ਚੋਣ ਪ੍ਰਚਾਰ ਦੌਰਾਨ ਐਲੋਨ ਮਸਕ ਕੇਟਾਮਾਈਨ ਅਤੇ ਹੋਰ ਕਈ ਦਵਾਈਆਂ ਲੈਂਦੇ ਸਨ। ਉਸ ਸਮੇਂ ਦੌਰਾਨ ਉਨ੍ਹਾਂ ਦੇ ਪਰਿਵਾਰ ਵਿੱਚ ਵੀ ਤਣਾਅ ਸੀ। ਹੁਣ ਐਲੋਨ ਮਸਕ ਨੇ ਮੀਡੀਆ ਰਿਪੋਰਟਾਂ ਵਿੱਚ ਕੀਤੇ ਗਏ ਦਾਅਵਿਆਂ ਨੂੰ ਰੱਦ ਕਰ ਦਿੱਤਾ ਹੈ। ਹਾਲਾਂਕਿ ਉਨ੍ਹਾਂ ਨੇ ਮੰਨਿਆ ਹੈ ਕਿ ਉਹ ਕੇਟਾਮਾਈਨ ਦਵਾਈਆਂ ਨੂੰ ਦਵਾਈ ਵਜੋਂ ਲੈਂਦੇ ਸਨ। ਮਸਕ ਨੇ ਕਿਹਾ ਕਿ ਉਹ ਤਣਾਅ ਦੀਆਂ ਸਮੱਸਿਆਵਾਂ ਕਾਰਨ ਇਸ ਦਵਾਈ ਦੀ ਵਰਤੋਂ ਕਰਦੇ ਸਨ, ਪਰ ਇਸ ਗੱਲ ਨੂੰ ਕਈ ਸਾਲ ਬੀਤ ਚੁੱਕੇ ਹਨ। ਨਿਊਯਾਰਕ ਟਾਈਮਜ਼ ਦੀ ਇੱਕ ਰਿਪੋਰਟ ਵਿੱਚ ਵੀ ਦਾਅਵਾ ਕੀਤਾ ਗਿਆ ਹੈ ਕਿ ਐਲੋਨ ਮਸਕ ਦੇ ਰੋਜ਼ਾਨਾ ਦਵਾਈ ਵਾਲੇ ਡੱਬੇ ਵਿੱਚ ਲਗਭਗ 20 ਗੋਲੀਆਂ ਸ਼ਾਮਲ ਹਨ, ਜਿਸ ਵਿੱਚ ਉਤੇਜਕ (ਬਾਕੀ ਸਫ਼ਾ 30 ’ਤੇ)



## ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਪਰਵਾਸੀਆਂ ਦੀ ਹੋਵੇਗੀ ਹਰ ਤਰ੍ਹਾਂ ਦੀ ਜਾਂਚ: ਅਮਰੀਕੀ ਪ੍ਰਸ਼ਾਸਨ

ਨਿਊਯਾਰਕ/ਏ.ਟੀ.ਨਿਊਜ਼: ਅਮਰੀਕੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਹ ਦੇਸ਼ ਆਉਣ ਵਾਲੇ ਸਾਰੇ ਲੋਕਾਂ, ਜਿਨ੍ਹਾਂ ਵਿੱਚ ਵਿਦਿਆਰਥੀ ਵੀ ਸ਼ਾਮਲ ਹਨ, ਦੀ ਜਾਂਚ ਕਰਨ ਲਈ ਹਰ ਸੰਭਵ ਤਰੀਕਾ ਅਪਣਾ ਰਿਹਾ ਹੈ। ਇਹ ਬਿਆਨ ਉਨ੍ਹਾਂ ਰਿਪੋਰਟਾਂ ਵਿਚਕਾਰ ਆਇਆ ਹੈ ਕਿ ਟਰੰਪ ਪ੍ਰਸ਼ਾਸਨ ਵਿਦੇਸ਼ਾਂ ਵਿੱਚ ਆਪਣੇ ਦੂਤਘਰਾਂ ਅਤੇ ਕੌਂਸਲੇਟਾਂ ਨੂੰ ਨਵੇਂ ਵਿਦਿਆਰਥੀ ਵੀਜ਼ਾ ਲਈ ਇੰਟਰਵਿਊ ਰੋਕਣ ਦਾ ਆਦੇਸ਼ ਦੇ ਰਿਹਾ ਹੈ ਕਿਉਂਕਿ ਬਿਨੈਕਾਰ ਦੇ ਸੋਸ਼ਲ ਮੀਡੀਆ ਖਾਤਿਆਂ ਦੀ ਤਸਦੀਕ ਲਾਜ਼ਮੀ ਕਰਨ ਦੀ ਯੋਜਨਾ ਹੈ।



ਅਮਰੀਕੀ ਡਿਜੀਟਲ ਅਖਬਾਰ ‘ਪੋਲੀਟੀਕੋ’ ਵਿੱਚ ਪ੍ਰਕਾਸ਼ਿਤ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ, ‘ਟਰੰਪ ਪ੍ਰਸ਼ਾਸਨ ਅਮਰੀਕਾ ਵਿੱਚ ਪੜ੍ਹਾਈ ਲਈ ਅਰਜ਼ੀ ਦੇਣ ਵਾਲੇ ਸਾਰੇ ਵਿਦੇਸ਼ੀ ਵਿਦਿਆਰਥੀਆਂ ਦੇ ਸੋਸ਼ਲ ਮੀਡੀਆ ਖਾਤਿਆਂ ਦੀ ਜਾਂਚ ਕਰਨ ਦੀ ਪ੍ਰਕਿਰਿਆ ਨੂੰ ਲਾਜ਼ਮੀ ਬਣਾਉਣ ’ਤੇ ਵਿਚਾਰ ਕਰ ਰਿਹਾ ਹੈ।’ ਰਿਪੋਰਟ ਵਿੱਚ ਕਿਹਾ ਗਿਆ ਹੈ, ‘ਅਜਿਹੀ ਜ਼ਰੂਰੀ ਜਾਂਚ ਦੀ ਤਿਆਰੀ ਦੇ ਮੱਦੇਨਜ਼ਰ ਪ੍ਰਸ਼ਾਸਨ ਅਮਰੀਕੀ ਦੂਤਘਰਾਂ ਅਤੇ ਕੌਂਸਲੇਟਾਂ ਨੂੰ ਵਿਦਿਆਰਥੀ ਵੀਜ਼ਾ ਬਿਨੈਕਾਰਾਂ ਲਈ ਨਵੇਂ ਇੰਟਰਵਿਊ ਤਹਿ ਕਰਨ ਤੋਂ ਰੋਕਣ ਦਾ ਆਦੇਸ਼ ਦੇ ਰਿਹਾ ਹੈ।’ ਵਿਦੇਸ਼ ਵਿਭਾਗ ਦੇ ਬੁਲਾਰੇ ਟੈਮੀ ਬਰੂਸ ਤੋਂ ਇੱਕ ਬ੍ਰੀਫਿੰਗ ਵਿੱਚ ਟਰੰਪ ਪ੍ਰਸ਼ਾਸਨ ਦੇ ਇਸ ਸੰਭਾਵਿਤ ਫੈਸਲੇ ਬਾਰੇ ਪੁੱਛਿਆ ਗਿਆ।

ਬਰੂਸ ਨੇ ਕਿਹਾ ਕਿ ਜੇਕਰ ਤੁਸੀਂ ਇਸ ਬਾਰੇ ਚਰਚਾ ਕਰ ਰਹੇ ਹੋ, ਤਾਂ ਇਹ ਇੱਕ ਅਜਿਹਾ ਮੁੱਦਾ ਹੈ ਜਿਸ ’ਤੇ ਅਜੇ ਤੱਕ ਖੁੱਲ੍ਹ ਕੇ ਚਰਚਾ ਨਹੀਂ ਕੀਤੀ ਗਈ ਹੈ। ਜੇਕਰ ਇਹ ਸੱਚਮੁੱਚ ਅਜਿਹਾ ਹੈ, ਤਾਂ ਇਹ ਇੱਕ ਲੀਕ ਹੋਈ ਖ਼ਬਰ ਹੈ। (ਬਾਕੀ ਸਫ਼ਾ 30 ’ਤੇ)


## ਰੂਸ-ਯੂਕ੍ਰੇਨ ਗੱਲਬਾਤ ਰਾਹੀਂ ਮਸਲਾ ਹੱਲ ਕਰਨ: ਅਮਰੀਕਾ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਨੇ ਰੂਸ ਅਤੇ ਯੂਕ੍ਰੇਨ ਨੂੰ ਗੱਲਬਾਤ ਦੀ ਮੇਜ਼ ’ਤੇ ਲਿਆਉਣ ਲਈ ਕੰਮ ਕੀਤਾ ਹੈ, ਪਰ ਟਕਰਾਅ ਨੂੰ ਕਿਵੇਂ ਖਤਮ ਕਰਨਾ ਹੈ ਇਸ ਦਾ ਫੈਸਲਾ ਉਨ੍ਹਾਂ ’ਤੇ ਨਿਰਭਰ ਕਰਦਾ ਹੈ। ਅਮਰੀਕੀ ਵਿਦੇਸ਼ ਵਿਭਾਗ ਦੀ ਬੁਲਾਰਨ ਟੈਮੀ ਬਰੂਸ ਨੇ ਉਕਤ ਬਿਆਨ ਦਿੱਤਾ। ਬਰੂਸ ਨੇ ਪਿਛਲੇ ਦਿਨੀਂ ‘ਫੌਕਸ ਨਿਊਜ਼’ ਨੂੰ ਦੱਸਿਆ ਕਿ ਹਾਲਾਂਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗੱਲਬਾਤ ਬਾਰੇ ਆਪਣੇ ਵਿਚਾਰਾਂ ਬਾਰੇ ਬਹੁਤ ਜਨਤਕ ਤੌਰ ’ਤੇ ਗੱਲ ਕੀਤੀ ਹੈ, ਜਿਸ ’ਤੇ ਉਹ ਕੋਈ ਟਿੱਪਣੀ ਨਹੀਂ ਕਰ ਸਕਦੀ ਪਰ ਸਮਝੌਤੇ ਦੀਆਂ ਸ਼ਰਤਾਂ ਅੰਤ ਵਿੱਚ ਯੂਕ੍ਰੇਨ ਅਤੇ ਰੂਸ ਵਿਚਕਾਰ ਨਿਰਧਾਰਤ ਹੋਣੀਆਂ ਚਾਹੀਦੀਆਂ ਹਨ। ਉਸਨੇ ਕਿਹਾ ਕਿ ਅਮਰੀਕਾ ਨੇ ਦੋਵਾਂ ਧਿਰਾਂ ਵਿਚਕਾਰ ਗੱਲਬਾਤ ਦੀ ਸਹੂਲਤ ਦਿੱਤੀ ਹੈ ਪਰ ਨਤੀਜਾ ਅਸਲ ਵਿੱਚ ਉਨ੍ਹਾਂ ’ਤੇ ਨਿਰਭਰ ਕਰੇਗਾ। ਉਸਨੇ ਕਿਹਾ ਕਿ ਅਮਰੀਕਾ ਨਹੀਂ ਚਾਹੁੰਦਾ ਕਿ ਰੂਸ-ਯੂਕ੍ਰੇਨ ਗੱਲਬਾਤ ਮਹੀਨਿਆਂ ਅਤੇ ਸਾਲਾਂ ਤੱਕ ਚੱਲੇ, ਕਿਉਂਕਿ ਹਰ ਦਿਨ ਮਾਇਨੇ ਰੱਖਦਾ ਹੈ। (ਬਾਕੀ ਸਫ਼ਾ 30 ’ਤੇ)



## ਟਰੰਪ ਨੇ ਮਸਕ ਦੇ ਸਹਿਯੋਗੀ ਇਸਾਕਮੈਨ ਦਾ ਨਾਂ ਨਾਸਾ ਪ੍ਰਮੁੱਖ ਵਜੋਂ ਵਾਪਸ ਲਿਆ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਦਿਨੀਂ ਐਲਾਨ ਕੀਤਾ ਕਿ ਉਹ ਨਾਸਾ ਦੀ ਅਗਵਾਈ ਕਰਨ ਲਈ ਐਲਨ ਮਸਕ ਦੇ ਸਹਿਯੋਗੀ ਜੈਰੇਡ ਇਸਾਕਮੈਨ ਦਾ ਨਾਮ ਵਾਪਸ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਉਹ ਇਸਾਕਮੈਨ ਦੇ ‘ਪੁਰਾਣੇ ਰਿਸ਼ਤਿਆਂ’ ਦੀ ‘ਡੂੰਘੀ ਸਮੀਖਿਆ’ ਕਰਨ ਮਗਰੋਂ ਇਸ ਨਤੀਜੇ ’ਤੇ ਪਹੁੰਚੇ ਹਨ। ਹਾਲਾਂਕਿ ਟਰੰਪ ਨੇ ਆਪਣੀ ਗੱਲ ਤਫ਼ਸੀਲ ਵਿੱਚ ਨਹੀਂ ਸਮਝਾਈ। ਅਮਰੀਕੀ ਰਾਸ਼ਟਰਪਤੀ ਦੀ ਅਧਿਕਾਰਤ ਰਿਹਾਇਸ਼ ਤੇ ਦਫ਼ਤਰ ਵ੍ਹਾਈਟ ਹਾਊਸ ਨੇ ਵੀ ਇਸ ਸਬੰਧ ਵਿੱਚ ਭੇਜੇ ਗਏ ਈ-ਮੇਲ ਦਾ ਕੋਈ ਜਵਾਬ ਨਹੀਂ ਦਿੱਤਾ।



ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਮੰਚ ’ਤੇ ਲਿਖਿਆ, “ਪੁਰਾਣੇ ਰਿਸ਼ਤਿਆਂ ਦੀ ਡੂੰਘੀ ਸਮੀਖਿਆ ਮਗਰੋਂ ਮੈਂ ਨਾਸਾ ਪ੍ਰਮੁੱਖ ਲਈ (ਬਾਕੀ ਸਫ਼ਾ 30 ’ਤੇ)

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Manager: Pardeep Singh  Sub: Editor: Balwinderpal Singh, Dr. Sarbjeet Kaur Jang  Online Interview Host: Balraj Pannu

Designer: A.K.V.  Content Composer: S. Jagmohan Singh  US Distributor: Amritsar Times Inc.  Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਯੂਕ੍ਰੇਨ-ਰੂਸ ਜੰਗ 'ਚ ਫ਼ਸੇ ਭਾਰਤੀ, 15 ਮਹੀਨਿਆਂ ਤੋਂ ਲਾਪਤਾ

## 16 ਭਾਰਤੀ ਲਾਪਤਾ, 12 ਦੀ ਮੌਤ, ਪਰਿਵਾਰਾਂ ਦਾ ਜੰਤਰ-ਮੰਤਰ 'ਤੇ ਪ੍ਰਦਰਸ਼ਨ

### ਭਾਰਤ ਸਰਕਾਰ ਦੀਆਂ ਕੋਸ਼ਿਸ਼ਾਂ ਨਾਕਾਫ਼ੀ, ਰੂਸੀ ਸਫ਼ਾਰਤਖਾਨੇ ਨੇ ਨਹੀਂ ਦਿੱਤਾ ਸਾਥ, ਪਰਿਵਾਰ ਨੇ ਲਗਾਏ ਦੋਸ਼

ਯੂਕ੍ਰੇਨ ਅਤੇ ਰੂਸ ਵਿਚਕਾਰ ਜਾਰੀ ਜੰਗ ਨੇ ਸਿਰਫ਼ ਖੇਤਰੀ ਸੀਮਾਵਾਂ ਨੂੰ ਹੀ ਨਹੀਂ ਹਿਲਾਇਆ, ਸਗੋਂ ਦਰਜਨਾਂ ਭਾਰਤੀ ਪਰਿਵਾਰਾਂ ਦੀਆਂ ਜ਼ਿੰਦਗੀਆਂ ਵੀ ਉਜਾੜ ਦਿੱਤੀਆਂ ਹਨ। ਪਿਛਲੇ 15 ਮਹੀਨਿਆਂ ਤੋਂ ਕਈ ਭਾਰਤੀ ਨੌਜਵਾਨ, ਜਿਨ੍ਹਾਂ ਨੂੰ ਏਜੰਟਾਂ ਨੇ ਵਿਦੇਸ਼ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਰੂਸੀ ਸੈਨਾ ਵਿੱਚ ਭਰਤੀ ਕਰਵਾਇਆ, ਲਾਪਤਾ ਹਨ। ਇਨ੍ਹਾਂ ਪਰਿਵਾਰਾਂ ਨੇ ਆਪਣੇ ਜੀਆਂ ਦੀ ਭਾਲ ਵਿੱਚ ਜੰਤਰ-ਮੰਤਰ 'ਤੇ ਪ੍ਰਦਰਸ਼ਨ ਕਰਕੇ ਸਰਕਾਰ ਤੋਂ ਮਦਦ ਦੀ ਗੁਹਾਰ ਲਗਾਈ ਹੈ। ਜਗਦੀਪ ਕੁਮਾਰ, ਜਿਸ ਦਾ ਛੋਟਾ ਭਰਾ ਮਨਦੀਪ ਕੁਮਾਰ ਮਾਰਚ 2024 ਤੋਂ ਲਾਪਤਾ ਹੈ, ਨੇ ਦੱਸਿਆ ਕਿ ਉਹ ਸਿਰਫ਼ ਇਹ ਜਾਣਨਾ ਚਾਹੁੰਦੇ ਹਨ ਕਿ ਉਨ੍ਹਾਂ ਦਾ ਭਰਾ ਜਿਉਂਦਾ ਹੈ ਜਾਂ ਨਹੀਂ। ਪਰਿਵਾਰਾਂ ਦਾ ਦੋਸ਼ ਹੈ ਕਿ ਏਜੰਟਾਂ ਨੇ ਇਨ੍ਹਾਂ ਨੌਜਵਾਨਾਂ ਨੂੰ ਯੂਰਪ ਵਿੱਚ ਚੰਗੀ ਨੌਕਰੀ ਦਾ ਲਾਲਚ ਦੇ ਕੇ ਰੂਸ-ਯੂਕ੍ਰੇਨ ਜੰਗ ਦੇ ਮੈਦਾਨ ਵਿੱਚ ਧੱਕ ਦਿੱਤਾ। ਕਈ ਪਰਿਵਾਰ ਰੂਸ ਵੀ ਗਏ, ਪਰ ਭਾਰਤੀ ਸਫ਼ਾਰਤਖਾਨੇ ਸਮੇਤ ਕਿਤੋਂ ਵੀ ਸਹਾਇਤਾ ਨਹੀਂ ਮਿਲੀ। ਜਗਦੀਪ ਨੇ ਦੱਸਿਆ ਕਿ ਉਸ ਨੂੰ ਏਜੰਟਾਂ ਵੱਲੋਂ ਧਮਕੀਆਂ ਵਾਲੇ ਵੀਡੀਓ ਮਿਲੇ ਹਨ, ਜਿਨ੍ਹਾਂ ਵਿੱਚ ਉਸ ਦੇ ਭਰਾ ਨੂੰ ਕੁੱਟਿਆ ਜਾ ਰਿਹਾ ਹੈ ਅਤੇ ਹੋਰ ਪੈਸਿਆਂ ਦੀ ਮੰਗ ਕੀਤੀ ਜਾ ਰਹੀ ਹੈ।



ਪ੍ਰਦਰਸ਼ਨਕਾਰੀਆਂ ਵਿੱਚੋਂ ਇੱਕ ਮਾਂ ਨੇ ਕਿਹਾ, 'ਹਰ ਦਿਨ ਮੌਤ ਦੀ ਸਜ਼ਾ ਵਾਂਗ ਲੱਗਦਾ ਹੈ।' ਪਰਿਵਾਰਾਂ ਨੇ ਵਿਦੇਸ਼ ਮੰਤਰਾਲੇ ਨੂੰ ਪੱਤਰ ਲਿਖ ਕੇ ਲਾਪਤਾ ਵਿਅਕਤੀਆਂ ਬਾਰੇ ਜਾਣਕਾਰੀ ਅਤੇ ਸਹਾਇਤਾ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇ ਸਰਕਾਰ ਨੇ ਕੋਈ ਕਦਮ ਨਾ ਚੁੱਕਿਆ ਤਾਂ ਉਹ ਹਰ ਮਹੀਨੇ ਦੋ ਵਾਰ ਪ੍ਰਦਰਸ਼ਨ ਕਰਨਗੇ। ਪਰਿਵਾਰਾਂ ਨੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਦੇ ਦਸਤਖਤ ਵਾਲੇ ਪੱਤਰ ਨਾਲ ਰੂਸ ਵਿੱਚ ਭਾਰਤੀ ਸਫ਼ਾਰਤਖਾਨੇ ਤੋਂ ਸਹਿਯੋਗ ਦੀ ਮੰਗ ਕੀਤੀ ਹੈ। ਸਾਧਾਰਨ ਜਿਹੇ ਪਰਿਵਾਰਾਂ ਤੋਂ ਆਉਣ ਵਾਲੇ ਘੱਟੋ-ਘੱਟ 50 ਭਾਰਤੀਆਂ ਨੇ ਚੰਗੀ ਨੌਕਰੀ ਦੀ ਉਮੀਦ ਵਿੱਚ ਏਜੰਟਾਂ ਨੂੰ ਵੱਡੀ ਰਕਮ ਅਦਾ ਕੀਤੀ ਸੀ। ਏਜੰਟਾਂ ਨੇ ਰੂਸੀ ਫ਼ੌਜ ਵਿੱਚ ਸਹਾਇਕ ਦੀ ਨੌਕਰੀ ਦਾ ਵਾਅਦਾ ਕਰਕੇ ਇਨ੍ਹਾਂ ਲੋਕਾਂ ਤੋਂ ਕਰੀਬ ਤਿੰਨ ਲੱਖ ਰੁਪਏ ਵਸੂਲੇ ਸਨ। ਰੂਸ ਜਾਣ ਵਾਲੇ ਇਨ੍ਹਾਂ ਸਾਰੇ ਭਾਰਤੀ ਨੌਜਵਾਨਾਂ ਦੀ ਉਮਰ 22 ਸਾਲ ਤੋਂ 31 ਸਾਲ ਦੇ ਵਿੱਚ ਹੈ।

(ਬਾਕੀ ਸਫ਼ਾ 30 'ਤੇ)

## ਥਾਈਲੈਂਡ ਦੀ ਓਪਲ ਸੁਚਾਤਾ ਚੁਆਂਗਸਰੀ ਬਣੀ ਮਿਸ ਵਰਲਡ 2025

ਹੈਦਰਾਬਾਦ/ਏ.ਟੀ.ਨਿਊਜ਼: ਥਾਈਲੈਂਡ ਦੀ ਓਪਲ ਸੁਚਾਤਾ ਚੁਆਂਗਸਰੀ ਨੇ ਇੱਥੇ 'ਮਿਸ ਵਰਲਡ 2025' ਦਾ ਖਿਤਾਬ ਜਿੱਤ ਲਿਆ ਹੈ। ਇੱਥੇ ਹੋਏ ਫਾਈਨਲ ਵਿੱਚ ਇਥੋਪੀਆ ਦੀ ਹੈਸੇਟ ਡੇਰੇਜੇ ਅਦਮਾਸੂ ਨੂੰ ਉਪ ਜੇਤੂ ਐਲਾਨਿਆ ਗਿਆ। ਭਾਰਤ ਦੀ ਨੰਦਿਨੀ ਗੁਪਤਾ ਸਿਖਰਲੀਆਂ ਅੱਠ ਸੁੰਦਰੀਆਂ ਵਿੱਚ ਜਗ੍ਹਾ ਬਣਾਉਣ ਤੋਂ ਪਹਿਲਾਂ ਹੀ ਬਾਹਰ ਹੋ ਗਈ।




ਪ੍ਰਬੰਧਕਾਂ ਅਨੁਸਾਰ ਤਿਲੰਗਾਨਾ ਵਿੱਚ ਇੱਕ ਮਹੀਨੇ ਦੌਰਾਨ ਉਦੇਸ਼-ਆਧਾਰਤ ਗਤੀਵਿਧੀਆਂ, ਸੱਭਿਆਚਾਰਕ ਅਤੇ ਪ੍ਰੇਰਨਾਦਾਇਕ ਚੁਣੌਤੀਆਂ ਮਗਰੋਂ ਦੁਨੀਆ ਭਰ ਦੇ 108 ਪ੍ਰਤੀਯੋਗੀਆਂ ਨੇ ਮਿਸ ਵਰਲਡ ਤਾਜ ਲਈ ਮੁਕਾਬਲਾ 'ਚ ਹਿੱਸਾ ਲਿਆ।

ਜੇਤੂ ਓਪਲ ਕੌਮਾਂਤਰੀ ਸਬੰਧਾਂ ਦੀ ਵਿਦਿਆਰਥਣ ਹੈ। ਉਸ ਨੂੰ ਮਨੋਵਿਗਿਆਨ ਅਤੇ ਮਾਨਵ ਵਿਗਿਆਨ ਵਿੱਚ ਦਿਲਚਸਪੀ ਹੈ ਅਤੇ ਉਹ ਰਾਜਦੂਤ ਬਣਨਾ ਚਾਹੁੰਦੀ ਹੈ। ਉਸਨੇ ਛਾਤੀ ਦੇ ਕੈਂਸਰ ਦੇ ਖੇਤਰ ਵਿੱਚ ਕੰਮ ਕਰਨ ਵਾਲੀਆਂ ਸੰਸਥਾਵਾਂ ਲਈ ਸਵੈ-ਇੱਛਾ ਨਾਲ ਕੰਮ ਕੀਤਾ ਹੈ। ਮਿਸ ਵਰਲਡ ਵੈੱਬਸਾਈਟ ਅਨੁਸਾਰ ਓਪਲ ਕੋਲ ਪਾਲਤੂ ਜਾਨਵਰ ਵਜੋਂ ਸੋਲਾਂ ਬਿੱਲੀਆਂ ਅਤੇ ਪੰਜ ਕੁੱਤੇ ਹਨ।

ਮਿਸ ਵਰਲਡ ਦੀ ਚੇਅਰਵੁਮੈਨ ਜੂਲੀਆ ਮੋਰਲੇ ਸੀਬੀਈ ਨੇ ਜਿਊਰੀ ਦੀ ਅਗਵਾਈ ਕੀਤੀ ਅਤੇ 72ਵੀਂ ਮਿਸ ਵਰਲਡ ਦੀ ਜੇਤੂ ਦਾ ਐਲਾਨ ਕੀਤਾ।

# ਕੈਨੇਡਾ 'ਚ ਗ਼ੈਰ ਕਾਨੂੰਨੀ ਪਰਵਾਸੀਆਂ ਲਈ ਮੁਸ਼ਕਿਲਾਂ ਵਧੀਆਂ

## ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਹਜ਼ਾਰਾਂ ਗ਼ੈਰ ਕਾਨੂੰਨੀ ਪਰਵਾਸੀਆਂ ਦੇ ਦੇਸ਼ ਨਿਕਾਲੇ ਦੀ ਕਾਰਵਾਈ

### ਡਿਪੋਰਟ ਹੋਣ ਵਾਲਿਆਂ 'ਚ ਪੰਜਾਬੀ ਭਾਈਚਾਰੇ ਦੀ ਗਿਣਤੀ ਸਭ ਤੋਂ ਵੱਧ

ਟੋਰਾਂਟੋ/ਏ.ਟੀ.ਨਿਊਜ਼: ਅਮਰੀਕਾ ਤੋਂ ਬਾਅਦ ਹੁਣ ਕੈਨੇਡਾ ਵਿੱਚ ਵੀ ਗ਼ੈਰ-ਕਾਨੂੰਨੀ ਪਰਵਾਸੀਆਂ ਲਈ ਮੁਸ਼ਕਿਲਾਂ ਵਧ ਗਈਆਂ ਹਨ। ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਦੇਸ਼ ਭਰ ਵਿੱਚ ਉਨ੍ਹਾਂ ਲੋਕਾਂ ਵਿਰੁੱਧ ਇੱਕ ਵੱਡੀ ਦੇਸ਼ ਨਿਕਾਲੇ ਦੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ ਜਿਨ੍ਹਾਂ ਦੇ ਵੀਜ਼ੇ ਦੀ ਮਿਆਦ ਖਤਮ ਹੋ ਗਈ ਹੈ ਜਾਂ ਜਿਨ੍ਹਾਂ ਦੀਆਂ ਸ਼ਰਨ ਪਟੀਸ਼ਨਾਂ ਰੱਦ ਕਰ ਦਿੱਤੀਆਂ ਗਈਆਂ ਹਨ।

ਏਜੰਸੀ ਹੁਣ ਤੱਕ 30,000 ਤੋਂ ਵੱਧ ਦੇਸ਼ ਨਿਕਾਲਾ ਵਾਰੰਟ ਜਾਰੀ ਕਰ ਚੁੱਕੀ ਹੈ। ਇਨ੍ਹਾਂ ਵਿੱਚ ਵੱਡੀ ਗਿਣਤੀ ਵਿੱਚ ਉਹ ਲੋਕ ਸ਼ਾਮਲ ਹਨ ਜੋ ਕੈਨੇਡਾ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਸਨ, ਜਾਂ ਜਿਨ੍ਹਾਂ ਦੇ ਅਪਰਾਧਿਕ ਰਿਕਾਰਡ ਹਨ। ਇਸ ਵਿੱਚ ਪੰਜਾਬੀ ਮੂਲ ਦੇ ਲੋਕ ਵੱਡੀ ਗਿਣਤੀ ਵਿੱਚ ਹਨ, ਜਿਸ ਕਾਰਨ ਉੱਥੇ ਦਹਿਸ਼ਤ ਦਾ ਮਾਹੌਲ ਹੈ। ਪੰਜਾਬੀ ਮੂਲ ਦੇ ਅਜਿਹੇ ਕਾਫ਼ੀ ਨੌਜਵਾਨ ਹਨ, ਜਿਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਖਤਮ ਹੋ ਚੁੱਕੀ ਹੈ ਅਤੇ ਉਹ ਕੈਨੇਡਾ ਵਿੱਚ ਗ਼ੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਏਜੰਸੀ ਨੇ ਸਪੱਸ਼ਟ ਕੀਤਾ ਹੈ ਕਿ ਇਹ ਕਾਰਵਾਈ ਪਹਿਲਾਂ ਤਿੰਨ ਤਰ੍ਹਾਂ ਦੇ ਲੋਕਾਂ ਵਿਰੁੱਧ ਕੀਤੀ ਜਾਵੇਗੀ, ਜਿਨ੍ਹਾਂ ਵਿੱਚ ਉਹ ਲੋਕ ਵੀ ਸ਼ਾਮਲ ਹਨ, ਜਿਨ੍ਹਾਂ ਦੀ ਰਾਜਨੀਤਿਕ ਸ਼ਰਨ ਦੀ ਅਰਜ਼ੀ ਰੱਦ ਕਰ ਦਿੱਤੀ ਗਈ ਹੈ ਅਤੇ ਜੋ ਕੈਨੇਡਾ ਵਿੱਚ ਗੈਰ-ਕਾਨੂੰਨੀ ਤੌਰ 'ਤੇ ਰਹਿ ਰਹੇ ਹਨ। ਜਿਨ੍ਹਾਂ ਦਾ ਅਪਰਾਧਾਂ ਨਾਲ ਕੁਝ ਸਬੰਧ ਰਿਹਾ ਹੈ।



ਕੈਨੇਡਾ ਦੇ ਇੱਕ ਮਸ਼ਹੂਰ ਇਮੀਗ੍ਰੇਸ਼ਨ ਮਾਹਿਰ ਦਾ ਕਹਿਣਾ ਹੈ ਕਿ ਇਨ੍ਹਾਂ 30,000 ਲੋਕਾਂ ਵਿੱਚੋਂ 88 ਪ੍ਰਤੀਸ਼ਤ ਸਿਰਫ਼ ਉਹ ਹਨ ਜਿਨ੍ਹਾਂ ਦੀ ਸ਼ਰਨ ਪਟੀਸ਼ਨ ਰੱਦ ਕਰ ਦਿੱਤੀ ਗਈ ਹੈ। ਏਜੰਸੀ ਦੀ ਸੂਚੀ ਵਿੱਚ ਉਹ ਵਿਦਿਆਰਥੀ ਵੀ ਸ਼ਾਮਲ ਹਨ ਜਿਨ੍ਹਾਂ ਨੇ ਪੜ੍ਹਾਈ ਛੱਡ ਦਿੱਤੀ ਹੈ ਅਤੇ ਨਾਲ ਹੀ ਉਹ ਵੀ ਜਿਨ੍ਹਾਂ ਦੇ ਟੂਰਿਸਟ ਵੀਜ਼ੇ ਦੀ ਮਿਆਦ ਖਤਮ ਹੋ ਗਈ ਹੈ ਪਰ ਅਜੇ ਤੱਕ ਵਾਪਸ ਨਹੀਂ ਆਏ ਹਨ। ਕੁਝ ਲੋਕ ਅਜਿਹੇ ਹਨ ਜੋ ਪੀ.ਆਰ ਕਾਰਡ ਧਾਰਕ ਹੋਣ ਦੇ ਬਾਵਜੂਦ ਅਪਰਾਧਾਂ ਵਿੱਚ ਸ਼ਾਮਲ ਪਾਏ ਗਏ। ਜਲਦੀ ਹੀ ਅਜਿਹੇ ਨੌਜਵਾਨਾਂ ਨੂੰ ਵਾਪਸ ਭੇਜਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਜਾਵੇਗੀ।

**ਦੁਬਾਰਾ ਕੈਨੇਡੀਅਨ ਵੀਜ਼ਾ ਹਾਸਲ ਕਰਨ ਲਈ ਕਰਨਾ ਪਵੇਗਾ ਭੁਗਤਾਨ**

ਏਜੰਸੀ ਨੇ ਇਹ ਵੀ ਸਪੱਸ਼ਟ ਕੀਤਾ ਕਿ ਜੇਕਰ ਕੋਈ ਦੇਸ਼ ਨਿਕਾਲਾ ਦਿੱਤਾ ਗਿਆ ਵਿਅਕਤੀ ਬਾਅਦ ਵਿੱਚ ਦੁਬਾਰਾ ਕੈਨੇਡੀਅਨ ਵੀਜ਼ਾ ਪ੍ਰਾਪਤ ਕਰਨਾ ਚਾਹੁੰਦਾ ਹੈ ਤਾਂ ਉਸਨੂੰ ਪਹਿਲਾਂ ਸਰਕਾਰ ਦੁਆਰਾ ਦੇਸ਼ ਨਿਕਾਲੇ ਦੀ ਲਾਗਤ ਵਜੋਂ 3,800 ਕੈਨੇਡੀਅਨ ਡਾਲਰ ਦਾ ਭੁਗਤਾਨ ਕਰਨਾ ਪਵੇਗਾ। ਜੇਕਰ ਉਸਨੂੰ ਇੱਕ ਵਿਸ਼ੇਸ਼ ਐਸਕਾਰਟ (ਸੁਰੱਖਿਆ ਅਧੀਨ) ਨਾਲ ਵਾਪਸ ਭੇਜਿਆ ਜਾਂਦਾ ਹੈ, ਤਾਂ ਉਸਨੂੰ 12,800 ਕੈਨੇਡੀਅਨ ਡਾਲਰ ਦੇਣੇ ਪੈਣਗੇ। ਏਜੰਸੀ ਦੀ ਤਾਜ਼ਾ ਰਿਪੋਰਟ ਅਨੁਸਾਰ 21 ਅਕਤੂਬਰ ਤੱਕ, 457,646 ਲੋਕ ਕੈਨੇਡਾ ਤੋਂ ਦੇਸ਼ ਨਿਕਾਲਾ ਦਿੱਤੇ ਜਾਣ ਦੇ ਵੱਖ-ਵੱਖ ਪੜਾਵਾਂ 'ਤੇ ਸਨ।

(ਬਾਕੀ ਸਫ਼ਾ 30 'ਤੇ)



# ਅਫ਼ਗਾਨਿਸਤਾਨ ਵਿੱਚ ਸਿੱਖ ਧਰਮ ਦਾ ਵਿਕਾਸ ਕਿਵੇਂ ਹੋਇਆ ?

➢ ਗੁਰੂ ਕਾਲ ਤੇ ਖ਼ਾਲਸਾ ਰਾਜ ਦੌਰਾਨ ਸਿੱਖਾਂ ਦੇ ਹਾਲਾਤ ਕੀ ਸਨ ? ➢ ਬੰਦੂਕਾਂ ਧਮਾਕਿਆਂ ਦੀ ਹਿੰਸਾ ਦੌਰਾਨ ਅਫ਼ਗਾਨਿਸਤਾਨ 'ਚ ਕਿੰਨੇ ਕੁ ਸਿੱਖ ਵਸਦੇ ਨੇ



ਬਲਵਿੰਦਰ ਪਾਲ ਸਿੰਘ ਪ੍ਰੋਫ਼ੈਸਰ
9815700916





ਅਫ਼ਗਾਨਿਸਤਾਨ ਦੀ ਧਰਤੀ, ਜਿਥੇ ਪਹਾੜਾਂ ਦੀ ਗੋਦ ਵਿੱਚ ਸਦੀਆਂ ਦਾ ਇਤਿਹਾਸ ਸਮਾਇਆ ਹੈ, ਜਿਥੇ ਹਵਾਵਾਂ ਵਿੱਚ ਸੂਫ਼ੀਆਂ ਦੀਆਂ ਕਾਫ਼ੀਆਂ , ਫ਼ਲਸਫ਼ੇ ਅਤੇ ਯੋਧਿਆਂ ਦੀਆਂ ਤਲਵਾਰਾਂ ਦੀ ਝੰਕਾਰ ਸੁਣਾਈ ਦਿੰਦੀ ਹੈ, ਉਸੇ ਧਰਤੀ 'ਤੇ ਸਿੱਖ ਧਰਮ ਦੀ ਰੌਸ਼ਨੀ ਨੇ ਆਪਣੀ ਅਮਰ ਗਾਥਾ ਲਿਖੀ। ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਪੈੜ 1519-21 ਦੇ ਸਮੇਂ ਵਿੱਚ ਇਸ ਧਰਤੀ 'ਤੇ ਪਈ। ਉਹ ਸਤਿਨਾਮ ਦੀ ਜੋਤ ਲੈ ਕੇ ਆਏ, ਜਿਸ ਨੇ ਕਾਬੁਲ ਤੇ ਜਲਾਲਾਬਾਦ ਦੇ ਇਲਾਕਿਆਂ ਅਤੇ ਕੰਧਾਰ ਦੀਆਂ ਵਾਦੀਆਂ ਨੂੰ ਰੌਸ਼ਨ ਕੀਤਾ। ਗੁਰੂ ਸਾਹਿਬ ਦੀ ਬਾਣੀ, ਜੋ ਇੱਕ ਓਂਕਾਰ ਦੀ ਅਵਾਜ਼ ਵਿੱਚ ਗੂੰਜਦੀ ਸੀ, ਨੇ ਸਥਾਨਕ ਲੋਕਾਂ ਦੇ ਦਿਲਾਂ ਨੂੰ ਝੰਜੋੜਿਆ। ਉਹ ਸੂਫ਼ੀ ਸੰਤਾਂ ਨਾਲ ਵਿਚਾਰ-ਵਟਾਂਦਰੇ ਕਰਦੇ, ਸਥਾਨਕ ਆਗੂਆਂ ਨਾਲ ਸੰਵਾਦ ਕਰਦੇ ਅਤੇ ਹਰ ਇੱਕ ਨੂੰ ਬਰਾਬਰੀ, ਨਿਆਂ ਅਤੇ ਸਾਂਝੀਵਾਲਤਾ ਦਾ ਸੁਨੇਹਾ ਦਿੰਦੇ। ਗੁਰੂ ਨਾਨਕ ਦੇਵ ਜੀ ਦੀ ਉਦਾਸੀ ਸਿਰਫ਼ ਇੱਕ ਯਾਤਰਾ ਨਹੀਂ ਸੀ, ਸਗੋਂ ਇੱਕ ਅਜਿਹਾ ਰੂਹਾਨੀ ਸਫ਼ਰ ਸੀ, ਜਿਸ ਨੇ ਸਿੱਖੀ ਦੀ ਜੜ੍ਹਾਂ ਨੂੰ ਅਫ਼ਗਾਨ ਧਰਤੀ 'ਤੇ ਡੂੰਘਾ ਕਰ ਦਿੱਤਾ। ਜਨਮਸਾਖੀਆਂ ਵਿੱਚ ਇਹ ਜ਼ਿਕਰ ਮਿਲਦਾ ਹੈ ਕਿ ਗੁਰੂ ਸਾਹਿਬ ਨੇ ਖਾਨ ਚੰਦ ਦੇ ਪੁੱਤਰ ਮਾਨ ਚੰਦ ਨੂੰ ਮਿਲਕੇ ਉਸ ਨੂੰ ਸਿੱਖੀ ਦੇ ਰਾਹ 'ਤੇ ਤੋਰਿਆ। ਮਾਨ ਚੰਦ, ਜੋ ਅਫ਼ਗਾਨ ਧਰਤੀ ਦਾ ਵਸਨੀਕ ਸੀ, ਗੁਰੂ ਦੀਆਂ ਸਿੱਖਿਆਵਾਂ ਦਾ ਪ੍ਰਚਾਰਕ ਬਣ ਗਿਆ। ਗੁਰੂ ਸਾਹਿਬ ਦੀ ਬਾਣੀ ਨੇ ਅਫ਼ਗਾਨਿਸਤਾਨ ਦੇ ਹਿੰਦੂਆਂ ਅਤੇ ਸਥਾਨਕ ਲੋਕਾਂ ਨੂੰ ਇੱਕ ਨਵਾਂ ਜੀਵਨ-ਦਰਸ਼ਨ ਦਿੱਤਾ। ਨਾਮ ਜਪੋ, ਕਿਰਤ ਕਰੋ, ਵੰਡ ਛਕੋ - ਇਹ ਸਿਧਾਂਤ ਨਹੀਂ ਸਨ, ਸਗੋਂ ਜੀਵਨ ਦੀ ਲਯ ਸਨ, ਜੋ ਅਫ਼ਗਾਨੀਆਂ ਦੇ ਦਿਲਾਂ ਵਿੱਚ ਵਸ ਗਏ। ਸਿੱਖਾਂ ਨੇ ਇਥੇ ਗੁਰਦੁਆਰਿਆਂ ਦੀ ਸਥਾਪਨਾ ਕੀਤੀ, ਜਿਨ੍ਹਾਂ ਵਿੱਚੋਂ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ, ਜਲਾਲਾਬਾਦ ਅਤੇ ਗੁਰਦੁਆਰਾ ਕਰਤੇ ਪਰਵਾਨ, ਕਾਬੁਲ, ਅੱਜ ਵੀ ਸਿੱਖੀ ਦੀ ਅਮਰ ਯਾਦਗਾਰ ਹਨ।

ਗੁਰੂ ਹਰਗੋਬਿੰਦ ਸਾਹਿਬ ਅਤੇ ਗੁਰੂ ਤੇਗ ਬਹਾਦਰ ਜੀ ਨੇ ਸਤਿਗੁਰੂ ਬਾਬੇ ਨਾਨਕ ਦੇਵ ਜੀ ਦੀ ਜੋਤ ਨੂੰ ਅੱਗੇ ਵਧਾਉਂਦਿਆਂ, ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸਿੱਖੀ ਨੂੰ ਮੀਰੀ-ਪੀਰੀ ਦੀ ਦੋਹਰੀ ਤਾਕਤ ਨਾਲ ਸੰਵਾਰਿਆ। ਉਨ੍ਹਾਂ ਦੀ ਕ੍ਰਿਪਾਨ ਨਿਆਂ ਦੀ ਪ੍ਰਤੀਕ ਸੀ ਅਤੇ ਉਨ੍ਹਾਂ ਦਾ ਫ਼ਲਸਫ਼ਾ ਸਾਂਝੀਵਾਲਤਾ ਦਾ ਨਾਦ ਸੀ। ਅਫ਼ਗਾਨਿਸਤਾਨ ਦੇ ਵਪਾਰੀ ਮਾਰਗਾਂ, ਜਿਵੇਂ ਕਿ ਪੇਸ਼ਾਵਰ ਅਤੇ ਕਾਬੁਲ, ਵਿੱਚ ਸਿੱਖ ਸੰਗਤਾਂ ਨੇ ਆਪਣੀ ਪੈਠ ਮਜ਼ਬੂਤ ਕੀਤੀ। ਸਿੱਖ ਵਪਾਰੀਆਂ ਨੇ ਸੁੱਕੇ ਮੇਵੇ, ਕੱਪੜੇ ਅਤੇ ਦਵਾਈਆਂ ਦੇ ਵਪਾਰ ਨਾਲ ਨਾਮਣਾ ਖੱਟਿਆ। ਉਹ ਸਿਰਫ਼ ਵਪਾਰੀ ਨਹੀਂ ਸਨ, ਸਗੋਂ ਸਿੱਖੀ ਦੇ ਸਿਧਾਂਤਾਂ ਦੇ ਝੰਡਾ ਬਰਦਾਰ ਸਨ, ਜਿਨ੍ਹਾਂ ਨੇ ਅਫ਼ਗਾਨ ਕਬੀਲਿਆਂ ਨਾਲ ਸਬੰਧ ਜੋੜੇ ਅਤੇ ਸਿੱਖੀ ਦੀ ਰੌਸ਼ਨੀ ਫ਼ੈਲਾਈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਜਿਨ੍ਹਾਂ ਨੂੰ ਧਰਮ ਦੀ ਚਾਦਰ ਕਿਹਾ ਜਾਂਦਾ ਹੈ, ਨੇ ਵੀ ਅਫ਼ਗਾਨ ਇਲਾਕਿਆਂ ਵਿੱਚ ਸਿੱਖੀ ਦਾ ਪ੍ਰਚਾਰ ਕੀਤਾ। ਉਨ੍ਹਾਂ ਦੀ ਸ਼ਹਾਦਤ ਨੇ ਸਿੱਖ ਧਰਮ ਦੀ ਆਤਮਕ ਤਾਕਤ ਨੂੰ ਸਦੀਆਂ ਤੱਕ ਅਮਰ ਕਰ ਦਿੱਤਾ।

### ਗੁਰੂ ਗੋਬਿੰਦ ਸਿੰਘ ਅਤੇ ਅੰਮ੍ਰਿਤ ਦੀ ਧਾਰ

ਸਿੱਖੀ ਦੀ ਜੋਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੀ ਸਿਰਜਣਾ ਨਾਲ ਨਵੀਂ ਉੱਚਾਈ 'ਤੇ ਪਹੁੰਚਾਇਆ। ਅਫ਼ਗਾਨਿਸਤਾਨ ਦੀਆਂ ਸੰਗਤਾਂ, ਜੋ ਦੂਰ-ਦੁਰਾਡੇ ਵਸਦੀਆਂ ਸਨ, ਨੇ ਵੀ ਅੰਮ੍ਰਿਤ ਦੀ ਦਾਤ ਪ੍ਰਾਪਤ ਕੀਤੀ।

ਡਾ. ਗੰਡਾ ਸਿੰਘ ਆਪਣੀ ਕਿਤਾਬ ਅਫ਼ਗਾਨਿਸਤਾਨ ਦਾ ਸਫ਼ਰ ਵਿੱਚ ਲਿਖਦੇ ਹਨ ਕਿ ਕਈ ਸਿੱਖ ਸੰਗਤਾਂ ਕਾਬੁਲ, ਗਜ਼ਨੀ ਅਤੇ ਕੰਧਾਰ ਤੋਂ ਪੰਜਾਬ ਗੁਰੂ ਦਰਬਾਰ ਦਰਸ਼ਨਾਂ ਲਈ ਆਉਂਦੀਆਂ ਸਨ। ਜਿਹੜੇ ਪੰਜਾਬ ਨਹੀਂ ਪਹੁੰਚ ਸਕੇ, ਉਨ੍ਹਾਂ ਨੇ ਸਥਾਨਕ ਤੌਰ 'ਤੇ ਅੰਮ੍ਰਿਤ ਛਕ ਲਿਆ।


ਇਤਿਹਾਸਕਾਰ ਹਰੀ ਰਾਮ ਗੁਪਤਾ ਨੇ ਆਪਣੀ ਕਿਤਾਬ ਹਿਸਟਰੀ ਆਫ਼ ਸਿੱਖਸ ਵਿੱਚ ਜ਼ਿਕਰ ਕੀਤਾ ਕਿ ਕਾਬੁਲ ਤੋਂ ਆਏ ਸਿੱਖ ਦੁਨੀ ਚੰਦ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਇੱਕ ਬੇਸ਼ਕੀਮਤੀ ਰੇਸ਼ਮੀ ਤੰਬੂ ਭੇਟ ਕੀਤਾ, ਜਿਸ 'ਤੇ ਸੋਨੇ ਅਤੇ ਮੋਤੀਆਂ ਦਾ ਕੰਮ ਸੀ। ਇਹ ਸਿਰਫ਼ ਇੱਕ ਭੇਟ ਨਹੀਂ ਸੀ, ਸਗੋਂ ਅਫ਼ਗਾਨ ਸਿੱਖਾਂ ਦੇ ਸਿਦਕ ਅਤੇ ਸਮਰਪਣ ਦਾ ਪ੍ਰਤੀਕ ਸੀ।

### ਮਹਾਰਾਜਾ ਰਣਜੀਤ ਸਿੰਘ ਦਾ ਸੁਨਹਿਰੀ ਦੌਰ

ਅਫ਼ਗਾਨਿਸਤਾਨ ਵਿੱਚ ਸਿੱਖੀ ਦਾ ਸੁਨਹਿਰੀ ਦੌਰ ਮਹਾਰਾਜਾ ਰਣਜੀਤ ਸਿੰਘ (1799-1849) ਦੇ ਸਮੇਂ ਵਿੱਚ ਆਇਆ। ਉਨ੍ਹਾਂ ਦੇ ਸਿੱਖ ਸਾਮਰਾਜ ਨੇ ਪੇਸ਼ਾਵਰ, ਅਟਕ ਅਤੇ ਕਸ਼ਮੀਰ ਵਰਗੇ ਸਰਹੱਦੀ ਇਲਾਕਿਆਂ ਨੂੰ ਆਪਣੇ ਅਧੀਨ ਕੀਤਾ। ਸਰਦਾਰ ਹਰੀ ਸਿੰਘ ਨਲਵਾ, ਜਿਨ੍ਹਾਂ ਦੀ ਤਲਵਾਰ ਅਤੇ ਨੀਤੀ ਨੇ ਅਫ਼ਗਾਨ ਕਬੀਲਿਆਂ ਨੂੰ ਝੁਕਣ ਲਈ ਮਜਬੂਰ ਕੀਤਾ। ਉਸਨੇ 1823 ਵਿੱਚ ਨੌਸਹਿਰਾ ਦੀ ਲੜਾਈ ਵਿੱਚ ਯੂਸੁਫ਼ਜ਼ਈ, ਅਫ਼ਰੀਦੀ ਅਤੇ ਖਟਕ ਕਬੀਲਿਆਂ ਨੂੰ ਹਰਾਇਆ। ਪੇਸ਼ਾਵਰ ਸਿੱਖ ਸਾਮਰਾਜ ਦਾ ਹਿੱਸਾ ਬਣਿਆ ਅਤੇ ਸਿੱਖੀ ਦੀ ਨੈਤਿਕਤਾ ਅਤੇ ਫ਼ਿਲਾਸਫ਼ੀ ਨੇ ਅਫ਼ਗਾਨ ਧਰਤੀ 'ਤੇ ਆਪਣੀ ਛਾਪ ਛੱਡੀ। ਜਰਨੈਲ ਹਰੀ ਸਿੰਘ ਨਲਵਾ ਦੀ ਤਲਵਾਰ ਸਿਰਫ਼ ਜੰਗ ਦਾ ਸਾਧਨ ਨਹੀਂ ਸੀ, ਸਗੋਂ ਸਤਿ ਅਤੇ ਸਮਾਨਤਾ ਦਾ ਪ੍ਰਤੀਕ ਸੀ। ਮਿਚਨੀ ਦੇ ਕਿਲ੍ਹੇ ਵਿੱਚ, ਜਦੋਂ ਅਫ਼ਗਾਨ ਕਬੀਲਿਆਂ ਨੇ ਸੈਂਕੜੇ ਔਰਤਾਂ ਨੂੰ ਅਗਵਾ ਕੀਤਾ ਸੀ, ਜਰਨੈਲ ਹਰੀ ਸਿੰਘ ਨਲਵਾ ਨੇ ਨਿਆਂ ਦੀ ਗਰਜ ਨਾਲ ਉਨ੍ਹਾਂ ਨੂੰ ਆਜ਼ਾਦ ਕਰਵਾਇਆ। ਅਫ਼ਗਾਨ ਔਰਤਾਂ ਨੇ ਸਿੱਖੀ ਦੀ ਸਮਾਨਤਾ ਅਤੇ ਔਰਤਾਂ ਦੇ ਸਤਿਕਾਰ ਦੇ ਸਿਧਾਂਤਾਂ ਨੂੰ ਦੇਖਕੇ ਸਿੱਖ ਧਰਮ ਨੂੰ ਅਪਣਾਇਆ। ਸਿੱਖੀ ਦਾ ਝੰਡਾ ਅਫ਼ਗਾਨੀ ਪਹਾੜਾਂ 'ਤੇ ਲਹਿਰਾਇਆ ਅਤੇ ਇਹ ਸਮਾਂ ਸਿੱਖ ਧਰਮ ਦੀ ਸਾਖ ਦਾ ਸੁਨਹਿਰੀ ਅਧਿਆਏ ਸੀ।

### ਅਫ਼ਗਾਨੀਆਂ ਨੂੰ ਹਰਾਉਣ ਵਾਲੀਆਂ ਕੌਮਾਂ

ਅਫ਼ਗਾਨਿਸਤਾਨ ਦੀ ਧਰਤੀ, ਜਿਸ ਨੂੰ ਸਾਮਰਾਜਾਂ ਦੀ ਕਬਰਗਾਹ ਕਿਹਾ ਜਾਂਦਾ ਹੈ, ਨੇ ਕਈ ਸ਼ਕਤੀਆਂ ਨੂੰ ਝੁਕਣ ਲਈ ਮਜਬੂਰ ਕੀਤਾ। ਮੁਗਲਾਂ ਨੇ 16ਵੀਂ-18ਵੀਂ ਸਦੀ ਵਿੱਚ ਕਾਬੁਲ ਅਤੇ ਕੰਧਾਰ 'ਤੇ ਕਬਜ਼ਾ ਕੀਤਾ, ਪਰ ਉਨ੍ਹਾਂ ਦਾ ਪ੍ਰਭਾਵ ਸਥਾਈ ਨਹੀਂ ਰਿਹਾ। ਬ੍ਰਿਟਿਸ਼ ਸਾਮਰਾਜ ਨੇ 19ਵੀਂ ਸਦੀ ਵਿੱਚ ਅੰਗਰੇਜ਼-ਅਫ਼ਗਾਨ ਜੰਗਾਂ ਵਿੱਚ ਕੋਸ਼ਿਸ਼ਾਂ



ਕੀਤੀਆਂ, ਪਰ ਪੂਰੀ ਸਫ਼ਲਤਾ ਨਹੀਂ ਮਿਲੀ। ਸੋਵੀਅਤ ਯੂਨੀਅਨ ਨੇ 1979-1989 ਦੀ ਜੰਗ ਵਿੱਚ ਅਫ਼ਗਾਨ ਮੁਜਾਹਿਦੀਨ ਦੇ ਹੱਥੋਂ ਹਾਰ ਮੰਨੀ। ਅਮਰੀਕਾ ਵੀ ਇਸ ਧਰਤੀ 'ਤੇ ਜੇਤੂ ਨਹੀਂ ਹੋ ਸਕਿਆ। ਪਰ ਸਿੱਖ ਸਾਮਰਾਜ, ਮਹਾਰਾਜਾ ਰਣਜੀਤ ਸਿੰਘ ਅਤੇ ਹਰੀ ਸਿੰਘ ਨਲਵਾ ਦੀ ਅਗਵਾਈ ਵਿੱਚ, ਅਫ਼ਗਾਨ ਕਬੀਲਿਆਂ ਨੂੰ ਸਭ ਤੋਂ ਪ੍ਰਭਾਵਸ਼ਾਲੀ ਢੰਗ ਨਾਲ ਹਰਾਉਣ ਵਿੱਚ ਸਫ਼ਲ ਰਿਹਾ। ਇਹ ਸਿਰਫ਼ ਸੈਨਿਕ ਜਿੱਤ ਨਹੀਂ ਸੀ, ਸਗੋਂ ਸਿੱਖੀ ਦੀ ਨੈਤਿਕਤਾ ਅਤੇ ਸਿਧਾਂਤਾਂ ਦੀ ਜਿੱਤ ਸੀ।

### ਸਿੱਖੀ ਦੀ ਘਟਦੀ ਗਿਣਤੀ ਅਤੇ ਸੰਘਰਸ਼

1970 ਦੇ ਦਹਾਕੇ ਵਿੱਚ, ਅਫ਼ਗਾਨਿਸਤਾਨ ਵਿੱਚ ਸਿੱਖ ਅਤੇ ਹਿੰਦੂ ਭਾਈਚਾਰਿਆਂ ਦੀ ਆਬਾਦੀ 70,000 ਦੇ ਨੇੜੇ ਸੀ। ਕਾਬੁਲ, ਜਲਾਲਾਬਾਦ ਅਤੇ ਕੰਧਾਰ ਵਿੱਚ ਉਹ ਵਪਾਰ ਅਤੇ ਸਮਾਜਿਕ ਸੇਵਾਵਾਂ ਵਿੱਚ ਸਰਗਰਮ ਸਨ। ਪਰ ਸੋਵੀਅਤ-ਅਫ਼ਗਾਨ ਜੰਗ (1979-1989) ਨੇ ਸਥਿਤੀ ਨੂੰ ਪਲਟ ਦਿੱਤਾ। ਜੰਗ ਦੀ ਅਸਥਿਰਤਾ, ਸੁਰੱਖਿਆ ਦੀ ਘਾਟ ਅਤੇ ਵਿਤਕਰੇ ਨੇ ਸਿੱਖਾਂ ਨੂੰ ਪਰਵਾਸ ਦੇ ਰਾਹ 'ਤੇ ਧੱਕ ਦਿੱਤਾ। 1990 ਦੇ ਦਹਾਕੇ ਵਿੱਚ ਤਾਲਿਬਾਨ ਦੇ ਉਭਾਰ ਨੇ ਸਥਿਤੀ ਨੂੰ ਹੋਰ ਨਾਜ਼ੁਕ ਕਰ ਦਿੱਤਾ। ਤਾਲਿਬਾਨ ਦੀਆਂ ਸਖ਼ਤ ਇਸਲਾਮੀ ਨੀਤੀਆਂ ਨੇ ਸਿੱਖਾਂ ਦੀ ਧਾਰਮਿਕ ਅਜ਼ਾਦੀ 'ਤੇ ਪਾਬੰਦੀਆਂ ਲਗਾਈਆਂ। 2018 ਵਿੱਚ, ਅਫ਼ਗਾਨ ਸੰਸਦ ਦੇ ਇੱਕੋ-ਇੱਕ ਸਿੱਖ ਮੈਂਬਰ ਅਵਤਾਰ ਸਿੰਘ ਖ਼ਾਲਸਾ ਦਾ ਜਲਾਲਾਬਾਦ ਵਿੱਚ ਕਤਲ ਕਰ ਦਿੱਤਾ ਗਿਆ। ਉਨ੍ਹਾਂ ਦੇ ਪੁੱਤਰ ਨਰਿੰਦਰ ਸਿੰਘ, ਜੋ ਸੰਸਦ ਮੈਂਬਰ ਬਣੇ, ਨੂੰ ਵੀ 2021 ਵਿੱਚ ਤਾਲਿਬਾਨ ਦੀ ਵਾਪਸੀ ਤੋਂ ਬਾਅਦ ਭਾਰਤ ਪਰਵਾਸ ਕਰਨਾ ਪਿਆ। 2020 ਦੀਆਂ ਰਿਪੋਰਟਾਂ ਅਨੁਸਾਰ, ਅਫ਼ਗਾਨਿਸਤਾਨ ਵਿੱਚ ਸਿੱਖ ਅਤੇ ਹਿੰਦੂ ਆਬਾਦੀ 1,000 ਤੋਂ ਵੀ ਘੱਟ ਰਹਿ ਗਈ। 25 ਮਾਰਚ 2020 ਨੂੰ ਕਾਬੁਲ ਦੇ ਸ਼ੋਰ ਬਜ਼ਾਰ ਵਿੱਚ ਗੁਰਦੁਆਰਾ ਗੁਰੂ ਹਰਿ ਰਾਏ ਸਾਹਿਬ 'ਤੇ ਹੋਏ ਅੱਤਵਾਦੀ ਹਮਲੇ ਨੇ 27 ਸਿੱਖਾਂ ਦੀ ਜਾਨ ਲੈ ਲਈ। 2021 ਵਿੱਚ ਤਾਲਿਬਾਨ ਦੀ ਵਾਪਸੀ ਨੇ ਸਿੱਖਾਂ ਦੀ ਸਥਿਤੀ ਨੂੰ ਹੋਰ ਨਾਜ਼ੁਕ ਕਰ ਦਿੱਤਾ। ਅੱਜ, 2025 ਵਿੱਚ, ਅੰਦਾਜ਼ੇ ਅਨੁਸਾਰ ਸਿਰਫ਼ 200 ਦੇ ਕਰੀਬ ਸਿੱਖ ਪਰਿਵਾਰ ਹੀ ਅਫ਼ਗਾਨਿਸਤਾਨ ਵਿੱਚ ਰਹਿ ਗਏ ਹਨ। ਜ਼ਿਆਦਾਤਰ ਸਿੱਖ ਭਾਰਤ, ਕੈਨੇਡਾ, ਯੂ.ਕੇ. ਅਤੇ ਅਮਰੀਕਾ ਵਿੱਚ ਵਸ ਗਏ, ਜਿਥੇ ਉਨ੍ਹਾਂ ਨੇ ਨਵੀਆਂ ਜੜ੍ਹਾਂ ਜਮਾਈਆਂ।

### ਅਫ਼ਗਾਨ ਸਿੱਖਾਂ ਦੀ ਜਾਤੀ ਅਤੇ ਸੱਭਿਆਚਾਰ

ਅਫ਼ਗਾਨ ਸਿੱਖਾਂ ਦੀ ਜਾਤੀ ਪਛਾਣ ਵਿੱਚ ਖਤਰੀ, ਅਰੋੜਾ, ਰਾਜਵੰਸ਼ੀ, ਭਾਟੀਆ ਅਤੇ ਭਟਰਾ ਜਾਤੀਆਂ ਦਾ ਵਿਸ਼ੇਸ਼ ਜ਼ਿਕਰ ਮਿਲਦਾ ਹੈ। ਖਤਰੀ ਅਤੇ ਅਰੋੜਾ ਸਿੱਖ ਵਪਾਰਕ ਪੇਸ਼ਿਆਂ ਵਿੱਚ ਸਰਗਰਮ ਸਨ ਅਤੇ ਸਿਲਕ ਰੋਡ 'ਤੇ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਸਨ। ਰਾਜਵੰਸ਼ੀ ਸਿੱਖ, ਜੋ ਮੈਦਾਨ ਸ਼ਾਰ ਦੇ ਇਲਾਕੇ ਨਾਲ ਜੁੜੇ ਸਨ, ਸਥਾਨਕ ਅਫ਼ਗਾਨ ਸਭਿਆਚਾਰ ਅਤੇ ਸਿੱਖ ਧਰਮ ਦੇ ਮੇਲ ਦੀ ਮਿਸਾਲ ਹਨ। ਹਕੀਮੀ ਦਵਾਈਆਂ, ਕੱਪੜੇ ਅਤੇ ਸੁੱਕੇ ਮੇਵਿਆਂ ਦਾ ਵਪਾਰ ਉਨ੍ਹਾਂ ਦੀ ਪਛਾਣ ਸੀ। ਕਾਬੁਲ ਅਤੇ ਜਲਾਲਾਬਾਦ ਦੀਆਂ ਬਜ਼ਾਰਾਂ ਵਿੱਚ ਸਿੱਖ ਵਪਾਰੀਆਂ ਦੀਆਂ ਦੁਕਾਨਾਂ ਪ੍ਰਸਿੱਧ ਸਨ। ਪਰ ਸੋਵੀਅਤ-ਅਫ਼ਗਾਨ ਜੰਗ ਅਤੇ ਤਾਲਿਬਾਨ ਦੇ ਉਭਾਰ ਨੇ ਇਸ ਵਪਾਰ ਨੂੰ ਤਬਾਹ ਕਰ ਦਿੱਤਾ। ਸੁਰੱਖਿਆ ਦੀ ਘਾਟ ਅਤੇ ਵਿਤਕਰੇ ਨੇ ਸਿੱਖਾਂ ਨੂੰ ਵਿਦੇਸ਼ਾਂ ਵਿੱਚ ਪਰਵਾਸ ਕਰਨ ਲਈ ਮਜਬੂਰ ਕੀਤਾ। ਇਹ ਸਿੱਖ ਪਸ਼ਤੂ ਅਤੇ ਦਾਰੀ ਬੋਲਦੇ ਸਨ, ਅਤੇ ਕੁਝ ਹਿੰਦਕੋ (ਪੰਜਾਬੀ ਦੀ ਉਪ-ਬੋਲੀ) ਦੀ ਵਰਤੋਂ ਕਰਦੇ ਸਨ। ਖੋਸਤ ਵਿੱਚ ਪਸ਼ਤੂ ਸਿੱਖ ਭਾਈਚਾਰਾ ਦੀ ਮੌਜੂਦਗੀ 1970 ਦੇ ਦਹਾਕੇ ਤੱਕ ਸੀ, ਜੋ ਬਾਅਦ ਵਿੱਚ ਪਰਵਾਸ ਕਰ ਗਿਆ। ਇਹ ਭਾਈਚਾਰਾ ਸਥਾਨਕ ਪਸ਼ਤੂ ਸੱਭਿਆਚਾਰ ਨਾਲ ਜੁੜਿਆ ਸੀ, ਪਰ ਸਿੱਖੀ ਦੇ ਸਿਧਾਂਤਾਂ ਨੂੰ ਪੂਰੀ ਸ਼ਰਧਾ ਨਾਲ ਨਿਭਾਉਂਦਾ ਸੀ।



# ਦਲਿਤ ਵਿਤਕਰੇ ਦੀ ਦੁਖਾਂਤਕ ਸੱਚਾਈ - ਯੂ.ਪੀ. ਦੀ ਘਟਨਾ ਨੇ ਜਾਤੀ ਵਿਤਕਰੇ ਦੀ ਸੱਚਾਈ ਸਾਹਮਣੇ ਲਿਆਂਦੀ

## ਮੈਰਿਜ ਹਾਲ ਵਿੱਚ ਵਿਆਹ ਦੌਰਾਨ ਦਲਿਤਾਂ ਨੂੰ ਕੁੱਟਿਆ ਕਿ ਤੁਸੀਂ ਮੈਰਿਜ ਪੈਲਿਸ ਵਿੱਚ ਵਿਆਹ ਕਿਉਂ ਕੀਤਾ

### ਪੰਜਾਬ ਵਿੱਚ ਦਲਿਤ ਵਿਤਕਰਿਆਂ ਦੀ ਕਮੀ, ਪੂਰੇ ਭਾਰਤ 'ਚ ਇਨਸਾਫ਼ ਵੀ ਨਹੀਂ ਮਿਲਦਾ





ਉੱਤਰ ਪ੍ਰਦੇਸ਼ ਦੇ ਬਲੀਆ ਜ਼ਿਲ੍ਹੇ ਦੇ ਰਾਸਰਾ ਇਲਾਕੇ ਵਿੱਚ ਇੱਕ ਦਲਿਤ ਲੜਕੀ ਦੇ ਵਿਆਹ ਸਮਾਗਮ ਵਿੱਚ ਮੈਰਿਜ ਹਾਲ ਵਿੱਚ ਹੋਈ ਹਿੰਸਕ ਘਟਨਾ ਨੇ ਸਮਾਜ ਦੇ ਮੱਥੇ 'ਤੇ ਕਲੰਕ ਦਾ ਟਿਕਾ ਲਾਇਆ ਹੈ। ਇੱਕ ਲੜਕੀ ਦੇ ਵਿਆਹ ਦੇ ਪਵਿੱਤਰ ਮੌਕੇ 'ਤੇ, ਜਦੋਂ ਪਰਿਵਾਰ ਖੁਸ਼ੀਆਂ ਮਨਾ ਰਿਹਾ ਸੀ, 20 ਵਿਅਕਤੀਆਂ ਦੇ ਇੱਕ ਉਚ ਜਾਤੀ ਗੁੰਡਾ ਗਿਰੋਹ ਨੇ ਡੰਡਿਆਂ ਅਤੇ ਰਾਡਾਂ ਨਾਲ ਹਮਲਾ ਕਰ ਦਿੱਤਾ। ਹਮਲਾਵਰਾਂ ਦੇ ਮੂੰਹੋਂ ਨਿਕਲਿਆ ਸਵਾਲ, ਦਲਿਤ ਹੋ ਕੇ ਤੁਸੀਂ ਹਾਲ ਵਿੱਚ ਵਿਆਹ ਕਿਵੇਂ ਕਰਵਾ ਸਕਦੇ ਹੋ?

ਇਹ ਘਟਨਾ ਭਾਰਤੀ ਸਮਾਜ ਦੀ ਜਾਤੀਵਾਦੀ ਮਾਨਸਿਕਤਾ ਦਾ ਜਿਊਂਦਾ ਸਬੂਤ ਹੈ। ਇਸ ਘਟਨਾ ਵਿੱਚ ਦੋ ਵਿਅਕਤੀ ਗੰਭੀਰ ਜ਼ਖਮੀ ਹੋਏ, ਪਰ ਪੁਲਿਸ ਨੇ ਹੁਣ ਤੱਕ ਕਿਸੇ ਨੂੰ ਗ੍ਰਿਫ਼ਤਾਰ ਨਹੀਂ ਕੀਤਾ। ਐੱਫ.ਆਈ.ਆਰ. ਦਰਜ ਹੋਣ ਦੇ ਬਾਵਜੂਦ, ਕਾਰਵਾਈ ਦੀ ਘਾਟ ਸਾਡੇ ਸਿਸਟਮ ਦੀ ਨਾਕਾਮੀ ਨੂੰ ਉਜਾਗਰ ਕਰਦੀ ਹੈ। ਇਹ ਸਿਰਫ਼ ਇੱਕ ਘਟਨਾ ਨਹੀਂ, ਸਗੋਂ ਸਦੀਆਂ ਪੁਰਾਣੀ ਜਾਤੀਵਾਦੀ ਸੋਚ ਦੀ ਝਲਕ ਹੈ, ਜੋ ਅੱਜ ਵੀ ਸਾਡੇ ਸਮਾਜ ਵਿੱਚ ਜੜ੍ਹਾਂ ਜਮਾਈ ਬੈਠੀ ਹੈ।

**ਕੀ ਕਹਿੰਦੇ ਹਨ ਦਲਿਤ ਵਿਤਕਰੇ ਬਾਰੇ ਅੰਕੜੇ**

ਪਿਛਲੇ ਤਿੰਨ ਸਾਲਾਂ ਵਿੱਚ, ਖਾਸ ਕਰਕੇ ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼, ਰਾਜਸਥਾਨ ਅਤੇ ਬਿਹਾਰ ਵਰਗੇ ਸੂਬਿਆਂ ਵਿੱਚ ਦਲਿਤਾਂ ਨਾਲ ਵਿਤਕਰੇ ਦੀਆਂ ਘਟਨਾਵਾਂ ਵਿੱਚ ਵਾਧਾ ਹੋਇਆ ਹੈ। ਨੈਸ਼ਨਲ ਕ੍ਰਾਈਮ ਰਿਕਾਰਡਜ਼ ਬਿਊਰੋ (ਐੱਨ.ਸੀ.ਆਰ.ਬੀ.) ਦੀਆਂ ਰਿਪੋਰਟਾਂ ਅਨੁਸਾਰ, 2020 ਤੋਂ 2022 ਤੱਕ ਉੱਤਰ ਪ੍ਰਦੇਸ਼ ਵਿੱਚ ਦਲਿਤਾਂ ਵਿਰੁੱਧ ਅਪਰਾਧਾਂ ਦੀਆਂ 25,000 ਤੋਂ ਵੱਧ ਘਟਨਾਵਾਂ ਦਰਜ ਹੋਈਆਂ। ਇਨ੍ਹਾਂ ਵਿੱਚ ਹਿੰਸਾ, ਜਾਤੀਵਾਦੀ ਟਿੱਪਣੀਆਂ, ਸਮਾਜਿਕ ਬਾਈਕਾਟ ਅਤੇ ਜ਼ਮੀਨੀ ਵਿਵਾਦ ਸ਼ਾਮਲ ਹਨ। ਮੱਧ ਪ੍ਰਦੇਸ਼ ਵਿੱਚ ਇਸੇ ਮਿਆਦ ਵਿੱਚ ਲਗਪਗ 15,000 ਅਤੇ ਬਿਹਾਰ ਵਿੱਚ 10,000 ਤੋਂ ਵੱਧ ਮਾਮਲੇ ਸਾਹਮਣੇ ਆਏ। ਰਾਜਸਥਾਨ ਵਿੱਚ ਵੀ 8,000 ਦੇ ਕਰੀਬ ਅਜਿਹੀਆਂ ਘਟਨਾਵਾਂ ਦਰਜ ਹੋਈਆਂ। ਦਲਿਤ ਲੜਕੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਦੀ ਗੱਲ ਕਰੀਏ ਤਾਂ, ਐੱਨ.ਸੀ.ਆਰ.ਬੀ. ਦੇ ਅੰਕੜੇ ਦਿਲ ਦਹਿਲਾਉਣ ਵਾਲੇ ਹਨ।

2020-2022 ਦੌਰਾਨ ਉੱਤਰ ਪ੍ਰਦੇਸ਼ ਵਿੱਚ 2,000 ਤੋਂ ਵੱਧ, ਮੱਧ ਪ੍ਰਦੇਸ਼ ਵਿੱਚ 1,500, ਰਾਜਸਥਾਨ ਵਿੱਚ 1,200 ਅਤੇ ਬਿਹਾਰ ਵਿੱਚ 900 ਦੇ ਕਰੀਬ ਬਲਾਤਕਾਰ ਦੇ ਮਾਮਲੇ ਦਰਜ ਹੋਏ, ਜਿਨ੍ਹਾਂ ਦੀਆਂ ਪੀੜਤ ਦਲਿਤ ਲੜਕੀਆਂ ਸਨ। ਇਹ ਅੰਕੜੇ ਸਿਰਫ਼ ਦਰਜ ਮਾਮਲਿਆਂ ਦੀ ਗੱਲ ਕਰਦੇ ਹਨ; ਅਸਲ ਅੰਕੜੇ ਇਸ ਤੋਂ ਕਿਤੇ ਵੱਧ ਹੋ ਸਕਦੇ ਹਨ, ਕਿਉਂਕਿ ਬਹੁਤ ਸਾਰੇ ਮਾਮਲੇ ਸਮਾਜਿਕ ਦਬਾਅ ਜਾਂ ਡਰ ਕਾਰਨ ਪੁਲੀਸ ਤੱਕ ਪਹੁੰਚਦੇ ਹੀ ਨਹੀਂ। ਵਿਤਕਰੇ ਦੀਆਂ ਕਿਸਮਾਂ ਵਿੱਚ ਸਿਰਫ਼ ਸਰੀਰਕ ਹਮਲੇ ਹੀ ਨਹੀਂ, ਸਗੋਂ ਸਮਾਜਿਕ ਬਾਈਕਾਟ, ਜਾਤੀਵਾਦੀ ਗਾਲ੍ਹਾਂ, ਮੰਦਰਾਂ ਜਾਂ ਜਨਤਕ ਸਥਾਨਾਂ 'ਤੇ ਪ੍ਰਵੇਸ਼ 'ਤੇ ਪਾਬੰਦੀ, ਜ਼ਮੀਨੀ ਵਿਵਾਦ ਅਤੇ ਆਰਥਿਕ ਸ਼ੋਸ਼ਣ ਵਰਗੀਆਂ ਘਟਨਾਵਾਂ ਵੀ ਸ਼ਾਮਲ ਹਨ। ਖਾਸ ਕਰਕੇ ਵਿਆਹ ਸਮਾਗਮਾਂ ਜਾਂ ਜਨਤਕ ਸਥਾਨਾਂ 'ਤੇ ਦਲਿਤਾਂ ਨੂੰ ਨਿਸ਼ਾਨਾ ਬਣਾਉਣ ਦੀਆਂ ਘਟਨਾਵਾਂ ਵਧੀਆਂ ਹਨ।

ਬਹੁਤ ਸਾਰੇ ਮਾਮਲਿਆਂ ਵਿੱਚ, ਪੁਲਿਸ ਐੱਫ.ਆਈ.ਆਰ. ਦਰਜ ਕਰਨ ਵਿੱਚ ਢਿੱਲ ਕਰਦੀ ਹੈ ਜਾਂ ਪੀੜਤ ਨੂੰ ਸਮਝੌਤੇ ਲਈ ਦਬਾਅ ਪਾਇਆ ਜਾਂਦਾ ਹੈ। ਦੂਜਾ, ਸਿਆਸੀ ਦਬਾਅ ਅਤੇ ਸਥਾਨਕ ਪ੍ਰਭਾਵਸ਼ਾਲੀ ਵਰਗ ਦੀ ਸ਼ਮੂਲੀਅਤ ਕਾਰਨ ਅਕਸਰ ਮੁਲਜ਼ਮਾਂ ਨੂੰ ਬਚਾਇਆ ਜਾਂਦਾ ਹੈ।

ਤੀਜਾ, ਸਮਾਜ ਵਿੱਚ ਜਾਤੀਵਾਦ ਦੀ ਡੂੰਘੀ ਜੜ੍ਹ ਨੇ ਪੁਲੀਸ ਅਤੇ ਅਦਾਲਤੀ ਪ੍ਰਕਿਰਿਆ ਨੂੰ ਢਿਲਾ ਕਰ ਦਿੱਤਾ ਹੈ। ਐੱਸ.ਸੀ./ਐੱਸ.ਟੀ. ਐਕਟ ਦੇ ਬਾਵਜੂਦ, ਮੁਕੱਦਮਿਆਂ ਦੀ ਸੁਣਵਾਈ ਲੰਬੀ ਚੱਲਦੀ ਹੈ ਅਤੇ ਦੋਸ਼ੀਆਂ ਨੂੰ ਸਜ਼ਾ ਮਿਲਣ ਦੀ ਦਰ ਬਹੁਤ ਘੱਟ ਹੈ। 2022 ਦੀ ਇੱਕ ਰਿਪੋਰਟ ਅਨੁਸਾਰ, ਐੱਸ.ਸੀ./ਐੱਸ.ਟੀ. ਐਕਟ ਅਧੀਨ ਦਰਜ ਮਾਮਲਿਆਂ ਵਿੱਚ ਸਿਰਫ਼ 30% ਮਾਮਲਿਆਂ ਵਿੱਚ ਸਜ਼ਾ ਹੋਈ, ਜਦਕਿ 70% ਮਾਮਲੇ ਅਦਾਲਤ ਵਿੱਚ ਲੰਬਿਤ ਹਨ ਜਾਂ ਮੁਲਜ਼ਮ ਬਰੀ ਹੋ ਜਾਂਦੇ ਹਨ। ਇਹ ਸਭ ਸਮਾਜ ਵਿੱਚ ਜਾਤੀਵਾਦ ਨੂੰ ਹੋਰ ਮਜ਼ਬੂਤ ਕਰਦਾ ਹੈ ਅਤੇ ਪੀੜਤਾਂ ਦਾ ਸਿਸਟਮ 'ਤੇ ਭਰੋਸਾ ਘਟਦਾ ਹੈ।

### ਪੰਜਾਬ 'ਚ ਵਿਤਕਰਾ ਘੱਟ ਕਿਉਂ?

ਪੰਜਾਬ ਵਿੱਚ ਜਾਤੀਵਾਦ ਦੀਆਂ ਘਟਨਾਵਾਂ ਦੀ ਗਿਣਤੀ ਘੱਟ ਹੋਣ ਦੇ ਪਿੱਛੇ ਸਿੱਖ ਧਰਮ ਦੀ ਸਮਾਨਤਾ ਦੀ ਸਿੱਖਿਆ ਅਤੇ ਗੁਰੂ ਸਾਹਿਬਾਨ ਦੀ ਪ੍ਰੇਰਨਾ ਦਾ ਵੱਡਾ ਯੋਗਦਾਨ ਹੈ। ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ, ਸਿੱਖ ਧਰਮ ਨੇ ਜਾਤ-ਪਾਤ, ਉੱਚ-ਨੀਚ ਦੇ ਭੇਦ ਨੂੰ ਰੱਦ ਕੀਤਾ।

ਗੁਰੂ ਸਾਹਿਬਾਨ ਨੇ ਲੰਗਰ ਦੀ ਪ੍ਰਥਾ ਸ਼ੁਰੂ ਕਰਕੇ ਸਾਰੇ ਮਨੁੱਖਾਂ ਨੂੰ ਇੱਕ ਸਮਾਨ ਬੈਠਣ ਅਤੇ ਖਾਣ ਦੀ ਸਿੱਖਿਆ ਦਿੱਤੀ। ਇਹ ਸਿੱਖਿਆ ਪੰਜਾਬ ਦੇ ਸਮਾਜ ਵਿੱਚ ਡੂੰਘੀ ਜੜ੍ਹ ਜਮਾਕੇ ਬੈਠੀ ਹੈ। ਪੰਜਾਬ ਵਿੱਚ ਦਲਿਤ ਭਾਈਚਾਰੇ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਵੀ ਬਾਕੀ ਸੂਬਿਆਂ ਨਾਲੋਂ ਕੁਝ ਬਿਹਤਰ ਹੈ। ਸਿੱਖ ਧਰਮ ਦੀ ਸਮਾਨਤਾ ਦੀ ਸਿੱਖਿਆ ਨੇ ਦਲਿਤ ਭਾਈਚਾਰੇ ਨੂੰ ਮਜਬੂਤ ਕੀਤਾ ਹੈ। ਹਾਲਾਂਕਿ, ਪੰਜਾਬ ਵਿੱਚ ਵੀ ਜਾਤੀਵਾਦ ਦੀਆਂ ਘਟਨਾਵਾਂ ਪੂਰੀ ਤਰ੍ਹਾਂ ਖਤਮ ਨਹੀਂ ਹੋਈਆਂ।

ਖਾਸ ਕਰਕੇ ਪੇਂਡੂ ਖੇਤਰਾਂ ਵਿੱਚ ਜ਼ਮੀਨੀ ਵਿਵਾਦ ਅਤੇ ਸਮਾਜਿਕ ਵਿਤਕਰੇ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਪਰ ਗੁਰੂ ਸਾਹਿਬਾਨ ਦੀ ਸਿੱਖਿਆ ਨੇ ਪੰਜਾਬ ਨੂੰ ਇੱਕ ਅਜਿਹੀ ਦਿਸ਼ਾ ਦਿੱਤੀ ਹੈ, ਜਿੱਥੇ ਸਮਾਨਤਾ ਦਾ ਸੁਨੇਹਾ ਹਰ ਵਰਗ ਤੱਕ ਪਹੁੰਚਿਆ ਹੈ। ਜਦੋਂ ਤੱਕ ਹਰ ਵਿਅਕਤੀ ਨੂੰ ਸਮਾਨ ਅਧਿਕਾਰ ਅਤੇ ਸਤਿਕਾਰ ਨਹੀਂ ਮਿਲਦਾ, ਸਾਡਾ ਸਮਾਜ ਅਸਲ ਅਰਥਾਂ ਵਿੱਚ ਤਰੱਕੀ ਨਹੀਂ ਕਰ ਸਕਦਾ।

### ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ ਬਾਰੇ ਵਿਚਾਰ ਚਰਚਾ

ਪਿਛਲੇ ਕੁੱਝ ਸਮੇਂ ਤੋਂ ਕੌਮੀ ਹਲਕਿਆਂ ਵਿੱਚ ਪੱਛਮ, ਆਧੁਨਿਕਤਾ, ਰਾਸ਼ਟਰਵਾਦ ਅਤੇ ਨੇਸ਼ਨ- ਸਟੇਟ ਦੇ ਸਿੱਖ ਪਰੰਪਰਾਵਾਂ ਦੇ ਵਿਰੋਧ ਬਾਰੇ ਵਿਵਾਦ ਚੱਲ ਰਿਹਾ ਹੈ। ਇਸ ਵਿਵਾਦ ਦਾ ਸਿਧਾਂਤਕ ਆਧਾਰ ਖਾਸ ਕਰਕੇ ਉੱਤਰ- ਬਸਤੀਵਾਦੀ ਵਿਚਾਰਾਂ ਤੋਂ ਪੈਦਾ ਹੋਈ ਯੂਰਪ ਕੇਂਦ੍ਰਿਤ ਵਿਰੋਧਤਾ ਹੈ ਪਰ ਇੰਨਾਂ ਸਾਰੇ ਵਰਤਾਰਿਆਂ ਦੇ ਸਿੱਖਾਂ ਦੀ ਰਾਜਸੀ, ਸਮਾਜਿਕ ਤੇ ਆਰਥਿਕ ਹੋਣੀ 'ਤੇ ਡੂੰਘੇ ਅਸਰ ਪਏ ਹਨ। ਇਸ ਕਰਕੇ ਇੰਨਾਂ ਵਰਤਾਰਿਆਂ ਸਬੰਧੀ ਵੱਡੀ ਸਿਧਾਂਤਕ ਚਰਚਾ ਦੀ ਜ਼ਰੂਰਤ ਹੈ। ਆਸ ਹੈ ਕਿ ਕੌਮੀ ਤੌਰ 'ਤੇ ਚੇਤੰਨ ਸਿੱਖ ਇਸ ਚਰਚਾ ਵਿੱਚ ਆਪਣਾ ਵਿਚਾਰਕ ਹਿੱਸਾ ਪਾਉਣਗੇ। ਇਸ ਸਬੰਧੀ ਵਿਦਵਾਨ ਲੇਖਕ ਆਪਣੇ ਵਿਚਾਰ 500 ਸ਼ਬਦਾਂ ਵਿੱਚ ਯੂਨੀਕੋਡ ਜਾਂ ਸਤਲੁਜ ਫੌਂਟ ਵਿੱਚ ਲਿਖ ਕੇ ਈਮੇਲ ਰਾਹੀਂ ਭੇਜ ਸਕਦੇ ਹਨ

**ਈ ਮੇਲ : asrtimes@gmail.com**


CAPITAL SERVICES
INSURANCE | VEHICLE REG. | IMMIGRATION | NOTARY PUBLIC | LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO · HOME · TRUCK · BUSINESS · LIFE · MEDICAL
ਪਾਸਪੋਰਟ / ਵੀਜ਼ਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜ਼ਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS
Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

CAPITAL DRUG TESTING
Capital DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.
Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com

# ਲੋਕਤੰਤਰ ਦਾ ਨਵਾਂ ਰੂਪ ਪਰਿਵਾਰਤੰਤਰ

- ਭਾਰਤ ਦੀ ਸਿਆਸਤ ਵਿੱਚ ਵਧਿਆ ਪਰਿਵਾਰਵਾਦ ਦਾ ਰੁਝਾਨ
- ਉੱਤਰ ਤੋਂ ਲੈ ਕੇ ਤੋਂ ਦੱਖਣ ਦੀ ਸਿਆਸਤ ’ਚ ਪਰਿਵਾਰਵਾਦ ਭਾਰੀ
- ਖੇਤਰੀ ਸਿਆਸੀ ਦਲਾਂ ’ਚ ਪਰਿਵਾਰਵਾਦ ਦੀ ਅਹਿਮ ਭੂਮਿਕਾ
- ਲੋਕਤੰਤਰੀ ਕਦਰਾਂ ਕੀਮਤਾਂ ਅਨੁਸਾਰ ਠੀਕ ਨਹੀਂ ਸਿਆਸਤ ਵਿੱਚ ਭਾਰੂ ਹੋਇਆ ਪਰਿਵਾਰਵਾਦ



**ਜਦੋਂ ਭਾਰਤ 2047 ਤੱਕ ਵਿਕਸਤ ਦੇਸ਼ ਬਣਨ ਦਾ ਸੁਪਨਾ ਦੇਖ ਰਿਹਾ ਹੈ, ਤਾਂ ਕੀ ਇਹ ਉਮੀਦ ਕੀਤੀ ਜਾ ਸਕਦੀ ਹੈ ਕਿ ਇਸ ਸਮੇਂ ਦੌਰਾਨ ਭਾਰਤੀ ਰਾਜਨੀਤੀ ਪਰਿਵਾਰਵਾਦ ਜਾਂ ਭਾਈ-ਭਤੀਜਾਵਾਦ ਤੋਂ ਮੁਕਤ ਹੋਵੇਗੀ? ਪਿਛਲੇ ਸੱਤ ਦਹਾਕਿਆਂ ਵਿੱਚ ਕਾਂਗਰਸ ਦੁਆਰਾ ਸਥਾਪਤ ਕੀਤੀ ਗਈ ਵੰਸ਼ਵਾਦੀ ਰਾਜਨੀਤਿਕ ਪਰੰਪਰਾ ਦੇ ਨਤੀਜੇ ਵਜੋਂ ਦੇਸ਼ ਵਿੱਚ ਬਹੁਤ ਸਾਰੀਆਂ ਪਾਰਟੀਆਂ ਪਰਿਵਾਰਵਾਦ ਨਾਲ ਪ੍ਰਭਾਵਿਤ ਹੋਈਆਂ ਹਨ, ਇਸ ਦਾ ਅਸਰ ਮੌਜੂਦਾ ਸਮੇਂ ਵਿੱਚ ਸੱਤਾਧਾਰੀ ਪਾਰਟੀ ਅਤੇ ਵਿਰੋਧੀ ਧਿਰ ਦੋਵਾਂ ਵਿੱਚ ਵੇਖਿਆ ਜਾ ਸਕਦਾ ਹੈ।**

ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੇ ਕਾਰਜਕਾਲ ਦੌਰਾਨ, ਉਨ੍ਹਾਂ ਦੀ ਧੀ ਇੰਦਰਾ ਗਾਂਧੀ ਦੀ ਤਰੱਕੀ ਨਾਲ ਪਰਿਵਾਰਵਾਦ ਦਾ ਸਵਾਲ ਉੱਠਣਾ ਸ਼ੁਰੂ ਹੋ ਗਿਆ ਸੀ। ਇੰਦਰਾ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ, ਜਿਸ ਤਰ੍ਹਾਂ ਸੰਜੇ ਅਤੇ ਫਿਰ ਰਾਜੀਵ ਗਾਂਧੀ ਨੂੰ ਤਰੱਕੀ ਦਿੱਤੀ ਗਈ, ਉਸ ਨਾਲ ਵੰਸ਼ਵਾਦ ਦਾ ਦੋਸ਼ ਕਾਂਗਰਸ ’ਤੇ ਸਥਾਈ ਤੌਰ ’ਤੇ ਟਿਕ ਗਿਆ। ਇਹ ਵਿਡੰਬਨਾ ਹੈ ਕਿ ਸਭ ਤੋਂ ਪੁਰਾਣੀ ਪਾਰਟੀ ਕਾਂਗਰਸ ਨੂੰ ਵੰਸ਼ਵਾਦ ਵਿੱਚ ਕੁਝ ਵੀ ਗਲਤ ਨਹੀਂ ਲੱਗਦਾ। ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਕਾਂਗਰਸ ਨੂੰ ਪਰਿਵਾਰਾਂ ਦੇ ਸਮੂਹ ਵਜੋਂ ਜ਼ਿਆਦਾ ਦੇਖਿਆ ਜਾਂਦਾ ਹੈ।



ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ, ਤਾਮਿਲਨਾਡੂ ਵਿੱਚ ਡੀ.ਐਮ.ਕੇ., ਕਰਨਾਟਕ ਵਿੱਚ ਜੇ.ਡੀ.ਐਸ., ਤੇਲੰਗਾਨਾ ਵਿੱਚ ਬੀ.ਆਰ.ਐਸ., ਆਂਧਰਾ ਵਿੱਚ ਟੀ.ਡੀ.ਪੀ., ਯੂ.ਪੀ. ਵਿੱਚ ਸਪਾ ਅਤੇ ਲੋਕ ਦਲ, ਬਿਹਾਰ ਵਿੱਚ ਆਰ.ਜੇ.ਡੀ., ਝਾਰਖੰਡ ਵਿੱਚ ਜੇ.ਐਮ.ਐਮ., ਪੱਛਮੀ ਬੰਗਾਲ ਵਿੱਚ ਟੀ.ਐਮ.ਸੀ., ਮਹਾਰਾਸ਼ਟਰ ਵਿੱਚ ਊਧਵ ਠਾਕਰੇ ਅਤੇ ਸ਼ਰਦ ਪਵਾਰ ਦੀ ਪਾਰਟੀ, ਜੰਮੂ ਵਿੱਚ ਪੀ.ਡੀ.ਪੀ. ਅਤੇ ਨੈਸ਼ਨਲ ਕਾਨਫਰੰਸ, ਹਰਿਆਣਾ ਵਿੱਚ ਚੌਟਾਲਾ ਪਰਿਵਾਰ, ਓਡੀਸ਼ਾ ਵਿੱਚ ਬੀ.ਜੇ.ਡੀ. ਪਰਿਵਾਰਵਾਦ ਦਾ ਸ਼ਿਕਾਰ ਹਨ।

ਭਾਰਤ ਵਿੱਚ ਹੁਣ ਰਾਜਨੀਤਿਕ ਸ਼ਕਤੀ ਇੱਕ ਪਰਿਵਾਰ ਤੋਂ ਦੂਜੀ ਪੀੜ੍ਹੀ ਨੂੰ ਪੀੜ੍ਹੀ ਦਰ ਪੀੜ੍ਹੀ ਤਬਦੀਲ ਕੀਤੀ ਜਾਂਦੀ ਹੈ। ਸਿਆਸਤ ਵਿੱਚ ਪਰਿਵਾਰਵਾਦ ਭਾਰੂ ਹੋਣ ਦੀ ਸਭ ਤੋਂ ਵੱਡੀ ਉਦਾਹਰਨ ਪੰਜਾਬ ਤੋਂ ਵੀ ਦਿੱਤੀ ਜਾ ਸਕਦੀ ਹੈ। ਪੰਜਾਬ ਵਿੱਚ ਜਦੋਂ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਸਨ ਤਾਂ ਉਹਨਾਂ ਦਾ ਪੁੱਤਰ ਸੁਖਬੀਰ ਸਿੰਘ ਬਾਦਲ ਡਿਪਟੀ ਮੁੱਖ ਮੰਤਰੀ ਸੀ ਅਤੇ ਸੁਖਬੀਰ ਦਾ ਸਾਲਾ ਬਿਕਰਮ ਸਿੰਘ ਮਜੀਠੀਆ ਕੈਬਨਿਟ ਮੰਤਰੀ ਸੀ। ਪ੍ਰਕਾਸ਼ ਸਿੰਘ ਬਾਦਲ ਦੀ ਨੂੰਹ ਹਰਸਿਮਰਤ ਕੌਰ ਬਾਦਲ ਸਾਂਸਦ ਸੀ ਤੇ ਹੈ। ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਭਰਾ ਗੁਰਦਾਸ ਸਿੰਘ ਬਾਦਲ ਵੀ ਸਿਆਸਤ ਵਿੱਚ ਸਰਗਰਮ ਸੀ ਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਭਤੀਜਾ ਮਨਪ੍ਰੀਤ ਸਿੰਘ ਬਾਦਲ ਵੀ ਸਿਆਸਤ ਵਿੱਚ ਸਰਗਰਮ ਹੈ। ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਦਾ ਪੁੱਤਰ ਪਰਮਿੰਦਰ ਸਿੰਘ ਢੀਂਡਸਾ, ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਅਤੇ ਉਹਨਾਂ ਦੇ ਪੁੱਤਰ ਸਿਮਰਨਜੀਤ ਸਿੰਘ ਚੰਦੂਮਾਜਰਾ ਵੀ ਸਿਆਸਤ ਵਿੱਚ ਸਰਗਰਮ ਹਨ। ਹੋਰ ਕਈ ਅਕਾਲੀ ਆਗੂਆਂ ਦੇ ਧੀਆਂ ਪੁੱਤਰ ਸਿਆਸਤ ਵਿੱਚ ਸਰਗਰਮ ਹਨ। ਪੰਜਾਬ ਵਿੱਚ ਸਰਗਰਮ ਕਰੀਬ ਹਰ ਸਿਆਸੀ ਪਾਰਟੀ ਦੇ ਆਗੂਆਂ ਦੇ ਧੀਆਂ ਪੁੱਤਰ ਸਿਆਸਤ ਵਿੱਚ ਸਰਗਰਮ ਹਨ। ਇਸ ਲਈ ਕਿਸੇ ਇੱਕ ਸਿਆਸੀ ਪਾਰਟੀ ਜਾਂ ਸਿਆਸੀ ਆਗੂ ਉੱਪਰ ਪਰਿਵਾਰਵਾਦ ਨੂੰ ਬੜ੍ਹਾਵਾ ਦੇਣ ਦਾ ਦੋਸ਼ ਨਹੀਂ ਲਗਾਇਆ ਜਾ ਸਕਦਾ। ਪੰਜਾਬ ਵਿੱਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਉਹਨਾਂ ਦੀ ਪਤਨੀ ਪ੍ਰਨੀਤ ਕੌਰ, ਬੇਟਾ ਰਣਇੰਦਰ ਸਿੰਘ ਸਿਆਸਤ ਵਿੱਚ ਸਰਗਰਮ ਹਨ। ਕੈਪਟਨ ਅਮਰਿੰਦਰ ਸਿੰਘ ਦੀ ਮਾਤਾ ਮਹਿੰਦਰ ਕੌਰ ਵੀ ਕਾਂਗਰਸ ਲੀਡਰ ਅਤੇ ਸਾਂਸਦ ਰਹਿ ਚੁੱਕੇ ਹਨ।

ਹਰਿਆਣਾ ਦੀ ਸਿਆਸਤ ਵਿੱਚ ਦੇਵੀ ਲਾਲ, ਓਮ ਪ੍ਰਕਾਸ਼ ਚੌਟਾਲਾ, ਅਭੈ ਚੌਟਾਲਾ, ਅਜੈ ਸਿੰਘ ਚੌਟਾਲਾ, ਨੈਨਾ ਚੌਟਾਲਾ, ਦੁਸ਼ਅੰਤ ਚੌਟਾਲਾ ਇਕੋ ਪਰਿਵਾਰ ਨਾਲ ਸਬੰਧ ਰਖਦੇ ਹਨ। ਯੂ. ਪੀ. ਅਤੇ ਬਿਹਾਰ ਵਿੱਚ ਲਾਲੂ ਯਾਦਵ ਤੇ ਉਸ ਦਾ ਪੁੱਤਰ ਤੇਜਸਵੀ ਯਾਦਵ, ਮੁਲਾਇਮ ਸਿੰਘ ਯਾਦਵ ਤੋਂ ਬਾਅਦ ਉਸ ਦਾ ਪੁੱਤਰ ਅਖਿਲੇਸ ਯਾਦਵ ਸਿਆਸਤ ਵਿੱਚ ਸਰਗਰਮ ਹਨ।

ਕਸ਼ਮੀਰ ਵਿੱਚ ਸ਼ੇਖ ਅਬਦੁਲਾ, ਫਾਰੂਕ ਅਬਦੁਲਾ, ਉਮਰ ਅਬਦੁਲਾ ਇਕੋ ਪਰਿਵਾਰ ਦੇ ਮੈਂਬਰ ਸਿਆਸਤ ਵਿੱਚ ਸਰਗਰਮ ਰਹਿ ਚੁੱਕੇ ਹਨ ਅਤੇ ਉਮਰ ਅਬਦੁਲਾ ਅਜੇ ਵੀ ਸਰਗਰਮ ਹਨ। ਇਸੇ ਤਰ੍ਹਾਂ ਕਸ਼ਮੀਰ ਵਿੱਚ ਸ਼ੇਖ ਅਬਦੁਲਾ ਦੇ ਭਰਾ ਸ਼ੇਖ ਮੁਸਤਫਾ ਕਮਲ ਅਤੇ ਗੁਲਾਮ ਮੁਹੰਮਦ ਸ਼ਾਹ ਵੀ ਪਰਿਵਾਰਵਾਦ ਨੂੰ ਸਿਆਸਤ ਵਿੱਚ ਬੜ੍ਹਾਵਾ ਦੇਣ ਵਾਲਿਆਂ ਵਿੱਚ ਸ਼ਾਮਲ ਹਨ। ਕਸ਼ਮੀਰ ਵਿੱਚ ਮੁਫ਼ਤੀ ਪਰਿਵਾਰ ਵੀ ਸਿਆਸਤ ਵਿੱਚ ਸਰਗਰਮ ਹੈ। ਸਿਆਸੀ ਆਗੂ ਮੁਫ਼ਤੀ ਮੁਹੰਮਦ ਸਈਦ, ਉਸ ਦੀ ਧੀ ਮਹਿਬੂਬਾ ਮੁਫ਼ਤੀ ਕਸ਼ਮੀਰ ਦੇ ਚਰਚਿਤ ਸਿਆਸੀ ਆਗੂ ਹਨ।

ਤਮਿਲਨਾਡੂ ਵਿੱਚ ਜਦੋਂ ਮੁੱਖ ਮੰਤਰੀ ਐਮ.ਕੇ. ਸਟਾਲਿਨ ਦੇ ਪੁੱਤਰ ਉਦੈਨਿਧੀ ਸਟਾਲਿਨ ਨੂੰ ਡਿਪਟੀ ਮੁੱਖ ਮੰਤਰੀ ਵਜੋਂ ਸਹੁੰ ਚੁਕਾਈ ਗਈ ਸੀ, ਤਾਂ ਸਿਆਸਤ ਵਿੱਚ ਪਰਿਵਾਰਵਾਦ ਅਤੇ ਭਾਈ-ਭਤੀਜਾਵਾਦ ਦੀ ਚਰਚਾ ਇੱਕ ਵਾਰ ਫਿਰ ਤੇਜ਼ ਹੋ ਗਈ ਸੀ।

ਸਮਾਜਵਾਦੀ ਪਾਰਟੀ ਦੀ ਸਥਾਪਨਾ ਮੁਲਾਇਮ ਸਿੰਘ ਯਾਦਵ ਦੁਆਰਾ ਕੀਤੀ ਗਈ ਸੀ। ਬਾਅਦ ਵਿੱਚ ਉਨ੍ਹਾਂ ਦੇ ਪੁੱਤਰ ਅਖਿਲੇਸ਼ ਯਾਦਵ ਆਪਣੇ ਪਿਤਾ ਵਾਂਗ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਬਣੇ ਅਤੇ ਅੱਜ ਪਾਰਟੀ ਦੀ ਅਗਵਾਈ ਕਰ ਰਹੇ ਹਨ। ਮੁਲਾਇਮ ਪਰਿਵਾਰ ਦੇ ਕਈ ਹੋਰ ਮੈਂਬਰ ਵੱਖ-ਵੱਖ ਅਹੁਦਿਆਂ ’ਤੇ ਹਨ (ਸੰਸਦ ਮੈਂਬਰਾਂ ਸਮੇਤ)। ਰਾਸ਼ਟਰੀ ਜਨਤਾ ਦਲ ਦੀ ਸਥਿਤੀ ਵੀ ਇਸ ਤੋਂ ਵੱਖਰੀ ਨਹੀਂ ਹੈ। ਇਸ ਦੀ ਸ਼ੁਰੂਆਤ ਲਾਲੂ ਪ੍ਰਸਾਦ ਯਾਦਵ ਦੁਆਰਾ ਕੀਤੀ ਗਈ ਸੀ, ਜਿਸ ਨੂੰ ਹੁਣ ਉਨ੍ਹਾਂ ਦੇ ਪੁੱਤਰ ਤੇਜਸਵੀ ਯਾਦਵ ਸੰਭਾਲ ਰਹੇ ਹਨ।

ਭਾਰਤ ਵਿੱਚ ਲੋਕਤੰਤਰ ਦੀ ਵਿਵਸਥਾ ਹੋਣ ਕਰਕੇ ਬਹੁਦਲੀ ਪ੍ਰਣਾਲੀ ਦਾ ਨਿਯਮ ਪ੍ਰਚਲਿਤ ਹੈ, ਜਿਸ ਤਹਿਤ ਭਾਰਤ ਵਿੱਚ ਰਾਸ਼ਟਰੀ ਸਿਆਸੀ ਦਲਾਂ ਅਤੇ ਖੇਤਰੀ ਸਿਆਸੀ ਦਲਾਂ ਦੀ ਗਿਣਤੀ ਬਹੁਤ ਜਿਆਦਾ ਹੈ, ਜੋ ਕਿ ਪੂਰੇ ਭਾਰਤ ਦੀ ਸਿਆਸਤ ਵਿੱਚ ਅਤੇ ਵੱਖ -ਵੱਖ ਰਾਜਾਂ ਦੇ ਸਿਆਸੀ ਖੇਤਰ ਵਿੱਚ ਸਰਗਰਮ ਹਨ। ਪਿਛਲੇ ਕੁਝ ਸਮੇਂ ਤੋਂ ਭਾਰਤ ਦੀਆਂ ਕਰੀਬ ਸਾਰੀਆਂ ਸਿਆਸੀ ਪਾਰਟੀਆਂ ਵਿੱਚ ਪਰਿਵਾਰਵਾਦ ਦਾ ਰੁਝਾਨ ਵੱਧ ਰਿਹਾ ਹੈ, ਜੋ ਕਿ ਲੋਕਤੰਤਰ ਦੀਆਂ ਕਦਰਾਂ ਕੀਮਤਾਂ ਅਨੁਸਾਰ ਠੀਕ ਨਹੀਂ। ਵਿਸ਼ਵ ਦੇ ਸਭ ਤੋਂ ਵੱਡੇ ਲੋਕਤੰਤਰ ਦੀ ਵਿਡੰਬਨਾ ਵੇਖੋ ਕਿ ਜਿਹੜੀਆਂ ਪਾਰਟੀਆਂ ਅਤੇ ਸਿਆਸੀ ਨੇਤਾ, ਜੋ ਕਦੇ ਕਾਂਗਰਸ ਦੀ ਪਰਿਵਾਰਵਾਦ ਅਤੇ ਵੰਸ਼ਵਾਦ ਲਈ ਨਿਖੇਧੀ ਕਰਦੇ ਸਨ, ਹੁਣ ਆਪਣੇ ਵੰਸ਼ ਨੂੰ ਵਧਾਉਣ ਵਿੱਚ ਕਾਂਗਰਸ ਤੋਂ ਵੀ ਅੱਗੇ ਲੰਘ ਗਏ ਹਨ।

(ਬਾਕੀ ਸਫ਼ਾ 30 ’ਤੇ)

# ਕੇਜਰੀਵਾਲ ਦਾ ਪੰਜਾਬ ’ਤੇ ਵਧਦਾ ਦਬਦਬਾ, ਦਿੱਲੀ ਟੀਮ ਦੀ ਪੰਜਾਬ ਵਿੱਚ ਐਂਟਰੀ

- ਕੌਣ ਹੈ ਪੰਜਾਬ ਦਾ ਅਸਲੀ ਮੁੱਖ ਮੰਤਰੀ ਭਗਵੰਤ ਮਾਨ ਜਾਂ ਕੇਜਰੀਵਾਲ
- ਕੀ ਪੰਜਾਬ ਦਾ ਪੈਸਾ ਕੇਜਰੀਵਾਲ ਦੀਆਂ ਹੈਲੀਕਾਪਟਰ ਯਾਤਰਾਵਾਂ ’ਤੇ ਹੋ ਰਿਹਾ ਖ਼ਰਚ ?

ਆਪ ਸੁਪਰੀਮੋ ਅਰਵਿੰਦ ਕੇਜਰੀਵਾਲ, ਜੋ ਕਦੇ ਦਿੱਲੀ ਦੇ ਮੁੱਖ ਮੰਤਰੀ ਵਜੋਂ ‘ਆਮ ਆਦਮੀ’ ਦੀ ਆਵਾਜ਼ ਬਣ ਕੇ ਉਭਰੇ ਸਨ, ਅੱਜ ਪੰਜਾਬ ਦੀ ਸਿਆਸੀ ਸਮੀਕਰਨ ਵਿੱਚ ਇੱਕ ਅਜਿਹਾ ਸੁਪਰ ਕਿਰਦਾਰ ਬਣ ਰਹੇ ਹਨ, ਜਿਸ ਨੂੰ ਵਿਰੋਧੀ ਪਾਰਟੀਆਂ ‘ਅਸਲ ਮੁੱਖ ਮੰਤਰੀ’ ਦਾ ਨਾਂ ਦੇ ਰਹੀਆਂ ਹਨ। ਦੂਜੇ ਪਾਸੇ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੀ ਚੁੱਪੀ ਅਤੇ ਉਨ੍ਹਾਂ ਦੀ ਸੀਮਤ ਸਰਗਰਮੀ ਨੇ ਇਸ ਬਹਿਸ ਨੂੰ ਹੋਰ ਤਿੱਖਾ ਕਰ ਦਿੱਤਾ ਹੈ। ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸੱਤਾ ਗੁਆਉਣ ਤੋਂ ਬਾਅਦ ਕੇਜਰੀਵਾਲ ਦਾ ਧਿਆਨ ਪੰਜਾਬ ਵੱਲ ਮੁੜਿਆ ਹੈ, ਜਿੱਥੇ ‘ਆਪ’ ਸੱਤਾ ਵਿੱਚ ਹੈ।

ਮਾਰਚ 2025 ਵਿੱਚ ਹੁਸ਼ਿਆਰਪੁਰ ਤੋਂ ਕੇਜਰੀਵਾਲ ਨੇ ਪੰਜਾਬ ਵਿੱਚ ਲਗਭਗ ਹਰ ਹਫ਼ਤੇ ਨਵੀਂ ਮੁਹਿੰਮ, ਕੇਂਦਰਾਂ ਦੇ ਉਦਘਾਟਨ ਅਤੇ ਨੀਂਹ-ਪੱਥਰ ਰੱਖਣ ਦੀਆਂ ਸਰਗਰਮੀਆਂ ਵਿੱਚ ਹਿੱਸਾ ਲਿਆ ਸੀ। ਜਿੱਥੇ ਦਿੱਲੀ ਵਿੱਚ ਉਹ ਸਿਰਫ਼ ਤਿੰਨ ਵਾਰ ਜਨਤਕ ਤੌਰ ’ਤੇ ਨਜ਼ਰ ਆਏ, ਉੱਥੇ ਪੰਜਾਬ ਵਿੱਚ ਉਹ ਇੱਕ ਦਰਜਨ ਤੋਂ ਵੱਧ ਸਰਗਰਮੀਆਂ ਵਿੱਚ ਮੌਜੂਦ ਰਹੇ ਸਨ। ਮੁੱਖ ਮੰਤਰੀ ਭਗਵੰਤ ਮਾਨ ਨਾਲ ਹੈਲੀਕਾਪਟਰ ਵਿੱਚ ਸਫ਼ਰ, ਸਰਕਾਰੀ ਅਧਿਕਾਰੀਆਂ ਨਾਲ ਬੈਠਕਾਂ ਅਤੇ ‘ਆਪ’ ਵਿਧਾਇਕਾਂ ਦੇ ਘਰਾਂ ਵਿੱਚ ਰਹਿਣ ਦੀਆਂ ਖ਼ਬਰਾਂ ਨੇ ਸਿਆਸੀ ਹਲਕਿਆਂ ਵਿੱਚ ਹਲਚਲ ਮਚਾ ਦਿੱਤੀ ਹੈ। ਕੇਜਰੀਵਾਲ ਦੀ ਇਹ ਵਧਦੀ ਮੌਜੂਦਗੀ ਸਿਰਫ਼ ਜਨਤਕ



ਸਮਾਗਮਾਂ ਤੱਕ ਸੀਮਤ ਨਹੀਂ। ਸਰਕਾਰੀ ਸੂਤਰਾਂ ਅਨੁਸਾਰ, ਪੰਜਾਬ ਦੇ ਪ੍ਰਸ਼ਾਸਨ ’ਤੇ ਉਨ੍ਹਾਂ ਦਾ ਕੰਟਰੋਲ ਸਪਸ਼ਟ ਤੌਰ ’ਤੇ ਵਧ ਰਿਹਾ ਹੈ। ਮੁੱਖ ਸਕੱਤਰ ਕੇ.ਏ.ਪੀ. ਸਿਨਹਾ ਅਤੇ ਸਾਬਕਾ ਮੁੱਖ ਸਕੱਤਰ ਅਨੁਰਾਗ ਵਰਮਾ ਵਰਗੇ ਸੀਨੀਅਰ ਅਧਿਕਾਰੀਆਂ ਦੀਆਂ ਨਿਯੁਕਤੀਆਂ ਵਿੱਚ ਕੇਜਰੀਵਾਲ ਦੀ ਸਿੱਧੀ ਦਖ਼ਲਅੰਦਾਜ਼ੀ ਦੀਆਂ ਚਰਚਾਵਾਂ ਹਨ। ਸਿਹਤ ਅਤੇ ਸਿੱਖਿਆ ਵਰਗੇ ਵਿਭਾਗਾਂ ਵਿੱਚ ਮਨੀਸ਼ ਸਿਸੋਦੀਆ, ਸਤਯੇਂਦਰ ਜੈਨ ਅਤੇ ਅਨੁਰਾਗ ਕੁੰਡੂ ਵਰਗੇ ਦਿੱਲੀ ਦੇ ਆਗੂਆਂ ਦੀ ਸਰਗਰਮੀ ਨੇ ਪੰਜਾਬ ਦੇ ਸਥਾਨਕ ‘ਆਪ’ ਵਰਕਰਾਂ ਵਿੱਚ ਨਾਰਾਜ਼ਗੀ ਪੈਦਾ ਕੀਤੀ ਹੈ। ਪੰਜਾਬ ਵਿਕਾਸ ਕਮਿਸ਼ਨ ਵਰਗੀਆਂ ਸੰਸਥਾਵਾਂ ਵਿੱਚ ਵੀ ਦਿੱਲੀ ਦੀ ਟੀਮ ਦਾ ਦਬਦਬਾ ਸਪਸ਼ਟ ਹੈ। ਇਸ ਦੇ ਮੈਂਬਰਾਂ ਵਿੱਚ ਪੰਜਾਬ ਦਾ ਕੋਈ ਵੀ ‘ਆਪ’ ਮੈਂਬਰ ਸ਼ਾਮਲ ਨਹੀਂ, ਜੋ ਸਥਾਨਕ ਸਿਆਸੀਆਂ ਦੀ ਅਣਦੇਖੀ ਨੂੰ ਦਰਸਾਉਂਦਾ ਹੈ। ਨਾ ਸਿਰਫ਼ ਅਧਿਕਾਰੀ, ਸਗੋਂ ਵੱਖ-ਵੱਖ ਬੋਰਡਾਂ ਅਤੇ ਨਿਗਮਾਂ ਵਿੱਚ ਦਿੱਲੀ ਦੀ ‘ਆਪ’ ਟੀਮ ਦੇ ਮੈਂਬਰਾਂ ਦੀਆਂ ਨਿਯੁਕਤੀਆਂ ਨੇ ਵੀ ਵਿਰੋਧੀਆਂ ਨੂੰ ਹਥਿਆਰ ਦੇ ਦਿੱਤੇ ਹਨ।

### ਭਗਵੰਤ ਮਾਨ ਚੁੱਪ ਕਿਉਂ ?

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਜੋ ਕਦੇ ਆਪਣੀ ਬੇਬਾਕੀ ਅਤੇ ਜਨਤਕ ਸੰਪਰਕ ਨਾਲ ਜਾਣੇ ਜਾਂਦੇ ਸਨ, ਅੱਜ ਇੱਕ ਅਜਿਹੇ ਸਿਆਸੀ ਕਿਰਦਾਰ ਵਿੱਚ ਬਦਲਦੇ ਜਾ ਰਹੇ ਹਨ, ਜਿਨ੍ਹਾਂ ਦੀ ਮੌਜੂਦਗੀ ਸਿਰਫ਼ ਕੇਜਰੀਵਾਲ ਦੇ ਨਾਲ-ਨਾਲ ਸਮਾਗਮਾਂ ਵਿੱਚ ਹੀ ਨਜ਼ਰ ਆਉਂਦੀ ਹੈ। ਅਜਿਹੇ ਮੌਕਿਆਂ ’ਤੇ ਮੁੱਖ ਸਕੱਤਰ ਵਰਗੇ ਸੀਨੀਅਰ ਅਧਿਕਾਰੀਆਂ ਦਾ ਕੇਜਰੀਵਾਲ ਨੂੰ ਸਿੱਧੇ ਰਿਪੋਰਟ (ਬਾਕੀ ਸਫ਼ਾ 30 ’ਤੇ)

ਦਰਪਣ ਝੂਠ ਨਹੀਂ ਬੋਲਦਾ

# ਪੰਜਾਬ 'ਚ ਗੈਂਗ ਕਲਚਰ ਸਰਕਾਰ ਤੇ ਲੋਕਾਂ ਲਈ ਸਿਰਦਰਦੀ ਬਣਿਆ

## ➤ ਹਾਈਕੋਰਟ ਨੇ ਕਿਹਾ ਕਿ ਗੈਂਗ ਹਿੰਸਾ ਨਾਲ ਨਜਿੱਠਣ ਲਈ ਕਾਨੂੰਨੀ ਢਾਂਚੇ ਦੀ ਕਮੀ ਚਿੰਤਾਜਨਕ
## ➤ ਸਿਆਸੀ ਸਰਪ੍ਰਸਤੀ ਅਤੇ ਪੁਲਿਸ ਦੀ ਨਰਮੀ ਕਾਰਨ ਗੈਂਗਸਟਰਾਂ ਦੇ ਹੌਸਲੇ ਬੁਲੰਦ

ਪੰਜਾਬ ਅਤੇ ਹਰਿਆਣਾ ਵਿੱਚ ਗੈਂਗਸਟਰਾਂ ਦੀ ਹਿੰਸਾ ਅਤੇ ਧਮਕੀਆਂ ਦਾ ਮਸਲਾ ਹੁਣ ਇੱਕ ? ਗੰਭੀਰ ਸਮੱਸਿਆ ਬਣ ਚੁੱਕਿਆ ਹੈ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਇਸ ਮੁੱਦੇ 'ਤੇ ਚਿੰਤਾ ਜਤਾਉਂਦਿਆਂ ਸੂਬਾ ਸਰਕਾਰਾਂ ਨੂੰ ਸਖ਼ਤ ਹੁਕਮ ਦਿੱਤੇ ਹਨ। ਅਦਾਲਤ ਨੇ ਸਹੀ ਫ਼ਰਮਾਇਆ ਕਿ ਗੈਂਗ ਹਿੰਸਾ ਨਾਲ ਨਜਿੱਠਣ ਲਈ ਕਾਨੂੰਨੀ ਚੌਖਟ ਦੀ ਕਮੀ ਚਿੰਤਾਜਨਕ ਹੈ। ਇਸ ਲਈ ਪੰਜਾਬ ਅਤੇ ਹਰਿਆਣਾ ਸਰਕਾਰਾਂ ਨੂੰ ਦੋ ਮਹੀਨਿਆਂ ਅੰਦਰ ਸਟੈਂਡਰਡ ਅਪਰੇਟਿੰਗ ਪ੍ਰੋਸੀਜਰ (ਐੱਸ.ਓ.ਪੀ.) ਤਿਆਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ, ਜਿਸ ਵਿੱਚ ਗੈਂਗ ਕੇਸਾਂ ਦੀ ਜਾਂਚ ਸਬੰਧੀ ਸਪੱਸ਼ਟ ਦਿਸ਼ਾ-ਨਿਰਦੇਸ਼ ਹੋਣ। ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਨੂੰ ਤਿੰਨ ਸਾਲ ਬੀਤ ਚੁੱਕੇ ਹਨ, ਪਰ ਅਜੇ ਵੀ ਅਜਿਹੇ ਮਾਮਲਿਆਂ ਵਿੱਚ ਸਿਸਟਮ ਦੀ ਨਾਕਾਮੀ ਸਾਫ਼ ਨਜ਼ਰ ਆਉਂਦੀ ਹੈ। ਇਹ ਮਸਲਾ ਸਿਰਫ਼ ਪੰਜਾਬ ਜਾਂ ਹਰਿਆਣਾ ਤੱਕ ਸੀਮਤ ਨਹੀਂ, ਸਗੋਂ ਗੈਂਗ ਕਲਚਰ ਦਾ ਜ਼ਹਿਰ ਹੁਣ ਵਿਦੇਸ਼ਾਂ ਤੱਕ ਫ਼ੈਲ ਚੁੱਕਿਆ ਹੈ।

ਪੰਜਾਬ ਵਿੱਚ ਗੈਂਗ ਕਲਚਰ ਦੇ ਵਧਣ ਪਿੱਛੇ ਕਈ ਕਾਰਨ ਹਨ। ਬੇਰੁਜ਼ਗਾਰੀ, ਨੌਜਵਾਨਾਂ ਦਾ ਨਸ਼ਿਆਂ ਵੱਲ ਝੁਕਾਅ, ਸਮਾਜਿਕ ਅਸਮਾਨਤਾ ਅਤੇ ਕਮਜ਼ੋਰ ਕਾਨੂੰਨੀ ਅਮਲ ਸਭ ਤੋਂ ਵੱਡੇ ਕਾਰਕ ਹਨ। ਨੌਜਵਾਨਾਂ ਨੂੰ ਗੈਂਗਸਟਰ ਗਲੈਮਰ ਅਤੇ ਤੇਜ਼ ਪੈਸੇ ਦੀ ਲਾਲਚ ਵਿੱਚ ਫ਼ਸਾਉਂਦੇ ਹਨ। ਇਸ ਦੇ ਨਾਲ ਹੀ, ਸਿਆਸੀ ਸਰਪ੍ਰਸਤੀ ਅਤੇ ਪੁਲਿਸ ਦੀ ਨਰਮੀ ਵੀ ਗੈਂਗਸਟਰਾਂ ਦੇ ਹੌਸਲੇ ਬੁਲੰਦ ਕਰਦੀ ਹੈ। ਸਮਾਜ ਵਿੱਚ 'ਗੈਂਗਸਟਰ ਕਲਚਰ' ਨੂੰ ਪ੍ਰਮੋਟ ਕਰਨ ਵਾਲੇ ਗੀਤਾਂ ਅਤੇ ਸੋਸ਼ਲ ਮੀਡੀਆ ਨੇ ਵੀ ਇਸ ਅਲਾਮਤ ਨੂੰ ਹਵਾ ਦਿੱਤੀ ਹੈ।

ਪੰਜਾਬ ਵਿੱਚ ਪੁਲਿਸ ਮੁਕਾਬਲੇ ਗੈਂਗਸਟਰਾਂ ਨੂੰ ਨੱਥ ਪਾਉਣ ਦਾ ਇੱਕ ਤਰੀਕਾ ਰਹੇ ਹਨ। ਪਿਛਲੇ ਕੁਝ ਸਾਲਾਂ ਵਿੱਚ, ਸੈਂਕੜੇ ਮੁਕਾਬਲੇ ਹੋਏ ਹਨ, ਜਿਨ੍ਹਾਂ ਵਿੱਚ ਕਈ ਨਾਮੀ



ਗੈਂਗਸਟਰ ਮਾਰੇ ਗਏ। ਪਰ ਸਹੀ ਅੰਕੜੇ ਜਨਤਕ ਨਹੀਂ ਹੁੰਦੇ, ਕਿਉਂਕਿ ਇਹ ਮਾਮਲੇ ਅਕਸਰ ਵਿਵਾਦਾਂ ਵਿੱਚ ਘਿਰ ਜਾਂਦੇ ਹਨ। 2022-2024 ਦੇ ਵਿਚਕਾਰ, ਮੀਡੀਆ ਰਿਪੋਰਟਾਂ ਅਨੁਸਾਰ, 50 ਤੋਂ ਵੱਧ ਅਜਿਹੇ ਮੁਕਾਬਲੇ ਹੋਏ, ਜਿਨ੍ਹਾਂ ਵਿੱਚ 20 ਤੋਂ ਵੱਧ ਗੈਂਗਸਟਰ ਮਾਰੇ ਗਏ। ਪਰ ਝੂਠੇ ਮੁਕਾਬਲਿਆਂ ਦਾ ਮਸਲਾ ਵੀ ਉੱਠਦਾ ਹੈ। ਮਨੁੱਖੀ ਅਧਿਕਾਰ ਸੰਗਠਨ ਅਤੇ ਕੁਝ ਸਿਆਸੀ ਧਿਰਾਂ, ਜਿਵੇਂ ਕਿ ਸੰਯੁਕਤ ਸਮਾਜ ਮੋਰਚਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਨੇ ਅਜਿਹੇ ਮੁਕਾਬਲਿਆਂ 'ਤੇ ਸਵਾਲ ਚੁੱਕੇ ਹਨ, ਦਾਅਵਾ ਕਰਦਿਆਂ ਕਿ ਕਈ ਮੁਕਾਬਲੇ 'ਝੂਠੇ' ਸਨ।

ਝੂਠੇ ਮੁਕਾਬਲੇ ਗੈਂਗ ਸਮੱਸਿਆ ਦਾ ਸਥਾਈ ਹੱਲ ਨਹੀਂ। ਇਹ ਤਾਂ ਇੱਕ ਤਰ੍ਹਾਂ ਦੀ ਤਤਕਾਲੀ ਕਾਰਵਾਈ ਹੈ, ਜੋ ਅਕਸਰ ਮਾਨਵ ਅਧਿਕਾਰਾਂ ਦੀ ਉਲੰਘਣਾ ਅਤੇ ਪੁਲਿਸ ਦੀ ਬਦਨਾਮੀ ਦਾ ਕਾਰਨ ਬਣਦੀ ਹੈ। ਅਜਿਹੇ ਮੁਕਾਬਲਿਆਂ ਨਾਲ ਗੈਂਗਸਟਰਾਂ ਦੇ ਮਨ ਵਿੱਚ ਖੌਫ਼ ਤਾਂ ਪੈਦਾ ਹੁੰਦਾ ਹੈ, ਪਰ ਇਹ ਗੈਂਗ ਕਲਚਰ ਦੀ ਜੜ੍ਹ ਨੂੰ ਨਹੀਂ ਖਤਮ ਕਰਦੇ। ਇਸ ਦੀ ਥਾਂ ਸਖਤ ਕਾਨੂੰਨੀ ਕਾਰਵਾਈ, ਤੇਜ਼ ਜਾਂਚ ਅਤੇ ਮਿਸਾਲੀ ਸਜ਼ਾਵਾਂ ਜ਼ਿਆਦਾ ਪ੍ਰਭਾਵੀ ਹੋ ਸਕਦੀਆਂ ਹਨ।

ਸਹੀ ਅੰਕੜਿਆਂ ਦੀ ਕਮੀ ਹੈ, ਪਰ ਪੁਲਿਸ ਅਤੇ ਮੀਡੀਆ ਰਿਪੋਰਟਾਂ ਅਨੁਸਾਰ, ਪੰਜਾਬ ਵਿੱਚ 50 ਤੋਂ ਵੱਧ ਛੋਟੇ-ਵੱਡੇ ਗੈਂਗ ਸਰਗਰਮ ਹਨ। ਇਨ੍ਹਾਂ ਵਿੱਚ ਲਾਰੈਂਸ ਬਿਸ਼ਨੋਈ ਗੈਂਗ, ਜੱਗੂ ਭਗਵਾਨਪੁਰੀਆ ਗੈਂਗ ਅਤੇ ਦਵਿੰਦਰ ਬੰਬੀਹਾ ਗੈਂਗ ਵਰਗੇ ਨਾਮ ਸਭ ਤੋਂ ਉੱਪਰ ਹਨ। ਇਹ ਗੈਂਗ ਨਸ਼ਾ ਤਸਕਰੀ, ਫ਼ਿਰੌਤੀ, ਹੱਤਿਆ ਅਤੇ ਹਥਿਆਰ ਸਪਲਾਈ ਵਰਗੀਆਂ ਸਰਗਰਮੀਆਂ ਵਿੱਚ ਸ਼ਾਮਲ ਹਨ।

# ਸਾਲ 2024-25 ਦੌਰਾਨ ਪੰਜਾਬ ਵਿੱਚ 22 ਫ਼ੀਸਦੀ ਭੋਜਨ ਨਮੂਨੇ ਫ਼ੇਲ, ਸਿਹਤ ਅਤੇ ਸਮਾਜ ਲਈ ਖ਼ਤਰਾ ਬਣਿਆ

## ਸਰਕਾਰ ਦੀ ਚੁੱਪੀ ਉਤੇ ਸੁਆਲ ਖੜੇ ਹੋਏ, ਮਿਲਾਵਟਖੋਰੀ ਰੋਕਣ ਲਈ ਸਖ਼ਤੀ ਦੀ ਲੋੜ

ਪੰਜਾਬ, ਜੋ ਕਦੀ ਖੁਸ਼ਹਾਲੀ ਅਤੇ ਸਿਹਤਮੰਦ ਜੀਵਨ ਦਾ ਪ੍ਰਤੀਕ ਸੀ, ਅੱਜ ਖਾਧ ਪਦਾਰਥਾਂ ਵਿੱਚ ਮਿਲਾਵਟਖੋਰੀ ਦੇ ਜ਼ਹਿਰੀਲੇ ਪੰਜਿਆਂ ਵਿੱਚ ਫ਼ਸ ਚੁੱਕਾ ਹੈ। ਸਾਲ 2024-25 ਦੌਰਾਨ ਪੰਜਾਬ ਵਿੱਚ 22 ਫ਼ੀਸਦੀ ਭੋਜਨ ਨਮੂਨਿਆਂ ਦੀ ਅਸਫ਼ਲਤਾ ਨੇ ਸਿਹਤ ਸੰਕਟ ਦੀ ਘੰਟੀ ਵਜਾਈ ਹੈ। ਦੁੱਧ, ਘਿਉ, ਖੋਆ, ਮਸਾਲੇ, ਤੇਲ ਅਤੇ ਸਬਜ਼ੀਆਂ ਵਰਗੀਆਂ ਰੋਜ਼ਮਰ੍ਹਾ ਦੀਆਂ ਵਸਤਾਂ ਵਿੱਚ ਡਿਟਰਜੈਂਟ, ਸਿੰਥੈਟਿਕ ਰੰਗ, ਲੈੱਡ ਕ੍ਰੋਮੇਟ ਅਤੇ ਕੈਲਸ਼ੀਅਮ ਕਾਰਬਾਈਡ ਵਰਗੇ ਨੁਕਸਾਨਦੇਹ ਪਦਾਰਥ ਮਿਲਾਏ ਜਾ ਰਹੇ ਹਨ। ਇਹ ਮਿਲਾਵਟ ਨਾ ਸਿਰਫ਼ ਸਿਹਤ ਨੂੰ ਖੋਰਾ ਲਾ ਰਹੀ ਹੈ, ਸਗੋਂ ਸਮਾਜ ਦੀ ਨੀਂਹ ਨੂੰ ਵੀ ਕਮਜ਼ੋਰ ਕਰ ਰਹੀ ਹੈ।ਮਿਲਾਵਟੀ ਭੋਜਨ ਦਸਤ, ਮਤਲੀ, ਪੇਟ ਦਰਦ, ਐਲਰਜੀ, ਗੁਰਦੇ ਅਤੇ ਜਿਗਰ ਦੀਆਂ ਬਿਮਾਰੀਆਂ, ਦਿਲ ਦੇ ਰੋਗ ਅਤੇ ਕੈਂਸਰ ਵਰਗੀਆਂ ਗੰਭੀਰ ਸਮੱਸਿਆਵਾਂ ਦਾ ਕਾਰਨ ਬਣ ਰਿਹਾ ਹੈ। ਹਲਦੀ ਵਿੱਚ ਮਿਲਾਇਆ ਜਾਣ ਵਾਲਾ ਲੈੱਡ ਕ੍ਰੋਮੇਟ ਦਿਮਾਗ ਨੂੰ ਨੁਕਸਾਨ ਪਹੁੰਚਾਉਂਦਾ ਹੈ, ਜਦਕਿ ਫ਼ਲਾਂ ਨੂੰ ਪਕਾਉਣ ਲਈ ਵਰਤਿਆ ਜਾਣ ਵਾਲਾ ਕੈਲਸ਼ੀਅਮ ਕਾਰਬਾਈਡ ਪੇਟ ਦੀਆਂ ਸਮੱਸਿਆਵਾਂ ਪੈਦਾ ਕਰਦਾ ਹੈ। ਲੰਬੇ ਸਮੇਂ ਤੱਕ ਅਜਿਹੇ ਭੋਜਨ ਦਾ ਸੇਵਨ



ਸਿਹਤ ਨੂੰ ਅਜਿਹਾ ਨੁਕਸਾਨ ਪਹੁੰਚਾਉਂਦਾ ਹੈ, ਜਿਸ ਦੀ ਭਰਪਾਈ ਮੁਸ਼ਕਿਲ ਹੈ।

ਪੰਜਾਬ ਵਿੱਚ ਮਿਲਾਵਟਖੋਰੀ ਦਾ ਮੁੱਦਾ ਕੋਈ ਨਵਾਂ ਨਹੀਂ, ਪਰ ਸਰਕਾਰ ਦੀ ਨਰਮੀ ਅਤੇ ਨੀਤੀਆਂ ਵਿੱਚ ਢਿੱਲ ਨੇ ਇਸ ਨੂੰ ਹੋਰ ਗੰਭੀਰ ਕਰ ਦਿੱਤਾ ਹੈ। ਫੂਡ ਸੇਫ਼ਟੀ ਐਂਡ ਸਟੈਂਡਰਡਜ਼ ਐਕਟ, 2006 ਅਤੇ ਭਾਰਤੀ ਖੁਰਾਕ ਸੁਰੱਖਿਆ ਅਤੇ ਮਿਆਰ ਅਥਾਰਟੀ ਦੇ ਨਿਯਮ ਮਿਲਾਵਟਖੋਰੀ ਨੂੰ ਰੋਕਣ ਲਈ ਮੌਜੂਦ ਹਨ, ਜਿਨ੍ਹਾਂ ਵਿੱਚ 7 ਸਾਲ ਤੱਕ ਦੀ ਸਜ਼ਾ ਅਤੇ ਜੁਰਮਾਨੇ ਦੀ ਵਿਵਸਥਾ ਹੈ। ਪਰ, ਇਨ੍ਹਾਂ ਕਾਨੂੰਨਾਂ ਦੀ ਪਾਲਣਾ ਵਿੱਚ ਕਮੀ ਅਤੇ ਨਿਗਰਾਨੀ ਦੀ ਘਾਟ ਕਾਰਨ ਮਿਲਾਵਟਖੋਰਾਂ ਦੇ ਹੌਸਲੇ ਬੁਲੰਦ ਹਨ।

2021 ਤੋਂ 2024 ਦੌਰਾਨ ਪੰਜਾਬ ਵਿੱਚ 3200 ਤੋਂ ਵੱਧ ਸਿਵਲ ਅਤੇ 300 ਅਪਰਾਧਕ ਮਾਮਲੇ ਮਿਲਾਵਟਖੋਰੀ ਨਾਲ ਸਬੰਧਿਤ ਸ਼ੁਰੂ ਹੋਏ। ਅਦਾਲਤਾਂ ਨੇ 2022 ਵਿੱਚ 1.81 ਕਰੋੜ, 2023 ਵਿੱਚ 2.34 ਕਰੋੜ ਅਤੇ ਜਨਵਰੀ 2024 ਵਿੱਚ 15.35 ਲੱਖ ਰੁਪਏ ਦੇ ਜੁਰਮਾਨੇ ਵਸੂਲੇ। ਪਰ, ਇਹ ਅੰਕੜੇ ਸਮੱਸਿਆ ਦੇ ਵਿਸ਼ਾਲ ਪੈਮਾਨੇ ਦੇ ਮੁਕਾਬਲੇ ਨਾਕਾਫ਼ੀ ਹਨ। ਮਿਲਾਵਟਖੋਰੀ ਦਾ ਧੰਦਾ ਅਜੇ ਵੀ ਜ਼ੋਰਾਂ 'ਤੇ ਹੈ, ਜਿਸ ਦਾ ਕਾਰਨ ਸਖ਼ਤ ਕਾਰਵਾਈ ਦੀ ਘਾਟ ਅਤੇ ਨਕਲੀ ਉਤਪਾਦਾਂ ਦੀ ਵਧਦੀ ਮੰਗ ਹੈ।

ਮਿਲਾਵਟ ਦਾ ਸਭ ਤੋਂ ਵੱਧ ਸ਼ਿਕਾਰ ਦੁੱਧ ਅਤੇ ਡੇਅਰੀ ਉਤਪਾਦ ਹਨ। 2021-24 ਦੌਰਾਨ 20,988 ਦੁੱਧ ਦੇ ਨਮੂਨਿਆਂ ਵਿੱਚੋਂ 3,712 ਅਸਫ਼ਲ ਪਾਏ ਗਏ। ਦੇਸੀ ਘਿਉ (21%) ਅਤੇ ਖੋਆ (26%) ਵੀ ਮਾਪਦੰਡਾਂ 'ਤੇ ਪੂਰਾ ਨਹੀਂ ਉੱਤਰੇ। ਇਸ ਤੋਂ ਇਲਾਵਾ, ਮਸਾਲਿਆਂ ਵਿੱਚ ਸਿੰਥੈਟਿਕ ਰੰਗ, ਖਾਣ ਵਾਲੇ ਤੇਲਾਂ ਵਿੱਚ ਸਸਤੇ ਤੇਲ, ਅਤੇ ਸਬਜ਼ੀਆਂ-ਫ਼ਲਾਂ ਵਿੱਚ ਹਾਨੀਕਾਰਕ ਰਸਾਇਣ ਮਿਲਾਏ ਜਾ ਰਹੇ ਹਨ।

# ਭਾਜਪਾ ਦੀ ਰਾਸ਼ਟਰੀ ਪ੍ਰਧਾਨ ਦੀ ਚੋਣ ਦੇਰੀ ਦੀ ਅਸਲੀ ਵਜ੍ਹਾ ਕੀ ਹੈ?

## ਕਿਉਂ ਨਹੀਂ ਬਣ ਰਹੀ ਪਾਰਟੀ ਦੇ ਅੰਦਰ ਨਵੇਂ ਪ੍ਰਧਾਨ ਦੇ ਨਾਂ 'ਤੇ ਸਹਿਮਤੀ?

ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰਾਸ਼ਟਰੀ ਪ੍ਰਧਾਨ ਦੀ ਚੋਣ ਵਾਰ-ਵਾਰ ਟਲਣ ਨਾਲ ਸਿਆਸੀ ਗਲਿਆਰਿਆਂ 'ਚ ਚਰਚਾ ਛਿੜੀ ਹੋਈ ਹੈ। ਪਹਿਲਾਂ ਲੋਕ ਸਭਾ ਚੋਣਾਂ, ਫ਼ਿਰ ਪਹਿਲਗਾਮ ਹਮਲੇ ਅਤੇ 'ਅਪਰੇਸ਼ਨ ਸੰਧੂਰ' ਦੇ ਬਹਾਨੇ ਨਾਲ ਇਹ ਚੋਣ ਟਾਲੀ ਜਾ ਰਹੀ ਹੈ। ਜੇ.ਪੀ. ਨੱਢਾ ਦਾ ਕਾਰਜਕਾਲ ਖਤਮ ਹੋਣ ਦੇ ਬਾਵਜੂਦ, ਉਹ ਕੇਂਦਰੀ ਮੰਤਰੀ ਅਤੇ ਪਾਰਟੀ ਪ੍ਰਧਾਨ ਦੀ ਦੋਹਰੀ ਜ਼ਿੰਮੇਵਾਰੀ ਨਿਭਾਉਂਦੇ ਰਹੇ ਹਨ। ਸਵਾਲ ਇਹ ਹੈ ਕਿ ਚੋਣ ਟਾਲਣ ਪਿੱਛੇ ਅਸਲੀ ਵਜ੍ਹਾ ਕੀ ਹੈ? ਕੀ ਪਾਰਟੀ ਦੇ ਅੰਦਰ ਨਵੇਂ ਪ੍ਰਧਾਨ ਦੇ ਨਾਂ 'ਤੇ ਸਹਿਮਤੀ ਨਹੀਂ ਬਣ ਰਹੀ, ਜਾਂ ਫ਼ਿਰ ਸੂਬਿਆਂ 'ਚ ਸੰਗਠਨ ਦੀਆਂ ਚੋਣਾਂ ਨੂੰ ਰੋਕਣ ਲਈ ਇਹ ਰਣਨੀਤੀ ਹੈ? ਇਹ ਦੇਰੀ ਪਾਰਟੀ ਦੀ ਅੰਦਰੂਨੀ ਸਿਆਸਤ ਜਾਂ ਲੀਡਰਸ਼ਿਪ ਦੀ ਤਿਆਰੀ ਦੀ ਕਮੀ




ਨੂੰ ਸਾਹਮਣੇ ਲਿਆ ਰਹੀ ਹੈ।

ਭਾਜਪਾ ਨੇ ਪਹਿਲਾਂ ਨਿਤਿਨ ਗਡਕਰੀ, ਰਾਜਨਾਥ ਸਿੰਘ ਅਤੇ ਅਮਿਤ ਸ਼ਾਹ ਵਰਗੇ ਨੇਤਾਵਾਂ ਨੂੰ ਪ੍ਰਧਾਨ ਵਜੋਂ ਸੁਚੱਜੇ ਢੰਗ ਨਾਲ ਚੁਣਿਆ ਸੀ। ਪਰ ਇਸ ਵਾਰ ਨਵੇਂ ਨਾਂ 'ਤੇ ਸਹਿਮਤੀ ਨਾ ਬਣਨ ਦੀ ਚਰਚਾ ਹੈ। ਕੀ ਪਾਰਟੀ ਦੇ ਵੱਡੇ ਆਗੂਆਂ 'ਚ ਅੰਦਰੂਨੀ ਖਿੱਚੋਤਾਣ ਹੈ, ਜਾਂ ਫ਼ਿਰ ਕੋਈ ਨਵਾਂ ਚਿਹਰਾ ਸਾਹਮਣੇ ਲਿਆਉਣ ਦੀ ਤਿਆਰੀ ਹੈ? ਇਹ ਸਥਿਤੀ ਪਾਰਟੀ ਦੀ ਮਜ਼ਬੂਤ ਲੀਡਰਸ਼ਿਪ ਵਾਲੀ ਚਿੱਤਰ ਨੂੰ ਢਾਹ ਲਾਉਂਦੀ ਹੈ।

ਜੇ ਸੂਬਿਆਂ 'ਚ ਸੰਗਠਨ ਦੀਆਂ ਚੋਣਾਂ ਨਹੀਂ ਹੋ ਰਹੀਆਂ, ਤਾਂ ਇਸ ਦਾ ਸਿੱਧਾ ਅਸਰ ਰਾਸ਼ਟਰੀ ਪ੍ਰਧਾਨ ਦੀ ਚੋਣ 'ਤੇ ਪੈ ਰਿਹਾ ਹੈ। ਸੂਬਾਈ ਸੰਗਠਨ ਦੀ ਮਜ਼ਬੂਤੀ ਤੋਂ ਬਿਨਾਂ ਰਾਸ਼ਟਰੀ ਅਹੁਦੇ ਦੀ ਚੋਣ ਨੂੰ ਜ਼ਿਆਦਾ ਸਮਾਂ ਨਹੀਂ ਟਾਲਿਆ ਜਾ ਸਕਦਾ।

ਕੀ ਭਾਜਪਾ ਕੋਲ ਰਾਸ਼ਟਰੀ ਪ੍ਰਧਾਨ ਦੇ ਅਹੁਦੇ ਲਈ ਯੋਗ ਉਮੀਦਵਾਰ ਨਹੀਂ ਹਨ? ਇਹ ਸਵਾਲ ਹਰ ਕਿਸੇ ਦੇ ਮਨ ਵਿਚ ਉੱਠ ਰਿਹਾ ਹੈ।

(ਬਾਕੀ ਸਫ਼ਾ 31 'ਤੇ)

# ਸਵਾਂ ਨਦੀ ਦੀ ਤਬਾਹੀ ਬਾਰੇ ਪੰਜਾਬ ਸਰਕਾਰ ਲਾਪਰਵਾਹੀ ਕਿਉਂ ਵਰਤ ਰਹੀ ਹੈ?

## ਹਿਮਾਚਲ ਨੇ ਆਪਣੇ ਹਿੱਸੇ 'ਚ ਸਵਾਂ ਨਦੀ ਦੇ ਪ੍ਰਬੰਧ ਕਰ ਲਏ ਪਰ ਪੰਜਾਬ ਸਰਕਾਰ ਬੁਤ ਬਣੀ

ਸਵਾਂ ਨਦੀ, ਜੋ ਕਦੇ ਹਿਮਾਚਲ ਪ੍ਰਦੇਸ਼ ਦੇ ਊਨਾ ਜ਼ਿਲ੍ਹੇ ਵਿੱਚ ਤਬਾਹੀ ਮਚਾਉਂਦੀ ਸੀ, ਹੁਣ ਪੰਜਾਬ ਲਈ ਸਿਰਦਰਦ ਬਣ ਗਈ ਹੈ। ਹਿਮਾਚਲ ਸਰਕਾਰ ਨੇ ਆਪਣੇ ਹਿੱਸੇ ਵਿੱਚ ਨਦੀ ਦੇ ਵਹਾਅ ਨੂੰ ਸੁਚਾਰੂ ਕਰਨ ਲਈ 1,000 ਕਰੋੜ ਦਾ ਪ੍ਰੋਜੈਕਟ ਲਾਗੂ ਕਰਕੇ ਫ਼ਸਲਾਂ ਨੂੰ ਹੜ੍ਹਾਂ ਤੋਂ ਬਚਾ ਲਿਆ, ਪਰ ਪੰਜਾਬ ਵਿੱਚ ਸਵਾਂ ਦੇ 40 ਕਿਲੋਮੀਟਰ ਲੰਮੇ ਹਿੱਸੇ ਨੂੰ ਚੈਨਲਾਈਜ਼ ਕਰਨ ਜਾਂ ਹੋਰ ਪ੍ਰਬੰਧ ਕਰਨ ਲਈ ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ। ਨਤੀਜਨ, ਮੌਨਸੂਨ ਵਿੱਚ ਹੜ੍ਹ ਆਉਂਦੇ ਹਨ, ਜਿਸ ਨਾਲ ਰੂਪਨਗਰ ਦੀਆਂ ਨੰਗਲ ਅਤੇ ਆਨੰਦਪੁਰ ਸਾਹਿਬ ਸਬ-ਡਿਵੀਜ਼ਨਾਂ 'ਚ ਕਿਸਾਨਾਂ ਦੀਆਂ ਫ਼ਸਲਾਂ ਦਾ ਭਾਰੀ ਨੁਕਸਾਨ ਹੁੰਦਾ ਹੈ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਨਾਜਾਇਜ਼ ਮਾਈਨਿੰਗ ਨੇ ਨਦੀ ਦਾ ਬੈੱਡ 20 ਫ਼ੁੱਟ ਤਕ ਹੇਠਾਂ ਕਰ ਦਿੱਤਾ, ਜਿਸ ਨਾਲ ਹੜ੍ਹ ਦਾ ਖਤਰਾ ਹੋਰ ਵਧ ਗਿਆ।

ਪੰਜਾਬ ਸਰਕਾਰ ਦੀ ਇਸ ਮਸਲੇ 'ਤੇ ਚੁੱਪੀ ਸਵਾਲ ਖੜ੍ਹੇ ਕਰਦੀ ਹੈ। ਹਿਮਾਚਲ ਨੇ ਆਪਣੇ ਹਿੱਸੇ 'ਚ ਸਵਾਂ ਨਦੀ ਦੇ ਪ੍ਰਬੰਧ ਕਰ ਲਏ, ਪਰ ਪੰਜਾਬ ਸਰਕਾਰ ਨੇ ਨਾ ਸਿਰਫ਼ ਹਿਮਾਚਲ ਦੇ ਪ੍ਰੋਜੈਕਟ ਦਾ ਵਿਰੋਧ ਨਹੀਂ ਕੀਤਾ, ਸਗੋਂ ਆਪਣੇ ਇਲਾਕੇ 'ਚ ਨਦੀ ਦੇ ਵਹਾਅ ਨੂੰ ਸੁਚਾਰੂ ਕਰਨ ਲਈ ਵੀ ਕੁਝ ਨਹੀਂ ਕੀਤਾ। ਇੱਕ ਦਹਾਕਾ ਪਹਿਲਾਂ ਕੇਂਦਰ ਨੂੰ ਭੇਜੀ ਯੋਜਨਾ 'ਤੇ ਕਾਰਵਾਈ ਨਾ ਹੋਣ ਦਾ ਮਤਲਬ ਸਰਕਾਰ ਦੀ ਗੰਭੀਰਤਾ 'ਤੇ ਸਵਾਲ ਉੱਠਦੇ ਹਨ। ਰੂਪਨਗਰ ਦੇ ਡਰੇਨੇਜ਼ ਵਿਭਾਗ ਦੇ ਅਧਿਕਾਰੀ ਵੀ ਮੰਨਦੇ ਹਨ ਕਿ ਸਵਾਂ ਨੂੰ ਚੈਨਲਾਈਜ਼ ਕਰਨ ਦੀ ਕੋਈ ਤਜਵੀਜ਼ ਨਹੀਂ। ਸਰਕਾਰ ਦੀ ਇਸ ਲਾਪਰਵਾਹੀ ਕਾਰਨ ਕਿਸਾਨ ਹਰ ਸਾਲ ਨੁਕਸਾਨ ਝੱਲਣ ਲਈ ਮਜਬੂਰ ਹਨ।

ਸਵਾਂ ਨਦੀ ਦੇ ਹੜ੍ਹਾਂ ਨੇ ਪੰਜਾਬ ਦੇ ਰੂਪਨਗਰ ਜ਼ਿਲ੍ਹੇ, ਖਾਸ ਕਰਕੇ ਨੰਗਲ ਅਤੇ ਆਨੰਦਪੁਰ ਸਾਹਿਬ ਸਬ-ਡਿਵੀਜ਼ਨਾਂ ਨੂੰ ਸਭ ਤੋਂ ਵੱਧ ਪ੍ਰਭਾਵਿਤ ਕੀਤਾ। ਪਿੰਡ ਭੱਲਾਂ, ਕਲਮਾ

(ਬਾਕੀ ਸਫ਼ਾ 31 'ਤੇ)

### ਮਾਮਲਾ ਜਥੇਦਾਰ ਕਾਉਂਕੇ ਦੀ ਕਥਿਤ ਹਿਰਾਸਤੀ ਮੌਤ ਦਾ

# 32 ਸਾਲ ਬੀਤਣ ਦੇ ਬਾਵਜੂਦ ਇਨਸਾਫ਼ ਨਾ ਮਿਲਿਆ

## ਮਾਮਲਾ ਮੁੜ ਅਦਾਲਤ ਵਿੱਚ, ਪੰਜਾਬ ਪੁਲਿਸ ਨੂੰ ਨੋਟਿਸ ਜਾਰੀ ਕਰਕੇ 28 ਜੁਲਾਈ ਤੱਕ ਮੰਗਿਆ ਜਵਾਬ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਕਥਿਤ ਹਿਰਾਸਤੀ ਮੌਤ ਦਾ ਮਾਮਲਾ ਅੱਜ ਵੀ ਇਨਸਾਫ਼ ਦੀ ਉਡੀਕ ਵਿੱਚ ਖੜ੍ਹਾ ਹੈ। 32 ਸਾਲ ਪਹਿਲਾਂ, 1992-93 ਦੇ ਸਮੇਂ ਵਿੱਚ, ਜਦੋਂ ਪੰਜਾਬ ਵਿੱਚ ਖਾੜਕੂਵਾਦ ਦੇ ਨਾਂ 'ਤੇ ਪੁਲਿਸ ਅਤੇ ਸਰਕਾਰੀ ਤਾਕਤਾਂ ਦੀਆਂ ਜ਼ਿਆਦਤੀਆਂ ਨੇ ਸਿੱਖ ਨੌਜਵਾਨਾਂ ਦੀ ਜ਼ਿੰਦਗੀ ਨੂੰ ਨਰਕ ਬਣਾਇਆ ਹੋਇਆ ਸੀ, ਜਥੇਦਾਰ ਕਾਉਂਕੇ ਦੀ ਗ੍ਰਿਫ਼ਤਾਰੀ ਅਤੇ ਫ਼ਿਰ ਉਸ ਦੀ ਰਹੱਸਮਈ ਮੌਤ ਨੇ ਸਿੱਖ ਪੰਥ ਦੇ ਜ਼ਖ਼ਮਾਂ ਨੂੰ ਹੋਰ ਡੂੰਘਾ ਕਰ ਦਿੱਤਾ।

ਅੱਜ, ਇਸ ਘਟਨਾ ਦੇ 32 ਸਾਲ ਬਾਅਦ, ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਇਸ ਮਾਮਲੇ ਵਿੱਚ ਪੰਜਾਬ ਪੁਲਿਸ ਨੂੰ ਨੋਟਿਸ ਜਾਰੀ ਕਰਕੇ 28 ਜੁਲਾਈ 2025 ਤੱਕ ਜਵਾਬ ਮੰਗਿਆ ਹੈ। ਪਰ ਸਵਾਲ ਇਹ ਹੈ ਕਿ ਇਨਸਾਫ਼ ਦੀ ਇਹ ਲੜਾਈ ਅਜੇ ਵੀ ਅਧੂਰੀ ਕਿਉਂ ਹੈ?

**ਜਥੇਦਾਰ ਕਾਉਂਕੇ ਦੀ ਸ਼ਹਾਦਤ ਦਾ ਜ਼ਿੰਮੇਵਾਰ ਕੌਣ?**

ਜਥੇਦਾਰ ਗੁਰਦੇਵ ਸਿੰਘ ਕਾਉਂਕੇ, ਜੋ 1986 ਤੋਂ 1993 ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਰਹੇ, ਸਿੱਖ ਪੰਥ ਦੀ ਇੱਕ ਅਹਿਮ ਪੰਥਕ ਸ਼ਖ਼ਸੀਅਤ ਸਨ। ਲੁਧਿਆਣਾ ਜ਼ਿਲ੍ਹੇ ਦੇ ਪਿੰਡ ਕਾਉਂਕੇ ਕਲਾਂ ਵਿੱਚ 1949 ਵਿੱਚ ਜਨਮੇ, ਉਹਨਾਂ ਨੇ ਛੋਟੀ ਉਮਰ ਵਿੱਚ ਹੀ ਅੰਮ੍ਰਿਤ ਛੱਕ ਕੇ ਸਿੱਖੀ ਦੇ ਰਾਹ 'ਤੇ ਪੱਕੇ ਕਦਮ ਰੱਖੇ। ਦਮਦਮੀ ਟਕਸਾਲ ਵਿੱਚ ਗੁਰਮਤਿ ਸਿੱਖਣ ਤੋਂ ਬਾਅਦ, ਉਹ ਪੰਥਕ ਸੇਵਾ ਵਿੱਚ ਜੁਟ ਗਏ। 1986 ਵਿੱਚ ਸਰਬੱਤ ਖ਼ਾਲਸਾ ਵਿੱਚ ਭਾਈ ਜਸਬੀਰ ਸਿੰਘ ਰੋਡੇ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਥਾਪਿਆ ਗਿਆ, ਪਰ ਭਾਈ ਰੋਡੇ ਜੇਲ੍ਹ ਵਿੱਚ ਸਨ, ਸੋ ਜਥੇਦਾਰ ਕਾਉਂਕੇ ਨੂੰ ਕਾਰਜਕਾਰੀ ਜਥੇਦਾਰ ਦੀ ਸੇਵਾ ਸੌਂਪੀ ਗਈ।



ਉਹ ਸਮਾਂ ਪੰਜਾਬ ਲਈ ਬਹੁਤ ਸੰਤਾਪ ਭਰਪੂਰ ਸੀ। 1980-90 ਦੇ ਦਹਾਕੇ ਦੌਰਾਨ ਪੰਜਾਬ ਵਿੱਚ ਖਾੜਕਵਾਦ ਦੇ ਨਾਂ 'ਤੇ ਸਿੱਖ ਨੌਜਵਾਨਾਂ ਨੂੰ ਚੁੱਕ ਕੇ ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਰੱਖਣਾ, ਤਸੀਹੇ ਦੇਣਾ ਅਤੇ 'ਫ਼ਰਾਰ' ਜਾਂ 'ਐਨਕਾਊਂਟਰ' ਦੀਆਂ ਕਹਾਣੀਆਂ ਘੜਨਾ ਆਮ ਸੀ। ਜਥੇਦਾਰ ਕਾਉਂਕੇ ਵੀ ਇਸੇ ਜ਼ਾਲਮਾਨਾ ਸਿਸਟਮ ਦਾ ਸ਼ਿਕਾਰ ਬਣੇ।

**ਕੀ ਹੋਇਆ ਸੀ 1992 ਵਿੱਚ?**

20 ਦਸੰਬਰ 1992 ਨੂੰ ਜਗਰਾਉਂ ਪੁਲਿਸ ਸਟੇਸ਼ਨ ਦੇ ਤਤਕਾਲੀ ਐਸ.ਐਚ.ਓ. ਇੰਸਪੈਕਟਰ ਗੁਰਮੀਤ ਸਿੰਘ ਨੇ ਜਥੇਦਾਰ ਕਾਉਂਕੇ ਨੂੰ ਉਹਨਾਂ ਦੇ ਘਰੋਂ ਹਿਰਾਸਤ ਵਿੱਚ ਲੈ ਲਿਆ। ਪਿੰਡ ਦੇ ਪ੍ਰਮੁੱਖ ਲੋਕਾਂ ਦੇ ਦਖ਼ਲ ਤੋਂ ਬਾਅਦ ਉਹਨਾਂ ਨੂੰ ਰਿਹਾਅ ਕਰ ਦਿੱਤਾ ਗਿਆ। ਪਰ 25 ਦਸੰਬਰ 1992 ਨੂੰ, ਇੰਸਪੈਕਟਰ ਗੁਰਮੀਤ ਸਿੰਘ ਦੀ ਅਗਵਾਈ ਵਿੱਚ ਪੁਲਿਸ ਟੀਮ ਨੇ ਲਗਭਗ 200 ਪਿੰਡ ਵਾਸੀਆਂ ਦੀ ਮੌਜੂਦਗੀ ਵਿੱਚ, ਉਹਨਾਂ ਨੂੰ ਮੁੜ ਉਹਨਾਂ ਦੇ ਘਰੋਂ ਚੁੱਕ ਲਿਆ ਗਿਆ। ਪਟੀਸ਼ਨ ਅਨੁਸਾਰ, ਉਹਨਾਂ ਨੂੰ ਕਿਸੇ ਅਪਰਾਧ ਵਿੱਚ ਨਾਮਜ਼ਦ ਨਹੀਂ ਕੀਤਾ ਗਿਆ, ਨਾ ਹੀ ਕਿਸੇ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਉਹਨਾਂ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਜਗਰਾਉਂ ਪੁਲਿਸ ਸਟੇਸ਼ਨ ਅਤੇ ਸੀ.ਆਈ.ਏ. ਸਟਾਫ਼ ਦੀ ਇਮਾਰਤ ਵਿੱਚ ਰੱਖਿਆ ਗਿਆ, ਜਿਥੇ ਉਹਨਾਂ 'ਤੇ ਬੇਰਹਿਮੀ ਨਾਲ ਤਸੀਹੇ ਕੀਤੇ ਗਏ। ਜਥੇਦਾਰ ਦੀ ਪਤਨੀ ਗੁਰਮੇਲ ਕੌਰ ਅਤੇ ਨਾਬਾਲਗ ਪੁੱਤਰ ਹਰੀ ਸਿੰਘ ਸੇਖੋਂ ਉਹਨਾਂ ਲਈ ਖਾਣਾ ਅਤੇ ਕੱਪੜੇ ਥਾਣੇ ਲੈ ਕੇ ਜਾਂਦੇ ਸਨ। ਹਰੀ ਸਿੰਘ ਨੇ ਅਦਾਲਤ ਵਿੱਚ ਦੱਸਿਆ ਕਿ ਉਸ ਨੇ ਆਪਣੇ ਪਿਤਾ ਨੂੰ ਸੱਟਾਂ ਨਾਲ ਤੜਫ਼ਦੇ ਹੋਏ ਦੇਖਿਆ।

ਪਿੰਡ ਦੇ ਜਾਣਕਾਰ ਜਗਜੀਤ ਸਿੰਘ ਨੇ ਵੀ ਜਥੇਦਾਰ ਦੀ ਗੰਭੀਰ ਹਾਲਤ ਦੀ ਪੁਸ਼ਟੀ ਕੀਤੀ। 28 ਦਸੰਬਰ 1992 ਨੂੰ ਜਥੇਦਾਰ ਨੂੰ ਸੀ.ਆਈ.ਏ. ਪੁੱਛਗਿੱਛ ਕੇਂਦਰ ਜਗਰਾਉਂ ਵਿੱਚ ਤਬਦੀਲ ਕਰ ਦਿੱਤਾ ਗਿਆ, ਜਿਥੇ ਉਹ ਤਸੀਹਿਆਂ ਕਾਰਨ ਖਾਣਾ ਵੀ ਨਹੀਂ ਖਾ ਸਕਦੇ ਸਨ। 31 ਦਸੰਬਰ 1992 ਨੂੰ ਗੁਰਮੇਲ ਕੌਰ ਨੂੰ ਸੂਚਿਤ ਕੀਤਾ ਗਿਆ ਕਿ ਜਥੇਦਾਰ ਨੂੰ ਸੀ.ਆਈ.ਏ. ਸਟਾਫ਼ ਤੋਂ ਲਿਜਾਇਆ ਗਿਆ ਹੈ। ਇਸ ਤੋਂ ਬਾਅਦ ਉਹਨਾਂ ਦਾ ਕੋਈ ਪਤਾ ਨਾ ਲੱਗਿਆ। 2 ਜਨਵਰੀ 1993 ਨੂੰ ਇੰਸਪੈਕਟਰ ਗੁਰਮੀਤ ਸਿੰਘ ਨੇ ਸਿੱਧਵਾਂ ਬੇਟ ਪੁਲਿਸ ਸਟੇਸ਼ਨ ਨੂੰ ਦੱਸਿਆ ਕਿ ਜਥੇਦਾਰ ਪੁਲਿਸ ਹਿਰਾਸਤ ਵਿੱਚੋਂ ਫ਼ਰਾਰ ਹੋ ਗਏ। ਇਸ ਦੇ ਆਧਾਰ 'ਤੇ ਇੱਕ ਐਫ਼.ਆਈ.ਆਰ. ਦਰਜ ਕੀਤੀ ਗਈ, ਜਿਸ ਨੂੰ ਬਾਅਦ ਵਿੱਚ ਤਿਵਾੜੀ ਰਿਪੋਰਟ ਨੇ ਝੂਠਾ ਕਰਾਰ ਦਿੱਤਾ।

ਤਿਵਾੜੀ ਰਿਪੋਰਟ ਅਤੇ ਸਰਕਾਰ ਦੀ ਚੁੱਪ

1997 ਵਿੱਚ ਪੰਜਾਬ ਸਰਕਾਰ ਨੇ ਤਤਕਾਲੀ ਏ.ਡੀ.ਜੀ.ਪੀ. (ਸੁਰੱਖਿਆ) ਬੀ.ਪੀ. ਤਿਵਾੜੀ ਦੀ ਅਗਵਾਈ ਵਿੱਚ ਇਸ ਮਾਮਲੇ ਦੀ ਜਾਂਚ ਸ਼ੁਰੂ ਕੀਤੀ। ਤਿਵਾੜੀ ਨੇ ਕਈ ਗਵਾਹਾਂ ਦੇ ਬਿਆਨ ਦਰਜ ਕੀਤੇ ਅਤੇ ਆਪਣੀ ਰਿਪੋਰਟ ਵਿੱਚ ਸਪੱਸ਼ਟ ਕੀਤਾ ਕਿ ਜਥੇਦਾਰ ਕਾਉਂਕੇ ਨੂੰ 25 ਦਸੰਬਰ 1992 ਨੂੰ ਉਹਨਾਂ ਦੇ ਘਰੋਂ ਅਗਵਾ ਕੀਤਾ ਗਿਆ, ਗ਼ੈਰ-ਕਾਨੂੰਨੀ ਹਿਰਾਸਤ ਵਿੱਚ ਰੱਖਿਆ ਗਿਆ ਅਤੇ ਬੇਰਹਿਮੀ ਨਾਲ ਤਸੀਹੇ ਦਿੱਤੇ ਗਏ। ਰਿਪੋਰਟ ਅਨੁਸਾਰ, 28 ਦਸੰਬਰ 1992 ਤੋਂ ਬਾਅਦ ਕਿਸੇ ਨੇ ਜਥੇਦਾਰ ਨੂੰ ਜ਼ਿੰਦਾ ਨਹੀਂ ਦੇਖਿਆ। ਤਿਵਾੜੀ ਨੇ ਪੁਲਿਸ ਦੀ 'ਫ਼ਰਾਰ' ਵਾਲੀ ਕਹਾਣੀ ਨੂੰ ਝੂਠਾ ਦੱਸਿਆ ਅਤੇ ਸਬੰਧਿਤ ਅਧਿਕਾਰੀਆਂ ਵਿਰੁੱਧ ਅਪਰਾਧਿਕ ਮਾਮਲਾ ਦਰਜ ਕਰਨ ਦੀ ਸਿਫ਼ਾਰਸ਼ ਕੀਤੀ ਪਰ ਇਸ ਰਿਪੋਰਟ ਨੂੰ ਤਤਕਾਲੀ ਡੀ.ਜੀ.ਪੀ. ਸਰਬਦੀਪ ਸਿੰਘ ਨੇ ਮਨਜ਼ੂਰੀ ਨਹੀਂ ਦਿੱਤੀ। ਇਸ ਤੋਂ ਬਾਅਦ, (ਬਾਕੀ ਸਫ਼ਾ 31 'ਤੇ)

### ਵਕੀਲ ਕੀ ਆਖਦੇ ਹਨ?

ਜਥੇਦਾਰ ਕਾਉਂਕੇ ਦੇ ਪੁੱਤਰ ਹਰੀ ਸਿੰਘ ਸੇਖੋਂ ਦੀ ਪਟੀਸ਼ਨ ਨੂੰ ਵਕੀਲਾਂ ਨੇ ਮਜ਼ਬੂਤੀ ਨਾਲ ਅਦਾਲਤ ਵਿੱਚ ਪੇਸ਼ ਕੀਤਾ ਹੈ। ਵਕੀਲਾਂ ਦਾ ਮੁੱਖ ਦਾਅਵਾ ਹੈ ਕਿ:ਜਥੇਦਾਰ ਨੂੰ ਗ਼ੈਰ-ਕਾਨੂੰਨੀ ਤਰੀਕੇ ਨਾਲ ਹਿਰਾਸਤ 'ਚ ਲਿਆ ਗਿਆ ਅਤੇ ਉਹਨਾਂ 'ਤੇ ਤਸੀਹੇ ਕੀਤੇ ਗਏ, ਜਿਸ ਦੀ ਪੁਸ਼ਟੀ ਗਵਾਹਾਂ, ਜਿਵੇਂ ਜਗਜੀਤ ਸਿੰਘ ਅਤੇ ਡਾਕਟਰ ਨੇ ਕੀਤੀ। ਤਿਵਾੜੀ ਰਿਪੋਰਟ ਨੇ ਸਪੱਸ਼ਟ ਕੀਤਾ ਕਿ ਜਥੇਦਾਰ ਦੀ ਮੌਤ ਹਿਰਾਸਤ 'ਚ ਹੋਈ, ਅਤੇ ਪੁਲਿਸ ਦੀ 'ਫ਼ਰਾਰ' ਵਾਲੀ ਕਹਾਣੀ ਝੂਠੀ ਸੀ। ਪੰਜਾਬ ਸਰਕਾਰ ਅਤੇ ਪੁਲਿਸ ਨੇ ਜਾਂਚ ਨੂੰ ਦਬਾਇਆ ਅਤੇ ਦੋਸ਼ੀ ਅਧਿਕਾਰੀਆਂ ਵਿਰੁੱਧ ਕੋਈ ਕਾਰਵਾਈ ਨਹੀਂ ਕੀਤੀ, ਜੋ ਮਨੁੱਖੀ ਹੱਕਾਂ ਦੀ ਉਲੰਘਣਾ ਹੈ। ਵਕੀਲਾਂ ਨੇ ਅਦਾਲਤ ਤੋਂ ਮੰਗ ਕੀਤੀ ਹੈ ਕਿ ਇੰਸਪੈਕਟਰ ਗੁਰਮੀਤ ਸਿੰਘ ਸਮੇਤ ਸਬੰਧਤ ਅਧਿਕਾਰੀਆਂ ਵਿਰੁੱਧ ਅਪਰਾਧਿਕ ਮਾਮਲਾ ਦਰਜ ਕੀਤਾ ਜਾਵੇ। ਵਕੀਲਾਂ ਦਾ ਇਹ ਵੀ ਕਹਿਣਾ ਹੈ ਕਿ ਸਰਕਾਰ ਅਤੇ ਪੁਲਿਸ ਦੀ ਮਿਲੀਭੁਗਤ ਨੇ ਇਸ ਮਾਮਲੇ ਨੂੰ 32 ਸਾਲ ਤੱਕ ਲਮਕਾਇਆ, ਜਿਸ ਕਾਰਨ ਸਿੱਖ ਸਮਾਜ ਇਚ ਰੋਸ ਅਤੇ ਅਵਿਸ਼ਵਾਸ ਪੈਦਾ ਹੋਇਆ। ਅੱਜ, 32 ਸਾਲ ਬਾਅਦ, ਜਦੋਂ ਹਾਈ ਕੋਰਟ 'ਚ ਮੁੜ ਇਹ ਮਾਮਲਾ ਗੂੰਜਿਆ, ਤਾਂ ਸਿੱਖ ਪੰਥ ਵਿੱਚ ਫ਼ਿਰ ਉਮੀਦ ਜਾਗੀ ਹੈ। ਜਥੇਦਾਰ ਗੁਰਦੇਵ ਸਿੰਘ ਕਾਉਂਕੇ ਦੀ ਸ਼ਹਾਦਤ ਪੰਜਾਬ ਦੇ ਸੰਘਰਸ਼ ਦੀ ਇੱਕ ਦੁਖਦਾਈ ਗਾਥਾ ਹੈ। 32 ਸਾਲਾਂ ਦੀ ਲੰਮੀ ਉਡੀਕ ਤੋਂ ਬਾਅਦ, ਹਾਈ ਕੋਰਟ ਦਾ ਨੋਟਿਸ ਇੱਕ ਨਵੀਂ ਸ਼ੁਰੂਆਤ ਹੋ ਸਕਦਾ ਹੈ। ਪਰ ਸਵਾਲ ਇਹ ਹੈ ਕਿ ਕੀ ਸਰਕਾਰ ਅਤੇ ਪੁਲਿਸ ਹੁਣ ਸੱਚ ਨੂੰ ਸਵੀਕਾਰ ਕਰੇਗੀ? ਕੀ ਇੰਸਪੈਕਟਰ ਗੁਰਮੀਤ ਸਿੰਘ ਅਤੇ ਹੋਰ ਅਧਿਕਾਰੀਆਂ ਨੂੰ ਸਜ਼ਾ ਮਿਲੇਗੀ? ਜਾਂ ਫ਼ਿਰ ਇਹ ਮਾਮਲਾ ਵੀ ਪੁਰਾਣੀਆਂ ਫ਼ਾਈਲਾਂ ਵਿੱਚ ਗੁਆਚ ਜਾਵੇਗਾ? ਸਿੱਖ ਪੰਥ ਅਤੇ ਮਨੁੱਖੀ ਹੱਕ ਸੰਗਠਨਾਂ ਨੂੰ ਇਸ ਲੜਾਈ ਨੂੰ ਜਾਰੀ ਰੱਖਣਾ ਹੋਵੇਗਾ, ਕਿਉਂਕਿ ਜਥੇਦਾਰ ਕਾਉਂਕੇ ਦੀ ਸ਼ਹਾਦਤ ਸਿਰਫ਼ ਇੱਕ ਪਰਿਵਾਰ ਦੀ ਨਹੀਂ, ਸਗੋਂ ਸਮੁੱਚੇ ਪੰਥ ਦੀ ਕੁਰਬਾਨੀ ਹੈ।

## ਸਾਕਾ ਨੀਲਾ ਤਾਰਾ ਦੌਰਾਨ ਜ਼ਖ਼ਮੀ ਹੋਏ ਪਾਵਨ ਸਰੂਪ ਸੰਗਤ ਦੇ ਦਰਸ਼ਨਾਂ ਲਈ ਸੁਸ਼ੋਭਿਤ ਕੀਤੇ



ਅੰਮ੍ਰਿਤਸਰ/ਏ.ਟੀ.ਨਿਊਜ਼: ਜੂਨ 1984 ਸਾਕਾ ਨੀਲਾ ਤਾਰਾ ਸਮੇਂ ਫ਼ੌਜ ਦੀ ਗੋਲੀ ਨਾਲ ਜ਼ਖ਼ਮੀ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਸ੍ਰੀ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਵਿਖੇ ਸੰਗਤ ਦਰਸ਼ਨ ਵਾਸਤੇ ਸੁਸ਼ੋਭਿਤ ਕੀਤਾ ਗਿਆ ਹੈ। ਜ਼ਖ਼ਮੀ ਪਾਵਨ ਸਰੂਪ ਦੇ 6 ਜੂਨ ਤੱਕ ਇੱਥੇ ਸੰਗਤ ਦਰਸ਼ਨ ਕਰ ਸਕੇਗੀ। ਇਸ ਸਬੰਧ ਵਿੱਚ ਇੱਥੇ ਗੁਰਮਤਿ ਪਰੰਪਰਾ ਅਨੁਸਾਰ ਗੁਰਬਾਣੀ ਦਾ ਕੀਰਤਨ ਤੇ ਅਰਦਾਸ ਕੀਤੀ ਗਈ ਅਤੇ ਪਾਵਨ ਸਰੂਪ ਨੂੰ ਸਿੱਖ ਸੰਗਤ ਦੇ ਦਰਸ਼ਨਾਂ ਵਾਸਤੇ ਸੁਸ਼ੋਭਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਜੂਨ 1984 ਵਿੱਚ ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਨੂੰ ਗੋਲੀ ਲੱਗੀ ਸੀ, ਜਿਸ ਕਾਰਨ ਕਈ ਅੰਗ ਜ਼ਖ਼ਮੀ ਹੋ ਗਏ ਸਨ। ਸਾਬਕਾ ਜਥੇਦਾਰ ਗਿਆਨੀ ਗੁਰਮੁਖ ਸਿੰਘ ਦੀ ਅਗਵਾਈ ਹੇਠ ਪੁਰਾਤਨ ਗ੍ਰੰਥਾਂ ਦੀ ਸਾਂਭ ਸੰਭਾਲ ਦੇ ਮਾਹਰਾਂ ਵੱਲੋਂ ਲੰਮਾ ਸਮਾਂ ਇਸ ਦੀ ਸੇਵਾ ਸੰਭਾਲ ਦਾ ਕਾਰਜ ਕੀਤਾ ਗਿਆ। ਹੁਣ ਪਿਛਲੇ ਕੁਝ ਸਾਲਾਂ ਤੋਂ ਇਸ ਨੂੰ ਘੱਲੂਘਾਰਾ ਸਪਤਾਹ ਸਮੇਂ ਸੰਗਤ ਦਰਸ਼ਨ ਵਾਸਤੇ ਲਿਆਂਦਾ ਜਾਂਦਾ ਹੈ। ਪਾਵਨ ਸਰੂਪ ਵਿੱਚ ਲੱਗੀ ਗੋਲੀ, ਜ਼ਖ਼ਮੀ ਹੋਏ ਅੰਗਾਂ ਦੇ ਹਿੱਸੇ ਅਤੇ ਹੋਰ ਸਮਾਨ ਵੀ ਸੰਭਾਲਿਆ ਗਿਆ ਹੈ, ਜੋ ਕਿ ਨਾਲ ਹੀ ਦਰਸ਼ਨਾ ਲਈ ਰੱਖੇ ਗਏ ਹਨ। ਇਸ ਸਮਾਗਮ ਸਮੇਂ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ, ਮੁੱਖ ਮੈਨੇਜਰ ਭਗਵੰਤ ਸਿੰਘ ਧੰਗੇੜਾ, ਜਸਪਾਲ ਸਿੰਘ, (ਬਾਕੀ ਸਫ਼ਾ 30 'ਤੇ)

## ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਸਾਊਦੀ ਅਰਬ ਦੇ ਹੋਟਲ ਦੀ ਦੀਵਾਰ ਤੋਂ ਹਟਾਈਆਂ

ਸ੍ਰੀ ਅਨੰਦਪੁਰ ਸਾਹਿਬ/ਏ.ਟੀ.ਨਿਊਜ਼: ਸਾਊਦੀ ਅਰਬ ਦੇ ਹੋਟਲ ਦੀ ਦੀਵਾਰ ਤੋਂ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਹਟਾ ਦਿੱਤੀਆਂ ਗਈਆਂ ਹਨ। ਮਿਲੀ ਜਾਣਕਾਰੀ ਮੁਤਾਬਕ ਸਾਊਦੀ ਅਰਬ ਦੇ ਅਲ-ਕੁਰਿਆਦ ਸ਼ਹਿਰ ਦੇ ਇੱਕ ਹੋਟਲ ਗੋਲਡ ਡੋਮ ਰੈਸਟੋਰੈਂਟ ਦੇ ਆਲੇ-ਦੁਆਲੇ ਅਤੇ ਬਾਹਰਲੀਆਂ ਦੀਵਾਰਾਂ ਉੱਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਸਰਬੱਤ ਦਾ ਭਲਾ ਗਰੁੱਪ ਦੇ ਮੁੱਖ ਸੇਵਾਦਾਰ ਜਸਵਿੰਦਰ ਸਿੰਘ ਬੈਂਸ ਅਤੇ ਸੰਦੀਪ ਸਿੰਘ ਖ਼ਾਲਸਾ ਦੀ ਅਗਵਾਈ ਹੇਠ ਕੀਤੇ ਗਏ ਸਾਂਝੇ ਯਤਨਾਂ ਨਾਲ ਉਤਾਰ ਦਿੱਤੀਆਂ ਗਈਆਂ ਹਨ।



ਜਸਵਿੰਦਰ ਸਿੰਘ ਬੈਂਸ ਅਤੇ ਸੰਦੀਪ ਖ਼ਾਲਸਾ ਨੇ ਦੱਸਿਆ ਕਿ ਉਹ ਸਾਊਦੀ ਅਰਬ ਦੇ ਅਲ-ਕੁਰਿਆਦ ਸ਼ਹਿਰ ਵਿੱਚ ਬਣਾਏ ਗਏ ਗੋਲਡਨ ਡੋਮ ਰੈਸਟੋਰੈਂਟ ਦਾ ਆਕਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਰਗਾ ਬਣਾਇਆ ਗਿਆ ਸੀ ਅਤੇ ਇਸ ਹੋਟਲ ਦੇ ਬਾਹਰ ਆਲੇ-ਦੁਆਲੇ ਅਤੇ ਬਾਹਰਲੀਆਂ ਦੀਵਾਰਾਂ 'ਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਲਗਾਈਆਂ ਗਈਆਂ ਸਨ। ਇਥੇ ਹੀ ਬਸ ਨਹੀਂ ਇਸ ਹੋਟਲ ਵਿੱਚ ਮੀਟ ਅਤੇ ਤਬਾਕੂ ਆਦਿ ਦੀ ਵਰਤੋਂ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਜਦੋਂ ਇਸ ਦੀ ਸੂਚਨਾ ਗਰੁੱਪ ਨੂੰ ਮਿਲੀ ਤਾਂ ਉਨ੍ਹਾਂ ਵੱਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ, ਪੰਜਾਬ ਸਰਕਾਰ ਅਤੇ ਸੰਤਾਂ-ਮਹਾਂਪੁਰਸ਼ਾਂ ਨੂੰ ਪੱਤਰ ਲਿਖ ਕੇ ਇਸ ਸਮੱਸਿਆ ਦੇ ਹੱਲ ਲਈ ਕੌਮਾਂਤਰੀ ਪੱਧਰ 'ਤੇ ਯਤਨ ਕਰਨ ਦੀ ਅਪੀਲ ਵੀ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਸਾਊਦੀ ਅਰਬ ਸਫ਼ਾਰਤ ਖ਼ਾਨੇ ਨੂੰ ਪੱਤਰ ਲਿਖ ਕੇ ਇਸ ਸਮੱਸਿਆ ਦੇ ਹੱਲ ਲਈ ਢੁੱਕਵੇਂ ਯਤਨ ਕਰਨ ਦੀ ਹਦਾਇਤ ਵੀ ਕੀਤੀ ਗਈ ਸੀ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਉਹ ਇੱਕ ਵਫ਼ਦ ਲੈ ਕੇ ਸਾਊਦੀ ਅਰਬ ਦੇ ਹੋਟਲ ਦੇ ਮਾਲਕ ਸ਼ੇਖ ਨੂੰ ਵੀ ਮਿਲੇ ਅਤੇ ਫਿਰ ਉਕਤ ਸ਼ੇਖ ਨਾਲ ਸਹਿਮਤੀ ਬਣਾ ਕੇ ਉਸ ਨੂੰ ਤਸਵੀਰਾਂ ਅਤੇ ਹੋਰ ਲੋੜੀਂਦਾ ਖ਼ਰਚਾ ਦੇ ਕੇ ਜੇ.ਸੀ.ਬੀ. ਦੀ ਮਦਦ ਨਾਲ ਪੰਜਾਬੀ ਨੌਜਵਾਨਾਂ ਵੱਲੋਂ ਇਹ ਤਸਵੀਰਾਂ ਲਾਹ ਦਿੱਤੀਆਂ ਗਈਆਂ।

ਉਨ੍ਹਾਂ ਕਿਹਾ ਕਿ ਇਹ ਤਸਵੀਰਾਂ ਹੋਟਲ 'ਤੇ ਬੀਤੇ 7 ਸਾਲਾਂ ਤੋਂ ਲੱਗੀਆਂ ਸਨ ਅਤੇ ਉਨ੍ਹਾਂ ਵੱਲੋਂ ਦੋ ਮਹੀਨੇ ਪਹਿਲਾਂ ਇਨ੍ਹਾਂ ਨੂੰ ਹੋਟਲ ਤੋਂ ਹਟਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਇਹ ਕਾਰ ਸੇਵਾ ਵਿੱਚ ਸਫ਼ਲਤਾ ਹਾਸਲ ਕੀਤੀ। ਬੈਂਸ ਅਤੇ ਖ਼ਾਲਸਾ ਨੇ ਕਿਹਾ ਕਿ ਫਿਰ ਇਨ੍ਹਾਂ ਤਸਵੀਰਾਂ ਦਾ ਸਿੱਖ ਰੀਤੀ-ਰਿਵਾਜਾਂ ਨਾਲ ਦਾਹ ਸਸਕਾਰ ਕਰਕੇ ਰਾਖ ਨੂੰ ਸਮੁੰਦਰ ਵਿੱਚ ਜਲ-ਪ੍ਰਵਾਹ ਕਰ ਦਿੱਤਾ ਗਿਆ।

ਦੋਵੇਂ ਨੌਜਵਾਨਾਂ ਵੱਲੋਂ ਸਹਿਯੋਗ ਲਈ ਸਾਰੀਆਂ ਸ਼ਖ਼ਸੀਅਤਾਂ ਦਾ ਧੰਨਵਾਦ ਵੀ ਕੀਤਾ ਗਿਆ।

ਜਦੋਂ ਇਸ ਦੀ ਸੂਚਨਾ ਸ੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਸ਼੍ਰੋਮਣੀ ਕਮੇਟੀ ਭਾਈ ਅਮਰਜੀਤ ਸਿੰਘ ਚਾਵਲਾ ਨੂੰ ਮਿਲੀ ਤਾਂ ਉਨ੍ਹਾਂ ਕਿਹਾ ਕਿ ਵਿਦੇਸ਼ੀ ਧਰਤੀ 'ਤੇ ਇਨ੍ਹਾਂ ਨੌਜਵਾਨਾਂ ਵੱਲੋਂ ਕੀਤਾ ਗਿਆ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਜਿਨ੍ਹਾਂ ਨੇ ਸੱਚਖੰਡ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਨੂੰ ਰੋਕਿਆ ਅਤੇ ਆਪਣੀ ਕਿਰਤ ਕਮਾਈ ਵਿੱਚੋਂ ਇੱਕ ਵੱਡੀ ਰਾਸ਼ੀ ਸਾਊਦੀ ਅਰਬ ਸ਼ੇਖ ਨੂੰ ਵੀ ਅਦਾ ਕੀਤੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਨ੍ਹਾਂ ਨੌਜਵਾਨਾਂ ਦਾ ਪੰਜਾਬ ਆਉਣ 'ਤੇ ਵਿਸ਼ੇਸ਼ ਸਨਮਾਨ ਕਰੇਗੀ।

# ਅੰਮ੍ਰਿਤਸਰ ਵਿੱਚ ਮੁੜ ਵਧੀਆਂ ਰੌਣਕਾਂ: ਸ੍ਰੀ ਦਰਬਾਰ ਸਾਹਿਬ 'ਚ ਸੰਗਤਾਂ ਦੀ ਭਰਮਾਰ

## ਕਾਰੋਬਾਰ ਨੇ ਫ਼ੜੀ ਰ.ਫ਼ਤਾਰ, ਹੋਟਲਾਂ ਵਿੱਚ ਬੁਕਿੰਗ 40 ਫ਼ੀਸਦੀ ਤੱਕ ਪਹੁੰਚੀ

ਅੰਮ੍ਰਿਤਸਰ/ਏ.ਟੀ.ਨਿਊਜ਼: ਭਾਰਤ-ਪਾਕਿ ਤਣਾਅ ਤੋਂ ਬਾਅਦ ਅੰਮ੍ਰਿਤਸਰ ਦੀਆਂ ਗਲੀਆਂ ਵਿੱਚ ਮੁੜ ਰੌਣਕਾਂ ਪਰਤ ਆਈਆਂ ਹਨ। ਸ੍ਰੀ ਦਰਬਾਰ ਸਾਹਿਬ 'ਚ ਸੰਗਤਾਂ ਦੀ ਗਿਣਤੀ ਵਧਣ ਲੱਗੀ ਹੈ, ਹਵਾਈ ਅੱਡੇ 'ਤੇ ਯਾਤਰੀਆਂ ਦੀ ਆਵਾਜਾਈ ਨੇ ਜੋਰ ਫ਼ੜਿਆ, ਹੋਟਲਾਂ ਵਿੱਚ ਬੁਕਿੰਗ 40 ਫ਼ੀਸਦੀ ਤੱਕ ਪਹੁੰਚ ਗਈ ਤੇ ਅਟਾਰੀ-ਵਾਹਗਾ ਸਰਹੱਦ 'ਤੇ ਰਿਟਰੀਟ ਸੈਰੇਮਨੀ 'ਚ 10 ਹਜ਼ਾਰ ਦਰਸ਼ਕਾਂ ਦੀ ਭੀੜ ਸ਼ੁਰੂ ਹੋ ਗਈ। ਸ਼ਹਿਰ ਦੀ ਅਰਥਵਿਵਸਥਾ ਮੁੜ ਪੱਟੜੀ 'ਤੇ ਆਉਂਦੀ ਨਜ਼ਰ ਆ ਰਹੀ ਹੈ।

**ਸ੍ਰੀ ਦਰਬਾਰ ਸਾਹਿਬ 'ਚ ਸੰਗਤਾਂ ਦੀ ਭੀੜ ਵਧੀ**

ਸਿੱਖਾਂ ਦੇ ਪਵਿੱਤਰ ਅਸਥਾਨ ਸ੍ਰੀ ਦਰਬਾਰ ਸਾਹਿਬ 'ਚ ਸੰਗਤਾਂ ਦੀ ਗਿਣਤੀ 'ਚ ਚੰਗਾ ਵਾਧਾ ਦੇਖਣ ਨੂੰ ਮਿਲ ਰਿਹਾ ਹੈ। ਰੋਜ਼ਾਨਾ 1 ਲੱਖ ਤੋਂ ਵੱਧ ਸੰਗਤਾਂ ਦਰਸ਼ਨਾਂ ਲਈ ਪਹੁੰਚਦੀਆਂ ਹਨ, ਪਰ ਗੁਰਪੁਰਬ ਜਾਂ ਖਾਸ ਮੌਕਿਆਂ 'ਤੇ ਇਹ ਅੰਕੜਾ ਹੋਰ ਵਧ ਜਾਂਦਾ ਹੈ। ਭਾਰਤ-ਪਾਕਿ ਤਣਾਅ ਦੌਰਾਨ ਸੰਗਤਾਂ ਦੀ ਗਿਣਤੀ ਵਿੱਚ ਕਮੀ ਆਈ ਸੀ, ਪਰ ਹੁਣ ਪਹਿਲਾਂ ਵਾਲੀਆਂ ਰੌਣਕਾਂ ਮੁੜ ਬਹਾਲ ਹੋ ਰਹੀਆਂ ਹਨ। ਸੰਗਤਾਂ ਦੀ ਵਧਦੀ ਗਿਣਤੀ ਨੇ ਸਥਾਨਕ ਕਾਰੋਬਾਰੀਆਂ ਦੇ ਚਿਹਰਿਆਂ 'ਤੇ ਵੀ ਮੁਸਕਾਨ ਲਿਆਂਦੀ ਹੈ।

**ਹਵਾਈ ਅੱਡੇ 'ਤੇ ਯਾਤਰੀਆਂ ਦੀ ਆਵਾਜਾਈ ਨੇ ਫ਼ੜਿਆ ਜ਼ੋਰ**

ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਤਣਾਅ ਤੋਂ ਪਹਿਲਾਂ ਹਫ਼ਤਾਵਾਰੀ 68 ਹਜ਼ਾਰ ਦੇ ਕਰੀਬ ਯਾਤਰੀਆਂ ਦੀ ਆਵਾਜਾਈ ਸੀ, ਜੋ ਮਈ 'ਚ ਬੰਦ ਹੋਣ ਤੋਂ ਬਾਅਦ 23,777 ਤੱਕ



ਸੁੰਗੜ ਗਈ ਸੀ। ਹੁਣ 20-26 ਮਈ ਦੌਰਾਨ 374 ਉਡਾਣਾਂ ਰਾਹੀਂ 49,146 ਯਾਤਰੀਆਂ ਨੇ ਯਾਤਰਾ ਕੀਤੀ। ਸਮੀਪ ਸਿੰਘ, ਫ਼ਲਾਈ ਅੰਮ੍ਰਿਤਸਰ ਇਨੀਸ਼ੀਏਟਿਵ ਦੇ ਗਲੋਬਲ ਕਨਵੀਨਰ, ਮੁਤਾਬਕ 80 ਫ਼ੀਸਦੀ ਉਡਾਣਾਂ ਬਹਾਲ ਹੋ ਚੁੱਕੀਆਂ ਹਨ, ਜਿਸ ਨਾਲ ਯਾਤਰੀਆਂ ਦੀ ਗਿਣਤੀ ਜਲਦੀ ਹੀ ਪਹਿਲਾਂ ਵਾਲੇ ਪੱਧਰ 'ਤੇ ਪਹੁੰਚ ਜਾਵੇਗੀ।

**ਹੋਟਲਾਂ ਵਿੱਚ 40 ਫ਼ੀਸਦੀ ਬੁਕਿੰਗ, 60 ਫ਼ੀਸਦੀ ਦੀ ਉਮੀਦ**

ਸ਼ਹਿਰ ਦੇ ਹੋਟਲਾਂ ਤੇ ਗੈਸਟ ਹਾਊਸਾਂ 'ਚ ਮੁੜ ਸੈਲਾਨੀਆਂ ਦੀ ਚਹਿਲ-ਪਹਿਲ ਵਧਣ ਲੱਗੀ ਹੈ। ਫ਼ੈੱਡਰੇਸ਼ਨ ਆਫ਼ ਹੋਟਲ ਐਂਡ ਗੈਸਟ ਹਾਊਸ ਐਸੋਸੀਏਸ਼ਨ ਦੇ ਪ੍ਰਧਾਨ ਸੁਰਿੰਦਰ ਸਿੰਘ ਨੇ ਦੱਸਿਆ ਕਿ 40 ਫ਼ੀਸਦੀ ਬੁਕਿੰਗ ਹੋ ਰਹੀ ਹੈ, ਜੋ ਪਹਿਲਾਂ ਦੇ ਮੁਕਾਬਲੇ ਵੱਡੀ ਗੱਲ ਹੈ। ਤਣਾਅ ਦੌਰਾਨ ਗੁਜਰਾਤ ਤੇ ਮਹਾਰਾਸ਼ਟਰ ਦੇ ਸੈਲਾਨੀਆਂ ਨੇ ਬੁਕਿੰਗ ਰੱਦ ਕਰ ਦਿੱਤੀਆਂ ਸਨ, ਪਰ ਹੁਣ ਪੰਜਾਬ, ਦਿੱਲੀ, ਰਾਜਸਥਾਨ ਤੇ ਕਲਕੱਤੇ ਤੋਂ ਸੈਲਾਨੀ ਆਉਣ ਲੱਗੇ ਹਨ। ਸਤੰਬਰ-ਅਕਤੂਬਰ ਵਿੱਚ ਬੁਕਿੰਗ 60 ਫ਼ੀਸਦੀ ਤੱਕ ਜਾਣ ਦੀ ਉਮੀਦ ਹੈ।

**ਕਾਰੋਬਾਰ ਵਿੱਚ ਆਈ ਤੇਜ਼ੀ, ਅਟਾਰੀ-ਵਾਹਗਾ 'ਤੇ ਰਿਟਰੀਟ ਸੈਰੇਮਨੀ ਦਾ ਜਾਦੂ**

ਅੰਮ੍ਰਿਤਸਰ ਦੇ ਕਾਰੋਬਾਰ ਵਿੱਚ ਵੀ ਜਾਨ ਪੈਣ ਲੱਗੀ ਹੈ। ਸੈਰ-ਸਪਾਟੇ ਨਾਲ ਜੁੜੇ ਵਪਾਰੀਆਂ, ਜਿਵੇਂ ਰੈਸਟੋਰੈਂਟ, ਦੁਕਾਨਾਂ ਤੇ ਟਰੈਵਲ ਏਜੰਸੀਆਂ, ਨੂੰ ਸੰਗਤਾਂ ਤੇ ਸੈਲਾਨੀਆਂ ਦੀ ਵਧਦੀ ਗਿਣਤੀ ਨਾਲ ਫ਼ਾਇਦਾ ਹੋ ਰਿਹਾ ਹੈ। ਅਟਾਰੀ-ਵਾਹਗਾ ਸਰਹੱਦ 'ਤੇ ਰਿਟਰੀਟ ਸੈਰੇਮਨੀ ਮੁੜ ਸ਼ੁਰੂ ਹੋਣ ਨਾਲ 10 ਹਜ਼ਾਰ ਦਰਸ਼ਕਾਂ ਦੀ ਭੀੜ ਨੇ ਸੈਰ-ਸਪਾਟੇ ਨੂੰ ਹੁਲਾਰਾ ਦਿੱਤਾ ਹੈ। ਸਥਾਨਕ ਵਪਾਰੀਆਂ ਮੁਤਾਬਕ, ਸੈਲਾਨੀਆਂ ਦੀ ਵਧਦੀ ਆਮਦ ਨੇ ਬਾਜ਼ਾਰਾਂ ਵਿੱਚ ਰੌਣਕਾਂ ਲਿਆਂਦੀਆਂ ਹਨ, ਜਿਸ ਨਾਲ ਅਰਥਵਿਵਸਥਾ ਨੇ 30-40 ਫ਼ੀਸਦੀ ਦੀ ਰਫ਼ਤਾਰ ਫ਼ੜ ਲਈ ਹੈ।

**ਮਾਮਲਾ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦਾ**

# ਪੰਥਕ ਜਥੇਬੰਦੀਆਂ ਵੱਲੋਂ ਮੁੱਖ ਮੰਤਰੀ ਦੀ ਰਿਹਾਇਸ਼ ਘੇਰਨ ਦੀ ਚਿਤਾਵਨੀ

ਕੋਟਕਪੂਰਾ/ਏ.ਟੀ.ਨਿਊਜ਼: ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਅਤੇ ਉਸ ਮਗਰੋਂ ਵਾਪਰੇ ਗੋਲੀ ਕਾਂਡ ਦੀ ਯਾਦ ਵਿੱਚ ਸ਼ਹੀਦਾਂ ਦੇ ਪਰਿਵਾਰਕ ਮੈਂਬਰਾਂ ਅਤੇ ਪੰਥਕ ਜਥੇਬੰਦੀਆਂ ਦੇ ਆਗੂਆਂ ਨੇ ਬੁਰਜ ਜਵਾਹਰ ਸਿੰਘ ਵਾਲਾ ਦੇ ਗੁਰਦੁਆਰਾ (ਜਿੱਥੋਂ ਬੇਅਦਬੀ ਦੀਆਂ ਘਟਨਾਵਾਂ ਸ਼ੁਰੂ ਹੋਈਆਂ ਸਨ) ਤੋਂ ਲੈ ਕੇ ਕੋਟਕਪੂਰਾ ਚੌਕ (ਜਿੱਥੇ ਗੋਲੀ ਕਾਂਡ ਵਾਪਰਿਆ) ਤੱਕ ਰੋਸ ਮਾਰਚ ਕੀਤਾ। ਆਗੂਆਂ ਨੇ ਕਿਹਾ ਕਿ ਇਨ੍ਹਾਂ ਘਟਨਾਵਾਂ ਨੂੰ 10 ਸਾਲ ਬੀਤ ਗਏ ਹਨ ਪਰ ਹਾਲੇ ਤੱਕ ਕਿਸੇ ਨੂੰ ਇਨਸਾਫ਼ ਨਹੀਂ ਮਿਲਿਆ। ਆਗੂਆਂ ਨੇ ਸਰਕਾਰ ਨੂੰ ਇਕ ਮਹੀਨੇ ਦਾ ਅਲਟੀਮੇਟਮ ਦਿੰਦਿਆਂ ਮੁੱਖ ਮੰਤਰੀ ਦੀ ਰਿਹਾਇਸ਼ ਦਾ ਘਿਰਾਓ ਕਰਨ ਦਾ ਐਲਾਨ ਕੀਤਾ।



ਸਤਿਕਾਰ ਕਮੇਟੀ ਦੇ ਆਗੂ ਸੁਖਜੀਤ ਸਿੰਘ ਖੋਸਾ ਅਤੇ ਸੁਖਰਾਜ ਸਿੰਘ ਨਿਆਮੀਵਾਲਾ ਨੇ ਕਿਹਾ ਕਿ ਬੇਅਦਬੀ ਅਤੇ ਗੋਲੀ ਕਾਂਡ ਨੂੰ 10 ਸਾਲ ਬੀਤ ਗਏ ਹਨ ਅਤੇ ਦੋ ਸਰਕਾਰਾਂ ਵੀ ਇਨਸਾਫ਼ ਦੇਣ ਦਾ ਵਾਅਦਾ ਕਰਕੇ ਬਣੀਆਂ ਪਰ ਹਾਲੇ ਤੱਕ ਕਿਸੇ ਨੂੰ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਕਿਹਾ ਕਿ ਸਰਕਾਰ ਡੇਰਾ ਸਿਰਸਾ ਦੇ ਮੁਖੀ ਨੂੰ ਪ੍ਰੋਡਕਸ਼ਨ ਵਾਰੰਟ 'ਤੇ ਪੰਜਾਬ ਲਿਆ ਕੇ ਪੁੱਛਗਿੱਛ ਕਰੇ ਤਾਂ ਹੀ ਬੇਅਦਬੀਆਂ ਦਾ ਸੱਚ ਸਾਹਮਣੇ ਆ ਸਕਦਾ ਹੈ। ਪੰਥਕ ਆਗੂਆਂ ਨੇ ਕਿਹਾ ਕਿ ਇਸ ਮਾਮਲੇ ਵਿੱਚ ਸਰਕਾਰ ਦੀ ਭੂਮਿਕਾ ਪੂਰੀ ਤਰ੍ਹਾਂ ਸ਼ੱਕੀ ਹੈ ਕਿਉਂਕਿ ਇਸ ਨੇ ਕੋਈ ਠੋਸ ਕਾਨੂੰਨੀ ਕਾਰਵਾਈ ਨਹੀਂ ਕੀਤੀ। ਉਨ੍ਹਾਂ ਮੰਗ ਕੀਤੀ ਕਿ ਕੇਸਾਂ ਨੂੰ ਫ਼ਾਸਟ ਟਰੈਕ 'ਤੇ ਲਿਆ ਕੇ ਜਲਦੀ ਇਨਸਾਫ਼ ਦੇਣ ਵੱਲ ਕਦਮ ਵਧਾਇਆ ਜਾਵੇ। ਉਨ੍ਹਾਂ ਚਿਤਾਵਨੀ ਦਿੱਤੀ ਕਿ ਜੇ ਮਹੀਨੇ ਦੇ ਅੰਦਰ ਅੰਦਰ ਬਹਿਬਲ ਗੋਲੀ ਕਾਂਡ ਦੇ ਦੋਸ਼ੀਆਂ ਦਾ ਚਲਾਨ ਪੇਸ਼ ਨਹੀਂ ਕੀਤਾ ਗਿਆ ਤਾਂ ਮੁੱਖ ਮੰਤਰੀ ਭਗਵੰਤ ਮਾਨ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ।

## ਸ਼੍ਰੋਮਣੀ ਕਮੇਟੀ ਦੇ ਵਫ਼ਦ ਵੱਲੋਂ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨਾਲ ਮੀਟਿੰਗ



ਜੈਤੋ/ਏ.ਟੀ.ਨਿਊਜ਼: ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪਿਛਲੇ ਦਿਨੀਂ ਪੰਜ ਸਿੰਘ ਸਾਹਿਬਾਨ ਦੀ ਹੋਈ ਇਕੱਤਰਤਾ ਤੋਂ ਬਾਅਦ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਕੀਤੇ ਆਦੇਸ਼ ਦੇ ਮਾਮਲੇ ਵਿੱਚ ਗੱਲਬਾਤ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਵੱਲੋਂ ਗਠਿਤ ਕੀਤੀ ਕਮੇਟੀ ਨੇ ਪਿਛਲੇ ਦਿਨੀਂ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਨਾਲ ਮੀਟਿੰਗ ਕੀਤੀ।

ਸ਼੍ਰੋਮਣੀ ਕਮੇਟੀ ਵੱਲੋਂ ਭੇਜੇ ਗਏ ਇਸ ਵਫਦ ਵਿੱਚ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਮੈਂਬਰ ਭਾਈ ਗੁਰਚਰਨ ਸਿੰਘ ਗਰੇਵਾਲ, ਸ. ਗੁਰਬਚਨ ਸਿੰਘ ਕਰਮੂੰਵਾਲਾ ਅਤੇ ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ ਸ਼ਾਮਲ ਸਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਮੈਂਬਰ ਭਾਈ (**ਬਾਕੀ ਸਫ਼ਾ 31 'ਤੇ**)

## ਸ੍ਰੀ ਦਰਬਾਰ ਸਾਹਿਬ ਵਿਖੇ ਸੰਗਤ ਲਈ ਇਸੇ ਸਾਲ ਮੁਕੰਮਲ ਕੀਤੀਆਂ ਜਾਣਗੀਆਂ ਤਿੰਨ ਨਵੀਆਂ ਸਰਾਵਾਂ: ਧਾਮੀ

**ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬਾਨ ਵਾਸਤੇ ਵੱਖਰਾ ਰਿਹਾਇਸ਼ੀ ਕੰਪਲੈਕਸ ਵੀ ਜਲਦ ਹੋਵੇਗਾ ਮੁਕੰਮਲ**

ਅੰਮ੍ਰਿਤਸਰ/ਏ.ਟੀ.ਨਿਊਜ਼: ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣ ਪੁੱਜਦੀ ਸੰਗਤ ਦੇ ਠਹਿਰਣ ਲਈ ਨਵੀਆਂ ਸਰਾਵਾਂ ਦਾ ਨਿਰਮਾਣ ਕਾਰਜ ਤੇਜ਼ੀ ਨਾਲ ਜਾਰੀ ਹੈ ਅਤੇ ਇਸ ਤਹਿਤ ਤਿੰਨ ਸਰਾਵਾਂ ਇਸੇ ਸਾਲ ਵਿੱਚ ਮੁਕੰਮਲ ਕਰ ਕੇ ਸੰਗਤ ਅਰਪਣ ਕੀਤੀਆਂ ਜਾਣਗੀਆਂ। ਇਹ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਰਾਵਾਂ ਦੇ ਚੱਲ ਰਹੇ ਕਾਰਜਾਂ ਦਾ ਜਾਇਜ਼ਾ ਲੈਣ ਉਪਰੰਤ ਕੀਤਾ।



ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਆਖਿਆ ਕਿ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸੰਗਤ ਦੀ ਵੱਡੀ ਆਮਦ ਨੂੰ ਵੇਖਦਿਆਂ ਸਰਾਵਾਂ ਦੇ ਪ੍ਰਬੰਧਾਂ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਤਿਆਰ ਕੀਤੀਆਂ ਜਾ ਰਹੀਆਂ ਤਿੰਨ ਨਵੀਆਂ ਸਰਾਵਾਂ ਵਿੱਚ ਭਾਈ ਜੈਤਾ ਜੀ ਨਿਵਾਸ ਬਾਬਾ ਸਾਹਿਬ ਚੌਕ, ਬਾਬਾ ਬਸੰਤ ਸਿੰਘ ਜੀ ਨਿਵਾਸ ਪਰਾਗਦਾਸ ਚੌਕ ਅਤੇ ਭਗਤ ਨਾਮਦੇਵ ਜੀ ਨਿਵਾਸ ਕੇਸਰੀ ਬਾਗ ਵਿਖੇ 259 ਕਮਰੇ ਅਤੇ 30 ਹਾਲ ਸੰਗਤ ਵਾਸਤੇ ਇਸੇ ਸਾਲ 2025 ਵਿੱਚ ਮੁਕੰਮਲ ਕਰਨ ਲਈ ਕਾਰਜ ਨਿਰੰਤਰ ਜਾਰੀ ਹਨ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸਰਾਵਾਂ ਦੀਆਂ ਸੇਵਾਵਾਂ ਕਾਰਸੇਵਾ ਵਾਲੇ ਮਹਾਂਪੁਰਖਾਂ ਪਾਸੋਂ ਕਰਵਾਈਆਂ ਜਾ ਰਹੀਆਂ ਹਨ ਅਤੇ ਲੋੜੀਂਦਾ ਸਾਮਾਨ ਸ੍ਰੀ ਦਰਬਾਰ ਸਾਹਿਬ ਵੱਲੋਂ ਮੁਹੱਈਆ ਕੀਤਾ ਜਾ ਰਿਹਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਸਿੰਘ ਸਾਹਿਬਾਨ ਵਾਸਤੇ ਵੱਖਰਾ ਰਿਹਾਇਸ਼ੀ ਕੰਪਲੈਕਸ ਵੀ ਜਲਦ ਮੁਕੰਮਲ ਕੀਤਾ ਜਾਵੇਗਾ।

**ਗੁਰਦੁਆਰਾ ਲਾਲ ਖੂਹ ਉੱਤੇ ਕਬਜ਼ੇ ਦਾ ਮਾਮਲਾ**

# ਕਬਜ਼ੇ ਦੀ ਸਥਿਤੀ ਬਾਰੇ ਪਾਕਿਸਤਾਨ ਸਰਕਾਰ ਦਾ ਰੋਲ ਉਸਾਰੂ ਨਹੀਂ

## ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨਹੀਂ ਚੁਕ ਸਕੀ ਇਹ ਮਸਲਾ

ਗੁਰਦੁਆਰਾ ਲਾਲ ਖੂਹ, ਜੋ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਸੰਬੰਧਿਤ ਇਤਿਹਾਸਕ ਅਸਥਾਨ ਹੈ, ਨੂੰ ਪਾਕਿਸਤਾਨ ਦੇ ਲਾਹੌਰ ਸ਼ਹਿਰ ਵਿੱਚ ਚੰਦੂ ਦੀ ਹਵੇਲੀ ਵਿੱਚ ਸਥਿਤ ਖੂਹ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ। ਇਹ ਖੂਹ, ਜਿੱਥੇ ਗੁਰੂ ਜੀ ਇਸ਼ਨਾਨ ਕਰਦੇ ਸਨ, ਹੁਣ ਕਥਿਤ ਤੌਰ 'ਤੇ 'ਹੱਕ ਚਾਰ ਯਾਰ ਦਰਗਾਹ' ਵਿੱਚ ਤਬਦੀਲ ਹੋ ਚੁੱਕਿਆ ਹੈ। ਇਸ ਦੀਆਂ ਕੰਧਾਂ 'ਤੇ ਉਰਦੂ ਵਿੱਚ 'ਜਹਾਂ ਨਹਾਨਾਂ ਔਰ ਕੱਪੜੇ ਧੋਣਾ ਮਨ੍ਹਾ ਹੈ' ਵਰਗੇ ਸੰਦੇਸ਼ ਲਿਖੇ ਹੋਏ ਹਨ, ਜੋ ਇਸ ਦੀ ਧਾਰਮਿਕ ਪਛਾਣ ਦੇ ਬਦਲੇ ਜਾਣ ਦੀ ਪੁਸ਼ਟੀ ਕਰਦੇ ਹਨ। ਪਾਕਿਸਤਾਨ ਸਰਕਾਰ ਅਤੇ ਇਸ ਦੀ ਸੰਸਥਾ, ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ (ਈ.ਟੀ.ਪੀ.ਬੀ.), ਜੋ ਘੱਟ ਗਿਣਤੀਆਂ ਦੀਆਂ ਧਾਰਮਿਕ ਸੰਪਤੀਆਂ ਦੀ ਸੰਭਾਲ ਲਈ ਜ਼ਿੰਮੇਵਾਰ ਹੈ, ਨੇ ਇਸ ਅਸਥਾਨ ਨੂੰ ਮੁੜ ਪ੍ਰਾਪਤ ਕਰਨ ਜਾਂ ਇਸ ਦੀ ਇਤਿਹਾਸਕ ਮਹੱਤਤਾ ਨੂੰ ਬਰਕਰਾਰ ਰੱਖਣ ਵਿੱਚ ਕੋਈ ਪ੍ਰਭਾਵੀ ਕਦਮ ਨਹੀਂ ਚੁੱਕੇ। ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐਸ.ਜੀ.ਪੀ.ਸੀ.) ਨੂੰ ਵੀ ਇਸ ਮਾਮਲੇ ਵਿੱਚ ਨਾਕਾਮੀ ਦਾ ਸਾਹਮਣਾ ਕਰਨਾ ਪਿਆ ਹੈ, ਕਿਉਂਕਿ ਉਹ ਇਸ ਅਸਥਾਨ ਦੀ ਹੋਂਦ ਨੂੰ ਗੁਰਦੁਆਰੇ ਦੇ ਰੂਪ ਵਿੱਚ ਕਾਇਮ ਰੱਖਣ ਵਿੱਚ ਅਸਮਰਥ ਰਹੇ ਹਨ। ਪਾਕਿਸਤਾਨੀ ਸਿੱਖ ਭਾਈਚਾਰੇ



ਦੀ ਘੱਟ ਗਿਣਤੀ (ਲਗਭਗ 15,000 ਸਿੱਖ, ਜੋ ਕੁੱਲ ਆਬਾਦੀ ਦਾ 0.01% ਹਨ) ਅਤੇ ਸੀਮਤ ਸਿਆਸੀ ਪ੍ਰਭਾਵ ਕਾਰਨ ਉਹ ਇਸ ਮਸਲੇ 'ਤੇ ਪ੍ਰਭਾਵੀ ਢੰਗ ਨਾਲ ਆਵਾਜ਼ ਨਹੀਂ ਉਠਾ ਸਕੇ। (**ਬਾਕੀ ਸ.ਫ਼ਾ 31 'ਤੇ**)

### ਇਤਿਹਾਸਕ ਪਿਛੋਕੜ

ਗੁਰਦੁਆਰਾ ਲਾਲ ਖੂਹ ਦੀ ਮਹੱਤਤਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਨਾਲ ਜੁੜੀ ਹੋਈ ਹੈ। ਇਹ ਅਸਥਾਨ ਲਾਹੌਰ ਦੇ ਮੋਚੀ ਦਰਵਾਜ਼ੇ ਨੇੜੇ ਚੰਦੂ ਦੀ ਹਵੇਲੀ ਵਿੱਚ ਸਥਿਤ ਹੈ, ਜਿੱਥੇ ਗੁਰੂ ਜੀ ਨੂੰ ਮੁਗਲ ਸ਼ਾਸਕ ਜਹਾਂਗੀਰ ਦੇ ਹੁਕਮ 'ਤੇ ਤਸੀਹੇ ਦਿੱਤੇ ਗਏ ਸਨ। ਇਤਿਹਾਸਕ ਰਿਕਾਰਡਾਂ ਅਨੁਸਾਰ, ਗੁਰੂ ਜੀ ਨੂੰ ਚੰਦੂ ਦੀ ਹਵੇਲੀ ਦੀ ਇੱਕ ਕੋਠੜੀ ਵਿੱਚ ਰੱਖਿਆ ਗਿਆ ਸੀ ਅਤੇ ਉਹ ਇਸ ਖੂਹ ਦੇ ਪਾਣੀ ਨਾਲ ਇਸ਼ਨਾਨ ਕਰਦੇ ਸਨ। 1947 ਦੀ ਵੰਡ ਤੋਂ ਬਾਅਦ, ਇਹ ਅਸਥਾਨ ਸਥਾਨਕ ਭਾਈਚਾਰਿਆਂ ਦੇ ਹੱਥਾਂ ਵਿੱਚ ਚਲਾ ਗਿਆ ਅਤੇ ਅਖੀਰ ਵਿੱਚ ਇੱਕ ਦਰਗਾਹ ਵਿੱਚ ਤਬਦੀਲ ਹੋ ਗਿਆ। ਵੰਡ ਦੌਰਾਨ ਸਿੱਖ ਅਤੇ ਹਿੰਦੂ ਭਾਰਤ ਵੱਲ ਚਲੇ ਗਏ, ਜਿਸ ਕਾਰਨ ਪਾਕਿਸਤਾਨ ਵਿੱਚ ਸਿੱਖ ਅਸਥਾਨਾਂ ਦੀ ਸੰਭਾਲ ਘਟਦੀ ਗਈ। ਸਿੱਖ ਸੰਗਠਨਾਂ ਨੂੰ ਇਸ ਮੁੱਦੇ 'ਤੇ ਅੰਤਰਰਾਸ਼ਟਰੀ ਪੱਧਰ 'ਤੇ ਸਹਿਯੋਗ ਅਤੇ ਦਬਾਅ ਬਣਾਉਣ ਦੀ ਲੋੜ ਹੈ ਤਾਂ ਜੋ ਇਸ ਅਸਥਾਨ ਨੂੰ ਮੁੜ ਗੁਰਦੁਆਰੇ ਦੇ ਰੂਪ ਵਿੱਚ ਸਥਾਪਿਤ ਕੀਤਾ ਜਾ ਸਕੇ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

## ਸੰਪਾਦਕੀ

# ਜੂਨ ਚੁਰਾਸੀ ਸਿੱਖ ਘੱਲੂਘਾਰੇ ਨੂੰ ਯਾਦ ਕਰਦਿਆਂ...

41 ਸਾਲ ਪਹਿਲਾਂ ਹੋਏ ਜੂਨ ਚੁਰਾਸੀ ਸਿੱਖ ਘੱਲੂਘਾਰੇ ਨੂੰ ਭਾਵੇਂ ਸਰਕਾਰਾਂ ਨੇ ਮੰਨ ਲਿਆ ਕਿ ਲੋਕ ਭੁੱਲ ਭੁਲਾ ਗਏ ਨੇ ਪਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਹਨਾਂ ਦਿਨਾਂ ਦੇ ਵਿੱਚ ਲੋਕਾਂ ਦੇ ਜ਼ਖ਼ਮ ਹਰ ਸਾਲ ਆਪਣੇ ਆਪ ਹੀ ਅੱਲੇ ਹੋ ਜਾਂਦੇ ਨੇ। ਭੁੱਲਣ ਵਾਲੀ ਗੱਲ ਤਾਂ ਦੂਰ ਰਹੀ, ਭਲਿਓ ਲੋਕੋ, ਸਾਡੀ ਤਾਂ ਅਰਦਾਸ ਦੇ ਵਿੱਚ ਵੀ 200 ਸਾਲ ਪਹਿਲਾਂ ਧਰਮ ਹੇਤ ਜੂਝਣ ਵਾਲੇ ਸਿੰਘਾਂ-ਸਿੰਘਣੀਆਂ ਦਾ ਜ਼ਿਕਰ ਆਉਂਦਾ ਹੈ ਤੇ ਹਰ ਰੋਜ਼ ਅਸੀਂ ਯਾਦ ਕਰਦੇ ਹਾਂ। ਸਾਡੀ ਅਰਦਾਸ ਹੀ ਸਾਡਾ ਇਤਿਹਾਸ ਹੈ। ਕਈ ਸਰਕਾਰਾਂ ਆਈਆਂ ਤੇ ਕਈ ਗਈਆਂ। ਇੱਥੋਂ ਤੱਕ ਕਿ ਪੰਜਾਬ ਦੇ ਅਸਲੀ ਦਰਦੀ ਕਹਾਉਣ ਵਾਲੇ ਅਕਾਲੀ ਵੀ ਸੱਤਾ ਵਿੱਚ ਰਹੇ ਪਰ ਅੱਜ ਤੱਕ ਜੂਨ ਚੁਰਾਸੀ ਦੇ ਘੱਲੂਘਾਰੇ ਦੀ ਆਫ਼ਿਸ਼ੀਅਲੀ ਰਿਪੋਰਟ ਨਹੀਂ ਲੈ ਸਕੇ। ਏਨੇ ਸਾਲਾਂ ਬਾਅਦ ਸਾਡੇ ਤੱਕ ਰਿਪੋਰਟ ਨਾ ਆਉਣਾ ਕਿੱਡੀ ਵੱਡੀ ਸ਼ਰਮ ਵਾਲੀ ਗੱਲ ਹੈ। ਖ਼ੈਰ ਇਸ ਰਿਪੋਰਟ ਦੀ ਲੋੜ ਇਸ ਕਰਕੇ ਹੈ ਕਿ ਸਾਨੂੰ ਪਤਾ ਚੱਲੇ ਕਿ ਇਸ ਹਮਲੇ ਦੀ ਤਿਆਰੀ ਕਿੰਨੀ ਦੇਰ ਪਹਿਲਾਂ ਕੀਤੀ ਗਈ ਸੀ ? ਇੰਟੈਲੀਜੈਂਸ ਰਿਪੋਰਟਾਂ ਕੀ ਸਨ ? ਟੈਂਕ ਕਿਵੇਂ ਦਰਬਾਰ ਸਾਹਿਬ ਦੇ ਅੱਗੇ ਲਿਆਂਦੇ ਗਏ ?

ਦਸਤਾਵੇਜ਼ ਕੀ ਸਨ ? ਚਿੱਠੀਆਂ ਰਾਹੀਂ ਕੀ ਗੱਲਬਾਤ ਹੋਈ ? ਮੀਟਿੰਗਾਂ ਕੀਹਦੇ ਹੱਕ ਦੇ ਵਿੱਚ ਭੁਗਤੀਆਂ ? ਇਹ ਸਮਾਂ ਅਜਿਹਾ ਸੀ ਕਿ ਦੱਸਣ ਵਾਲੇ ਦੱਸਦੇ ਹਨ ਕਿ ਦਰਬਾਰ ਸਾਹਿਬ ਦੀ ਦਰਸ਼ਨੀ ਡਿਊਢੀ ਦੇ ਬਾਹਰ ਇੱਕ ਵੱਡਾ ਬੋਰਡ ਲਗਾ ਦਿੱਤਾ ਗਿਆ ਸੀ, ਜਿਸ 'ਤੇ ਲਿਖਿਆ ਸੀ 'Enemy Territory' ਭਾਵ ਦੁਸ਼ਮਣ ਦਾ ਇਲਾਕਾ। ਇਹ ਸਾਰਾ ਕੁੱਝ ਨਾ-ਭੁੱਲਣਯੋਗ ਹੈ। ਦੁੱਖ ਤਾਂ ਉਦੋਂ ਵੀ ਸੀ ਤੇ ਚੀਸ ਹੁਣ ਵੀ ਹੈ। ਜਦੋਂ ਜੂਨ ਚੁਰਾਸੀ ਦੇ ਘੱਲੂਘਾਰੇ ਤੋਂ ਬਾਅਦ ਆਫ਼ਿਸ਼ੀਅਲੀ ਐਵਾਰਡ ਸੈਰੀਮਨੀ ਹੁੰਦੀ ਹੈ ਤੇ ਵਿਕਟਰੀ ਪਰੇਡ ਦੇ ਐਵਾਰਡ ਵਿੱਚ 9 ਅਫ਼ਸਰਾਂ ਨੂੰ ਇਨਾਮ ਮਿਲਦੇ ਹਨ। ਪਰ ਉਸ ਤੋਂ ਵੱਡਾ ਦੁੱਖ ਇਹ ਹੈ ਕਿ ਜਦੋਂ ਇਹ ਇਨਾਮ ਦੇਸ਼ ਦੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੂੰ ਦੇਣ ਦੇ ਲਈ ਕਿਹਾ ਜਾਂਦਾ ਹੈ। ਗਿਆਨੀ ਜੈਲ ਸਿੰਘ ਨੇ ਐਵਾਰਡ ਦੇਣ ਤੋਂ ਇਨਕਾਰ ਤਾਂ ਕੀਤਾ ਕਿਉਂਕਿ ਉਸ 'ਤੇ ਬਲਿਊ ਸਟਾਰ ਅੰਮ੍ਰਿਤਸਰ ਲਿਖਿਆ ਸੀ। ਫ਼ਿਰ ਹਵਾਲਾ ਬਦਲ ਕੇ ਉਹੀ ਇਨਾਮ ਗਿਆਨੀ ਜੈਲ ਸਿੰਘ ਤੋਂ ਦਿਵਾਏ ਗਏ। ਗਿਆਨੀ ਨੇ ਇਹ ਐਵਾਰਡ ਦੁਬਾਰਾ ਕਿਸ ਹੌਂਸਲੇ ਨਾਲ ਦੇ ਦਿੱਤੇ, ਉਹ ਵੀ ਸਿੱਖ ਹੋ ਕੇ, ਇਹ ਗੱਲ ਸਮਝੋਂ ਬਾਹਰ ਹੈ। ਨਾ ਇਨਾਮ ਲੈਣ ਵਾਲਿਆਂ ਨੇ ਸ਼ਰਮ ਕੀਤੀ ਤੇ ਨਾ ਇਨਾਮ ਦੇਣ ਵਾਲਿਆਂ ਨੇ ਕੀਤੀ।

ਜੂਨ ਚੁਰਾਸੀ ਤੋਂ ਬਾਅਦ ਬਹੁਤ ਸਾਰੇ ਅਫ਼ਸਰਾਂ ਨੇ ਕਿਤਾਬਾਂ ਲਿਖੀਆਂ, ਅੱਖੀਂ ਡਿੱਠਾ ਬਿਆਨ ਕੀਤਾ ਪਰ ਬਹੁਤਿਆਂ ਨੇ ਜਨਰਲ ਵੈਦਿਆ ਅਤੇ ਇੰਦਰਾ ਗਾਂਧੀ ਨੂੰ ਦੋਸ਼ੀ ਕਹਿ ਕੇ ਆਪਣੇ ਆਪ ਨੂੰ ਬਰੀ ਕਰ ਲਿਆ। ਦੋਸ਼ੀ ਤਾਂ ਅਸੀਂ ਵੀ ਹਾਂ ਕਿਉਂਕਿ ਸਾਡੇ ਆਪਣੇ ਹੀ ਗਲ ਨਾਲ ਲਗਾ ਕੇ ਗੱਦਾਰੀ ਕਰ ਗਏ। ਮੁੱਕਦੀ ਗੱਲ ਕਿਸੇ ਕੌਮ ਲਈ ਕਿੰਨਾ ਔਖਾ ਹੁੰਦਾ ਹੈ, ਐਹੋ ਜਿਹੇ ਖ਼ੂਨੀ ਮੰਜ਼ਰ ਵਿਚੋਂ ਨਿਕਲ ਕੇ ਪੈਰਾਂ 'ਤੇ ਫ਼ਿਰ ਖੜੇ ਹੋਣਾ। ਸਾਡੀ ਤੀਜੀ ਪੀੜੀ ਇਸ ਦੁੱਖ ਨੂੰ ਹੰਢਾ ਰਹੀ ਹੈ। ਇਹ ਦਰਦ ਝੱਲਣਾ ਬਹੁਤ ਦੁੱਖਦਾਈ ਹੈ ਪਰ ਸਵਾਲ ਉੱਠਦਾ ਹੈ ਕਿ ਅਸੀਂ ਇਸ ਪੀੜ ਵਿਚੋਂ ਆਪ ਨਿਕਲਾਂਗੇ ਜਾਂ ਸਾਨੂੰ ਕੋਈ ਹੋਰ ਕੱਢੇਗਾ ? ਕੀ ਅਸੀਂ ਸੋਚਾਂਗੇ ਕਿ ਸਾਡੇ ਤੋਂ ਵੀ ਕੋਈ ਭੁੱਲ ਹੋਈ ਹੈ। ਕੀ ਅਸੀਂ ਕਦੇ ਸ਼ਰਮਸਾਰ ਹੋਵਾਂਗੇ ਕਿ ਸਾਡਾ ਭਾਈਚਾਰਾ ਖਿੰਡਿਆ ਹੋਇਆ ਹੈ ਤੇ ਸਾਡਾ ਹੰਕਾਰ ਵੱਡਾ ਹੋ ਗਿਆ ਹੈ। ਕਿਧਰੇ ਅਸੀਂ ਭਟਕ ਤਾਂ ਨਹੀਂ ਗਏ ਕਿ ਏਨੇ ਸਾਲਾਂ ਤੋਂ ਅਸੀਂ ਉੱਥੇ ਹੀ ਅਟਕੇ ਹੋਏ ਹਾਂ, ਅਸੀਂ ਕੋਈ ਹੱਲ ਨਹੀਂ ਕੱਢ ਸਕੇ। ਆਪਣੀ ਆਪਸੀ ਪਾਟੋਧਾੜ ਦੇ ਉੱਤੇ ਗਿਲਾ ਵੀ ਹੈ ਤੇ ਮਣਖ ਵੀ। ਸਿੱਖੀ ਦਾ ਮਕਸਦ ਹੈ ਸਾਰੀ ਮਨੁੱਖਤਾ ਦਾ ਭਲਾ। ਸਿੱਖੀ ਦਾ ਮਕਸਦ ਹੈ ਵੱਡਾ ਵਿਜ਼ਨ। ਕੀ ਅਸੀਂ ਕਦੇ ਸੋਚਿਆ ਹੈ ਕਿ ਭਾਰਤੀ ਸਟੇਟ ਸਾਡੇ ਨਾਲ ਕਿਉਂ ਅੜੀ ਹੋਈ ਹੈ। ਜੇ ਭਾਰਤੀ ਸਟੇਟ ਸਾਡੀ ਦੁਸ਼ਮਣ ਹੈ ਤਾਂ ਫ਼ਿਰ ਆਸ ਹੀ ਕਿਉਂ ਕਰੀਏ ? ਜੇ ਨਹੀਂ ਤਾਂ ਫ਼ਿਰ ਸਾਡੀ ਗਲਤੀ ਕਿੱਥੇ ਹੈ ? ਕੀ ਉਸ ਸਮੇਂ ਸਾਰੇ ਸਿੱਖ ਸਿਆਸਤਦਾਨ ਇਮਾਨਦਾਰ ਸਨ ਜਾਂ ਅਸੀਂ ਗੱਦਾਰੀ ਦੀ ਭੇਟ ਚੜ੍ਹੇ। ਜੇ ਸਿੱਖ ਸਿਆਸਤਦਾਨ ਇਮਾਨਦਾਰ ਸਨ ਤਾਂ ਦੁਸ਼ਮਣ ਕਾਮਯਾਬ ਕਿਵੇਂ ਹੋਇਆ ? ਐਹੋ ਜਿਹੇ ਕੁੱਝ ਸਵਾਲ ਸਾਡੀ ਨਵੀਂ ਪੀੜੀ ਦੇ ਅੰਦਰ ਕਈ ਗੁਣਾ ਵੱਧ ਕੇ ਪੈਦਾ ਹੋ ਰਹੇ ਹਨ। ਜਾਗੋ, ਤੁਹਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੂਰੀ ਮੁਗ਼ਲ ਸਲਤਨਤ ਨਾਲ ਮੱਥਾ ਲਾਉਣ ਵਾਲੇ ਕੁਝ ਕੁ ਲੋਕ ਤੁਹਾਡੇ ਵਿਚੋਂ ਹੀ ਸਨ ਤੇ ਹੁਣ ਬੇਬਸੀ ਇਹ ਹੈ ਕਿ ਅਸੀਂ ਤੱਥ ਹੀ ਇਕੱਠੇ ਨਹੀਂ ਕਰ ਸਕੇ। ਅਸੀਂ ਸਿਰਫ਼ ਜ਼ਖ਼ਮ ਗਿਣ ਰਹੇ ਹਾਂ, ਅਸੀਂ ਗਲਤੀਆਂ ਦੂਜੇ ਦੀਆਂ ਗਿਣ ਰਹੇ ਹਾਂ। ਭੁੱਲ ਤਾਂ ਸਾਡੇ ਤੋਂ ਵੀ ਹੋਈ ਹੈ। ਸਿੱਖ ਧਰਮ ਦਾ ਆਧਾਰ ਸੱਚ 'ਤੇ ਖੜ੍ਹਾ ਹੈ। ਫ਼ਿਰ ਸੱਚ ਦੀ ਤੰਦ ਤੱਕ ਪਹੁੰਚਣ ਲਈ ਦੇਰ ਕਿਉਂ ? ਅਸੀਂ ਇਸ ਭਾਰ ਨੂੰ ਅੱਗੇ ਲੈ ਕੇ ਨਾ ਚੱਲੀਏ, ਇਸ ਦਾ ਹੱਲ ਸੋਚੀਏ। ਕੋਈ ਏਜੰਡਾ ਕਿਉਂ ਨਹੀਂ ਸੋਚਿਆ ਜਾਂਦਾ। ਘੱਟੋ ਘੱਟ ਹੋਰ ਕੁਝ ਨਹੀਂ ਤਾਂ ਨਵੀਂ ਪੀੜੀ ਦੇ ਅੱਗੇ ਸੱਚੋ ਸੱਚ ਰਿਕਾਰਡ ਤਾਂ ਰੱਖਿਆ ਜਾਵੇ ਤਾਂ ਕਿ ਉਹ ਵੀ ਅੱਗੇ ਨਿਕਲ ਸਕੇ।

# ਸਾਕਾ ਨੀਲਾ ਤਾਰਾ: ਮਾੜੇ ਮਨਸੂਬੇ, ਘਾਤਕ ਸਿੱਟੇ



ਰਮੇਸ਼ ਇੰਦਰ ਸਿੰਘ



1984 ਪਰਲੋ ਦਾ ਸਾਲ ਸੀ। ਉਸ ਸਾਲ ਸਾਕਾ ਨੀਲਾ ਤਾਰਾ, ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਅਤੇ ਸਿੱਖ ਵਿਰੋਧੀ ਕਤਲੇਆਮ ਜਿਹੀਆਂ ਵੱਡੀਆਂ ਘਟਨਾਵਾਂ ਨੇ ਦੇਸ਼ ਦੇ ਅੰਦਰੂਨੀ ਬਿਰਤਾਂਤ ਅਤੇ ਇਤਿਹਾਸ ਨੂੰ ਜਿਵੇਂ ਨਿਰਧਾਰਤ ਕੀਤਾ, ਉਵੇਂ ਆਜ਼ਾਦੀ ਤੋਂ ਲੈ ਕੇ ਉਦੋਂ ਤੱਕ ਹੋਰ ਕੋਈ ਸਾਲ ਨਹੀਂ ਕਰ ਸਕਿਆ ਸੀ। ਸਾਕਾ ਨੀਲਾ ਤਾਰਾ ਨੂੰ 41 ਸਾਲ ਬੀਤ ਚੁੱਕੇ ਹਨ ਪਰ ਉਸ ਦੇ ਦਿੱਤੇ ਜ਼ਖ਼ਮ ਹਾਲੇ ਵੀ ਅੱਲੇ ਹਨ। ਇਸ ਵਰਤਾਰੇ ਨਾਲ ਸਬੰਧਿਤ ਸਿਆਸੀ ਅਨਸਰਾਂ, ਰਾਜਕੀ ਅਦਾਕਾਰਾਂ, ਖਾੜਕੂਆਂ ਅਤੇ ਹਤਿਆਰੀਆਂ ਭੀੜਾਂ ਦੀ ਜ਼ਿੰਮੇਵਾਰੀ ਤੈਅ ਕਰਨ ਲਈ ਸੱਚਾਈ ਅਤੇ ਸੁਲ੍ਹਾ ਕਮਿਸ਼ਨ ਕਾਇਮ ਕਰ ਕੇ ਇਸ ਨੂੰ ਅੰਜਾਮ ਤੱਕ ਪਹੁੰਚਾਇਆ ਜਾ ਸਕਦਾ ਸੀ ਅਤੇ ਨਿਆਂਇਕ ਪ੍ਰਕਿਰਿਆ ਤੇ ਸੁਲ੍ਹਾ ਰਾਹੀਂ ਇਸ ਦਾ ਅੰਤ ਕੀਤਾ ਜਾ ਸਕਦਾ ਸੀ।

ਕੀ ਸਾਕਾ ਨੀਲਾ ਤਾਰਾ ਟਾਲਿਆ ਜਾ ਸਕਦਾ ਸੀ ? ਵੇਲੇ ਦੀ ਕੇਂਦਰ ਸਰਕਾਰ ਨੇ ਇਸ ਨੂੰ ਖਾੜਕੂਵਾਦ ਦੇ ਖ਼ਾਤਮੇ ਲਈ ਜ਼ਰੂਰੀ ਕਾਰਵਾਈ ਵਜੋਂ ਪੇਸ਼ ਕੀਤਾ ਸੀ। ਇਹ ਤਰਕ ਆਮ ਦਿੱਤਾ ਜਾਂਦਾ ਸੀ ਕਿ ਹਥਿਆਰਬੰਦ ਖਾੜਕੂਆਂ ਨੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ 'ਤੇ ਕਾਬਜ਼ ਹੋ ਕੇ ਮੋਰਚਾਬੰਦੀ ਕਰ ਕੇ ਸੰਵਿਧਾਨਕ ਰੂਪ ਵਿੱਚ ਸਥਾਪਿਤ ਰਾਜ ਪ੍ਰਬੰਧ ਨੂੰ ਚੁਣੌਤੀ ਦਿੱਤੀ ਹੈ। ਹਰਿਮੰਦਰ ਸਾਹਿਬ ਅੰਦਰ ਕੋਈ ਹਥਿਆਰਬੰਦ ਖਾੜਕੂ ਨਾ ਹੁੰਦਾ ਅਤੇ ਉੱਥੇ ਮੋਰਚਾਬੰਦੀ ਨਾ ਕੀਤੀ ਗਈ ਹੁੰਦੀ ਤਾਂ ਫ਼ੌਜ ਤਾਇਨਾਤ ਕਰਨ ਦੀ ਲੋੜ ਨਹੀਂ ਪੈਣੀ ਸੀ।

ਉਂਝ, ਕਿਸੇ ਸ਼ਰਧਾਲੂ ਦੀ ਧਾਰਨਾ ਵੱਖਰੀ ਸੀ। ਸਾਕਾ ਨੀਲਾ ਤਾਰਾ ਨੂੰ ਸਭ ਤੋਂ ਮੁਕੱਦਸ ਧਾਰਮਿਕ ਸਥਾਨ ਦੀ ਬੇਅਦਬੀ ਦੀ ਕਾਰਵਾਈ ਵਜੋਂ ਦੇਖਿਆ ਗਿਆ ਜਿਸ ਦਾ ਰਾਜਨੀਤਕ ਮਨੋਰਥ ਕੁਝ ਮਹੀਨਿਆਂ ਬਾਅਦ ਹੋਣ ਵਾਲੀਆਂ ਪਾਰਲੀਮਾਨੀ ਚੋਣਾਂ ਵਿੱਚ ਵੋਟਾਂ ਲੈਣ ਲਈ ਧਰੁਵੀਕਰਨ ਕਰਨਾ ਸੀ। ਇਸ ਨੂੰ ਸਮਝਣ ਲਈ ਅੱਠਵੀਆਂ ਲੋਕ ਸਭਾ ਚੋਣਾਂ ਦੀ ਪ੍ਰਚਾਰ ਮੁਹਿੰਮ 'ਤੇ ਝਾਤ ਮਾਰਨ ਦੀ ਲੋੜ ਹੈ। ਚੁਣਾਵੀ ਇਸ਼ਤਿਹਾਰਾਂ ਵਿੱਚ ਧਰੁਵੀਕਰਨ ਸਾਫ਼ ਝਲਕ ਰਿਹਾ ਸੀ; ਮਸਲਨ, ਕੀ ਦੇਸ਼ ਦੀ ਸਰਹੱਦ ਤੁਹਾਡੇ ਦਰਾਂ ਤੱਕ ਆ ਜਾਵੇਗੀ ਜਾਂ ਸਿੱਖ ਟੈਕਸੀ ਚਾਲਕ ਨੂੰ ਦਿਖਾਉਂਦੇ ਹੋਏ ਪਾਠਕਾਂ ਤੋਂ ਪੁੱਛਿਆ ਜਾ ਰਿਹਾ ਸੀ, ਕੀ ਤੁਸੀਂ ਟੈਕਸੀ 'ਚ ਸੁਰੱਖਿਅਤ ਮਹਿਸੂਸ ਕਰਦੇ ਹੋ।

ਬਿਪਤਾ ਵਾਲੀਆਂ ਘਟਨਾਵਾਂ ਅਕਸਰ ਨਿਰਪੱਖਤਾ ਨੂੰ ਧੁੰਦਲਾ ਕਰ ਦਿੰਦੀਆਂ, ਖ਼ਾਸਕਰ ਆਸਥਾ ਦੇ ਮਾਮਲਿਆਂ 'ਚ। ਉਂਝ, ਸਾਕਾ ਨੀਲਾ ਤਾਰਾ ਮਾਮਲੇ 'ਚ ਹੁਣ ਕੁਝ ਤੱਥ ਚੰਗੀ ਤਰ੍ਹਾਂ ਸਥਾਪਤ ਹੋ ਚੁੱਕੇ ਹਨ ਜਿਨ੍ਹਾਂ ਨੂੰ ਝੁਠਲਾਇਆ ਨਹੀਂ ਜਾ ਸਕਦਾ। ਸ਼੍ਰੋਮਣੀ ਅਕਾਲੀ ਦਲ ਨੇ ਆਪਣੀਆਂ ਧਾਰਮਿਕ, ਰਾਜਨੀਤਕ, ਆਰਥਿਕ ਅਤੇ ਅੰਤਰ-ਰਾਜੀ ਮੁੱਦਿਆਂ 'ਤੇ ਆਧਾਰਿਤ 10 ਮੰਗਾਂ ਦੇ ਹੱਕ ਵਿੱਚ 4 ਅਗਸਤ 1982 ਨੂੰ ਮੋਰਚਾ ਸ਼ੁਰੂ ਕੀਤਾ ਸੀ। ਜੂਨ 1984 ਤੱਕ 1,70,000 ਅਕਾਲੀ ਵਰਕਰ ਗ੍ਰਿਫ਼ਤਾਰੀਆਂ ਦੇ ਚੁੱਕੇ ਸਨ। ਪੰਜਾਬ ਦੇ 12 ਹਜ਼ਾਰ ਪਿੰਡਾਂ 'ਚੋਂ ਸ਼ਾਇਦ ਹੀ ਕੋਈ ਅਜਿਹਾ ਪਿੰਡ ਸੀ ਜਿੱਥੋਂ ਦੇ ਲੋਕਾਂ ਨੇ ਇਸ ਮੋਰਚੇ ਵਿੱਚ ਹਿੱਸਾ ਨਾ ਪਾਇਆ ਹੋਵੇ। ਜਾਪਦਾ ਹੈ ਕਿ ਅਕਾਲੀਆਂ ਨੂੰ ਵਿਸ਼ਵਾਸ ਸੀ ਕਿ ਜੇ ਉਹ ਜੇਲ੍ਹਾਂ ਭਰ ਦੇਣਗੇ ਤਾਂ ਕੇਂਦਰ ਸਰਕਾਰ ਨੂੰ ਉਨ੍ਹਾਂ ਦੀਆਂ ਮੰਗਾਂ ਮੰਨਣੀਆਂ ਹੀ ਪੈਣਗੀਆਂ।

ਅੰਦੋਲਨ ਦੇ ਇਨ੍ਹਾਂ ਕਰੀਬ ਦੋ ਸਾਲਾਂ ਦੌਰਾਨ 26 ਵਾਰਤਾਵਾਂ ਹੋਈਆਂ ਜਿਨ੍ਹਾਂ ਵਿੱਚੋਂ ਕੁਝ ਵਿੱਚ ਪ੍ਰਧਾਨ ਮੰਤਰੀ ਅਤੇ ਵਿਰੋਧੀ ਧਿਰ ਦੇ ਆਗੂ ਵੀ ਸ਼ਾਮਲ ਹੋਏ। ਘੱਟੋ-ਘੱਟ ਦੋ ਵਾਰ ਸਹਿਮਤੀ ਬਣ ਗਈ ਸੀ ਪਰ ਕੇਂਦਰ ਨੇ ਆਖਰੀ ਪਲਾਂ 'ਤੇ ਹੱਥ ਪਿਛਾਂਹ ਖਿੱਚ ਲਏ। ਇੰਝ ਜਾਪਦਾ ਸੀ ਕਿ ਜਿਵੇਂ ਸਰਕਾਰ ਨੇ ਸਿਆਸੀ ਸਮਝੌਤਾ ਨਾ ਕਰਨ ਦਾ ਮਨ ਬਣਾ ਲਿਆ ਸੀ ਅਤੇ ਮਈ 1984 ਵਿੱਚ ਕੈਬਨਿਟ ਸਬ ਕਮੇਟੀ ਨੇ ਫ਼ੌਜੀ ਹੱਲ ਕਰਨ ਦਾ ਫ਼ੈਸਲਾ ਕਰ ਲਿਆ ਸੀ। ਪ੍ਰਣਬ ਮੁਖਰਜੀ ਨੇ ਇਸ ਮੁਤੱਲਕ ਖ਼ਬਰਦਾਰ ਕਰਨ ਦਾ ਨੋਟ ਦਿੱਤਾ ਸੀ ਜਿਸ ਨੂੰ ਪ੍ਰਧਾਨ ਮੰਤਰੀ ਨੇ ਇਹ ਕਹਿੰਦਿਆਂ ਦਰਕਿਨਾਰ ਕਰ ਦਿੱਤਾ: ਪ੍ਰਣਬ, ਸਿੱਟਿਆਂ ਬਾਰੇ ਮੈਂ ਜਾਣਦੀ ਹਾਂ.. ਫ਼ੈਸਲਾ ਹੁਣ ਟਾਲਿਆ ਨਹੀਂ ਜਾ ਸਕਦਾ।

ਪ੍ਰਧਾਨ ਮੰਤਰੀ ਨੇ 25 ਮਈ ਨੂੰ ਥਲ ਸੈਨਾ ਦੇ ਮੁਖੀ ਨੂੰ ਅੰਮ੍ਰਿਤਸਰ ਵੱਲ ਮਾਰਚ ਕਰਨ ਦਾ ਹੁਕਮ ਦਿੱਤਾ; ਇਸ ਦੌਰਾਨ 29 ਮਈ ਨੂੰ ਕੁਝ ਕੇਂਦਰੀ ਮੰਤਰੀਆਂ ਵੱਲੋਂ ਸੱਦ ਕੇ ਗੱਲਬਾਤ ਜਾਰੀ ਰਹਿਣ ਦਾ ਪ੍ਰਪੰਚ ਰਚਿਆ ਜਾਂਦਾ ਰਿਹਾ। ਮੀਟਿੰਗ ਵਿੱਚ ਸਹਿਮਤੀ ਹੋ ਗਈ ਪਰ ਬਾਅਦ ਵਿੱਚ ਮੰਤਰੀਆਂ ਨੇ ਇਹ ਕਹਿ ਕੇ ਪੱਲਾ ਝਾੜ ਦਿੱਤਾ ਕਿ ਮੈਡਮ ਨਹੀਂ ਮੰਨ ਰਹੇ। ਉਸ ਵੇਲੇ ਦੇ ਰਾਜਪਾਲ ਬੀਡੀ ਪਾਂਡੇ ਨੂੰ ਫ਼ੌਜ ਮੰਗਵਾਉਣ ਦੇ ਨਿਰਦੇਸ਼ ਦਿੱਤੇ ਗਏ ਅਤੇ 2 ਜੂਨ ਨੂੰ ਪੰਜਾਬ ਦੇ ਗ੍ਰਿਹ ਸਕੱਤਰ ਨੇ ਬਾਕਾਇਦਾ ਹੁਕਮ ਜਾਰੀ ਕਰ ਦਿੱਤੇ। ਫ਼ੌਜੀ ਦਸਤਿਆਂ ਨੇ ਅੰਮ੍ਰਿਤਸਰ ਵਿਖੇ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਤੋਂ ਇਲਾਵਾ ਪੰਜਾਬ ਦੇ 42 ਹੋਰ ਗੁਰਦੁਆਰਿਆਂ ਵਿੱਚ ਅਪਰੇਸ਼ਨ ਸ਼ੁਰੂ ਕੀਤੇ ਸਨ। ਰਾਜਪਾਲ ਪਾਂਡੇ ਨੇ ਫ਼ੌਜੀ ਕਾਰਵਾਈ ਨਾ ਕਰਨ ਦੀ ਅਪੀਲ ਕੀਤੀ ਸੀ ਅਤੇ ਬਾਅਦ ਵਿੱਚ ਉਨ੍ਹਾਂ ਇਸ ਦੀ ਪੁਸ਼ਟੀ ਕੀਤੀ ਸੀ ਕਿ ਪ੍ਰਧਾਨ ਮੰਤਰੀ ਸਿਆਸੀ ਸਮਝੌਤਾ ਕਰਨਾ ਹੀ ਨਹੀਂ ਚਾਹੁੰਦੇ ਸਨ।

ਜਰਨੈਲ ਸਿੰਘ ਭਿੰਡਰਾਂਵਾਲਿਆਂ ਨਾਲ ਦੋ ਵਾਰ ਮੀਟਿੰਗ ਮੁਕੱਰਰ ਕਰ ਕੇ ਸਰਕਾਰ ਪਿਛਾਂਹ ਹਟ ਗਈ ਤੇ ਇਨ੍ਹਾਂ 'ਚੋਂ ਇੱਕ ਵਾਰ ਰਾਜੀਵ ਗਾਂਧੀ ਨਾਲ ਹੋਣ ਵਾਲੀ ਮੀਟਿੰਗ ਸਿਰੇ ਨਾ ਚੜ੍ਹ ਸਕੀ ਜਿਸ ਕਰ ਕੇ ਉਨ੍ਹਾਂ (ਭਿੰਡਰਾਂਵਾਲਿਆਂ) ਨੇ ਆਪਣੇ ਹਮਾਇਤੀਆਂ ਨੂੰ ਖ਼ਬਰਦਾਰ ਕੀਤਾ ਸੀ: ਗੱਲਬਾਤ ਜਾਰੀ ਰਹੇਗੀ ਪਰ ਆਪਣੀਆਂ ਤਿਆਰੀਆਂ ਵੀ ਪੂਰੀਆਂ ਰੱਖੋ। ਅਕਾਲੀ ਦਲ ਦੇ ਸ਼ਾਂਤਮਈ ਮੋਰਚੇ ਦੇ ਸਮਾਨੰਤਰ ਹਥਿਆਰਬੰਦ ਸੰਘਰਸ਼ ਲਈ ਤਿਆਰੀਆਂ ਚੱਲ ਰਹੀਆਂ ਸਨ। ਖਾੜਕੂਆਂ ਨੇ ਇਸ ਨੂੰ ਆਪਣੇ ਹੱਕਾਂ ਲਈ ਹਿੰਸਾ ਕਰਾਰ ਦਿੱਤਾ ਸੀ। ਉਨ੍ਹਾਂ ਮੁਤਾਬਕ, ਹਿੰਸਾ ਅਤੇ ਪੁਲਿਸ ਦੀ ਜਵਾਬ ਹਿੰਸਾ ਵੀ ਇੱਕ ਕਿਸਮ ਦੀ ਵਾਰਤਾ ਹੀ ਹੁੰਦੀ ਹੈ ਜਿਸ ਦੇ ਤੌਰ ਤਰੀਕੇ ਵੱਖਰੇ ਹੁੰਦੇ ਹਨ। ਖਾੜਕੂਆਂ ਕੋਲ ਹਿੰਸਾ ਦੀ ਕੋਈ ਵਾਜਬੀਅਤ ਨਹੀਂ ਸੀ ਜਿਸ ਕਰ ਕੇ ਉਹ ਵਿਦਵਾਨ ਮਾਰਕ ਜੌਰਗਨਸਮਾਇਰ ਦੇ ਸ਼ਬਦਾਂ ਵਿੱਚ ਉਹ ਧਰਮ ਵੱਲੋਂ ਮੁਹੱਈਆ ਕਰਵਾਈ ਜਾਂਦੀ 'ਉਚ ਨੈਤਿਕਤਾ' ਦੇ ਆਸਰੇ ਹੇਠ ਆ ਗਏ। ਹਿੰਸਾ ਦਾ ਚੱਕਰ ਤੇਜ਼ ਹੋ ਗਿਆ। ਖਾੜਕੂਆਂ ਨੂੰ ਸਿਖਲਾਈ ਅਤੇ ਹਥਿਆਰ ਦੇਣ ਵਿੱਚ ਪਾਕਿਸਤਾਨ ਨੇ ਸਾਥ ਦੇਣਾ ਸ਼ੁਰੂ ਕਰ ਦਿੱਤਾ। ਸਟੇਟ ਜੇ ਨਾਅਹਿਲ ਨਾ ਵੀ ਸਹੀ ਤਾਂ ਨਕਾਰਾ ਨਜ਼ਰ ਆਉਣ ਲੱਗ ਪਿਆ। ਹਰਿਮੰਦਰ ਸਾਹਿਬ ਵਿੱਚ ਕੀਤੀ ਮੋਰਚਾਬੰਦੀ ਵਿੱਚ ਮਸ਼ੀਨ ਗੰਨਾਂ ਪਹੁੰਚ ਗਈਆਂ ਅਤੇ ਜੇ ਉਸ ਸਮੇਂ ਦੇ ਪੰਜਾਬ ਪੁਲਿਸ ਦੇ ਮੁਖੀ ਪ੍ਰੀਤਮ ਸਿੰਘ ਭਿੰਡਰ ਦੀ ਗੱਲ 'ਤੇ ਯਕੀਨ ਕੀਤਾ ਜਾਵੇ ਤਾਂ ਉਨ੍ਹਾਂ (ਭਾਵ ਹਥਿਆਰਾਂ) ਨੂੰ ਰੋਕਿਆ ਨਹੀਂ ਜਾਂਦਾ ਸੀ ਕਿਉਂਕਿ ਦੋ ਮਹੀਨੇ ਪਹਿਲਾਂ ਤੱਕ 'ਉਪਰੋਂ' ਜ਼ਬਾਨੀ ਆਦੇਸ਼ ਸਨ ਕਿ ਕਾਰ ਸੇਵਾ ਵਾਲੇ ਕਿਸੇ ਵੀ ਟਰੱਕ ਦੀ ਤਲਾਸ਼ੀ ਨਾ ਲਈ ਜਾਵੇ।

ਤਿੰਨ ਜੂਨ ਦੀ ਰਾਤ ਨੂੰ ਫ਼ੌਜ ਨੇ ਹਰਿਮੰਦਰ ਸਾਹਿਬ ਕੰਪਲੈਕਸ ਨੂੰ ਘੇਰਾ ਪਾ ਲਿਆ। ਸੈਨਾ ਨੇ ਖਾੜਕੂਆਂ ਨੂੰ ਗੁਰਦੁਆਰਾ ਕੰਪਲੈਕਸ 'ਚੋਂ ਬਾਹਰ ਕੱਢਣ ਲਈ ਉਨ੍ਹਾਂ ਨਾਲ ਗੱਲਬਾਤ ਦਾ ਕੋਈ ਯਤਨ ਨਹੀਂ ਕੀਤਾ। ਮੇਜਰ ਜਨਰਲ ਸ਼ਬੇਗ ਸਿੰਘ ਖਾੜਕੂਆਂ ਦੀ ਅਗਵਾਈ ਕਰ ਰਹੇ ਸਨ। ਉਹ ਆਈ.ਐੱਮ.ਏ. 'ਚ ਉਸ ਵੇਲੇ ਇੰਸਟ੍ਰਕਟਰ ਸਨ ਜਦ ਮੇਜਰ ਜਨਰਲ ਬਰਾੜ ਜੋ ਸੈਨਿਕ ਦਸਤੇ ਦੀ ਅਗਵਾਈ ਕਰ ਰਹੇ ਸਨ, ਉੱਥੇ ਕੈਡੇਟ ਸਨ। ਦੋਵੇਂ ਇੱਕ-ਦੂਜੇ ਨੂੰ ਚੰਗੀ ਤਰ੍ਹਾਂ ਜਾਣਦੇ ਸਨ। ਜੇ ਉਨ੍ਹਾਂ ਵਾਰਤਾ ਕੀਤੀ ਹੁੰਦੀ ਤਾਂ ਸ਼ਾਇਦ ਇਹ ਖ਼ੂਨੀ ਤ੍ਰਾਸਦੀ ਟਲ ਸਕਦੀ ਸੀ ਪਰ ਇਸ 'ਜੇ' ਵਿੱਚੋਂ ਹੀ ਨਵਾਂ ਇਤਿਹਾਸ ਲਿਖਿਆ ਗਿਆ। ਖਾੜਕੂ ਲੜੇ, ਜਿਵੇਂ ਪੱਛਮੀ ਕਮਾਨ ਦੇ ਜੀਓਸੀ ਲੈਫ਼ਟੀਨੈਂਟ ਜਨਰਲ ਵੀਕੇ ਨਾਇਰ ਨੇ ਲਿਖਿਆ ਹੈ, ਕਿਉਂਕਿ ਉਨ੍ਹਾਂ ਨੂੰ ਕੋਈ ਬਦਲਵਾਂ ਰਾਹ ਹੀ ਨਹੀਂ ਦਿੱਤਾ ਗਿਆ।

5 ਅਤੇ 6 ਜੂਨ ਦੀ ਦਰਮਿਆਨੀ ਰਾਤ ਭਿਆਨਕ ਸੀ। ਅਕਾਲ ਤਖ਼ਤ ਸਾਹਿਬ ਨੂੰ ਖੰਡਰ ਬਣਾ ਦਿੱਤਾ ਗਿਆ ਸੀ। ਕਰੀਬ 330 ਸੁਰੱਖਿਆ ਕਰਮੀ ਅਤੇ ਲਗਭਗ 780 ਨਾਗਰਿਕ ਜਿਨ੍ਹਾਂ ਵਿੱਚ ਗੁਰੂ ਅਰਜਨ ਦੇਵ ਦਾ ਸ਼ਹੀਦੀ ਦਿਹਾੜਾ ਮਨਾਉਣ ਆਏ ਸ਼ਰਧਾਲੂ ਵੀ ਸਨ, ਮਾਰੇ ਗਏ। ਗੁਰਦੁਆਰੇ ਦੇ ਪੱਛਮੀ ਸਿਰੇ ਤੋਂ ਬਾਹਰ ਸਥਿਤ ਲੋਕਾਂ ਦੀ ਪ੍ਰਾਈਵੇਟ ਸੰਪਤੀ ਦਾ ਵੀ ਕਾਫ਼ੀ ਨੁਕਸਾਨ ਹੋਇਆ ਕਿਉਂਕਿ ਕਈ ਬਾਰੂਦੀ ਗੋਲੇ ਮਿੱਥੇ ਨਿਸ਼ਾਨੇ ਤੋਂ ਦੂਰ ਜਾ ਕੇ ਚੱਲੇ। ਕਰੀਬ 160 ਦੁਕਾਨਾਂ ਅਤੇ 15 ਘਰ ਨਸ਼ਟ ਹੋ ਗਏ।

ਕੀ ਮਿਲਿਆ ? ਸੈਨਿਕ ਦਸਤਿਆਂ ਨੇ ਕੁਝ ਸੈਂਕੜੇ ਹਥਿਆਰਬੰਦ ਖਾੜਕੂਆਂ 'ਤੇ ਕਾਬੂ ਪਾ ਲਿਆ ਹਾਲਾਂਕਿ ਇਹ ਵਿਨਾਸ਼ਕਾਰੀ ਜਿੱਤ ਸੀ। ਬਲੂ ਸਟਾਰ ਨੇ ਨਸਲੀ ਰਾਸ਼ਟਰਵਾਦ ਦੀ ਜੱਦੋਜਹਿਦ ਨੂੰ ਜਨਮ ਦਿੱਤਾ ਜਿਸ ਨੇ ਵਿਆਪਕ ਤੇ ਵੱਧ ਹਿੰਸਾ ਭੜਕਾਈ। ਰਾਸ਼ਟਰ ਦੀ ਖ਼ੁਦ ਨਾਲ ਹੀ ਜੰਗ ਛਿੜ ਪਈ ਅਤੇ ਕਈ ਥਾਂਵਾਂ 'ਤੇ ਸੈਨਿਕ ਜਿਨ੍ਹਾਂ ਵਿੱਚ ਕਈ ਹਥਿਆਰਬੰਦ ਵੀ ਸਨ, ਬੈਰਕਾਂ ਛੱਡਣ ਲੱਗੇ। ਖਾੜਕੂ ਮੁੜ ਜਲਦੀ ਗੁਰਦੁਆਰੇ 'ਚ ਪਰਤ ਆਏ ਤੇ ਅਪਰੈਲ 1986 ਵਿੱਚ ਇਸ ਦੀ ਹਦੂਦ ਤੋਂ ਖਾਲਿਸਤਾਨ ਦਾ ਐਲਾਨ ਕਰ ਦਿੱਤਾ। ਅਪਰੇਸ਼ਨ ਬਲੈਕ ਥੰਡਰ (ਇੱਕ ਤੇ ਦੋ) ਕਰਨਾ ਪਿਆ।

ਰਾਜਨੀਤਕ ਪੱਖ ਤੋਂ ਪੰਜਾਬ ਦਾ ਸੰਕਟ ਹੱਲ ਕਿਤੇ ਬਿਨਾਂ ਮਾੜੀ ਯੋਜਨਾਬੰਦੀ ਤੇ ਖ਼ਰਾਬ ਢੰਗ ਨਾਲ ਅਮਲ 'ਚ ਲਿਆਂਦਾ ਬਲੂ ਸਟਾਰ ਵਿਨਾਸ਼ਕਾਰੀ ਸਾਬਿਤ ਹੋਇਆ। ਰਾਜੀਵ-ਲੌਂਗੋਵਾਲ ਸਮਝੌਤਾ ਅਗਲਾ ਰਾਹ ਦਿਖਾ ਸਕਦਾ ਸੀ ਪਰ ਇਸ ਦਾ ਕਦੇ ਵੀ ਸਤਿਕਾਰ ਨਹੀਂ ਕੀਤਾ ਗਿਆ।

ਪੰਜਾਬ ਦਾ ਵੱਡਾ ਨੁਕਸਾਨ ਹੋਇਆ। ਦਹਾਕਾ ਭਰ ਚੱਲੀ ਹਿੰਸਾ ਵਿੱਚ ਲਗਭਗ 30,000 ਲੋਕ ਮਾਰੇ ਗਏ। ਜ਼ਿਆਦਾਤਰ ਸਮਾਜਿਕ-ਆਰਥਿਕ ਮਾਪਦੰਡਾਂ 'ਚ ਸੂਬਾ ਪਹਿਲੇ ਨੰਬਰ ਤੋਂ ਡਿੱਗ ਕੇ ਬਾਕੀ ਰਾਜਾਂ ਦੇ ਮੁਕਾਬਲੇ 15ਵੇਂ ਸਥਾਨ ਤੋਂ ਵੀ ਹੇਠਾਂ ਖਿਸਕ ਗਿਆ। ਨਸਲੀ ਰਾਸ਼ਟਰਵਾਦ ਦੀ ਲਹਿਰ ਮਰ ਚੁੱਕੀ ਹੈ ਪਰ ਵਿਦੇਸ਼ਾਂ ਵਿੱਚ ਇਹ ਅਜੇ ਵੀ ਕਿਤੇ-ਨਾ-ਕਿਤੇ ਗੂੰਜਦੀ ਹੈ ਜਿਸ ਤੋਂ ਭਾਰਤ 'ਚ ਤੌਖਲੇ ਖੜ੍ਹੇ ਹੁੰਦੇ ਹਨ।

*** ਲੇਖਕ ਪੰਜਾਬ ਦੇ ਸਾਬਕਾ ਮੁੱਖ ਸਕੱਤਰ ਹਨ।**

# ਜ਼ਖ਼ਮਾਂ ਦੀ ਇਬਾਰਤ



ਵਰਿੰਦਰ ਸਿੰਘ ਵਾਲੀਆ

**ਜ਼ਖ਼ਮਾਂ ਦੀ ਇਬਾਰਤ ਪੜ੍ਹਦਿਆਂ ਇਤਿਹਾਸ ਦੇ ਸਫ਼ਿਆਂ 'ਚੋਂ ਹਮੇਸ਼ਾ ਖ਼ੂਨ ਚੋਂਦਾ ਰਹੇਗਾ। ਕੌਮ ਨੂੰ ਭੱਠ ਵਿੱਚ ਝੋਕਣ ਵਾਲੇ ਤਥਾ-ਕਥਿਤ ਟਕਸਾਲੀਆਂ ਦਾ ਲੇਖਾ-ਜੋਖਾ ਵੀ ਆਖ਼ਰ ਜ਼ਰੂਰ ਹੋਵੇਗਾ। ਧੁਆਂਖਿਆ ਅਤੀਤ ਉਨ੍ਹਾਂ ਦੀਆਂ ਆਖ਼ਰੀ ਪੀੜ੍ਹੀਆਂ ਨੂੰ ਵੀ ਮਾਫ਼ ਨਹੀਂ ਕਰੇਗਾ।**

ਚਾਰ ਦਹਾਕੇ ਪਹਿਲਾਂ, ਜੂਨ ਚੁਰਾਸੀ ਵਿੱਚ ਨੀਲੇ ਅੰਬਰ 'ਤੇ ਚੜ੍ਹੇ ਪੂਛਲ ਵਾਲੇ ਨੀਲੇ ਤਾਰੇ ਨੇ ਉਸ ਜੁਝਾਰੂ ਕੌਮ ਨੂੰ ਦਿਨੇ ਤਾਰੇ ਦਿਖਾ ਦਿੱਤੇ ਜਿਹੜੀ ਛਾਤੀ ਵਿੱਚ ਖਾਧੇ ਜ਼ਖ਼ਮਾਂ ਨੂੰ ਤਗ਼ਮਿਆਂ ਵਾਂਗ ਲੈਂਦੀ ਆਈ ਸੀ। ਵਿਦੇਸ਼ੀ ਧਾੜਵੀਆਂ ਨਾਲ ਲੋਹਾ ਲੈਣ ਵਾਲਿਆਂ 'ਤੇ ਜਦੋਂ ਆਪਣੀ ਹੀ ਫ਼ੌਜ ਧਾੜਵੀ ਬਣ ਕੇ ਚੜ੍ਹੀ ਤਾਂ ਸਮਾਂ ਬਿਟ-ਬਿਟ ਝਾਕ ਰਿਹਾ ਸੀ।

ਜੇਠ ਮਹੀਨੇ ਅੱਗ ਦਾ ਗੋਲਾ ਬਣਦੇ ਸੂਰਜ ਤੋਂ ਕਿਤੇ ਵੱਧ ਨੀਲੇ ਤਾਰੇ ਦੀ ਤਪਸ਼ ਸੀ। ਸੋਨ-ਸੁਨਹਿਰੀ ਕਲਸ਼ਾਂ/ਗੁੰਬਦਾਂ ਨੂੰ ਫ਼ੁੰਡ ਰਹੇ ਤੋਪਾਂ ਦੇ ਅਗਨ-ਗੋਲੇ ਕਹਿਰ ਢਾਹ ਰਹੇ ਸਨ। ਦਾਗੇ ਜਾ ਰਹੇ ਗੋਲਿਆਂ ਦੀ ਵਾਛੜ ਨੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਪਰਿਸਰ ਦੀ ਟੈਂਕੀ ਵਿੱਚ ਮਘੋਰੇ ਕਰ ਦਿੱਤੇ ਤਾਂ ਦਰਿਆਈ ਪਾਣੀਆਂ 'ਚੋਂ ਬਣਦਾ ਹਿੱਸਾ ਲੈਣ ਲਈ ਲਗਾਏ 'ਧਰਮ-ਯੁੱਧ' ਮੋਰਚੇ ਦੇ ਮਰਜੀਵੜੇ ਵੀ ਬੂੰਦ-ਬੂੰਦ ਪਾਣੀ ਲਈ ਤੜਫ਼-ਤੜਫ਼ ਕੇ ਮਰਦੇ ਵੇਖੇ ਗਏ।





ਇਹ ਉਹ ਦਿਨ ਸੀ ਜਦੋਂ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਦਾ ਸ਼ਹੀਦੀ ਪੁਰਬ ਸੀ। ਇਸ ਗੁਰਪੁਰਬ ਦੇ ਅਵਸਰ 'ਤੇ ਸਿੱਖ ਕੌਮ ਥਾਂ-ਥਾਂ 'ਤੇ ਮਿੱਠੇ ਜਲ ਦੀਆਂ ਛਬੀਲਾਂ ਲਾਉਂਦੀ ਆ ਰਹੀ ਹੈ। 'ਸਾਕਾ ਨੀਲਾ ਤਾਰਾ' ਦਾ ਖਾਕਾ ਉਲੀਕਣ ਵਾਲਿਆਂ ਨੇ ਇਸ ਇਤਿਹਾਸਕ ਦਿਹਾੜੇ ਦੀ ਅਣਦੇਖੀ ਕੀਤੀ ਸੀ। ਹਾਕਮਾਂ ਨੂੰ ਇਹ ਖ਼ਿਆਲ ਨਾ ਆਇਆ ਕਿ ਇਸ ਮਹਾਨ ਪੁਰਬ ਦੇ ਅਵਸਰ 'ਤੇ ਭਾਰੀ ਸੰਗਤ ਜੁੜੀ ਹੋਵੇਗੀ ਜਿਸ ਦਾ ਮੋਰਚੇ ਨਾਲ ਦੂਰ ਦਾ ਵੀ ਵਾਹ-ਵਾਸਤਾ ਨਹੀਂ ਸੀ।

ਨੀਲੇ ਅੰਬਰ 'ਤੇ ਅਚਾਨਕ ਚੜ੍ਹਿਆ ਨੀਲਾ ਤਾਰਾ ਆਮ ਆਦਮੀ ਛੱਡੋ, ਜਲ-ਥਲ ਤੇ ਹਵਾਈ ਸੈਨਾ ਦੇ ਸੁਪਰੀਮ ਕਮਾਂਡਰ ਸਮਝੇ ਜਾਂਦੇ ਤਤਕਾਲੀ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਨੂੰ ਵੀ ਨਜ਼ਰ ਨਾ ਆਇਆ। ਸੰਵਿਧਾਨ ਦਾ ਇਹ ਸਭ ਤੋਂ ਵੱਡਾ ਚੀਰ-ਹਰਨ ਸੀ। ਫ਼ੌਜੀ ਐਕਸ਼ਨ ਦਾ ਮੂਲ ਮੰਤਵ ਉਸ ਖੜਗ ਦੀ ਧਾਰ ਨੂੰ ਖੁੰਢਾ ਕਰਨਾ ਸੀ ਜਿਹੜੀ ਵਾਜਬ ਮੰਗਾਂ ਨੂੰ ਲੈ ਕੇ ਮਿਆਨ 'ਚੋਂ ਬਾਹਰ ਆ ਜਾਂਦੀ ਸੀ। ਹਾਕਮ ਇਹ ਵੀ ਭੁੱਲ ਗਏ ਕਿ ਵਤਨ ਖ਼ਾਤਰ ਮਰ ਮਿਟਣ ਵਾਲੀ ਭਾਵਨਾ ਕਾਰਨ ਹੀ ਪੰਜਾਬ ਨੂੰ ਦੇਸ਼ ਦੀ ਖੜਗ-ਭੁਜਾ ਕਿਹਾ ਜਾਂਦਾ ਹੈ।


ਇਸ ਖੜਗ ਨੂੰ ਸਾਣ 'ਤੇ ਲਾ ਕੇ ਦੇਸ਼ ਦੇ ਦੁਸ਼ਮਣਾਂ ਖ਼ਿਲਾਫ਼ ਵਰਤਣ ਦੀ ਬਜਾਏ ਇਸ ਨੂੰ ਖੁੰਢਾ ਕਰਨਾ ਸ਼ਾਇਦ ਵਕਤੀ ਲਾਹਾ ਹੀ ਸੀ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਆਈ ਸੰਗਤ ਦੇ ਡੁੱਲ੍ਹੇ ਖ਼ੂਨ ਤੋਂ ਬਾਅਦ ਵਿਸ਼ਵ-ਪੱਧਰ 'ਤੇ ਬਹਿਸ ਦਾ ਦੌਰ ਸ਼ੁਰੂ ਹੋਇਆ। ਕੀ ਫ਼ੌਜੀ ਐਕਸ਼ਨ ਵਾਕਈ ਜ਼ਰੂਰੀ ਸੀ ? ਚਾਰ ਸਾਲ ਬਾਅਦ ਹਥਿਆਰਬੰਦ ਕੱਟੜਪੰਥੀਆਂ ਨੂੰ ਗੋਲਡਨ ਟੈਂਪਲ 'ਚੋਂ ਬਾਹਰ ਕੱਢਣ ਲਈ ਕੀਤੇ ਗਏ ਅਪਰੇਸ਼ਨ ਬਲੈਕ ਥੰਡਰ (ਦੂਜਾ) ਨੇ ਇਹ ਸਾਬਿਤ ਕਰ ਦਿੱਤਾ ਕਿ ਸਾਕਾ ਨੀਲਾ ਤਾਰਾ ਵਰਗੇ ਫ਼ੌਜੀ ਐਕਸ਼ਨ ਦੀ ਕਤਈ ਜ਼ਰੂਰਤ ਨਹੀਂ ਸੀ। ਬਲੈਕ ਥੰਡਰ ਵਾਂਗ ਜੂਨ ਚੁਰਾਸੀ ਵਿੱਚ ਵੀ ਘੇਰਾਬੰਦੀ ਕਰ ਕੇ ਕੱਟੜਪੰਥੀਆਂ ਕੋਲੋਂ ਆਤਮ-ਸਮਰਪਣ ਕਰਵਾਇਆ ਜਾ ਸਕਦਾ ਸੀ।

ਮਈ 1988 ਵਿੱਚ ਕੀਤੇ ਗਏ ਬਲੈਕ ਥੰਡਰ ਦੀ ਰਿਹਰਸਲ ਅਰਾਵਲੀ ਹਿੱਲਜ਼ ਵਿੱਚ ਆਯੋਜਿਤ ਕੀਤੀ ਗਈ ਸੀ। ਗੋਲਡਨ ਟੈਂਪਲ ਦਾ ਮਾਡਲ ਰੱਖ ਕੇ ਨੈਸ਼ਨਲ ਸਿਕਿਉਰਿਟੀ ਗਾਰਡਜ਼ ਨੂੰ ਅਪਰੇਸ਼ਨ ਦੀਆਂ ਬਾਰੀਕੀਆਂ ਸਮਝਾਈਆਂ ਗਈਆਂ ਸਨ। ਇਸ ਤੋਂ ਬਾਅਦ ਹਰਿਆਣੇ ਦੇ ਇੱਕ ਕਾਲਜ ਵਿੱਚ ਸਪੈਸ਼ਲ ਐਕਸ਼ਨ ਗਰੁੱਪ ਦੇ ਕਮਾਂਡੋਆਂ ਨੂੰ ਟਰੇਨਿੰਗ ਦਿੱਤੀ ਗਈ। ਪਾਰਦਰਸ਼ਤਾ ਨੂੰ ਮੱਦੇਨਜ਼ਰ ਰੱਖਦਿਆਂ ਦੇਸ਼-ਵਿਦੇਸ਼ ਦੇ ਸੀਨੀਅਰ ਰਿਪੋਰਟਰਾਂ ਨੂੰ ਲਾਈਵ ਕਵਰੇਜ ਲਈ ਸੱਦਿਆ ਗਿਆ। ਚੰਦ ਦਿਨਾਂ ਦੀ ਘੇਰਾਬੰਦੀ ਨੇ ਹਰਿਮੰਦਰ ਸਾਹਿਬ ਵਿੱਚ ਸ਼ਰਨ ਲਈ ਬੈਠੇ ਕੱਟੜਪੰਥੀਆਂ ਨੂੰ ਹੱਥ ਖੜ੍ਹੇ ਕਰ ਕੇ ਬਾਹਰ ਆਉਂਦਿਆਂ ਦੁਨੀਆ ਨੇ ਸਾਕਸ਼ਾਤ ਦੇਖਿਆ। ਇਹੀ ਵਜ੍ਹਾ ਸੀ ਕਿ ਸਾਕਾ ਨੀਲਾ ਤਾਰਾ ਵਾਂਗ ਅਪਰੇਸ਼ਨ ਬਲੈਕ ਥੰਡਰ ਦਾ ਸਿੱਖ ਕੌਮ ਵੱਲੋਂ ਕੋਈ ਖ਼ਾਸ ਵਿਰੋਧ ਨਾ ਹੋਇਆ। ਸਾਕਾ ਨੀਲਾ ਤਾਰਾ ਲਈ ਸਮੇਂ ਦੀ ਇੰਦਰਾ ਗਾਂਧੀ ਸਰਕਾਰ ਨੂੰ ਮਾਫ਼ ਨਹੀਂ ਕੀਤਾ ਜਾ ਸਕਦਾ। ਦੂਜੇ ਪਾਸੇ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ਼੍ਰੋਮਣੀ ਅਕਾਲੀ ਦਲ ਅਤੇ ਤਤਕਾਲੀ ਸਿੰਘ ਸਾਹਿਬਾਨ ਵੀ ਕਟਹਿਰੇ ਵਿੱਚ ਖੜ੍ਹੇ ਦਿਖਾਈ ਦਿੰਦੇ ਹਨ ਜਿਨ੍ਹਾਂ ਨੇ ਆਪਣੀ ਬਣਦੀ ਭੂਮਿਕਾ ਨਹੀਂ ਨਿਭਾਈ। ਜੇ ਉਹ ਆਪਣਾ ਕਰਤੱਵ ਇਮਾਨਦਾਰੀ ਨਾਲ ਨਿਭਾਉਂਦੇ ਤਾਂ ਹਾਲਾਤ ਨੂੰ ਵਿਸਫ਼ੋਟਕ ਬਣਨ ਤੋਂ ਰੋਕਿਆ ਜਾ ਸਕਦਾ ਸੀ। ਮੁਕੱਦਸ ਅਸਥਾਨਾਂ ਦੀ ਕਿਲ੍ਹੇਬੰਦੀ ਨਾ ਹੁੰਦੀ ਤਾਂ ਫ਼ੌਜ ਚਾੜ੍ਹਨ ਦਾ ਬਹਾਨਾ ਵੀ ਨਾ ਬਣਦਾ। ਖ਼ੈਰ, ਤੇਜ਼ਾਬੀ ਮਾਹੌਲ ਬਣਾਉਣ ਲਈ ਕੇਂਦਰ ਦੀਆਂ ਖ਼ੁਫ਼ੀਆ ਏਜੰਸੀਆਂ ਨੇ ਵੀ ਵੱਡਾ ਯੋਗਦਾਨ ਪਾਇਆ। ਜਨੂੰਨੀਆਂ ਦੇ ਜ਼ਹਿਰੀਲੇ ਫ਼ੁੰਕਾਰਿਆਂ ਵਿੱਚ ਵੀ ਏਜੰਸੀਆਂ ਦੀ ਭੂਮਿਕਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪੰਥ-ਪ੍ਰਸਤ ਆਲੇ-ਭੋਲੇ ਲੋਕਾਂ ਨੂੰ ਸਭ ਤੋਂ ਵੱਡਾ ਖ਼ਮਿਆਜ਼ਾ ਭੁਗਤਣਾ ਪਿਆ।

ਲਹੂ-ਵੀਟਵੀਂ ਅਸਾਵੀਂ ਜੰਗ ਵਿੱਚ ਹੋਇਆ ਦੁਵੱਲਾ ਨੁਕਸਾਨ ਤਮਾਮ ਸਮਿਆਂ ਦੀ ਅਕਹਿ ਤੇ ਅਸਹਿ ਪੀੜਾ ਬਣ ਗਿਆ। ਇਸ ਸਾਕੇ ਦੀ ਚੀਸ ਕੌਮ ਦੀ ਚੇਤਨਾ ਵਿੱਚ ਪੱਕਾ ਘਰ ਬਣਾ ਬੈਠੀ। ਦੋਜ਼ਖ਼ ਭਰੇ ਦਿਨਾਂ ਦੀ ਯਾਦ ਸਦਾ ਸਤਾਉਂਦੀ ਰਹੇਗੀ। ਜਦੋਂ ਵੀ ਜੇਠ ਮਹੀਨਾ ਚੜ੍ਹੇਗਾ, ਸਮੁੱਚੀ ਕੌਮ ਨੂੰ ਇਸ ਸਾਕੇ ਦਾ ਸੇਕ ਅਵਾਜ਼ਾਰ ਕਰਦਾ ਰਹੇਗਾ। ਫ਼ੌਜੀ ਐਕਸ਼ਨ ਨੇ ਦਰਅਸਲ ਸਰਬੱਤ ਦਾ ਭਲਾ ਮੰਗਣ ਵਾਲੀ ਕੌਮ ਨੂੰ ਅਜਿਹੇ ਜ਼ਖ਼ਮ ਦਿੱਤੇ ਜੋ ਨਾਸੂਰ ਬਣ ਚੁੱਕੇ ਹਨ। ਇਸ ਸਾਕੇ ਨੂੰ ਤੀਜਾ ਘੱਲੂਘਾਰਾ ਕਿਹਾ ਗਿਆ। ਇਸ ਘੱਲੂਘਾਰੇ ਬਾਰੇ ਲਿਖਦਿਆਂ ਹਰ ਕਲਮ ਖ਼ੂਨ ਦੇ ਹੰਝੂ ਕੇਰਦੀ ਰਹੇਗੀ।

ਪਿੰਡ-ਪਿੰਡ ਪੁੱਜੇ ਖ਼ੂਨ ਦੇ ਛਿੱਟੇ ਚੈਨ ਨਾਲ ਸੌਣ ਨਹੀਂ ਦਿੰਦੇ। ਸਮੇਂ ਦੀ ਕਾਂਗਰਸ ਸਰਕਾਰ ਨੇ ਭਾਵੇਂ ਤਵਾਰੀਖ਼ੀ ਗੁਨਾਹ ਕੀਤਾ ਸੀ ਪਰ ਇਸ ਦੇ ਨੇਤਾਵਾਂ ਨੇ ਹਮੇਸ਼ਾ ਘੁੰਡ ਕੱਢ ਕੇ ਹੀ ਮਾਫ਼ੀ ਮੰਗਣ ਦੀ ਕੋਸ਼ਿਸ਼ ਕੀਤੀ ਹੈ। ਜਿਨ੍ਹਾਂ ਨੇ ਹਥਿਆਰਬੰਦ ਜੰਗ ਲੜੀ, ਉਨ੍ਹਾਂ ਨੇ ਇਹ ਰਾਹ ਖ਼ੁਦ ਚੁਣਿਆ ਸੀ। ਪਰ ਨਿਰਦੋਸ਼ ਤੇ ਨਿਹੱਥੇ ਸ਼ਰਧਾਲੂਆਂ ਦੀ ਅਣਿਆਈ ਮੌਤ ਕਿਸ ਖਾਤੇ ਵਿੱਚ ਪਾਈ ਜਾਵੇ ? ਉਹ ਤਾਂ ਆਪਣੇ ਪਹਿਲੇ ਸ਼ਹੀਦ ਗੁਰੂ ਨੂੰ ਨਤਮਸਤਕ ਹੋਣ ਗਏ ਸਨ ਜਿਨ੍ਹਾਂ ਨੇ ਆਪਣੇ ਗੁਰੂ-ਪਿਤਾ ਗੁਰੂ ਰਾਮ ਦਾਸ ਜੀ ਵੱਲੋਂ ਆਰੰਭੇ ਹਰਿਮੰਦਰ ਸਾਹਿਬ ਦੇ ਨਿਰਮਾਣ ਕਾਰਜਾਂ ਨੂੰ ਪੂਰਾ ਕੀਤਾ ਸੀ।





ਖੁੱਲ੍ਹੇ ਦਿਲ ਵਾਲੇ ਸਤਿਗੁਰੂ ਨੇ ਹਰਿਮੰਦਰ ਸਾਹਿਬ ਦੇ ਚਾਰੇ ਪ੍ਰਵੇਸ਼ ਦੁਆਰਾਂ 'ਤੇ ਦਰਵਾਜ਼ੇ ਨਹੀਂ ਸਨ ਲਗਵਾਏ ਤਾਂ ਜੋ ਚਾਰਾਂ ਵਰਣਾਂ ਦੇ ਲੋਕ ਬਿਨਾਂ ਕਿਸੇ ਭੇਦਭਾਵ ਦੇ ਉੱਥੇ ਆ-ਜਾ ਸਕਣ। ਗੁਰੂ ਜੀ ਨੇ ਸਮੇਂ ਦੀ ਹਕੂਮਤ ਨਾਲ ਸਿੱਧੀ ਟੱਕਰ ਲੈਂਦਿਆਂ ਲਾਸਾਨੀ ਕੁਰਬਾਨੀ ਦਿੱਤੀ। ਸੀਸ ਝੁਕਾਇਆ ਹੁੰਦਾ ਤਾਂ ਉਸ 'ਤੇ ਤੱਤੀ ਰੇਤ ਨਾ ਪੈਂਦੀ ਤੇ ਨਾ ਹੀ ਉਨ੍ਹਾਂ ਨੂੰ ਉਬਲਦੀ ਦੇਗ ਵਿੱਚ ਪਾਇਆ ਜਾਂਦਾ। ਗੁਰੂ ਸਾਹਿਬ ਨੇ ਸ਼ਾਂਤਮਈ ਰਹਿ ਕੇ ਜ਼ੁਲਮ-ਸਿਤਮ ਦਾ ਮੁਕਾਬਲਾ ਕੀਤਾ। 'ਤੇਰਾ ਕੀਆ ਮੀਠਾ ਲਾਗੇ' ਦੀ ਧੁਨੀ ਜਾਰੀ ਰੱਖਦਿਆਂ ਗੁਰੂ ਜੀ ਨੇ ਤੱਤੀ ਤਵੀ 'ਤੇ ਬੈਠ ਕੇ ਸੀਸ 'ਤੇ ਤੱਤੀ ਰੇਤਾ ਪਵਾ ਲਈ।

ਸ਼ਾਂਤੀ ਦੇ ਪੁੰਜ ਨੇ ਭਾਣਾ ਮੰਨ ਕੇ ਸ਼ਹਿਨਸ਼ਾਹ ਦਾ ਹੰਕਾਰ ਚਕਨਾਚੂਰ ਕਰ ਦਿੱਤਾ। ਭਾਣੇ ਨੂੰ ਮਿੱਠਾ ਕਰ ਕੇ ਮੰਨਣ ਵਾਲੇ ਗੁਰੂ ਦੀ ਸ਼ਹਾਦਤ 'ਚੋਂ ਹੀ ਮੀਰੀ-ਪੀਰੀ ਦੀਆਂ ਦੋ ਕਿਰਪਾਨਾਂ ਦਾ ਜਨਮ ਹੋਇਆ ਸੀ। ਮੀਰੀ-ਪੀਰੀ ਦੇ ਸਿਧਾਂਤ ਨੇ ਹੀ ਧਰਮ-ਯੁੱਧ ਦਾ ਆਗ਼ਾਜ਼ ਕੀਤਾ ਸੀ। ਧਰਮ-ਯੁੱਧ ਦੀ ਅਸਲੋਂ ਨਵੀਂ ਪਰਿਭਾਸ਼ਾ ਨੇ ਜ਼ੁਲਮ ਖ਼ਿਲਾਫ਼ ਐਲਾਨ-ਏ-ਜੰਗ ਦਾ ਨਗਾਰਾ ਵਜਾਇਆ ਸੀ। ਸਪਸ਼ਟ ਸੀ ਕਿ ਜ਼ਾਲਮ ਦੇ ਹੱਥ ਆਈ ਤਲਵਾਰ ਦਾ ਮੁਕਾਬਲਾ ਮੀਰੀ-ਪੀਰੀ ਦੀਆਂ ਕਿਰਪਾਨਾਂ ਨੇ ਹੀ ਕੀਤਾ ਜੋ ਰਹਿੰਦੀ ਦੁਨੀਆ ਤੱਕ ਖੁੰਢੀਆਂ ਨਹੀਂ ਹੋ ਸਕਦੀਆਂ। ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਦਿਹਾੜੇ 'ਤੇ ਨੀਲਾ ਤਾਰਾ ਸਾਕੇ ਦਾ ਵਾਪਰਨਾ ਸਮੇਂ ਨੂੰ ਪੁੱਠਾ ਗੇੜਾ ਦੇਣ ਵਾਂਗ ਸੀ। ਇਸ ਸਾਕੇ ਨੇ ਤਵਾਰੀਖ਼ ਦੇ ਪੰਨੇ ਕਾਲਖ਼ ਨਾਲ ਪੋਤ ਦਿੱਤੇ।

ਜ਼ਖ਼ਮਾਂ ਦੀ ਇਬਾਰਤ ਪੜ੍ਹਦਿਆਂ ਇਤਿਹਾਸ ਦੇ ਸਫ਼ਿਆਂ 'ਚੋਂ ਹਮੇਸ਼ਾ ਖ਼ੂਨ ਚੋਂਦਾ ਰਹੇਗਾ। ਕੌਮ ਨੂੰ ਭੱਠ ਵਿੱਚ ਝੋਕਣ ਵਾਲੇ ਤਥਾ-ਕਥਿਤ ਟਕਸਾਲੀਆਂ ਦਾ ਲੇਖਾ-ਜੋਖਾ ਵੀ ਆਖ਼ਰ ਜ਼ਰੂਰ ਹੋਵੇਗਾ। ਧੁਆਂਖਿਆ ਅਤੀਤ ਉਨ੍ਹਾਂ ਦੀਆਂ ਆਖ਼ਰੀ ਪੀੜ੍ਹੀਆਂ ਨੂੰ ਵੀ ਮਾਫ਼ ਨਹੀਂ ਕਰੇਗਾ। ਕਦੇ ਕਿਸੇ ਨਿਰਦੋਸ਼ ਦਾ ਖ਼ੂਨ ਅਜਾਈਂ ਨਾ ਡੁੱਲ੍ਹੇ, ਇਸ ਦੀ ਅਰਦਾਸ ਕਰਨੀ ਚਾਹੀਦੀ ਹੈ। ਫ਼ਿਰਕਿਆਂ ਵਿੱਚ ਪਾੜ ਪਾਉਣ ਵਾਲੀਆਂ ਸ਼ਕਤੀਆਂ 'ਤੇ ਬਾਜ਼ ਅੱਖ ਰੱਖਣੀ ਹੋਵੇਗੀ।

ਗੁਰਾਂ ਦੇ ਨਾਂ 'ਤੇ ਵਸਣ ਵਾਲੇ ਸੂਬੇ ਵਿੱਚ ਸਾਜ਼ਿਸ਼ਾਂ ਦਾ ਹੀਜ਼-ਪਿਆਜ਼ ਨੰਗਾ ਕਰਨ ਲਈ ਮੇਰ-ਤੇਰ ਦੀਆਂ ਵਲਗਣਾਂ 'ਚੋਂ ਬਾਹਰ ਆਉਣਾ ਹੋਵੇਗਾ। ਸਾਂਝੀਵਾਲਤਾ ਦੇ ਖਮੀਰ ਨੂੰ ਖੋਰਾ ਨਾ ਲੱਗੇ, ਇਸ 'ਤੇ ਵੀ ਠੀਕਰੀ ਪਹਿਰਾ ਦੇਣਾ ਹੋਵੇਗਾ। ਸਾਕਾ ਨੀਲਾ ਤਾਰਾ ਤੋਂ ਸਬਕ ਨਾ ਸਿੱਖਦਿਆਂ ਭਾਈਚਾਰੇ ਨੂੰ ਤਾਰ-ਤਾਰ ਕਰਨ ਲਈ ਗ਼ੈਰ-ਸਮਾਜੀ ਅਨਸਰ ਫ਼ਿਰ ਸਿਰ ਚੁੱਕ ਰਹੇ ਹਨ। ਫ਼ਨੀਅਰ ਨਾਗਾਂ ਦਾ ਸਿਰ ਕੁਚਲਣ ਲਈ ਸਾਰੇ ਭਾਈਚਾਰਿਆਂ ਨੂੰ ਸਾਂਝਾ ਹੰਭਲਾ ਮਾਰਨਾ ਹੋਵੇਗਾ।



## ਸਾਕਾ ਨੀਲਾ ਤਾਰਾ: 4 ਜੂਨ, 1984

ਸਾਕਾ ਨੀਲਾ ਤਾਰਾ ਦੇ ਬੀਜ ਤਾਂ ਸੰਨ 1975 ਵਿੱਚ ਹੀ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਮਨ ਵਿੱਚ ਬੀਜੇ ਗਏ ਸਨ, ਜਦੋਂ ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਵੱਲੋਂ ਐਮਰਜੈਂਸੀ ਵਿਰੁੱਧ ਮੋਰਚਾ ਲਾ ਦਿੱਤਾ ਗਿਆ ਸੀ। ਸਾਰੇ ਭਾਰਤ ਵਿੱਚ ਕੇਵਲ ਪੰਜਾਬ ਹੀ ਇੱਕੋ ਇੱਕ ਸੂਬਾ ਹੈ ਜਿਸ ਵਿਚੋਂ ਹਜ਼ਾਰਾਂ ਲੋਕਤੰਤਰ ਦੇ ਹਮਾਇਤੀਆਂ ਨੇ ਕੇਂਦਰੀ ਸਰਕਾਰ ਵੱਲੋਂ ਲਾਈ ਐਮਰਜੈਂਸੀ ਵਿਰੁੱਧ ਰੋਸ ਪ੍ਰਦਰਸ਼ਨ ਕਰਦਿਆਂ ਹੋਇਆਂ ਗ੍ਰਿਫ਼ਤਾਰੀਆਂ ਦਿੱਤੀਆਂ। ਜੂਨ 1984 ਸਿੱਖ ਮਾਨਸਿਕਤਾ 'ਤੇ ਅਜਿਹਾ ਜ਼ਖ਼ਮ ਹੈ, ਜੋ ਹਰ ਸਾਲ ਨਾਸੂਰ ਬਣ ਕੇ ਵਹਿੰਦਾ ਹੈ। ਇਸ ਦੀ ਪੀੜ ਅੱਜ ਇੰਨੇ ਸਾਲਾਂ ਮਗਰੋਂ ਵੀ ਹਰ ਸਿੱਖ ਦੀ ਅੱਖ ਵਿਚੋਂ ਸਾਫ਼ ਨਜ਼ਰ ਆਉਂਦੀ ਹੈ। ਦਰਅਸਲ ਇਹ ਹਮਲਾ 6 ਜੂਨ 1984 ਨੂੰ ਹੋਇਆ ਸੀ।

3 ਜੂਨ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਸੀ। ਦਰਬਾਰ ਸਾਹਿਬ ਦੇ ਚਾਰੇ ਪਾਸੇ ਦੋਵੇਂ ਧਿਰਾਂ ਮੋਰਚਾਬੰਦੀ ਕਰਨ ਤੋਂ ਬਾਅਦ 4 ਜੂਨ ਦੀ ਸਵੇਰ ਰਾਗੀ ਸਿੰਘ ਬੇਨਤੀ ਅਤੇ ਬੀਰ ਰਸ ਦੇ ਸ਼ਬਦਾਂ ਨਾਲ ਆਸ਼ਾ ਦੀ ਵਾਰ ਦਾ ਕੀਰਤਨ ਗਾਇਨ ਕਰ ਰਹੇ ਸਨ। ਘੜੀਆਂ 'ਤੇ 4 ਵੱਜ ਕੇ 45 ਮਿੰਟ ਦਾ ਸਮਾਂ ਸੀ। ਜਲ੍ਹਿਆਂ ਵਾਲੇ ਬਾਗ਼ ਦੇ ਪਾਸੇ ਤੋਂ ਇੱਕ ਛੂਕਦਾ ਹੋਇਆ ਗੋਲਾ ਆਇਆ ਅਤੇ ਆਵਾਜ਼ ਨਾਲ ਪੂਰਾ ਵਾਤਾਵਰਣ ਗੂੰਜ ਉਠਿਆ। ਪਰਿਕਰਮਾ ਵਿੱਚ ਔਰਤਾਂ ਅਤੇ ਬੱਚਿਆਂ ਦਾ ਬੁਰਾ ਹਾਲ ਸੀ। ਚਾਰੇ ਪਾਸੇ ਤੋਂ ਗੋਲੀ ਚੱਲਣੀ ਸ਼ੁਰੂ ਹੋ ਗਈ ਪਰ ਫ਼ਿਰ ਵੀ ਸ਼ਬਦ ਗੁਰਬਾਣੀ ਦਾ ਪ੍ਰਵਾਹ ਜਾਰੀ ਸੀ। ਧੜਾਧੜ ਲਾਸ਼ਾਂ ਡਿਗ ਰਹੀਆਂ ਸਨ, ਫ਼ਾਈਰਿੰਗ ਪੂਰੇ ਜੋਬਨ 'ਤੇ ਸੀ। ਇੰਨੇ ਨੂੰ ਇੱਕ ਬੰਬ ਸ੍ਰੀ ਦਰਬਾਰ ਸਾਹਿਬ ਨੂੰ ਬਿਜਲੀ ਸਪਲਾਈ ਦੇਣ ਵਾਲੇ ਬਿਜਲੀ ਘਰ 'ਤੇ ਡਿੱਗਾ। ਸ੍ਰੀ ਦਰਬਾਰ ਦੇ



ਆਸਪਾਸ ਦੇ ਇਲਾਕਿਆਂ ਦੀ ਬਿਜਲੀ ਬੰਦ ਹੋ ਗਈ।

ਸਿੱਖ ਆਗੂਆਂ ਮੁਤਾਬਕ ਇਸ ਹਮਲੇ ਰਾਹੀਂ ਦੇਸ਼ ਦੀਆਂ ਕੁਝ ਸਿਆਸੀ ਧਿਰਾਂ ਮੁਲਕ ਵਿੱਚ ਫ਼ਿਰਕੂ ਧਰੁਵੀਕਰਨ ਕਰਕੇ ਆਪਣੇ ਸਿਆਸੀ ਹਿੱਤ ਪੂਰਨਾ ਚਾਹੁੰਦੀਆਂ ਸਨ। ਸਰਕਾਰੀ ਵਾਈਟ ਪੇਪਰ ਮੁਤਾਬਕ ਹਮਲੇ 'ਚ 83 ਫ਼ੌਜੀ ਤੇ 493 ਆਮ ਲੋਕ ਮਾਰੇ ਗਏ। ਕੇਂਦਰੀ ਸਿੱਖ ਅਜਾਇਬ ਘਰ ਵਿੱਚ ਹਮਲੇ ਦੇ ਮ੍ਰਿਤਕਾਂ ਦੀ ਸੂਚੀ ਵਿੱਚ 743 ਨਾਂ ਸ਼ਾਮਲ ਹਨ।

# ਜੂਨ ’84 ਦਾ ਸਿੱਖ ਦੁਖਾਂਤ ਤੇ ਸਿੱਖ ਲੀਡਰਸ਼ਿਪ ਦੀ ਜ਼ਿੰਮੇਵਾਰੀ



ਡਾ. ਗੁਰਦਰਸ਼ਨ ਸਿੰਘ ਢਿੱਲੋਂ
ਸਾਬਕਾ ਪ੍ਰੋਫ਼ੈਸਰ ਆਫ਼ ਹਿਸਟਰੀ,
ਪੰਜਾਬ ਯੂਨੀਵਰਸਟੀ, ਚੰਡੀਗੜ੍ਹ

ਸਿੱਖਾਂ ਦੇ ਇਤਿਹਾਸ ਵਿੱਚ ਘੱਲੂਘਾਰੇ ਪਹਿਲਾਂ ਵੀ ਵਾਪਰੇ ਹਨ ਪ੍ਰੰਤੂ ਜੂਨ ’84 ਦਾ ਖ਼ੂਨੀ ਘੱਲੂਘਾਰਾ ਪਿਛਲੇ ਵਾਪਰੇ ਘੱਲੂਘਾਰਿਆਂ ਨਾਲੋਂ ਕਿਤੇ ਵੱਧ ਭਿਆਨਕ ਅਤੇ ਦਰਦਨਾਕ ਸੀ। ਇਹ ਫੌਜੀ ਹਮਲਾ ਸਿੱਖਾਂ ਦੀ ਦਾਸਤਾਂ ਵਿੱਚ ਨਾ-ਭੁੱਲਣ ਵਾਲਾ ਘਟਨਾਕ੍ਰਮ ਹੈ। ਜੇਕਰ ਸਿੱਖ ਇਸ ਸਾਰੇ ਵਰਤਾਰੇ ਨੂੰ ਭੁਲਾ ਦੇਣਗੇ ਤਾਂ ਸਿੱਖ, ਸਿੱਖ ਹੀ ਨਹੀਂ ਰਹਿਣਗੇ। ਜਿਹੜੇ ਸਿੱਖਾਂ ਨੇ ਇਸ ਘੱਲੂਘਾਰੇ ਦਾ ਦੁਖਾਂਤ ਆਪਣੇ ਮਨਾਂ ਅਤੇ ਪਿੰਡਿਆਂ ’ਤੇ ਹੰਢਾਇਆ ਹੈ, ਉਹੀ ਜਾਣਦੇ ਹਨ ਕਿ ਇਹ ਵਰਤਾਰਾ ਕੀ ਸੀ ? ਇਸ ਸੰਤਾਪ ਨੂੰ ਸਿੱਖ ਹਾਲੇ ਵੀ ਭੋਗ ਰਹੇ ਹਨ। ਬੀਜੇਪੀ ਦੇ ਵੱਡੇ ਨੇਤਾ ਐਲ.ਕੇ. ਅਡਵਾਨੀ ਨੇ ਅਪਣੀ ਜੀਵਨ ਕਥਾ ਵਿੱਚ ਲਿਖਿਆ ਹੈ ਕਿ ਉਸ ਨੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ’ਤੇ ਜ਼ੋਰ ਪਾ ਕੇ ਕਿਹਾ ਸੀ ਕਿ ਜਲਦੀ ਤੋਂ ਜਲਦੀ ਸਿੱਖਾਂ ਦੇ ਸਰਬਉੱਚ ਧਾਰਮਿਕ ਅਸਥਾਨ ਦਰਬਾਰ ਸਾਹਿਬ ’ਤੇ ਫ਼ੌਜੀ ਹਮਲਾ ਕੀਤਾ ਜਾਵੇ।

ਵਰਣਨਯੋਗ ਹੈ ਕਿ ਪੰਜਾਬੀ ਲਿਖਾਰੀਆਂ ਵਿਚੋਂ ਕਿਸੇ ਨੇ ਵੀ ਇਸ ਘਟਨਾ ਦਾ ਜ਼ਿਕਰ ਅਪਣੀਆਂ ਲਿਖਤਾਂ ਵਿੱਚ ਖੁੱਲ੍ਹ ਕੇ ਨਹੀਂ ਕੀਤਾ। ਸ਼ਾਇਦ ਇਹ ਲਿਖਾਰੀ ਦਿੱਲੀ ਵਾਲਿਆਂ ਤੋਂ ਪਦਮ ਸ੍ਰੀ, ਪਦਮ ਬਿਭੂਸ਼ਨ ਵਰਗੇ ਪੁਰਸਕਾਰਾਂ ਦੀ ਝਾਕ ਵਿੱਚ ਰਹਿੰਦੇ ਹਨ। ਇਥੇ ਖ਼ਾਸ ਤੌਰ ’ਤੇ ਵਰਣਨਯੋਗ ਹੈ ਕਿ ਪ੍ਰਕਾਸ਼ ਸਿੰਘ ਬਾਦਲ ਦੀ ਵੀ ਇਸ ਘਟਨਾਕ੍ਰਮ ਵਿੱਚ ਦਿੱਲੀ ਵਾਲਿਆਂ ਨਾਲ ਅੰਦਰੂਨੀ ਤੌਰ ’ਤੇ ਇਕਮਿਕ ਹੋਣ ਦੀ ਚਰਚਾ ਆਮ ਰਹੀ ਹੈ। ਸਾਹਿਤਕਾਰਾਂ ਅਤੇ ਇਤਿਹਾਸਕਾਰਾਂ ਨੇ ਹਾਲੇ ਇਸ ਖ਼ੂਨੀ ਘਟਨਾਕ੍ਰਮ ਬਾਰੇ ਕਾਫ਼ੀ ਕੁੱਝ ਲਿਖਣਾ ਹੈ, ਜੋ ਬਾਕੀ ਹੈ। ਮੈਂ ਇਥੇ ਖ਼ਾਸ ਤੌਰ ’ਤੇ ਪਾਕਿਸਤਾਨ ਦੇ ਪੰਜਾਬੀ ਕਵੀ ਅਫ਼ਜ਼ਲ ਅਹਿਸਨ ਰੰਧਾਵਾ ਦੀ ਇਸ ਘਟਨਾ ’ਤੇ ਲਿਖੀ ਹੋਈ ਇੱਕ ਕਵਿਤਾ ਵਿਚੋਂ ਇੱਕ ਲਾਈਨ ਪਾਠਕਾਂ ਅੱਗੇ ਪੇਸ਼ ਕਰ ਰਿਹਾ ਹਾਂ:

ਅੱਜ ਤਪਦੀ ਭੱਠੀ ਬਣ ਗਿਆ, ਮੇਰਾ ਸਗਲੇ ਵਾਲਾ ਪੈਰ,
ਅੱਜ ਵੈਰੀਆਂ ਕੱਢ ਵਿਖਾਲਿਆ, ਹਾਇ! ਪੰਜ ਸਦੀਆਂ ਦਾ ਵੈਰ।

ਦਰਬਾਰ ਸਾਹਿਬ, ਅੰਮ੍ਰਿਤਸਰ ਸਿੱਖੀ ਦਾ ਧੁਰਾ ਹੈ। ਸਿੱਖਾਂ ਦੀ ਜਿੰਦ ਜਾਨ ਹੈ। ਸਿੱਖਾਂ ਦੀ ਆਨ-ਸ਼ਾਨ ਹੈ। ਇਸ ਉਪਰ ਝੂਲਦੇ ਦੋ ਨਿਸ਼ਾਨ ਸਿੱਖ ਗੁਰੂਆਂ ਦੀ ਮੀਰੀ-ਪੀਰੀ ਵਿਚਾਰਧਾਰਾ ਦੇ ਮੂੰਹ ਬੋਲਦੇ ਪ੍ਰਤੀਕ ਹਨ। ਆਹਮਣੇ ਸਾਹਮਣੇ ਖੜੀਆਂ ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਦੀਆਂ ਇਮਾਰਤਾਂ ਭਗਤੀ ਅਤੇ ਸ਼ਕਤੀ ਦੇ ਸੁਮੇਲ ਨੂੰ ਦਰਸਾਉਂਦੀਆਂ ਹਨ। ਸਿੱਖਾਂ ਦਾ ਸਦੀਆਂ ਪੁਰਾਣਾ ਇਤਿਹਾਸ ਇਸ ਪਵਿੱਤਰ ਅਸਥਾਨ ਨਾਲ ਜੁੜਿਆ ਹੋਇਆ ਹੈ। ਸਿੱਖ ਪ੍ਰੰਪਰਾ ਅਨੁਸਾਰ, ਅਕਾਲ ਤਖ਼ਤ ’ਤੇ ਹੋਏ ਸਰਬੱਤ ਖ਼ਾਲਸੇ ਦੇ ਇਕੱਠ ਅਤੇ ਗੁਰਮਤੇ (ਗੁਰੂ ਦੇ ਨਾਮ ’ਤੇ ਲਏ ਗਏ ਫ਼ੈਸਲੇ) ਸਿੱਖਾਂ ਦਾ ਮਾਰਗ ਦਰਸ਼ਨ ਕਰਦੇ ਰਹੇ ਹਨ ਅਤੇ ਜਬਰ ਜ਼ੁਲਮ ਵਿਰੁਧ ਟੱਕਰ ਲੈਣ ਲਈ ਸਿੱਖੀ ਸਪਿਰਿਟ ਨੂੰ ਬਰਕਰਾਰ ਰੱਖਣ ਵਿੱਚ ਸਹਾਈ ਹੁੰਦੇ ਰਹੇ ਹਨ। ਅਕਾਲ ਤਖ਼ਤ ਸਰਬੱਤ ਦੇ ਭਲੇ ਦੀ ਕਾਮਨਾ ਕਰਦਾ ਹੈ ਅਤੇ ਰੰਗ, ਨਸਲ ਤੇ ਜਾਤ-ਪਾਤ ਦੇ ਭੇਦ ਮਿਟਾ ਕੇ, ਸਮੁੱਚੀ ਮਾਨਵਤਾ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਲਈ ਵਚਨਬੱਧ ਹੈ। ਇਹ ਸਿੱਖ ਧਰਮ ਦੀ ਨਿਆਰੀ ਅਤੇ ਨਿਵੇਕਲੀ ਪਛਾਣ ਦੀ ਸ਼ਾਹਦੀ ਭਰਦਾ ਹੈ।

ਸਿੱਖਾਂ ਦੀ ਵੱਧ ਰਹੀ ਤਾਕਤ ਨੂੰ ਰੋਕਣ ਲਈ ਹਮਲਾਵਰਾਂ ਨੇ ਕਈ ਵਾਰ ਦਰਬਾਰ ਸਾਹਿਬ ’ਤੇ ਹਮਲੇ ਕਰ ਕੇ, ਇਸ ਨੂੰ ਢਹਿ ਢੇਰੀ ਕਰ ਦਿਤਾ। ਅੰਗਰੇਜ਼ ਵੀ ਦਰਬਾਰ ਸਾਹਿਬ ਦਾ ਮਹੱਤਵ ਜਾਣਦੇ ਸਨ ਕਿ ਇਹ ਸਿੱਖੀ ਦਾ ਧੁਰਾ ਹੈ। ਉਨ੍ਹਾਂ ਨੇ ਸਿੱਖੀ ਤੋਂ ਬੇਮੁੱਖ ਹੋਏ ਮਹੰਤਾਂ, ਪੁਜਾਰੀਆਂ ਤੋਂ ਦਰਬਾਰ ਸਾਹਿਬ ਅਤੇ ਹੋਰ ਪ੍ਰਮੁੱਖ ਗੁਰਦਵਾਰਿਆਂ ’ਤੇ ਕਬਜ਼ਾ ਕਰਵਾ ਕੇ, ਇਨ੍ਹਾਂ ਨੂੰ ਅਪਣੀ ਸਰਪ੍ਰਸਤੀ ਹੇਠ ਰਖਿਆ। ਸਿੱਖਾਂ ਨੇ ਗੁਰਦੁਆਰਾ ਲਹਿਰ ਚਲਾ ਕੇ ਅਤੇ ਬੇਅੰਤ ਕੁਰਬਾਨੀਆਂ ਦੇ ਕੇ ਇਹ ਗੁਰਦੁਆਰੇ ਮਹੰਤਾਂ-ਪੁਜਾਰੀਆਂ ਦੇ ਕੰਟਰੋਲ ਤੋਂ ਆਜ਼ਾਦ ਕਰਵਾਏ। ਇਨ੍ਹਾਂ ਦਾ ਪ੍ਰਬੰਧ ਸੰਨ 1920 ਵਿੱਚ ਬਣੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਗਿਆ। ਭਾਰਤੀ ਫ਼ੌਜਾਂ ਵੱਲੋਂ ਜੂਨ 1984 ਵਿੱਚ ਦਰਬਾਰ ਸਾਹਿਬ ਅੰਮ੍ਰਿਤਸਰ ’ਤੇ ਕੀਤਾ ਗਿਆ ਵਹਿਸ਼ੀਆਨਾ ਹਮਲਾ ਆਜ਼ਾਦ ਭਾਰਤ ਦੇ ਇਤਿਹਾਸ ਦੀ ਸਭ ਤੋਂ ਮੰਦਭਾਗੀ ਘਟਨਾ ਹੈ। ਇਸ ਘਟਨਾ ਨੇ ਦੇਸ਼ ਵਿਦੇਸ਼ ਵਿੱਚ ਵਸਦੇ ਸਮੂਹ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਗਹਿਰੀ ਠੇਸ ਪਹੁੰਚਾਈ। ਸੰਸਾਰ ਦੇ ਕੋਨੇ ਕੋਨੇ ਵਿੱਚ ਰਹਿੰਦੇ ਸਿੱਖਾਂ ਨੇ ਭਾਰੀ ਰੋਸ ਦਾ ਪ੍ਰਗਟਾਵਾ ਕੀਤਾ। ਦੇਸ਼ ਦੇ ਆਜ਼ਾਦੀ ਸੰਗਰਾਮ ਵਿੱਚ 80 ਫ਼ੀ ਸਦੀ ਤੋਂ ਵੀ ਵੱਧ ਸ਼ਹਾਦਤਾਂ ਪਾਉਣ ਵਾਲੀ ਸਿੱਖ ਕੌਮ ਨੂੰ ਆਪਣੇ ਹੀ ਦੇਸ਼ ਵਿੱਚ ਬੇਗਾਨਗੀ ਦਾ ਅਹਿਸਾਸ ਹੋਣ ਲੱਗਾ। ਸੰਨ 1919 ਵਿੱਚ ਹੋਏ ਜਲ੍ਹਿਆਂ ਵਾਲੇ ਬਾਗ਼ ਦੇ ਖ਼ੂਨੀ ਸਾਕੇ ਨੇ ਸਾਰੇ ਦੇਸ਼ ਵਿੱਚ ਹਾਹਾਕਾਰ ਮਚਾ ਦਿਤੀ ਸੀ ਅਤੇ ਇਸ ਨੇ ਬਰਤਾਨਵੀ ਸਮਰਾਜ ਦੀਆਂ ਜੜ੍ਹਾਂ ਨੂੰ ਹਿਲਾ ਕੇ ਰੱਖ ਦਿਤਾ ਸੀ। ਪ੍ਰੰਤੂ ਇਸ ਸਮੇਂ ਲੋਕਾਂ ਦੀ ਨਾਰਾਜ਼ਗੀ ਵਿਦੇਸ਼ੀ ਹਾਕਮਾਂ ਦੇ ਜਬਰੋ ਜ਼ੁਲਮ ਵਿਰੁਧ ਸੀ। ਇਸ ਦੇ ਉਲਟ, ਸਾਕਾ ਨੀਲਾ ਤਾਰਾ ਨਾਂ ਨਾਲ ਜਾਣੇ ਜਾਂਦੇ, ਦਰਬਾਰ ਸਾਹਿਬ ’ਤੇ ਕੀਤੇ ਗਏ ਫ਼ੌਜੀ ਹਮਲੇ ਨੇ ਆਜ਼ਾਦ ਭਾਰਤ ਦੇ ਹੁਕਮਰਾਨਾਂ ਦੀ ਨਾਕਾਰਤਮਕ ਸਿਆਸਤ, ਫ਼ਿਰਕੂ ਵਿਚਾਰਧਾਰਾ, ਦੋਗਲੀ ਨੀਤੀ ਅਤੇ ਦੇਸ਼ ਦੀਆਂ ਘੱਟ-ਗਿਣਤੀਆਂ ਪ੍ਰਤੀ ਦੁਰਭਾਵਨਾਵਾਂ ਅਤੇ ਉਨ੍ਹਾਂ ਨਾਲ ਕੀਤੇ ਜਾ ਰਹੇ ਜ਼ੁਲਮ ਦੀ ਤਸਵੀਰ ਨੂੰ ਪ੍ਰਤਖ ਰੂਪ ਵਿੱਚ ਸੰਸਾਰ ਸਾਹਮਣੇ ਲੈ ਆਂਦਾ। ਪ੍ਰੰਤੂ ਭਾਰਤੀ ਮੀਡੀਏ ਅਤੇ ਇਤਿਹਾਸਕਾਰਾਂ ਨੇ ਇਸ ਦੁਖਦਾਈ ਘਟਨਾ ਦੇ ਵੱਖ ਵੱਖ ਪਹਿਲੂਆਂ ਦਾ ਸਹੀ ਵਿਸ਼ਲੇਸ਼ਣ ਨਹੀਂ ਕੀਤਾ।

ਫ਼ੌਜੀ ਹਮਲੇ ਦੀ ਵਿਉਂਤਬੰਦੀ ਬਹੁਤ ਵੱਡੀ ਪੱਧਰ ’ਤੇ ਕਈ ਮਹੀਨੇ ਪਹਿਲਾਂ ਤੋਂ ਹੀ ਹੋ ਚੁੱਕੀ ਸੀ। ਇੱਕ ਗਹਿਰੀ ਸਾਜ਼ਿਸ਼ ਅਧੀਨ ਦੇਸ਼ ਦੀਆਂ ਖ਼ੁਫ਼ੀਆ ਏਜੰਸੀਆਂ ਨੂੰ ਪੂਰੀ ਤਰ੍ਹਾਂ ਸਰਗਰਮ ਕਰ ਦਿਤਾ ਗਿਆ ਸੀ। ਪਹਾੜੀ ਇਲਾਕੇ ਵਿੱਚ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ, ਇਸ ਨੂੰ ਤਬਾਹ ਕਰਨ ਦੀ ਵਿਉਂਤ ਬਣਾਈ ਜਾ ਰਹੀ ਸੀ। ਬਰਤਾਨੀਆ ਸਰਕਾਰ ਤੋਂ ਵੀ ਇਸ ਮੰਤਵ ਲਈ ਸਲਾਹਕਾਰ ਮੰਗਵਾਏ ਗਏ ਸਨ ਜਿਨ੍ਹਾਂ ਨੇ ਖ਼ੁਫ਼ੀਆ ਤੌਰ ’ਤੇ ਦਰਬਾਰ ਸਾਹਿਬ ਜਾ ਕੇ ਪੂਰਾ ਸਰਵੇਖਣ ਕਰ ਕੇ, ਭਾਰਤ ਸਰਕਾਰ ਨੂੰ ਅਪਣੀ ਸਲਾਹ ਪੇਸ਼ ਕੀਤੀ ਸੀ। ਕਵੀ ਸ਼ਾਹ ਮੁਹੰਮਦ ਦੇ ਲਫ਼ਜ਼ਾਂ ਵਿੱਚ ‘ਹਿੰਦ-ਪੰਜਾਬ ਜੰਗ’ ਦੀਆਂ ਪੂਰੀਆਂ ਤਿਆਰੀਆਂ ਕਸੀਆਂ ਗਈਆਂ ਸਨ। ਸੱਭ ਤੋਂ ਅਫ਼ਸੋਸਜਨਕ ਗੱਲ ਤਾਂ ਇਹ ਹੈ ਕਿ ਇੱਕ ਪਾਸੇ ਤਾਂ ਫ਼ੌਜੀ ਹਮਲੇ ਦੀ ਪੂਰੀ ਤਿਆਰੀ ਸੀ ਤੇ ਦੂਜੇ ਪਾਸੇ ਇੱਕ ਬਹੁਤ ਹੀ ਕੋਝੀ ਦੋਗਲੀ ਨੀਤੀ ਦੇ ਅਧੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ, ਸਿੱਖ ਨੇਤਾਵਾਂ ਦੀਆਂ ਅੱਖਾਂ ਵਿਚ ਧੂੜ ਪਾ ਕੇ, ਸਮੱਸਿਆਵਾਂ ਦੇ ਹੱਲ ਲਈ ਗੱਲਬਾਤ ਦਾ ਸੱਦਾ ਦੇ ਰਹੀ ਸੀ।

ਵਿਖਾਵੇ ਮਾਤਰ ਗੱਲਬਾਤ ਦੇ ਕੋਈ ਦੋ ਦਰਜਨ ਤੋਂ ਵੀ ਵੱਧ ਦੌਰ ਚੱਲਦੇ ਰਹੇ। ਸਮਝੌਤਾ ਕਰਵਾਉਣ ਵਾਲਿਆਂ ਵਿੱਚ ਦੇਸ਼ ਦੇ ਮੰਨੇ ਪ੍ਰਮੰਨੇ ਪਤਵੰਤੇ ਵਿਅਕਤੀ ਸ਼ਾਮਲ ਸਨ ਜਿਵੇਂ ਕਿ ਸਰਵਣ ਸਿੰਘ, ਇੰਦਰ ਕੁਮਾਰ ਗੁਜਰਾਲ, ਕੁਲਦੀਪ ਨਈਅਰ, ਕੈਪਟਨ ਅਮਰਿੰਦਰ ਸਿੰਘ, ਹਰਕਿਸ਼ਨ ਸਿੰਘ ਸੁਰਜੀਤ, ਫ਼ਾਰੂਕ ਅਬਦੁੱਲਾ ਅਤੇ ਕਈ ਹੋਰ। ਇਨ੍ਹਾਂ ਸਭਨਾਂ ਨੇ ਇੰਦਰਾ ਗਾਂਧੀ ਦੀ ਦੋਗਲੀ ਨੀਤੀ ਦਾ ਪ੍ਰਗਟਾਵਾ ਕੀਤਾ। ਗੁਜਰਾਲ ਨੇ ਏ.ਜੀ. ਨੂਰਾਨੀ ਨੂੰ ਇੱਕ ਇੰਟਰਵਿਊ ਵਿੱਚ ਦੱਸਿਆ ਕਿ ਪ੍ਰਧਾਨ ਮੰਤਰੀ ਦੀ ਅਕਾਲੀਆਂ ਨਾਲ ਸਮਝੌਤਾ ਕਰਨ ਦੀ ਕੋਈ ਮਨਸ਼ਾ ਹੀ ਨਹੀਂ ਸੀ। 2 ਜੂਨ 1984 ਨੂੰ ਜਦੋਂ ਕਿ ਦਰਬਾਰ ਸਾਹਿਬ ਨੂੰ ਚਾਰੇ ਪਾਸਿਉਂ ਫ਼ੌਜਾਂ ਨੇ ਘੇਰ ਲਿਆ ਸੀ ਅਤੇ ਫ਼ਾਇਰਿੰਗ ਸ਼ੁਰੂ ਹੋ ਚੁੱਕੀ ਸੀ, ਤਾਂ ਵੀ ਪ੍ਰਧਾਨ ਮੰਤਰੀ ਨੇ ਇੱਕ ਟੈਲੀਵਿਜ਼ਨ ਸੰਦੇਸ਼ ਦੁਆਰਾ ਅਕਾਲੀਆਂ ਨੂੰ ਗੱਲਬਾਤ ਦਾ ਸੱਦਾ ਦੇਣ ਦਾ ਨਾਟਕ ਰਚਿਆ। ਪ੍ਰੰਤੂ ਇਹ ਸਰਾਸਰ ਪਖੰਡ ਸੀ, ਦੁਨੀਆਂ ਨੂੰ ਗੁਮਰਾਹ ਕਰਨ ਦੀ ਇਕ ਲੂੰਬੜ ਚਾਲ ਸੀ। ਸਿੱਖਾਂ ਨਾਲ ਟਕਰਾਉ ਦਾ ਮਨ ਤਾਂ ਇੰਦਰਾ ਗਾਂਧੀ ਨੇ ਬਹੁਤ ਪਹਿਲਾਂ ਹੀ ਬਣਾ ਰਖਿਆ ਸੀ। 1975 ਵਿੱਚ ਲਗਾਈ ਗਈ ਐਮਰਜੈਂਸੀ ਦੀ ਦੇਸ਼ ਵਿੱਚ ਸਭ ਤੋਂ ਵੱਧ ਵਿਰੋਧਤਾ ਅਕਾਲੀ ਦਲ ਦੀ ਅਗਵਾਈ ਵਿੱਚ ਹੀ ਹੋਈ ਸੀ। ਇੰਦਰਾ ਗਾਂਧੀ ਲਈ ਹੁਣ ਸਿੱਖਾਂ ਨੂੰ ਸਬਕ ਸਿਖਾਉਣ ਦਾ ਬਹੁਤ ਵਧੀਆ ਅਵਸਰ ਮਿਲਿਆ ਸੀ। ਦੂਜਾ ਕਾਰਨ ਇਹ ਸੀ ਕਿ ਫ਼ਿਰਕੂ ਵਿਚਾਰਧਾਰਾ ਅਧੀਨ ਇੰਦਰਾ ਗਾਂਧੀ ਹਿੰਦੂ ਰਾਸ਼ਟਰ ਦੀ ਸਰਪ੍ਰਸਤ ਬਣ ਕੇ ਭਾਜਪਾ ਨੂੰ ਮਾਤ ਪਾਉਣਾ ਚਾਹੁੰਦੀ ਸੀ ਅਤੇ ਹਿੰਦੂ ਵੋਟ ਬੈਂਕ ਨੂੰ ਮਜ਼ਬੂਤ ਕਰਨਾ ਚਾਹੁੰਦੀ ਸੀ। ਪੰਜਾਬ ਦੀਆਂ ਰਾਜਨੀਤਕ ਸਮੱਸਿਆਵਾਂ ਨੂੰ ਫ਼ਿਰਕੂ ਰੰਗ ਦੇ ਕੇ ਅਮਨ-ਕਾਨੂੰਨ ਦੀ ਸਮੱਸਿਆ ਵਿੱਚ ਬਦਲ ਦੇਣ ਦੀ ਕੋਝੀ ਚਾਲ ਚਲ ਰਹੀ ਸੀ।

ਸੰਨ 1982 ਵਿੱਚ ਲੱਗਿਆ ਧਰਮ ਯੁੱਧ ਮੋਰਚਾ ਬਹੁਤ ਹੀ ਸ਼ਾਂਤਮਈ ਮੋਰਚਾ ਸੀ ਜਿਸ ਵਿੱਚ ਤਕਰੀਬਨ ਦੋ ਲੱਖ ਦੇ ਕਰੀਬ ਸਿੱਖ ਜੇਲ੍ਹਾਂ ਵਿੱਚ ਗਏ ਸਨ। ਮੋਰਚੇ ਦੀਆਂ ਸਮਾਜਕ, ਆਰਥਿਕ ਅਤੇ ਰਾਜਨੀਤਕ ਮੰਗਾਂ ਬਹੁਤ ਹੀ ਜਾਇਜ਼ ਸਨ ਅਤੇ ਭਾਰਤੀ ਸੰਵਿਧਾਨ ਦੇ ਖੇਤਰ ਵਿੱਚ ਰਹਿ ਕੇ ਪੂਰੀਆਂ ਕੀਤੀਆਂ ਜਾ ਸਕਦੀਆਂ ਸਨ। ਪ੍ਰੰਤੂ ਜਦੋਂ ਦੇਸ਼ ਦੇ ਹੁਕਮਰਾਨ ਇਨਸਾਫ਼ ਦੇਣ ਦਾ ਰਸਤਾ ਛੱਡ ਕੇ, ਟਕਰਾਅ ਦਾ ਰਸਤਾ ਅਪਣਾ ਲੈਣ ਅਤੇ ਅਪਣੇ ਹੀ ਦੇਸ਼ ਵਾਸੀਆਂ ਦੇ ਖ਼ੂਨ ਖ਼ਰਾਬੇ ਦੀ ਪ੍ਰਵਾਹ ਨਾ ਕਰਨ ਤਾਂ ਇਸ ਤੋਂ ਮੰਦਭਾਗੀ ਗੱਲ ਹੋਰ ਕੀ ਹੋ ਸਕਦੀ ਹੈ ?

ਇੱਕ ਗਿਣੀ ਮਿਥੀ ਚਾਲ ਅਧੀਨ ਦਰਬਾਰ ਸਾਹਿਬ ’ਤੇ ਹਮਲਾ ਕਰਨ ਲਈ 6 ਜੂਨ ਦਾ ਦਿਨ ਜਾਣਬੁਝ ਕੇ ਚੁਣਿਆ ਗਿਆ। ਇਹ ਦਿਨ ਦਰਬਾਰ ਸਾਹਿਬ ਦੇ ਨਿਰਮਾਤਾ ਪੰਜਵੇਂ ਸਿੱਖ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਦਿਨ ਸੀ ਜਦੋਂ ਕਿ ਹਜ਼ਾਰਾਂ ਦੀ ਤਾਦਾਦ ਵਿੱਚ ਸ਼ਰਧਾਲੂ ਪੰਜਾਬ ਦੇ ਕੋਨੇ ਕੋਨੇ ਤੋਂ ਇਥੇ ਇਕੱਤਰ ਹੁੰਦੇ ਹਨ। ਇਤਿਹਾਸ ਗਵਾਹ ਹੈ ਕਿ ਵਿਦੇਸ਼ੀ ਹਮਲਾਵਰ ਵੀ ਦਰਬਾਰ ਸਾਹਿਬ ਤੇ ਹਮਲਾ ਕਰਨ ਵੇਲੇ ਕਿਸੇ ਤਿਉਹਾਰ ਜਾਂ ਗੁਰਪੁਰਬ ਦਾ ਦਿਹਾੜਾ ਹੀ ਚੁਣਦੇ ਸਨ। ਅੰਗਰੇਜ਼ੀ ਰਾਜ ਸਮੇਂ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਵੀ ਵੈਸਾਖੀ ਦੇ ਦਿਨ ਹੀ ਵਾਪਰਿਆ ਸੀ। ਭਾਰਤ ਸਰਕਾਰ ਨੂੰ ਚਾਹੀਦਾ ਤਾਂ ਇਹ ਸੀ ਕਿ ਹਮਲਾ ਕਰਨ ਤੋਂ ਪਹਿਲਾਂ ਅੰਦਰ ਗਏ ਵਿਅਕਤੀਆਂ ਨੂੰ ਕੋਈ ਨੋਟਿਸ ਦਿੰਦੇ ਜਾਂ ਉਨ੍ਹਾਂ ਦੇ ਵਾਰੰਟ ਜਾਰੀ ਕਰਦੇ ਜਾਂ ਉਨ੍ਹਾਂ ਵਿਰੁੱਧ ਕੇਸ ਰਜਿਸਟਰ ਕਰਦੇ। ਸਾਰੇ ਘਟਨਾਕ੍ਰਮ ਵਿੱਚ ਨਾ ਤਾਂ ਖਾੜਕੂਆਂ ਦੀ ਕੋਈ ਲਿਸਟ ਕੱਢੀ ਗਈ ਅਤੇ ਨਾ ਹੀ ਉਨ੍ਹਾਂ ਨੂੰ ਕੋਈ ਚਿਤਾਵਨੀ ਦਿਤੀ ਗਈ। ਸਾਰੇ ਪੰਜਾਬ ਵਿੱਚ ਕਰਫ਼ਿਊ ਲਗਾ ਦਿਤਾ ਗਿਆ। ਮੀਡੀਆ ’ਤੇ ਪਾਬੰਦੀ ਲਗਾ ਦਿੱਤੀ ਗਈ। ਤਿੰਨ ਦਿਨਾਂ ਲਈ ਅਖ਼ਬਾਰ ਵੀ ਬੰਦ ਕਰ ਦਿਤੇ ਗਏ। ਦਰਬਾਰ ਸਾਹਿਬ ਤੋਂ ਬਾਹਰ ਨਿਕਲਣ ਦੇ ਸਾਰੇ ਰਸਤੇ ਬੰਦ ਕਰ ਦਿਤੇ ਗਏ। ਟੈਲੀਫ਼ੋਨ, ਪਾਣੀ ਅਤੇ ਬਿਜਲੀ ਦੇ ਕੁਨੈਕਸ਼ਨ ਵੀ ਕੱਟ ਦਿਤੇ ਗਏ। ਗੁਰਪੁਰਬ ਮੌਕੇ ਹੁਮ-ਹੁਮਾ ਕੇ ਆਏ ਸ਼ਰਧਾਲੂ, ਜਿਨ੍ਹਾਂ ਵਿੱਚ ਇਸਤਰੀਆਂ, ਮਰਦ, ਬਜ਼ੁਰਗ ਅਤੇ ਬੱਚੇ ਸਭ ਸ਼ਾਮਲ ਸਨ, ਕਹਿਰ ਦੀ ਗਰਮੀ ਵਿੱਚ ਪਾਣੀ ਪੀਣ ਤੋਂ ਵੀ ਤਰਸ ਗਏ।

ਦਰਬਾਰ ਸਾਹਿਬ ’ਤੇ ਹਮਲੇ ਲਈ 15,000 ਫ਼ੌਜੀ ਅੱਗੇ ਲਿਆਂਦੇ ਗਏ ਅਤੇ 35,000 ਫ਼ੌਜੀਆਂ ਨੂੰ ਤਿਆਰ ਬਰ ਤਿਆਰ ਰਹਿਣ ਦੇ ਆਦੇਸ਼ ਦਿਤੇ ਗਏ। ਹਮਲੇ ਦੇ ਸ਼ੁਰੂ ਵਿੱਚ ਮਸ਼ੀਨ ਗੰਨਾਂ ਅਤੇ ਰਾਕਟਾਂ ਦੀ ਵਰਤੋਂ ਕੀਤੀ ਗਈ। ਅੰਦਾਜ਼ਾ ਲਗਾਇਆ ਗਿਆ ਸੀ ਕਿ 48 ਘੰਟਿਆਂ ਵਿੱਚ ਹੀ ਆਰਮੀ ਸਥਿਤੀ ’ਤੇ ਕਾਬੂ ਪਾ ਲਵੇਗੀ, ਪਰ ਇਹ ਅਨੁਮਾਨ ਗ਼ਲਤ ਨਿਕਲਿਆ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਅਤੇ ਉਨ੍ਹਾਂ ਦੇ ਮੌਤ ਤੋਂ ਨਾ ਡਰਨ ਵਾਲੇ ਸਾਥੀਆਂ ਨੇ ਚਾਰ ਦਿਨ ਡਟ ਕੇ ਮੁਕਾਬਲਾ ਕੀਤਾ। ਚੌਥੇ ਦਿਨ ਆਰਮੀ ਨੇ ਟੈਂਕਾਂ ਨਾਲ ਵਾਰ ਕੀਤਾ ਅਤੇ ਕੰਪਲੈਕਸ ਅੰਦਰ ਘੁਸ ਗਏ। ਅਕਾਲ ਤਖ਼ਤ ਢਹਿ ਢੇਰੀ ਹੋ ਗਿਆ। ਪੰਜ-ਛੇ ਹਜ਼ਾਰ ਦੇ ਕਰੀਬ ਸਿੱਖ, ਫ਼ੌਜੀ ਤਸ਼ੱਦਦ ਦਾ ਸ਼ਿਕਾਰ ਹੋ ਗਏ। ਇਨ੍ਹਾਂ ਵਿੱਚ ਸੰਤ ਭਿੰਡਰਾਂਵਾਲੇ ਅਤੇ ਉਨ੍ਹਾਂ ਨਾਲ ਲੜਨ ਵਾਲਿਆਂ ਦੀ ਗਿਣਤੀ ਤਾਂ ਪੰਜਾਹ ਤੋਂ ਲੈ ਕੇ ਸੌ ਦੇ ਕਰੀਬ ਹੀ ਦਸੀ ਜਾਂਦੀ ਹੈ। ਬਾਕੀ ਸਾਰੇ ਤਾਂ ਨਿਹੱਥੇ ਸਿੱਖ ਸ਼ਰਧਾਲੂ ਅਤੇ ਦਰਬਾਰ ਸਾਹਿਬ ਦੇ ਕਰਮਚਾਰੀ ਅਤੇ ਸੇਵਾਦਾਰ ਹੀ ਸਨ। ਬਹੁਤ ਸਾਰੇ ਸਿੱਖ ਨੌਜਵਾਨਾਂ ਨੂੰ ਉਨ੍ਹਾਂ ਦੀਆਂ ਪਗੜੀਆਂ ਉਤਾਰ ਕੇ, ਇਨ੍ਹਾਂ ਪਗੜੀਆਂ ਨਾਲ ਉਨ੍ਹਾਂ ਦੇ ਹੱਥ ਪਿੱਛੇ ਬੰਨ੍ਹ ਕੇ, ਇਕ ਲਾਈਨ ਵਿੱਚ ਬਿਠਾ ਕੇ, ਪੂਰੀ ਬੇਰਹਿਮੀ ਨਾਲ ਸ਼ੂਟ ਕਰ ਦਿਤਾ ਗਿਆ। ਸਿੱਖ ਰੈਂਫ਼ਰੈਂਸ ਲਾਇਬਰੇਰੀ ਨੂੰ ਸਾੜ ਕੇ ਸੁਆਹ ਕਰ ਦਿਤਾ ਗਿਆ। ਦਰਬਾਰ ਸਾਹਿਬ ਦੇ ਨਾਲ ਪੰਜਾਬ ਵਿੱਚ 72 ਹੋਰ ਗੁਰਦੁਆਰਿਆਂ ਉੱਪਰ ਵੀ ਭਾਰਤੀ ਫ਼ੌਜ ਨੇ ਸਰਕਾਰ ਦੇ ਆਦੇਸ਼ ਅਨੁਸਾਰ ਹਮਲਾ ਕੀਤਾ, ਭਾਵੇਂ ਇਨ੍ਹਾਂ ਗੁਰਦੁਆਰਿਆਂ ਅੰਦਰ ਮੁਕਾਬਲਾ ਕਰਨ ਵਾਲਾ ਕੋਈ ਵੀ ਮੌਜੂਦ ਨਹੀਂ ਸੀ। ਫ਼ਿਰਕੂ ਭਾਵਨਾਵਾਂ ਨਾਲ ਪ੍ਰੇਰਿਤ ਫ਼ੌਜੀਆਂ ਨੇ ਸਿੱਖ ਨੌਜਵਾਨਾਂ ਦਾ ਜੋ ਕਤਲੇਆਮ ਕੀਤਾ, ਉਹ ਬਿਆਨ ਤੋਂ ਬਾਹਰ ਹੈ। ਇਥੇ ਵਰਣਨਯੋਗ ਹੈ ਕਿ ਇਨ੍ਹਾਂ ਦਿਲ-ਕੰਬਾਊ ਘਟਨਾਵਾਂ ਤੋਂ ਬਾਅਦ ਪੰਜਾਬ ਵਿੱਚ ਕੋਈ ਫ਼ਿਰਕੂ ਦੰਗੇ ਵੇਖਣ ਵਿੱਚ ਨਹੀਂ ਆਏ ਜਿਵੇਂ ਕਿ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਸਿੱਖ-ਵਿਰੋਧੀ ਦੰਗੇ ਦਿੱਲੀ ਤੇ ਹੋਰ ਸ਼ਹਿਰਾਂ ਵਿੱਚ ਵੇਖੇ ਗਏ।

ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ’ਤੇ ਕੀਤੇ ਗਏ ਵਹਿਸ਼ੀ ਹਮਲਿਆਂ ਨੇ ਸਿੱਖ ਹਿਰਦਿਆਂ ਨੂੰ ਵਲੂੰਧਰ ਕੇ ਰੱਖ ਦਿਤਾ। ਉਨ੍ਹਾਂ ਦੇ ਸਵੈਮਾਨ ’ਤੇ ਬਹੁਤ ਹੀ ਗਹਿਰੀ ਸੱਟ ਵੱਜੀ। ਇਸ ਦੀ ਪ੍ਰਵਾਹ ਨਾ ਕਰਦਿਆਂ ਸਰਕਾਰ ਨੇ ਪੰਜਾਬ ਵਿੱਚ ਜਬਰ ਜ਼ੁਲਮ ਦਾ ਦੌਰ ਜਾਰੀ ਰਖਿਆ। ਮਨੁੱਖੀ ਅਧਿਕਾਰਾਂ ਦਾ ਜੋ ਘਾਣ ਪੰਜਾਬ ਵਿੱਚ ਹੋਇਆ, ਉਸ ਦੀ ਮਿਸਾਲ ਸਾਰੇ ਦੇਸ਼ ਵਿੱਚ ਨਹੀਂ ਮਿਲਦੀ। ਆਜ਼ਾਦ ਭਾਰਤ ਵਿੱਚ ਸਿੱਖਾਂ ਨੂੰ ਅਪਣੀ ਗ਼ੁਲਾਮੀ ਅਤੇ ਬੇਬਸੀ ਦਾ ਅਹਿਸਾਸ ਹੋਣ ਲੱਗਾ। ਇਸ ਸਾਕੇ ਨੇ ਦੇਸ਼ ਦੀ ਧਰਮ ਨਿਰਪੱਖਤਾ ’ਤੇ ਬਹੁਤ ਵੱਡਾ ਪ੍ਰਸ਼ਨ ਚਿੰਨ੍ਹ ਲਗਾ ਦਿੱਤਾ। ਹੁਕਮਰਾਨਾਂ ਦੀ ਨਾਕਾਰਤਮਕ ਸਿਆਸਤ ਦਾ ਬਹੁਤ ਹੀ ਕੋਝਾ ਰੂਪ ਵੇਖਣ ਵਿੱਚ ਆਇਆ ਜਦੋਂ ਸਾਕੇ ਨਾਲ ਸਬੰਧਿਤ ਫ਼ੌਜੀ ਅਫ਼ਸਰਾਂ ਨੂੰ ਤਰੱਕੀ ਅਤੇ ਪੁਰਸਕਾਰ ਦਿਤੇ ਗਏ। ਇੰਦਰਾ ਗਾਂਧੀ ਦੀ ਫ਼ਿਰਕੂ ਵਿਚਾਰਧਾਰਾ ਬਹੁਤ ਹੀ ਚੰਡਾਲ ਰੂਪ ਧਾਰਨ ਕਰ ਗਈ ਸੀ। ਇਸ ਸਾਕੇ ਨਾਲ ਤਾਂ ਉਸ ਨੇ ਭਾਜਪਾ ਨੂੰ ਵੀ ਮਾਤ ਪਾ ਦਿਤੀ ਸੀ ਅਤੇ ਅਪਣਾ ਵੋਟ ਬੈਂਕ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਮਜ਼ਬੂਤ ਕਰ ਲਿਆ ਸੀ। ਹਿੰਦੂ ਉਸ ਨੂੰ ਮਾਂ ਦੁਰਗਾ ਦਾ ਅਵਤਾਰ ਸਮਝਣ ਲੱਗ ਪਏ ਸਨ ਅਤੇ ਸਾਰੇ ਦੇਸ਼ ਵਿੱਚ ਜੈ ਜੈਕਾਰ ਹੋਣ ਲੱਗ ਪਈ ਸੀ। ਸਰਕਾਰ ਨੇ ਅਪਣੀ ਸਫ਼ਾਈ ਪੇਸ਼ ਕਰਨ ਲਈ ਇੱਕ ਵਾਈਟ ਪੇਪਰ ਜਾਰੀ ਕੀਤਾ ਜੋ ਕਿ ਨਿਰਾ ਝੂਠ ਦਾ ਪੁਲੰਦਾ ਸੀ। ਇਸ ਵਿੱਚ ਸਿੱਖਾਂ ਨੂੰ ਖਲਨਾਇਕ ਵਜੋਂ ਪੇਸ਼ ਕੀਤਾ ਗਿਆ, ਜਿਨ੍ਹਾਂ ਤੋਂ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰਾ ਦੱਸਿਆ ਗਿਆ। ਉਸ ਸਮੇਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ ਟੌਹੜਾ ਨੇ ਮੈਨੂੰ ਇਸ ਵਾਈਟ ਪੇਪਰ ਦਾ ਢੁਕਵਾਂ ਜਵਾਬ ਦੇਣ ਦੀ ਜ਼ਿੰਮੇਵਾਰੀ ਸੌਂਪੀ। ਮੈਂ ਸਿੱਖਾਂ ਦਾ ਪੱਖ ਪੇਸ਼ ਕਰਨ ਲਈ ਢਾਈ ਸਾਲ ਦੀ ਮਿਹਨਤ ਨਾਲ ‘ਟਰੂਥ ਅਬਾਊਟ ਪੰਜਾਬ’ ਨਾਂ ਦਾ ਦਸਤਾਵੇਜ਼ ਤਿਆਰ ਕੀਤਾ। ਇਹ ਰਲੀਜ਼ ਤਾਂ ਹੋ ਗਿਆ ਪਰ ਸਾਡੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਜਿਨ੍ਹਾਂ ਨੇ ਬਿਨਾਂ ਸ਼ਰਤ ਭਾਜਪਾ ਨੂੰ ਹਰ ਹਾਲਤ ਵਿੱਚ ਸਮਰਥਨ ਦੇਣ ਦੀ ਕਸਮ ਖਾਧੀ ਹੋਈ ਸੀ, ਨੇ ਭਾਜਪਾ ਦੇ ਦਬਾਅ ਹੇਠ ਆ ਕੇ ਇਸ ਨੂੰ ਕਿਸੇ ਕਾਲ ਕੋਠੜੀ ਵਿੱਚ ਬੰਦ ਕਰ ਦਿੱਤਾ। ਇਹ ਤਾਂ ਹੈ ਸਾਡੇ ਲੀਡਰਾਂ ਦਾ ਹਾਲ!

ਇਹ ਆਪ ਹੀ ਸਭ ਤੋਂ ਵੱਧ ਕਸੂਰਵਾਰ ਹਨ। ਇਸੇ ਸੰਦਰਭ ਵਿੱਚ ਮੈਂ ਪਾਠਕਾਂ ਦਾ ਧਿਆਨ ਸੰਨ 1985 ਵਿੱਚ ਕੀਤੇ ਰਾਜੀਵ-ਲੌਂਗੋਵਾਲ ਸਮਝੌਤੇ ਵਲ ਦੁਆਉਣਾ ਚਾਹੁੰਦਾ ਹਾਂ। ਇਹ ਸਮਝੌਤਾ ਸਿਰਫ਼ ਲੋਕ ਵਿਖਾਵੇ ਲਈ ਸੀ। ਇਕ ਬਹੁਤ ਹੀ ਗੁਪਤ ਤਰੀਕੇ ਨਾਲ ਸੰਤ ਹਰਚੰਦ ਸਿੰਘ ਲੌਂਗੋਵਾਲ, ਸੁਰਜੀਤ ਸਿੰਘ ਬਰਨਾਲਾ ਅਤੇ ਬਲਵੰਤ ਸਿੰਘ ਨੂੰ ਗੱਲਬਾਤ ਦਾ ਸੱਦਾ ਦੇ ਕੇ ਅਤੇ ਰਾਜ ਸੱਤਾ ਦਾ ਲਾਲਚ ਦੇ ਕੇ ਇਸ ਸਮਝੌਤੇ ’ਤੇ ਦਸਤਖ਼ਤ ਕਰਵਾਏ ਗਏ। ਇਸ ਸਮਝੌਤੇ ਵਿੱਚ ਨਾ ਤਾਂ ਦਰਬਾਰ ਸਾਹਿਬ ਉਤੇ ਹੋਏ ਹਮਲੇ ਦਾ ਕੋਈ ਜ਼ਿਕਰ ਕੀਤਾ ਗਿਆ ਅਤੇ ਨਾ ਹੀ ਸਿੱਖ ਕੈਦੀਆਂ ਦੀ ਰਿਹਾਈ ਦਾ ਮੁੱਦਾ ਉਠਾਇਆ ਗਿਆ। ਲਾਲਚ-ਵਸ ਹੋ ਕੇ ਸਿੱਖ ਲੀਡਰਾਂ ਨੇ ਸਤਲੁਜ-ਯਮੁਨਾ ਲਿੰਕ ਨਹਿਰ ਨੂੰ ਆਪ ਹੀ ਪੁਟਵਾ ਕੇ ਹਰਿਆਣਾ ਦੇ ਸਪੁਰਦ ਕਰਨ ਦਾ ਵਚਨ ਦੇ ਦਿੱਤਾ। ਇਥੇ ਵਰਣਨਯੋਗ ਹੈ ਕਿ ਧਰਮ ਯੁੱਧ ਮੋਰਚੇ ਦਾ ਮੁੱਖ ਮੁੱਦਾ ਹੀ ਪੰਜਾਬ ਦੇ ਪਾਣੀਆਂ ਦਾ ਸੀ। ਸਮਝੌਤੇ ਅਨੁਸਾਰ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਅਤੇ ਹੋਰ ਪੰਜਾਬੀ ਬੋਲਦੇ ਇਲਾਕੇ ਵੀ ਪੰਜਾਬ ਨੂੰ ਨਾ ਮਿਲ ਸਕੇ। ਇਹ ਰਾਜਨੀਤਕ ਮੁੱਦੇ ਜਿਉਂ ਦੇ ਤਿਉਂ ਹੀ ਲਟਕਦੇ ਆ ਰਹੇ ਹਨ।

ਤਿੰਨ ਦਹਾਕੇ ਬੀਤ ਜਾਣ ’ਤੇ ਵੀ ਸਿੱਖਾਂ ਦੇ ਮਨਾਂ ਵਿੱਚ ਦਰਬਾਰ ਸਾਹਿਬ ’ਤੇ ਹੋਏ ਫ਼ੌਜੀ ਹਮਲੇ ਵਿਰੁਧ ਰੋਸ ਲਗਾਤਾਰ ਬਣਿਆ ਹੋਇਆ ਹੈ। ਸਿੱਖਾਂ ਦੇ ਜ਼ਖ਼ਮਾਂ ’ਤੇ ਮਰਹਮ ਲਾਉਣ ਦਾ ਕੋਈ ਵੀ ਯਤਨ ਨਹੀਂ ਕੀਤਾ ਗਿਆ। ਅਫ਼ਸੋਸ ਇਸ ਗੱਲ ਦਾ ਹੈ ਕਿ ਲੀਡਰਾਂ ਨੇ ਉਨ੍ਹਾਂ ਲੋਕਾਂ ਨਾਲ ਭਾਈਵਾਲੀ ਕਾਇਮ ਕੀਤੀ ਹੋਈ ਹੈ ਜਿਨ੍ਹਾਂ ਨੇ ਫ਼ੌਜੀ ਹਮਲੇ ਦਾ ਖੁਲ੍ਹ ਕੇ ਸਮਰਥਨ ਕੀਤਾ ਸੀ। ਅਹਿਮ ਸਵਾਲ ਇਹ ਉਠਦਾ ਹੈ ਕਿ ਅੱਜ ਦੀ ਸਥਿਤੀ ਵਿੱਚ ਸਿੱਖਾਂ ਨੂੰ ਕੀ ਕਰਨਾ ਚਾਹੀਦਾ ਹੈ। ਮੇਰੇ ਵਿਚਾਰਾਂ ਵਿੱਚ ਤਾਂ ਸਿੱਖ ਜਗਤ ਨੂੰ ਪੂਰੀ ਤਰ੍ਹਾਂ ਸੁਚੇਤ ਹੋ ਕੇ ਪ੍ਰਮੁੱਖ ਤੌਰ ’ਤੇ ਹੇਠ ਲਿਖੇ ਮੁੱਦਿਆਂ ’ਤੇ ਅਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ :

(1) ਜੂਨ 1984 ਦੇ ਖ਼ੂਨੀ ਸਾਕੇ ਨਾਲ ਸਬੰਧਿਤ ਸਾਰੇ ਖ਼ੁਫ਼ੀਆ ਦਸਤਾਵੇਜ਼ ਰਿਲੀਜ਼ ਕਰਵਾ ਕੇ, ਇਸ ਘਟਨਾ ਦੀ ਪੂਰੀ ਇਨਕੁਆਰੀ ਕੀਤੀ ਜਾਵੇ ਤਾਂਕਿ ਅਸਲੀਅਤ ਸਾਹਮਣੇ ਆ ਸਕੇ ਅਤੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਖੜਾ ਕੀਤਾ ਜਾ ਸਕੇ। 1919 ਦੇ ਜਲ੍ਹਿਆਂ ਵਾਲੇ ਬਾਗ਼ ਦੇ ਦਰਦਨਾਕ ਸਾਕੇ ਉਪ੍ਰੰਤ ਲੋਕਾਂ ਵਿੱਚ ਹਾਹਾਕਾਰ ਮਚਦੀ ਵੇਖ ਕੇ, ਅੰਗਰੇਜ਼ੀ ਸਰਕਾਰ ਨੇ ਵੀ ਹੰਟਰ ਕਮਿਸ਼ਨ ਨਾਮ ਦਾ ਇਨਕੁਆਰੀ ਕਮਿਸ਼ਨ ਸਥਾਪਤ ਕਰ ਦਿਤਾ ਸੀ। ਇਸ ਦੀ ਰੀਪੋਰਟ ਆਉਣ ਤੇ ਜਨਰਲ ਡਾਇਰ ਨੂੰ ਸੇਵਾ ਮੁਕਤ ਕਰ ਦਿਤਾ ਗਿਆ ਸੀ। ਜਲ੍ਹਿਆਂ ਵਾਲੇ ਬਾਗ਼ ਵਿੱਚ ਮ੍ਰਿਤਕਾਂ ਦੀ ਸੰਖਿਆ ਚਾਰ ਸੌ ਦੇ ਕਰੀਬ ਸੀ। ਦਰਬਾਰ ਸਾਹਿਬ ਤੇ ਫ਼ੌਜੀ ਹਮਲੇ ਵਿੱਚ ਹਜ਼ਾਰਾਂ ਦੀ ਤਾਦਾਦ ਵਿੱਚ ਸਿੱਖ ਮਾਰੇ ਗਏ। ਇਨ੍ਹਾਂ ਮ੍ਰਿਤਕਾਂ ਦੀ ਨਾ ਕੋਈ ਲਿਸਟ ਕੱਢੀ ਗਈ ਅਤੇ ਨਾ ਹੀ ਉਨ੍ਹਾਂ ਦੇ ਨਾਮ ਦੱਸੇ ਗਏ। ਏਨੇ ਵੱਡੇ ਸਾਕੇ ਦੀ ਨਿਰਪੱਖ ਇਨਕੁਆਰੀ ਜ਼ਰੂਰ ਹੋਣੀ ਚਾਹੀਦੀ ਹੈ।

(2) ਬ੍ਰਿਟਿਸ਼ ਸਰਕਾਰ ਨੂੰ ਵੀ ਅਪੀਲ ਕਰ ਕੇ ਪਤਾ ਲਗਾਇਆ ਜਾਵੇ ਕਿ ਉਨ੍ਹਾਂ ਦਾ ਇਸ ਸਾਕੇ ਵਿੱਚ ਕੀ ਰੋਲ ਸੀ। ਉਹ ਇਸ ਘਟਨਾ ਨਾਲ ਸਬੰਧ ਰੱਖਦੇ ਸਾਰੇ ਦਸਤਾਵੇਜ਼ ਜਲਦੀ ਤੋਂ ਜਲਦੀ ਮੁਹਈਆ ਕਰਵਾਉਣ ਤਾਂਕਿ ਜਾਂਚ ਮੁਕੰਮਲ ਹੋ ਸਕੇ।

(3) ਸਿੱਖਾਂ ਦਾ ਪੱਖ ਪੇਸ਼ ਕਰਨ ਲਈ ਅਕਾਲੀ ਦਲ ਅਤੇ ਸ਼੍ਰੋਮਣੀ ਪ੍ਰਬੰਧਕ ਕਮੇਟੀ ਤੇ ਦਬਾਅ ਪਾ ਕੇ ਵਾਈਟ ਪੇਪਰ ਕੱਢਿਆ ਜਾਵੇ। ਇਸ ਨੂੰ ਦਬਾਅ ਕੇ ਰੱਖਣ ਨਾਲ ਸਿੱਖਾਂ ਦਾ ਪੱਖ ਕਮਜ਼ੋਰ ਹੋ ਜਾਂਦਾ ਹੈ।

(4) ਪੰਜਾਬ ਸਰਕਾਰ ਇਸ ਸਾਕੇ ਸਬੰਧੀ ਅਸੈਂਬਲੀ ਵਿੱਚ ਮਤਾ ਪਾਸ ਕਰਵਾ ਕੇ ਪਾਰਲੀਮੈਂਟ ਅੱਗੇ ਮਾਫ਼ੀ ਮੰਗਣ ਦਾ ਪ੍ਰਸਤਾਵ ਪੇਸ਼ ਕਰੇ। ਕੈਨੇਡਾ ਦੀ ਮਿਸਾਲ ਸਾਹਮਣੇ ਹੈ। ਗ਼ਦਰ ਲਹਿਰ ਨਾਲ ਸਬੰਧਿਤ ਕਾਮਾਗਾਟਾ ਮਾਰੂ ਜਹਾਜ਼ ਦਾ ਕੈਨੇਡਾ ਤੋਂ ਵਾਪਸ ਮੋੜਿਆ ਜਾਣਾ ਅਤੇ ਬਜਬਜ ਘਾਟ ’ਤੇ ਹੋਈ ਗੋਲੀਬਾਰੀ ਦੀਆਂ ਦਰਦਨਾਕ ਘਟਨਾਵਾਂ ਨੇ ਕੈਨੇਡਾ ਸਰਕਾਰ ਵਿਰੁੱਧ ਜਿਹੜਾ ਰੋਸ ਪ੍ਰਗਟ ਕੀਤਾ ਸੀ, ਉਹ ਲੰਮੇ ਸਮੇਂ ਤਕ ਕਾਇਮ ਰਿਹਾ। ਮੌਜੂਦਾ ਸਮੇਂ ਵਿੱਚ ਜਦੋਂ ਕਿ ਪੰਜਾਬੀ, ਕੈਨੇਡਾ ਸਰਕਾਰ ਵਿੱਚ ਭਾਈਵਾਲ ਵਜੋਂ ਕੰਮ ਕਰ ਰਹੇ ਹਨ, ਇਨ੍ਹਾਂ ਨੇ ਸਰਕਾਰ ਨੂੰ ਗ਼ਲਤੀ ਦਾ ਅਹਿਸਾਸ ਕਰਵਾਇਆ। ਕੈਨੇਡਾ ਸਰਕਾਰ ਵੱਲੋਂ ਇਨ੍ਹਾਂ ਘਟਨਾਵਾਂ ਲਈ ਮਾਫ਼ੀ ਮੰਗ ਲਈ ਗਈ ਹੈ। ਜੇ ਵਿਦੇਸ਼ੀ ਸਰਕਾਰ ਐਨੇ ਲੰਮੇ ਸਮੇਂ ਬਾਅਦ ਮਾਫ਼ੀ ਮੰਗ ਸਕਦੀ ਹੈ ਤਾਂ ਅਪਣੇ ਹੀ ਦੇਸ਼ ਦੀ ਸਰਕਾਰ ਅਜਿਹਾ ਕਿਉਂ ਨਹੀਂ ਕਰ ਸਕਦੀ ? ਸਮੂਹ ਸਿੱਖ ਜਥੇਬੰਦੀਆਂ ਨੂੰ ਇਹ ਜ਼ੋਰਦਾਰ ਆਵਾਜ਼ ਉਠਾਉਣੀ ਚਾਹੀਦੀ ਹੈ। 3 ਜੂਨ, 1984 ਦਾ ਸੋਗ ਭਰਿਆ ਦਿਨ ਇਹੀ ਸੰਦੇਸ਼ ਦਿੰਦਾ ਹੈ।

# ਅਪਰੇਸ਼ਨ ਸੰਧੂਰ ਸਬੰਧੀ ਵੱਖ-ਵੱਖ ਬਿਰਤਾਂਤ ਵਧਾ ਰਹੇ ਹਨ ਭੰਬਲਭੂਸਾ

## ਸਰਕਾਰ ਨੂੰ ਸਥਿਤੀ ਸਪੱਸ਼ਟ ਕਰਨ ਦੀ ਲੋੜ



ਅਭੈ ਕੁਮਾਰ ਦੂਬੇ




ਸੋਸ਼ਲ ਮੀਡੀਆ ’ਤੇ ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਦੇ ਦੋ ਵੀਡੀਓ ਵਾਇਰਲ ਹੋ ਰਹੇ ਹਨ, ਜਿਨ੍ਹਾਂ ਨੂੰ ਦੇਖ ਕੇ ਸਾਰਾ ਦੇਸ਼ ਹੈਰਾਨ ਹੈ। ਭਾਰਤ ਦੇ ਵਿਦੇਸ਼ ਮੰਤਰੀ ਭਲਾ ਅਜਿਹੀਆਂ ਗੱਲਾਂ ਕਿਵੇਂ ਕਰ ਸਕਦੇ ਹਨ? ਇੱਕ ਵਿੱਚ ਉਹ ਕਹਿੰਦੇ ਹੋਏ ਦਿਸ ਰਹੇ ਹਨ- ਇਟ ਦਾ ਸਟਾਰਟ ਆਫ਼ ਆਪ੍ਰੇਸ਼ਨ ਵੀ ਹੈਡ ਸੈਂਡ ਏ ਮੈਸੇਜ ਟੂ ਪਾਕਿਸਤਾਨ (ਅਸੀਂ ਆਪ੍ਰੇਸ਼ਨ ਕਰਨ ਦੇ ਸ਼ੁਰੂ ਵਿੱਚ ਹੀ ਪਾਕਿਸਤਾਨ ਨੂੰ ਦੱਸ ਦਿੱਤਾ ਸੀ) ਕੋਈ ਵੀ ਇਸ ਦਾ ਹਿੰਦੀ ਜਾਂ ਪੰਜਾਬੀ ਮਤਲਬ ਸਮਝ ਸਕਦਾ ਹੈ। ਇਸ ਦੇ ਬਾਅਦ ਜੈਸ਼ੰਕਰ ਕਹਿ ਰਹੇ ਹਨ ਕਿ ਪਾਕਿਸਤਾਨ ਸਮਝ ਲਵੇ ਕਿ ਅਸੀਂ ਅੱਤਵਾਦੀਆਂ ਦੇ ਟਿਕਾਣਿਆਂ ’ਤੇ ਹਮਲਾ ਕਰ ਰਹੇ ਹਾਂ, ਉਨ੍ਹਾਂ ਦੇ ਫ਼ੌਜੀ ਸੰਸਥਾਨਾਂ ’ਤੇ ਨਹੀਂ।

ਦੂਸਰੀ ਵੀਡੀਓ ਵਿੱਚ ਇੱਕ ਵਿਦੇਸ਼ੀ ਪੱਤਰਕਾਰ ਉਨ੍ਹਾਂ ਤੋਂ ਪੁੱਛਦਾ ਹੈ ਕਿ- ਵੇਅਰ ਵਾਜ਼ ਯੂਐੱਸ ਇੰਨ ਦਿਸ ਪ੍ਰੋਸਿਸ? (ਇਸ ਪ੍ਰਕਿਰਿਆ ਵਿੱਚ ਅਮਰੀਕਾ ਕਿੱਥੇ ਸੀ?) ਤਾਂ ਜੈਸ਼ੰਕਰ ਹੈਰਾਨੀ ਵਿੱਚ ਪਾਉਣ ਵਾਲਾ ਜਵਾਬ ਦਿੰਦੇ ਹਨ- ਵੈੱਲ, ਯੂਐੱਸ ਵਾਜ਼ ਇੰਨ ਯੂਨਾਈਟਿਡ ਸਟੇਟ (ਅਮਰੀਕਾ, ਅਮਰੀਕਾ ਵਿੱਚ ਹੀ ਸੀ) ਇਸ ਤੋਂ ਬਾਅਦ ਉਹ ਥਿੜਕੇ ਹੋਏ ਸ਼ਬਦਾਂ ਤੇ ਬਿਖਰੀ ਹੋਈ ਵਾਕ ਬਣਤਰ ਵਿਚ ਕਹਿੰਦੇ ਹਨ ਕਿ (ਅਮਰੀਕੀ) ਵਿਦੇਸ਼ ਮੰਤਰੀ ਰੂਬਿਓ ਨੇ ਮੇਰੇ ਨਾਲ ਅਤੇ ਉਪ ਰਾਸ਼ਟਰਪਤੀ ਵੇਂਸ ਨੇ ਪ੍ਰਧਾਨ ਮੰਤਰੀ ਨਾਲ ਗੱਲਬਾਤ ਕੀਤੀ ਸੀ। ਉਨ੍ਹਾਂ ਨੇ ਪਾਕਿਸਤਾਨ ਤੇ ਹੋਰ ਤਾਕਤਾਂ ਨਾਲ ਵੀ ਗੱਲਬਾਤ ਕੀਤੀ। ਹੁਣ ਵਿਦੇਸ਼ ਮੰਤਰੀ ਦੇ ਇਨ੍ਹਾਂ ਬਿਆਨਾਂ ਦਾ ਕੀ ਮਤਲਬ ਕੱਢਿਆ ਜਾਵੇ?

‘ਅਪਰੇਸ਼ਨ ਸੰਧੂਰ’ ਸਿਰਫ਼ 22 ਮਿੰਟ ਚੱਲਿਆ ਸੀ। ਜੇਕਰ ਉਨ੍ਹਾਂ ਨੇ ਅਪਰੇਸ਼ਨ ਦੇ ਖ਼ਤਮ ਹੋਣ ਦੇ ਬਾਅਦ ਪਾਕਿਸਤਾਨ ਨੂੰ ਦੱਸਿਆ ਸੀ ਤਾਂ ਉਨ੍ਹਾਂ ਦਾ ਵਾਕ- ‘ਇਟ ਦਾ ਸਟਾਰਟ ਆਫ਼’ ਦੀ ਬਜਾਏ ‘ਇਟ ਦਾ ਐਂਡ ਆਫ਼’ ਨਾਲ ਸ਼ੁਰੂ ਹੋਣਾ ਚਾਹੀਦਾ ਸੀ। ਦੂਸਰੇ ਵੀਡੀਓ ਤੋਂ ਤਾਂ ਸਪੱਸ਼ਟ ਹੋ ਜਾਂਦਾ ਹੈ ਕਿ ਜੰਗਬੰਦੀ (ਸੀਜ਼ਫ਼ਾਇਰ) ਵਿੱਚ ਅਮਰੀਕਾ ਦੀ ਵਿਸ਼ੇਸ਼ ਭੂਮਿਕਾ ਸੀ। ਮਤਲਬ ਕਸ਼ਮੀਰ ਦੇ ਮੁੱਦੇ ਦਾ ਅੰਤਰਰਾਸ਼ਟਰੀਕਰਨ ਹੋ ਚੁੱਕਾ ਹੈ।

ਜੋ ਕਹਾਣੀਆਂ ਬਣੀਆਂ-ਬਣਾਈਆਂ ਹੁੰਦੀਆਂ ਹਨ, ਉਨ੍ਹਾਂ ਨੂੰ ਸੁਣਾਇਆ ਜਾਂਦਾ ਹੈ। ਪਰ ਕੁਝ ਕਹਾਣੀਆਂ ਅਜਿਹੀਆਂ ਹੁੰਦੀਆਂ ਹਨ, ਜਿਨ੍ਹਾਂ ਨੂੰ ਅਸੀਂ ਆਪਣੀਆਂ ਅੱਖਾਂ ਨਾਲ ਨਾ ਸਿਰਫ਼ ਬਣਦਾ ਦੇਖਦੇ ਹਾਂ ਸਗੋਂ ਖ਼ੁਦ ਵੀ ਉਨ੍ਹਾਂ ਨੂੰ ਬਣਾਉਣ ਵਿੱਚ ਭਾਈਵਾਲੀ ਕਰਦੇ ਹਾਂ। ਇਸ ਨੂੰ ਅੰਗਰੇਜ਼ੀ ’ਚ ‘ਨੈਰੇਟਿਵ’ (ਬਿਰਤਾਂਤ ਬੁਣਨਾ) ਕਿਹਾ ਜਾਂਦਾ ਹੈ। ਇਸ ਹਕੀਕਤ ਨੂੰ ਕੁਝ ਅਸਲੀ ਤੇ ਕੁਝ ਫ਼ਰਜ਼ੀ ਟੁਕੜਿਆਂ ਨੂੰ ਚਾਲਾਕੀ ਨਾਲ ਵਰਤ ਕੇ ਘੜਿਆ ਜਾਂਦਾ ਹੈ। ਇਸ ਸਮੇਂ ਦੇਸ਼ ਦੇ ਅੰਦਰ ਤੇ ਬਾਹਰ ਦੀ ਦੁਨੀਆ ਵਿੱਚ ਭਾਰਤ-ਪਾਕਿਸਤਾਨ ਵਿਚਾਲੇ ਹੋਏ ਫ਼ੌਜੀ ਸੰਘਰਸ਼ ਦੇ ਬਾਰੇ ’ਚ ਇੱਕ-ਦੂਜੇ ਦੇ ਸਮਾਨਾਂਤਰ ਕਈ ਬਿਰਤਾਂਤ ਬਣਾ ਕੇ ਸਾਨੂੰ ਦੱਸੇ ਜਾ ਰਹੇ ਹਨ। ਰੋਜ਼ਾਨਾ ਉਨ੍ਹਾਂ ਵਿੱਚ ਕੋਈ ਨਾ ਕੋਈ ਟੁਕੜਾ ਜੋੜ ਦਿੱਤਾ ਜਾਂਦਾ ਹੈ, ਜਿਸ ਨਾਲ ਉਹ ਤਾਜ਼ਾ ਬਣੇ ਰਹਿੰਦੇ ਹਨ। ਇਸ ’ਚ ਦੋ ਗੱਲਾਂ ਖਾਸ ਹਨ- ਪਹਿਲੀ, ਇਹ ਸਾਰੇ ਬਿਰਤਾਂਤ ਇੱਕ-ਦੂਜੇ ਤੋਂ ਪ੍ਰਭਾਵਿਤ ਹੋਏ ਬਗੈਰ ਚਲਾਏ ਜਾ ਰਹੇ ਹਨ। ਦੂਸਰੀ, ਅਸੀਂ ਸਭ ਭਾਵ ਆਮ ਲੋਕ ਵੀ ਕਈ ਤਰ੍ਹਾਂ ਦੇ ਟੁਕੜਿਆਂ ਨੂੰ ਚੁਣ ਕੇ ਜੋੜ ਕੇ ਆਪੋ-ਆਪਣੇ ਮਤਲਬ ਕੱਢ ਰਹੇ ਹਨ। ਇਸ ਚੱਕਰ ’ਚ ਅਫ਼ਸੋਸਨਾਕ ਨਤੀਜਾ ਇਹ ਹੈ ਕਿ ਮੁੱਦਤਾਂ ਬਾਅਦ ਸਰਕਾਰ ਜੋ ਬਿਰਤਾਂਤ ਬਣਾਉਣਾ ਤੇ ਜ਼ਿਆਦਾਤਰ ਰੂਪ ’ਚ ਚਲਾਉਣਾ ਚਾਹੁੰਦੀ ਹੈ, ਉਹ ਕਿਹੜਾ ਹੈ- ਇਹ ਸਮਝਣਾ ਤਕਰੀਬਨ ਨਾਮੁਮਕਿਨ ਹੋ ਗਿਆ ਹੈ। ਹੋਣਾ ਤਾਂ ਇਹ ਚਾਹੀਦਾ ਸੀ ਕਿ ਕੋਈ ਕੇਂਦਰੀ ਬਿਰਤਾਂਤ ਹੁੰਦਾ, ਜਿਸ ’ਤੇ ਲੋਕ ਯਕੀਨ ਕਰਦੇ।

ਇੱਕ ਲਗਾਤਾਰ ਚੱਲਦਾ ਹੋਇਆ ਬਿਰਤਾਂਤ ਉਹ ਹੈ, ਜੋ ਸਾਨੂੰ ਟੀ.ਵੀ. ਦੇ ਕਮਰਸ਼ੀਅਲ ਖ਼ਬਰਾਂ ਵਾਲੇ ਚੈਨਲ ਪਰੋਸ ਰਹੇ ਹਨ, ਜੋ ਬਹੁਤ ਹਾਸੋਹੀਣਾ ਤੇ ਅਵਿਸ਼ਵਾਸਯੋਗ ਹੈ। ਇਨ੍ਹਾਂ ਚੈਨਲਾਂ ਨੇ ਤਾਂ ਸੰਘਰਸ਼ ਦੌਰਾਨ ਲਾਹੌਰ ’ਤੇ ਭਾਰਤ ਦਾ ਕਬਜ਼ਾ ਤੱਕ ਕਰਵਾ ਦਿੱਤਾ ਸੀ, ਕਰਾਚੀ ਦੀ ਬੰਦਰਗਾਹ ਤਬਾਹ ਹੋ ਜਾਣ ਦੀ ਖ਼ਬਰ ਦਿੱਤੀ ਗਈ ਸੀ। ਭਾਰਤੀ ਫ਼ੌਜਾਂ ਨੂੰ ਇਸਲਾਮਾਬਾਦ ਵੱਲ ਵਧਦੀਆਂ ਹੋਈਆਂ ਦੱਸਿਆ ਗਿਆ ਸੀ ਤੇ ਜਨਰਲ ਆਸਿਮ ਮੁਨੀਰ ਨੂੰ ਗ੍ਰਿਫ਼ਤਾਰ ਤੱਕ ਕਰਵਾ ਦਿੱਤਾ ਸੀ। ਉਸ ਸਮੇਂ ਇਹ ਚੈਨਲ ਆਪਣੀਆਂ ਸਕਰੀਨਾਂ ’ਤੇ ਇੱਕ ਜਾਸੂਸੀ ਕਹਾਣੀ ਵੀ ਚਲਾ ਰਹੇ ਸਨ। ਉਨ੍ਹਾਂ ਨੂੰ ਇਸ ਗੱਲ ਦੀ ਕੋਈ ਫ਼ਿਕਰ ਨਹੀਂ ਹੈ ਕਿ ਹਿਸਾਰ ਪੁਲਿਸ ਨੇ ਅਧਿਕਾਰਤ ਤੌਰ ’ਤੇ ਇਨ੍ਹਾਂ ਦੀਆਂ ਕਈ ਗੱਲਾਂ ਦਾ ਖੰਡਨ ਕਰ ਦਿੱਤਾ ਹੈ। ਪਰ ਮੀਡੀਆ ਦੇ ਇਸ ਹਿੱਸੇ ਨੂੰ ਕਿਸੇ ਗੱਲ ਦੀ ਕੋਈ ਪ੍ਰਵਾਹ ਨਹੀਂ ਹੈ। ਇਸੇ ਦੇ ਸਮਾਨਾਂਤਰ ਇੱਕ ਦੂਸਰਾ ਬਿਰਤਾਂਤ ਸਰਕਾਰੀ ਹਸਤੀਆਂ ਦੇ ਬਿਆਨਾਂ ਤੋਂ ਬਣ ਰਿਹਾ ਹੈ, ਜਿਸ ਨੂੰ ਆਮ ਲੋਕ ਖ਼ੁਦ ਆਪਣੇ ਮਨ ਵਿੱਚ ਤਿਆਰ ਕਰ ਰਹੇ ਹਨ। ਇਸ ’ਚ ਵਿਦੇਸ਼ ਮੰਤਰੀ ਦੇ ਕੁਝ ਬਿਆਨ ਸ਼ਾਮਿਲ ਹਨ, ਉਨ੍ਹਾਂ ਦੀ ਹੜਬੜਾਹਟ ਹੈਰਾਨੀ ’ਚ ਪਾਉਣ ਵਾਲੀ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਇਨ੍ਹਾਂ ਬਿਆਨਾਂ ਦਾ ਉਹ ਅਰਥ ਕੱਢ ਕੇ ਦੱਸਿਆ ਹੈ ਜਿਸ ਤੋਂ ਹਿੰਦੀ-ਅੰਗਰੇਜ਼ੀ ਜਾਨਣ ਵਾਲੇ ਨਾਗਰਿਕ ਮੁਸਕਰਾਉਣ ਲਈ ਮਜਬੂਰ ਹਨ। ਇਥੇ ਫ਼ੌਜ ਦੇ ਬੁਲਾਰਿਆਂ ਦੇ ਦਾਅਵੇ ਵੀ ਹਨ, ਜਿਨ੍ਹਾਂ ’ਚੋਂ ਇੱਕ ਨੂੰ ਤਾਂ ਵਾਪਸ ਵੀ ਲੈ ਲਿਆ ਗਿਆ ਹੈ।

ਇਨ੍ਹਾਂ ਦੋਹਾਂ ਦੇ ਸਮਾਨਾਂਤਰ ਇੱਕ ਤੀਸਰਾ ਬਿਰਤਾਂਤ ਭਾਜਪਾ ਦੇ ਜ਼ਿੰਮੇਵਾਰ ਪ੍ਰਤੀਨਿਧੀਆਂ ਦੇ ਬਿਆਨਾਂ ਤੋਂ ਬਣ ਰਿਹਾ ਹੈ। ਜਿਵੇਂ ਕਿ, ਕਈ ਵਾਰ ਦੇ ਵਿਧਾਇਕ ਇੱਕ ਨੇਤਾ ਨੇ ਕਰਨਲ ਸੋਫ਼ੀਆ ਕੁਰੈਸ਼ੀ ਨੂੰ ‘ਅੱਤਵਾਦੀਆਂ ਦੀ ਭੈਣ’ ਦੱਸ ਦਿੱਤਾ। ਇੱਕ ਉਪ ਮੁੱਖ ਮੰਤਰੀ ਨੇ ਸੈਨਾ ਨੂੰ ਪ੍ਰਧਾਨ ਮੰਤਰੀ ਦੇ ਪੈਰਾਂ ’ਚ ਝੁਕੀ ਹੋਈ (ਨਤਮਸਤਕ) ਕਰਾਰ ਦੇ ਦਿੱਤਾ। ਇੱਕ ਰਾਜ ਸਭਾ ਸੰਸਦ ਨੂੰ ਬੈਸਰਨ (ਪਹਿਲਗਾਮ) ਵਾਦੀ ਵਿੱਚ ਮਾਰੇ ਗਏ ਸੈਲਾਨੀਆਂ ਦੀਆਂ ਪਤਨੀਆਂ ’ਚੋਂ ਵੀਰਾਂਗਣਾ ਜਿਹੇ ਗੁਣਾਂ ਦੀ ਕਮੀ ਤੱਕ ਨਜ਼ਰ ਆ ਗਈ। ਇਨ੍ਹਾਂ ਬਿਆਨਾਂ ’ਤੇ ਰਾਜਨੀਤੀ ਹੋਣ ਤੋਂ ਲੈ ਕੇ ਵੱਡੀਆਂ ਅਦਾਲਤਾਂ ਤੱਕ ਸੁਣਵਾਈ ਹੋ ਰਹੀ ਹੈ, ਪਰ ਗੱਲ ਕਿਤੇ ਰੁਕ ਨਹੀਂ ਰਹੀ। ਇਨ੍ਹਾਂ ਤਿੰਨ ਸਮਾਨਾਂਤਰ ਚੱਲ ਰਹੇ ਬਿਰਤਾਂਤਾਂ ’ਚੋਂ ਭਾਰਤ ਸਰਕਾਰ ਦਾ ਅਧਿਕਾਰਤ ਬਿਰਤਾਂਤ ਕਿਹੜਾ ਹੈ, ਇਹ ਕਿਸੇ ਨੂੰ ਪਤਾ ਨਹੀਂ ਹੈ। ਬਿਰਤਾਂਤਾਂ ਦੇ ਇਸ ਬੋਲਬਾਲੇ ’ਚ ਕਾਂਗਰਸ ਦੀ ਅਗਵਾਈ ਵਾਲੀ ਵਿਰੋਧੀ ਧਿਰ ਸਰਕਾਰ ‘ਤੇ ਆਪਣੇ ਸਵਾਲਾਂ ਦੀ ਗੋਲਾਬਾਰੀ ਕਰ ਰਹੀ ਹੈ। ਸੰਸਦ ਦਾ ਵਿਸ਼ੇਸ਼ ਇਜਲਾਸ ਬੁਲਾਉਣ ਦੀ ਮੰਗ ਕਰਨ ਦੌਰਾਨ ਵਿਰੋਧੀ ਧਿਰ ਦੇ ਨੇਤਾ ਪ੍ਰਭਾਵਿਤ ਘਟਨਾ ਸਥਾਨਾਂ ਦੇ ਦੌਰੇ ਕਰ ਰਹੇ ਹਨ। ਇੱਕ ਤਰ੍ਹਾਂ ਨਾਲ ਵੇਖਿਆ ਜਾਵੇ ਕਿ ਬਿਰਤਾਂਤਾਂ ਦੀ ਇਸ ਜੰਗ ’ਚ ਵਿਰੋਧੀ ਧਿਰ ਦਾ ਬਿਰਤਾਂਤ ਵੀ ਆਪਣੀ ਮੌਜੂਦਗੀ ਦਰਜ ਕਰਵਾ ਚੁੱਕਾ ਹੈ। ਸੱਤਾ ਧਿਰ ਲਈ ਖ਼ਤਰੇ ਦੀ ਘੰਟੀ ਬਣਦੇ ਜਾ ਰਹੇ ਇਸ ਬਿਰਤਾਂਤ ਦਾ ਸਰਕਾਰ ਵੱਲੋਂ ਵਿਵਹਾਰਕ ਖੰਡਨ ਜਾਂ ਸਮਰਥਨ ਕਦੋਂ ਹੋਵੇਗਾ, ਇਸ ਬਾਰੇ ਕਿਸੇ ਨੂੰ ਕੁਝ ਪਤਾ ਨਹੀਂ ਹੈ। ਸ਼ਾਇਦ ਇਸ ਦਾ ਇੱਕ ਵੱਡਾ ਕਾਰਨ ਇਹ ਹੈ ਕਿ ਅੰਤਰਰਾਸ਼ਟਰੀ ਮੰਚ ’ਤੇ ਭਾਰਤ ਇੱਕ ਅਜਿਹੀ ਉਲਝਣ ’ਚ ਫ਼ਸ ਗਿਆ ਹੈ, ਜਿਸ ਦੇ ਅੰਤਿਮ ਨਤੀਜੇ ਬਾਰੇ ਫ਼ਿਲਹਾਲ ਕੋਈ ਵੀ ਭਵਿੱਖਬਾਣੀ ਨਹੀਂ ਕੀਤੀ ਜਾ ਸਕਦੀ। ਇਸ ਅਨਿਸਚਿਤਤਾ ਦਾ ਪਹਿਲਾ ਕਾਰਨ ਤਾਂ ਡੋਨਾਲਡ ਟਰੰਪ ਦਾ ਵਤੀਰਾ ਹੈ, ਜੋ ਪਹਿਲੀ ਨਜ਼ਰ ’ਚ ਭਾਵੇਂ ਹਾਸੋਹੀਣਾ ਜਾਂ ਬੇਲੋੜਾ ਲੱਗੇ ਪਰ ਉਸ ਨੇ ਭਾਰਤੀ ਵਿਦੇਸ਼ ਨੀਤੀ ਨੂੰ ਮੁਸ਼ਕਲ ’ਚ ਪਾ ਦਿੱਤਾ ਹੈ। ਦਰਅਸਲ ਟਰੰਪ ਦਾ ਆਪਣਾ ਇੱਕ ਬਿਰਤਾਂਤ ਹੈ, ਜਿਸ ਨਾਲ ਉਹ ਵਿਖਾਉਣਾ ਚਾਹੁੰਦੇ ਹਨ ਕਿ ਉਹ ਸਿਰਫ਼ ਅਮਰੀਕਾ ਨੂੰ ਹੀ ਨਹੀਂ ਚਲਾਉਂਦੇ, ਸਗੋਂ ਸਾਰੀ ਦੁਨੀਆ ਉਸ ਦੇ ਇਸ਼ਾਰਿਆਂ ’ਤੇ ਚੱਲਦੀ ਹੈ। ਉਸ ਨੇ ਆਪਣੇ ਆਪ ਨੂੰ ਭਾਰਤ ਤੇ ਪਾਕਿਸਤਾਨ ਦੇ ਵਿਚਾਲੇ ਕਸ਼ਮੀਰ ਮੁੱਦੇ ਨੂੰ ਲੈ ਕੇ ‘ਪੰਚ’ ਦੀ ਭੂਮਿਕਾ ਵਿੱਚ ਨਿਯੁਕਤ ਕਰ ਰੱਖਿਆ ਹੈ। ਦੋਹਾਂ ਦੇਸ਼ਾਂ ਵਿਚਾਲੇ ਪ੍ਰਮਾਣੂ ਯੁੱਧ ਰੁਕਵਾਉਣ ਦੇ ਫ਼ਰਜ਼ੀ ਦਾਅਵੇ ਦੇ ਆਧਾਰ ’ਤੇ ਉਹ ਨੋਬਲ ਸ਼ਾਂਤੀ ਪੁਰਸਕਾਰ ਦਾ ਦਾਅਵਾ ਵੀ ਕਰ ਸਕਦਾ ਹੈ।

(ਬਾਕੀ ਸਫ਼ਾ 31 ’ਤੇ)

# ਕਾਨੂੰਨ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਦਾ ਵੀ ਘਰ ਢਾਹੁਣਾ ਗ਼ਲਤ

ਕੇਹਰ ਸਿੰਘ ਹਿਸੋਵਾਲ




ਸਾਡੇ ਦੇਸ ਦਾ ਸਿਸਟਮ ਦਿਨੋਂ ਦਿਨ ਵਿਗੜ ਰਿਹਾ ਹੈ। ਹਿੰਸਾ ਅਤੇ ਹਿੰਸਕ ਪ੍ਰਤੀਕ੍ਰਿਆ ਆਮ ਜਿਹੀ ਗੱਲ ਬਣ ਗਈ ਹੈ। ਸਿਆਸਤ ਵਿੱਚ ਅਤਿ ਦਰਜੇ ਦਾ ਨਿਘਾਰ ਆ ਗਿਆ। ਸਿਆਸੀ ਆਦਮੀ ਕੇਵਲ ਕੁਰਸੀਆਂ ਤੱਕ ਸੀਮਤ ਹੋ ਗਏ ਹਨ। ਕੁਰਸੀ ਖਾਤਰ ਉਹ ਕਿਸੇ ਹੱਦ ਤੱਕ ਵੀ ਗਿਰ ਸਕਦੇ ਹਨ। ਸੁਧਾਰਵਾਦੀ ਪਹੁੰਚ ਤਾਂ ਕਿਤੇ ਵਿਖਾਈ ਹੀ ਨਹੀਂ ਦੇ ਰਹੀ। ਮਾਰ ਕਾਟ, ਝਗੜੇਬਾਜ਼ੀ, ਕਾਨੂੰਨ ਦੀ ਉਲੰਘਣਾ, ਤਾਨਾਸ਼ਾਹੀ, ਆਪ ਹੁਦਰਾਪਨ ਆਮ ਹੋ ਗਿਆ ਹੈ। ਅਜਿਹੀ ਪਹੁੰਚ ਕੇਵਲ ਆਮ ਸ਼ਹਿਰੀਆਂ ਦੀ ਹੀ ਨਹੀਂ ਹੈ, ਬਲਕਿ ਸਰਕਾਰਾਂ ਵੀ ਇਸ ਤੋਂ ਵੱਖ ਨਹੀਂ ਹਨ। ਵਿਰੋਧੀ ਨੂੰ ਚੁੱਪ ਕਰਾਉਣ ਲਈ, ਵਾਹ ਵਾਹ ਖੱਟਣ ਲਈ ਜਾਂ ਧਿਆਨ ਭੜਕਾਉਣ ਲਈ ਕੁਝ ਵੀ ਹੋ ਸਕਦਾ ਹੈ।

ਨਿਆਂਪਾਲਿਕਾ ਦਾ ਸਿੱਧਾ ਸੰਬੰਧ ਨਿਆਂਇਕ ਪੱਖ ਨੂੰ ਦਰੁਸਤ ਰੱਖਣਾ ਹੈ। ਜਿੱਥੇ ਕਿਤੇ ਵੀ ਅਨਿਆਂ ਦਾ ਮਾਮਲਾ ਸਾਹਮਣੇ ਆਉਂਦਾ ਹੈ, ਅਦਾਲਤਾਂ ਉਸ ਦੀ ਦਰੁਸਤੀ ਲਈ ਕਹਿੰਦੀਆਂ ਹਨ। ਪਰ ਹੁਣ ਇਸ ਤੋਂ ਹਟ ਕੇ ਬਹੁਤ ਕੁਝ ਹੋ ਰਿਹਾ ਹੈ। ਹੁਣ ਮਾਮਲਾ ਅਦਾਲਤ ਤੋਂ ਬਾਹਰ ਹੀ ਨਿਰੰਕੁਸ਼ ਵਿਧੀ ਨਾਲ ਨਜਿੱਠਣ ਨੂੰ ਪਹਿਲ ਦਿੱਤੀ ਜਾਂਦੀ ਹੈ। ਕਾਨੂੰਨ ਦੀ ਅਵੱਗਿਆ ਸ਼ਰੇਆਮ ਹੋ ਰਹੀ ਹੈ। ਨਿਆਇਕ ਪ੍ਰਕਿਰਿਆ ਦੀ ਕੋਈ ਪ੍ਰਵਾਹ ਨਹੀਂ ਹੈ। ਇਹ ਅਕਸਰ ਹੋ ਰਿਹਾ ਹੈ। ਨਵੀਂ ਗੱਲ ਇਹ ਸਾਹਮਣੇ ਆਈ ਹੈ ਕਿ ਨਸ਼ੇ ਜਾਂ ਕਿਸੇ ਹੋਰ ਮਾਮਲੇ ਵਿੱਚ ਸ਼ਾਮਿਲ ਦੋਸ਼ੀਆਂ ਦੇ ਘਰ ਜ਼ਬਰਦਸਤੀ ਢਾਹ ਦਿੱਤੇ ਜਾਂਦੇ ਹਨ। ਬੁਲਡੋਜ਼ਰ ਵਰਤ ਕੇ ਮਿੰਟਾਂ ਸਕਿੰਟਾਂ ਵਿੱਚ ਹੀ ਵਸਦੇ ਰਸਦੇ ਘਰਾਂ ਨੂੰ ਉਜਾੜ ਦਿੱਤਾ ਜਾਂਦਾ ਹੈ। ਦੋਸ਼ੀ ਜਿੰਨਾ ਮਰਜ਼ੀ ਵੱਡਾ ਹੋਵੇ ਪਰ ਜ਼ਬਰਦਸਤੀ ਉਸ ਦਾ ਘਰ ਢਾਹੁਣ ਦੀ ਕੋਈ ਵੀ ਕਾਨੂੰਨ ਇਜਾਜ਼ਤ ਨਹੀਂ ਦਿੰਦਾ। ਪਰ ਅਜਿਹਾ ਅਕਸਰ ਹੋ ਰਿਹਾ ਹੈ। ਉੱਤਰ ਪ੍ਰਦੇਸ਼ ਵਿੱਚ ਪਤਾ ਨਹੀਂ ਸਰਕਾਰ ਨੇ ਦਮਨਕਾਰੀ ਨੀਤੀ ਨਾਲ ਕਿੰਨੇ ਕੁ ਘਰ ਢਾਹ ਦਿੱਤੇ ਹਨ। ਇਹ ਕਿਹਾ ਜਾਂਦਾ ਹੈ ਕਿ ਘਰ ਦਾ ਮਾਲਕ ਗ਼ਲਤ ਅਨਸਰ ਸੀ ਅਤੇ ਉਸਨੇ ਘਰ ਨਾਜਾਇਜ਼ ਕਬਜ਼ਾ ਕਰਕੇ ਬਣਾਇਆ ਹੋਇਆ ਸੀ। ਪਰ ਘਰ ਤਾਂ ਨਾਜਾਇਜ਼ ਕਾਬਜ਼ ਦਾ ਵੀ ਕਾਨੂੰਨੀ ਪ੍ਰਕਿਰਿਆ ਤੋਂ ਬਾਹਰ ਜਾ ਕੇ ਢਾਹਿਆ ਨਹੀਂ ਜਾ ਸਕਦਾ ਹੈ। ਕਿਸੇ ਨਾਜਾਇਜ਼ ਕਾਬਜ਼ ਨੂੰ ਘਰੋਂ ਕੱਢਣ ਲਈ ਬਕਾਇਦਾ ਕਾਨੂੰਨੀ ਪ੍ਰਕਿਰਿਆ ਹੈ, ਉਸ ਤੋਂ ਬਿਨਾਂ ਕਿਸੇ ਨੂੰ ਘਰੋਂ ਬੇਘਰ ਕਰਨਾ ਜਾਂ ਉਸ ਦਾ ਘਰ ਢਾਹੁਣਾ ਕਾਨੂੰਨ ਦੀ ਉਲੰਘਣਾ ਹੈ। ਮਾਮਲਾ ਅਦਾਲਤ ਪਾਸ ਜਾਂਦਾ ਹੈ। ਅਦਾਲਤ ਸਾਰੇ ਪੱਖ ਵਿਚਾਰਦੀ ਹੈ ਤਦ ਫ਼ੈਸਲਾ ਕੀਤਾ ਜਾਂਦਾ ਹੈ। ਪਰ ਮੌਜੂਦਾ ਘਰ ਢਾਹੁਣ ਦੀ ਨੀਤੀ ਤਹਿਤ ਤਾਂ ਸਿੱਧਾ ਹੀ ਬੁਲਡੋਜ਼ਰ ਚਲਾ ਦਿੱਤਾ ਜਾਂਦਾ ਹੈ। ਦੋਸ਼ੀ ਨੂੰ ਅਦਾਲਤਾਂ ਗੱਲ ਕਹਿਣ ਦਾ, ਆਪਣਾ ਪੱਖ ਰੱਖਣ ਦਾ ਪੂਰਾ ਮੌਕਾ ਦਿੰਦੀਆਂ ਹਨ। ਪਰ ਸਰਕਾਰਾਂ ਘਰ ਢਾਹੁਣ ਵੇਲੇ ਪੂਰੀ ਮਨਮਰਜ਼ੀ ਕਰਦੀਆਂ ਹਨ ਜੋ ਸਰਾਸਰ ਗ਼ਲਤ ਹੈ। ਅਦਾਲਤੀ ਪ੍ਰਕਿਰਿਆ ਦੀ ਕੋਈ ਪ੍ਰਵਾਹ ਹੀ ਨਹੀਂ ਕੀਤੀ ਜਾਂਦੀ। ਭਾਰੀ ਮਾਤਰਾ ਵਿੱਚ ਪੁਲਿਸ ਲਿਜਾ ਕੇ ਸਿੱਧਾ ਹੀ ਘਰ ਢਾਹ ਦਿੱਤਾ ਜਾਂਦਾ ਹੈ। ਪਰ ਇਹ ਸਭ ਅਨਿਆਂ ਹੈ। ਇਹ ਕਿਹਾ ਜਾਂਦਾ ਹੈ ਕਿ ਘਰ ਦਾ ਮਾਲਕ ਗਲਤ ਅਨਸਰ ਹੈ। ਉਹ ਦੇਸ਼ ਵਿਰੋਧੀ ਕਾਰਵਾਈਆਂ ਵਿੱਚ ਭਾਈਵਾਲ ਹੈ। ਪਰ ਅਜਿਹਾ ਹੋਣ ਦੇ ਬਾਵਜੂਦ ਵੀ ਸਜ਼ਾ ਕਾਨੂੰਨ ਮੁਤਾਬਿਕ ਹੀ ਦਿੱਤੀ ਜਾ ਸਕਦੀ ਹੈ। ਹਰ ਅਪਰਾਧ ਨਾਲ ਨਿਪਟਣ ਲਈ ਕਾਨੂੰਨ ਬਣੇ ਹੋਏ ਹਨ। ਕਿਸੇ ਨੂੰ ਅਪਰਾਧੀ ਘੋਸ਼ਿਤ ਕਰਨ ਤੋਂ ਪਹਿਲਾਂ ਕਾਨੂੰਨੀ ਅਮਲ ਹੈ। ਉਸ ਦਾ ਸਾਹਮਣਾ ਕਰਨਾ ਪਵੇਗਾ, ਤਦ ਹੀ ਕੋਈ ਫ਼ੈਸਲਾ ਹੋਵੇਗਾ। ਜਦੋਂ ਤੱਕ ਕਾਨੂੰਨੀ ਪ੍ਰਕਿਰਿਆ ਪੂਰੀ ਨਹੀਂ ਹੋ ਜਾਂਦੀ ਉਦੋਂ ਤੱਕ ਕਿਸੇ ਵੀ ਮਾਮਲੇ ਦਾ ਫ਼ੈਸਲਾ ਨਹੀਂ ਹੋ ਸਕਦਾ। ਪਰ ਬੁਲਡੋਜ਼ਰ ਨੀਤੀ ਤਹਿਤ ਕਾਰਵਾਈ ਤੁਰੰਤ ਹੀ ਕਰ ਦਿੱਤੀ ਜਾਂਦੀ ਹੈ ਜੋ ਉਚਿਤ ਨਹੀਂ ਹੈ।

ਘਰ ਢਾਹੁਣ ਦੀ ਵਿਧੀ ਸਭ ਤੋਂ ਪਹਿਲਾਂ ਉੱਤਰ ਪ੍ਰਦੇਸ਼ ਵਿੱਚ ਅਪਣਾਈ ਗਈ ਸੀ ਪਰ ਹੁਣ ਇਹ ਨੀਤੀ ਬਾਕੀ ਜਗ੍ਹਾ ਵੀ ਅਪਣਾਈ ਜਾ ਰਹੀ ਹੈ। ਪਰ ਇਹ ਸੱਚ ਹੈ ਕਿ ਜਿੱਥੇ ਕਿਤੇ ਭਾਜਪਾ ਸਰਕਾਰਾਂ ਹਨ ਉੱਥੇ ਇਸ ਦਮਨਕਾਰੀ ਨੀਤੀ ਦੀ ਵੱਧ ਵਰਤੋਂ ਹੋਈ ਹੈ। ਹੁਣ ਕੁਝ ਕੁ ਸਮੇਂ ਤੋਂ ਪੰਜਾਬ ਸਰਕਾਰ ਨੇ ਵੀ ਇਹ ਨੀਤੀ ਅਪਣਾ ਲਈ ਹੈ। ਪੰਜਾਬ ਵਿੱਚ ਵੀ ਬਹਾਨਾ ਬਣਾ ਕੇ ਘਰ ਢਾਹੇ ਜਾ ਰਹੇ ਹਨ। ਇਹ ਕਿਹਾ ਜਾਂਦਾ ਹੈ ਕਿ ਘਰ ਦਾ ਮਾਲਕ ਨਸ਼ਾ ਤਸਕਰ ਸੀ, ਉਸ ਨੇ ਨਾਜਾਇਜ਼ ਕਬਜ਼ਾ ਕਰਕੇ ਘਰ ਬਣਾਇਆ ਹੋਇਆ ਸੀ। ਪਰ ਇਹ ਗ਼ਲਤ ਹੈ। ਨਾਜਾਇਜ਼ ਕਾਬਜ਼ ਨੂੰ ਕਾਨੂੰਨੀ ਪ੍ਰਕਿਰਿਆ ਰਾਹੀਂ ਹੀ ਕੱਢਿਆ ਜਾ ਸਕਦਾ ਹੈ। ਇਸ ਸਬੰਧੀ ਕਾਨੂੰਨ ਹੈ। ਸੁਪਰੀਮ ਕੋਰਟ ਦੀਆਂ ਹਦਾਇਤਾਂ ਹਨ। ਜ਼ਬਰਦਸਤੀ ਜਾਂ 24 ਘੰਟੇ ਦਾ ਨੋਟਿਸ ਦੇ ਕੇ ਕਿਸੇ ਨੂੰ ਵੀ ਘਰੋਂ ਨਹੀਂ ਕੱਢਿਆ ਜਾ ਸਕਦਾ ਹੈ। ਪਰ ਪੰਜਾਬ ਵਿੱਚ ਸ਼ਾਸਨ, ਪ੍ਰਸ਼ਾਸਨ, ਪੁਲਿਸ ਅਜਿਹਾ ਬੇ-ਪ੍ਰਵਾਹ ਹੋ ਕੇ ਕਰ ਰਹੇ ਹਨ। ਮੁਜਰਮ ਨੂੰ ਸਜ਼ਾ ਮਿਲਣੀ ਚਾਹੀਦੀ ਹੈ ਪਰ ਪਹਿਲਾਂ ਇਹ ਤਾਂ ਯਕੀਨੀ ਬਣਾ ਲੈਣਾ ਜ਼ਰੂਰੀ ਹੈ ਕਿ ਜਿਸ ਦਾ ਘਰ ਢਾਹ ਦਿੱਤਾ ਗਿਆ ਹੈ, ਉਹ ਦੋਸ਼ੀ ਵੀ ਹੈ ਜਾਂ ਉਹ ਕਿੰਨਾ ਕੁ ਦੋਸ਼ੀ ਹੈ? ਕੀ ਉਸ ਦਾ ਘਰ ਢਾਹ ਦੇਣਾ ਜ਼ਰੂਰੀ ਸੀ ਜਾਂ ਅਜਿਹਾ ਕਿਸੇ ਅਦਾਲਤ ਦਾ ਫ਼ੁਰਮਾਨ ਸੀ ਕਿ ਦੋਸ਼ੀ ਦਾ ਘਰ ਢਾਹ ਦਿੱਤਾ ਜਾਵੇ ਜਾਂ ਅਜਿਹਾ ਕਿਸੇ ਕਾਨੂੰਨ ਦੀ ਕਿਤਾਬ ਵਿੱਚ ਲਿਖਿਆ ਹੋਇਆ ਹੈ। ਇਹ ਸਭ ਕੁਝ ਕਾਨੂੰਨੀ ਪ੍ਰਕਿਰਿਆ ਹੀ ਤੈਅ ਕਰਦੀ ਹੈ। ਕਿਸੇ ’ਤੇ ਪੰਜ ਕੇਸ ਦਰਜ ਹੋਣ ਨਾਲ ਤਾਂ ਨਹੀਂ ਕਿਹਾ ਜਾ ਸਕਦਾ ਕਿ ਉਹ ਦੋਸ਼ੀ ਹੈ। ਕਾਨੂੰਨ ਮੁਤਾਬਿਕ ਜਦੋਂ ਤੱਕ ਕਿਸੇ ਵਿਅਕਤੀ ਨੂੰ ਅਦਾਲਤ ਦੋਸ਼ੀ ਕਰਾਰ ਨਹੀਂ ਦਿੰਦੀ, ਉਸ ਸਮੇਂ ਨਿਰਦੋਸ਼ ਹੀ ਮੰਨਿਆ ਜਾਂਦਾ ਹੈ। ਫ਼ੇਰ ਕਿਸ ਤਰ੍ਹਾਂ ਇਸ ਅਧਾਰ ’ਤੇ ਕਿਸੇ ਦਾ ਘਰ ਢਾਹਿਆ ਜਾ ਸਕਦਾ ਹੈ ਕਿ ਸਬੰਧਿਤ ਵਿਅਕਤੀ ’ਤੇ ਪੰਜ ਕੇਸ ਚੱਲ ਰਹੇ ਹਨ। ਕੇਸ ਦਰਜ ਹੋਣ ਨਾਲ ਤਾਂ ਕੋਈ ਦੋਸ਼ੀ ਨਹੀਂ ਬਣ ਜਾਂਦਾ। ਕੇਸ ਅਦਾਲਤ ਪਾਸ ਵਿਚਾਰ ਅਧੀਨ ਹੁੰਦੇ ਹਨ ਪਰ ਘਰ ਢਾਹ ਦਿੱਤਾ ਹੈ। ਇਹ ਜ਼ਿਆਦਤੀ ਜਾਂ ਅਨਿਆਂ ਨਹੀਂ ਹੈ ਤਾਂ ਹੋਰ ਕੀ ਹੈ?

ਕਿਸੇ ਦਾ ਵੀ ਘਰ ਜ਼ਬਰਦਸਤੀ ਢਾਹੁਣ ਦੀ ਕੋਈ ਵੀ ਕਾਨੂੰਨ ਇਜਾਜ਼ਤ ਨਹੀਂ ਦਿੰਦਾ ਹੈ। ਮਾਨਯੋਗ ਸੁਪਰੀਮ ਕੋਰਟ ਨੇ ਸਪੱਸ਼ਟ ਕਿਹਾ ਹੈ ਕਿ ਆਪ ਮੁਹਾਰੇ ਬੁਲਡੋਜ਼ਰ ਚਲਾਉਣ ਦੀ ਕਾਨੂੰਨ ਇਜਾਜ਼ਤ ਨਹੀਂ ਦਿੰਦਾ। ਅਦਾਲਤ ਨੇ ਸਰਕਾਰਾਂ ਨੂੰ ਅਜਿਹਾ ਕਰਨ ਤੋਂ ਰੋਕਿਆ ਹੈ। ਪਿਛਲੇ ਸਾਲ ਨਵੰਬਰ ਵਿੱਚ ਸੁਪਰੀਮ ਕੋਰਟ ਨੇ ਸਪੱਸ਼ਟ ਕਿਹਾ ਸੀ ਕਿ ਅਜਿਹੀ ਕਾਰਵਾਈ ਕਰਨ ਤੋਂ ਪਹਿਲਾਂ ਪੰਦਰਾਂ ਦਿਨ ਦਾ ਨੋਟਿਸ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ। ਪਰ ਅਜਿਹਾ ਲੱਗ ਰਿਹਾ ਹੈ ਕਿ ਸਰਕਾਰਾਂ ’ਤੇ ਸੁਪਰੀਮ ਕੋਰਟ ਦੇ ਆਦੇਸ਼ਾਂ ਦਾ ਕੋਈ ਅਸਰ ਨਹੀਂ ਹੋ ਰਿਹਾ। ਪੰਜਾਬ ਵਿੱਚ ਹਰ ਰੋਜ਼ ਨਸ਼ਾ ਤਸਕਰੀ ਦਾ ਬਹਾਨਾ ਬਣਾ ਕੇ ਘਰ ਢਾਹੇ ਜਾ ਰਹੇ ਹਨ।

(ਬਾਕੀ ਸਫ਼ਾ 31 ’ਤੇ)




# ਜਦੋਂ 'ਪੰਜਾਬ' ਨੂੰ ਅਲਵਿਦਾ ਕਿਹਾ ਸੀ...

## ਪਰਦੇਸੀ ਲਿਖ ਕੰਢਿਆਂ 'ਤੇ, ਵਹਿ ਗਏ ਵਿੱਚ ਝਨਾਂਵਾਂ
## ਸੱਥਾਂ ਦੇ ਵਿੱਚ ਬਾਪੂ ਝੂਰਨ, ਬੂਹਿਆਂ ਦੇ ਵਿੱਚ ਮਾਵਾਂ




**ਵਿਦੇਸ਼ਾਂ ਦੀ ਬੇਗਾਨੀ ਧਰਤੀ, ਓਪਰੇ ਲੋਕਾਂ ਅਤੇ ਬਰਫ਼ੀਲੇ ਮੌਸਮਾਂ 'ਚ ਵਿਚਰਦਿਆਂ ਪੰਜਾਬੀ ਨੌਜਵਾਨਾਂ ਦੇ ਫਿਰ ਉਹ ਸਮਾਂ ਯਾਦ ਆਉਂਦਾ ਹੈ, ਜਦੋਂ ਉਹਨਾਂ ਵੱਲੋਂ ਪੰਜਾਬ ਨੂੰ 'ਅਲਵਿਦਾ' ਕਹਿੰਦਿਆਂ ਭਾਪਾ ਜੀ (ਡੈਡੀ) ਗੁਰਬਾਣੀ ਦਾ ਪਾਠ ਕਰਨ ਲੱਗ ਪਏ ਸੀ। ਉਹਨਾਂ ਨੇ ਆਪਣੀਆਂ ਅੱਖਾਂ ਦੇ ਹੰਝੂਆਂ ਨੂੰ ਬੜੀ ਹੁਸ਼ਿਆਰੀ ਨਾਲ ਸਭ ਤੋਂ ਲੁਕਾ ਲਿਆ ਸੀ। ਉਸ ਸਮੇਂ ਇਹਨਾਂ ਪੰਜਾਬੀ ਨੌਜਵਾਨਾਂ ਦੇ ਘਰਾਂ ਵਿੱਚ ਚੁੱਪ ਪਸਰ ਗਈ ਸੀ ਤੇ ਮਾਂ ਦੀ ਅਸੀਸ ਨੂੰ ਤੌਖਲਾ ਦਿਸਣ ਲੱਗ ਪਿਆ ਸੀ। ਭੈਣਾਂ ਦੇ ਚਾਅ ਨੂੰ ਡੋਬ ਜੇਹੇ ਪੈਣ ਲੱਗ ਪਏ ਸਨ। ਦੁੱਧ ਰਿੜਕਦੀ ਚੂੜੇ ਵਾਲੀ ਦੀਆਂ ਗੋਰੀਆਂ ਬਾਂਹਾਂ ਸੁੰਨ ਜਿਹੀਆਂ ਹੋ ਗਈਆਂ ਸਨ, ਉਸ ਦੇ ਸਿਰ 'ਤੇ ਲਏ ਸੂਹੇ ਸਾਲੂ ਦੇ ਫੁੱਲ ਉਦਾਸ ਹੋ ਗਏ ਸਨ। ਉਦੋਂ ਇਹਨਾਂ ਦੇ ਘਰ ਦੇ ਖੁੱਲ੍ਹੇ ਵਿਹੜੇ ਨੇ ਆਪਣੀ ਜ਼ੁਬਾਨ ਬੰਦ ਕਰ ਲਈ ਸੀ। ਰਸੋਈ ਵਿਚੋਂ ਖੋਏ ਅਤੇ ਗਜਰੇਲੇ ਦੀ ਮਹਿਕ ਆਉਣੋਂ ਹੱਟ ਗਈ ਸੀ। ਵਿਹੜੇ ਵਿੱਚ ਪਏ ਗਮਲਿਆਂ ਦੇ ਵਿੱਚ ਲੱਗੇ ਪੌਦਿਆਂ ਦੇ ਫੁੱਲ ਮੁਰਝਾ ਗਏ ਸਨ। ਦੋਵੇਂ ਬਰਾਂਡਿਆਂ ਵਿਚੋਂ ਹਾਸਿਆਂ ਦੀ ਗੂੰਜ ਅਤੇ ਰੌਣਕਾਂ ਗਾਇਬ ਹੋ ਗਈਆਂ ਸਨ। ਚਿੜੀਆਂ ਕਿਤੇ ਦੂਰ ਉਡਾਰੀ ਮਾਰ ਗਈਆਂ ਸਨ।**



ਅਨੇਕਾਂ ਪੰਜਾਬੀ ਦਾਅਵਾ ਕਰਦੇ ਹਨ ਕਿ ਉਹਨਾਂ ਦੇ ਘਰ ਸਿਰਫ਼ 'ਜੀ ਆਇਆਂ ਨੂੰ ਕਹਿਣਾ ਜਾਣਦੇ ਹਨ, ਅਲਵਿਦਾ ਨਹੀਂ।' ਉਹਨਾਂ ਹੀ ਪੰਜਾਬੀਆਂ ਦੇ ਬੱਚੇ ਹੁਣ ਆਪਣੇ 'ਘਰਾਂ' ਦੇ ਨਾਲ ਹੀ ਪੰਜਾਬ ਨੂੰ ਵੀ 'ਅਲਵਿਦਾ' ਕਹਿ ਗਏ ਹਨ ਅਤੇ ਨਵੀਂ ਦਿੱਲੀ ਦੇ ਏਅਰਪੋਰਟ ਦੀਆਂ ਅੱਖਾਂ ਚੁਧਾਂਉਂਦੀਆਂ ਰੰਗ ਬਿਰੰਗੀਆਂ ਰੌਸ਼ਨੀਆਂ ਵਿੱਚ ਅਧਮੀਟੀਆਂ ਅੱਖਾਂ ਵਿੱਚ ਅਨੇਕਾਂ ਸੁਪਨੇ ਸੰਜੋ ਕੇ ਜਹਾਜ਼ ਵਿੱਚ ਬੈਠ ਕੇ 'ਸੱਤ ਸਮੁੰਦਰ ਪਾਰ' ਚਲੇ ਗਏ ਹਨ। ਵਿਦੇਸ਼ ਵਿੱਚ ਗਏ ਪੰਜਾਬੀਆਂ ਅੱਗੇ ਜਦੋਂ ਉਹਨਾਂ ਮੁਲਕਾਂ ਦੀਆਂ ਤਲਖ਼ ਹਕੀਕਤਾਂ ਸਾਹਮਣੇ ਆਉਂਦੀਆਂ ਨੇ ਤੇ ਉਥੇ ਮਸ਼ੀਨਾਂ ਵਾਂਗ ਹੀ ਕੰਮ ਕਰਨਾ ਪੈਂਦਾ ਹੈ ਤਾਂ ਉਹਨਾਂ ਪੰਜਾਬੀਆਂ ਨੂੰ ਮੁੜ ਪੰਜਾਬ ਚੇਤੇ ਆਉਣ ਲੱਗਦਾ ਹੈ। ਵਿਦੇਸ਼ ਵਿੱਚ ਜੋ ਕਮਾਈ ਡਾਲਰਾਂ/ਪੌਂਡਾਂ ਵਿੱਚ ਹੁੰਦੀ ਹੈ ਤਾਂ ਖ਼ਰਚੇ ਵੀ ਤਾਂ ਡਾਲਰਾਂ ਤੇ ਪੌਂਡਾਂ ਵਿੱਚ ਹੁੰਦੇ ਹਨ। ਕਹਿੰਦੇ ਨੇ ਕਿ ਵਿਦੇਸ਼ਾਂ ਵਿੱਚ ਜੇ ਕਿਸੇ ਪੰਜਾਬੀ ਵੀਰ ਨੇ ਦੂਜੇ ਪੰਜਾਬੀ ਨੂੰ ਮਿਲਣ ਜਾਣਾ ਹੁੰਦਾ ਹੈ ਤਾਂ ਉਸ ਨੂੰ ਪਹਿਲਾਂ ਸੰਬੰਧਿਤ ਪੰਜਾਬੀ ਤੋਂ ਮਿਲਣ ਲਈ ਸਮਾਂ ਲੈਣਾ ਪੈਂਦਾ ਹੈ। ਕਿਹਾ ਤਾਂ ਇਹ ਵੀ ਜਾਂਦਾ ਹੈ ਕਿ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨੂੰ ਕਿਸੇ ਆਪਣੇ ਨੂੰ ਵੀ ਮਿਲਣ ਦੀ ਵਿਹਲ ਨਹੀਂ ਹੁੰਦੀ।



ਦੁਨੀਆ ਦੇ ਵੱਖ-ਵੱਖ ਮੁਲਕਾਂ ਵਿੱਚ ਵਸੇ ਹੋਏ ਪੰਜਾਬੀ ਅਕਸਰ ਦਾਅਵਾ ਕਰਦੇ ਹਨ ਕਿ 'ਪੰਜਾਬ' ਉਹਨਾਂ ਦੇ ਦਿਲਾਂ ਵਿੱਚ ਵਸਿਆ ਹੋਇਆ ਹੈ ਅਤੇ ਉਹ ਹਮੇਸ਼ਾ 'ਪੰਜਾਬ' ਜਾਣ ਲਈ ਤਾਂਘਦੇ ਰਹਿੰਦੇ ਹਨ। ਅਜਿਹੇ ਪਰਵਾਸੀ ਪੰਜਾਬੀਆਂ ਨੂੰ ਸਵਾਲ ਕੀਤਾ ਜਾਣਾ ਚਾਹੀਦਾ ਹੈ ਕਿ ਜਦੋਂ ਉਹਨਾਂ ਨੇ 'ਪੰਜਾਬ' ਨੂੰ ਅਲਵਿਦਾ ਕਿਹਾ ਸੀ ਤਾਂ ਕੀ ਉਦੋਂ ਪੰਜਾਬ ਉਹਨਾਂ ਦੇ ਦਿਲਾਂ ਵਿੱਚ ਨਹੀਂ ਸੀ? ਪੰਜਾਬ ਤੋਂ ਦਿੱਲੀ ਏਅਰਪੋਰਟ ਤੱਕ ਜਾਂਦਿਆਂ ਉਹਨਾਂ ਦੇ ਦਿਲਾਂ ਵਿੱਚ ਪੰਜਾਬ ਦੀ ਥਾਂ ਵਿਦੇਸ਼ੀ ਮੁਲਕ ਦੇ ਡਾਲਰ ਅਤੇ ਪੌਂਡ ਹੀ ਵਸੇ ਹੋਏ ਸਨ। ਜਦੋਂ ਮੁਰਥਲ ਦੇ ਢਾਬਿਆਂ 'ਤੇ ਚਾਹ ਪਾਣੀ ਪੀਣ ਅਤੇ ਨਾਸ਼ਤਾ ਕਰਨ ਲਈ ਰੁਕੇ ਸਨ ਉਦੋਂ ਵੀ ਉਹਨਾਂ ਨੂੰ ਦਿੱਲੀ ਦੇ ਏਅਰਪੋਰਟ 'ਤੇ ਜਾ ਕੇ ਵਿਦੇਸ਼ ਜਾਣ ਲਈ ਜਹਾਜ਼ ਵਿੱਚ ਬੈਠਣ ਦੀ ਕਾਹਲੀ ਪਈ ਹੋਈ ਸੀ, ਉਦੋਂ 'ਪੰਜਾਬ' ਕਿਉਂ ਯਾਦ ਨਹੀਂ ਆਇਆ? ਉਦੋਂ ਤਾਂ ਪੰਜਾਬ ਦੀਆਂ ਰੁੱਤਾਂ ਵੀ ਉਹਨਾਂ ਨੂੰ ਭੁੱਲ ਗਈਆਂ ਸਨ। ਵਿਦੇਸ਼ ਜਾਣ ਦੇ ਚਾਅ ਵਿੱਚ ਉਦੋਂ ਤਾਂ ਪੰਜਾਬੀਆਂ ਨੂੰ ਸਾਵਣ ਮਹੀਨਾ ਵੀ ਭੁੱਲ ਗਿਆ ਸੀ ਤੇ ਸਾਵਣ ਮਹੀਨੇ ਦੇ ਛਰਾਟਿਆਂ ਦੀ ਯਾਦ ਵੀ ਨਹੀਂ ਸੀ ਆਈ। ਅਜਿਹੇ ਪੰਜਾਬੀ ਉਦੋਂ ਪੰਜਾਬ ਦੇ ਮਾਲ ਪੂੜਿਆਂ ਦਾ ਸਵਾਦ ਵੀ ਭੁੱਲ ਗਏ ਸਨ।

ਪੰਜਾਬ ਦੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਕਈ ਇਲਾਕੇ ਤਾਂ ਅਜਿਹੇ ਹਨ, ਜਿਥੇ ਰਹਿੰਦੇ ਸਾਰੇ ਪੰਜਾਬੀਆਂ ਦੇ ਬੱਚੇ ਵਿਦੇਸ਼ ਚਲੇ ਗਏ ਹਨ ਅਤੇ ਪਿੱਛੇ ਘਰਾਂ ਵਿੱਚ ਅਧਖੜ ਜਾਂ ਬੁਢੜੇ ਮਾਪੇ ਰਹਿ ਰਹੇ ਹਨ। ਵਿਦੇਸ਼ ਗਏ ਪੁੱਤਰਾਂ ਦੇ ਪਿਤਾ ਜੀ ਅਕਸਰ ਸੱਥਾਂ ਵਿੱਚ ਬੈਠ ਕੇ ਝੂਰਦੇ ਹਨ ਅਤੇ ਵਿਦੇਸ਼ ਗਏ ਪੁੱਤਰਾਂ ਦੀਆਂ ਮਾਵਾਂ ਘਰਾਂ ਦੇ ਬੂਹਿਆਂ 'ਚ ਬੈਠ ਕੇ ਆਪਣੇ ਪੁੱਤਰਾਂ ਨੂੰ ਉਡੀਕਦੀਆਂ ਹਨ। ਦੂਜੇ ਪਾਸੇ ਇਹਨਾਂ ਮਾਪਿਆਂ ਦੇ ਪੁੱਤਰ ਵੀ ਵਿਦੇਸ਼ਾਂ ਵਿੱਚ ਜਾ ਕੇ ਆਪਣੇ ਮਾਪਿਆਂ ਅਤੇ ਘਰਾਂ ਨੂੰ ਯਾਦ ਕਰਦੇ ਹਨ। ਜਿਹੜੇ ਨੌਜਵਾਨ ਸਹੀ ਤਰੀਕੇ ਨਾਲ ਵਿਦੇਸ਼ ਜਾਂਦੇ ਹਨ, ਉਹ ਤਾਂ ਵਿਦੇਸ਼ ਸਹੀ ਸਲਾਮਤ ਪਹੁੰਚ ਜਾਂਦੇ ਹਨ ਅਤੇ ਜਿਹੜੇ ਨੌਜਵਾਨ 'ਡੰਕੀ ਰੂਟ' ਰਾਹੀਂ ਵਿਦੇਸ਼ ਜਾਂਦੇ ਹਨ ਉਹ ਅਕਸਰ ਆਪਣੀ ਮੰਜ਼ਿਲ 'ਤੇ ਨਹੀਂ ਪਹੁੰਚਦੇ ਤੇ ਰਸਤੇ ਵਿੱਚ ਹੀ ਬੇਗਾਨੇ ਮੁਲਕਾਂ ਵਿੱਚ ਫ਼ਸ ਜਾਂਦੇ ਹਨ। ਜਿਥੇ ਇਹ ਪੈਸੇ ਦੀ ਘਾਟ, ਬੇਗਾਨੇ ਮੁਲਕਾਂ ਦੀ ਭਾਸ਼ਾ ਦਾ ਗਿਆਨ ਨਾ ਹੋਣ ਕਾਰਨ ਆਪਣੀ ਪੈਰਵਾਈ ਵੀ ਸਹੀ ਤਰੀਕੇ ਨਾਲ ਨਹੀਂ ਕਰ ਸਕਦੇ। ਅਜਿਹੇ ਨੌਜਵਾਨ ਫਿਰ ਉਸ ਸਮੇਂ ਨੂੰ ਕੋਸਦੇ ਹਨ ਜਦੋਂ ਉਹਨਾਂ ਨੇ ਵਿਦੇਸ਼ ਜਾਣ ਲਈ ਆਪਣੇ 'ਪੰਜਾਬ' ਨੂੰ 'ਅਲਵਿਦਾ' ਕਿਹਾ ਸੀ।



ਇਹ ਸੱਚ ਹੈ ਕਿ ਦੁਨੀਆ ਦੇ ਵੱਖ- ਵੱਖ ਮੁਲਕਾਂ ਵਿੱਚ ਗਏ ਵੱਡੀ ਗਿਣਤੀ ਪੰਜਾਬੀਆਂ ਨੇ ਪੰਜਾਬ ਵਿੱਚ ਆਪਣੇ ਜੱਦੀ ਘਰਾਂ ਨੂੰ ਆਲੀਸ਼ਾਨ ਰੂਪ ਦਿੱਤਾ ਹੋਇਆ ਹੈ, ਕਿਸੇ ਨੇ ਆਪਣੇ ਜੱਦੀ ਘਰ ਦੀ ਛੱਤ 'ਤੇ ਹਵਾਈ ਜਹਾਜ਼ ਬਣਾਇਆ ਹੋਇਆ ਹੈ, ਕਿਸੇ ਨੇ ਟੈਂਕ ਅਤੇ ਕਿਸੇ ਨੇ ਅਜਿਹਾ ਹੀ ਕੁਝ ਹੋਰ। ਇਹਨਾਂ ਨੇ ਆਪਣੇ ਘਰਾਂ ਨੂੰ ਵੀ ਮਹੱਲਾਂ ਵਾਂਗ ਸਜਾਇਆ ਹੋਇਆ ਹੈ, ਪਰ ਇਹਨਾਂ ਆਲੀਸ਼ਾਨ ਘਰਾਂ ਵਿੱਚ ਜਿੰਦਗੀ ਨਹੀਂ ਧੜਕਦੀ। ਅਜਿਹੇ ਘਰਾਂ ਨੂੰ ਅਕਸਰ ਸਾਲਾਂ ਬੱਧੀ ਜਿੰਦਰੇ ਲੱਗੇ ਰਹਿੰਦੇ ਹਨ ਅਤੇ ਪੰਜ ਕੁ ਸਾਲ ਬਾਅਦ ਜਦੋਂ ਐਨ.ਆਰ.ਆਈ. ਪੰਜਾਬੀ ਆਪਣੇ ਘਰਾਂ ਨੂੰ ਪਰਤਦੇ ਹਨ ਤਾਂ ਉਦੋਂ ਹੀ ਇਹਨਾਂ ਘਰਾਂ ਵਿੱਚ ਰੌਸ਼ਨੀ ਹੁੰਦੀ ਹੈ। ਇਹ ਵੀ ਸੱਚ ਹੈ ਕਿ ਕਈ ਐਨ.ਆਰ.ਆਈ. ਪੰਜਾਬੀਆਂ ਨੇ ਆਪਣੇ ਪਿੰਡਾਂ ਦੇ ਵਿਕਾਸ ਵਿੱਚ ਵੀ ਚੰਗਾ ਯੋਗਦਾਨ ਪਾਇਆ ਹੈ ਅਤੇ ਅਨੇਕਾਂ ਪੇਂਡੂ ਖੇਡ ਮੇਲੇ ਤਾਂ ਹੁੰਦੇ ਹੀ ਪਰਵਾਸੀ ਪੰਜਾਬੀਆਂ ਦੇ ਯੋਗਦਾਨ ਨਾਲ ਹਨ। ਦੂਜੇ ਪਾਸੇ ਅਸਲੀਅਤ ਇਹ ਵੀ ਹੈ ਕਿ ਕਈ ਪਰਵਾਸੀ ਪੰਜਾਬੀਆਂ ਦੇ ਪੰਜਾਬ ਵਿਚਲੇ ਜੱਦੀ ਘਰ ਹੁਣ ਢਹਿਣ ਕਿਨਾਰੇ ਪਹੁੰਚੇ ਹੋਏ ਹਨ, ਉਹਨਾਂ ਘਰਾਂ ਦਾ ਰੰਗ ਰੋਗਣ ਫਿੱਕਾ ਪੈ ਗਿਆ ਹੈ ਅਤੇ ਘਰ ਦੀਆਂ ਕੰਧਾਂ ਤੋਂ ਪਲੱਸਤਰ ਉਖੜਨ ਲੱਗ ਪਿਆ ਹੈ। ਇਹਨਾਂ ਘਰਾਂ ਦੇ ਵਿੱਚ ਰਹਿ ਰਹੇ ਬੁਢੜੇ ਮਾਪਿਆਂ ਕੋਲ ਏਨਾ ਪੈਸਾ ਨਹੀਂ ਹੁੰਦਾ ਕਿ ਉਹ ਆਪਣੇ ਘਰਾਂ ਦੀ ਮੁਰੰਮਤ ਕਰਵਾ ਸਕਣ। ਇਹਨਾਂ ਲੋਕਾਂ ਨੇ ਆਪਣੀ ਜਿੰਦਗੀ ਦੀ ਸਾਰੀ ਜਮਾਂ ਪੂੰਜੀ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਲਗਾ ਦਿੱਤੀ ਹੁੰਦੀ ਹੈ। ਇਹਨਾਂ ਵਿਚੋਂ ਕਈਆਂ ਦੇ ਨੌਜਵਾਨ ਪੁੱਤਰ ਤਾਂ ਡੰਕੀ ਰੂਟ ਰਾਹੀਂ ਵਿਦੇਸ਼ ਜਾਣ ਲੱਗੇ ਜੰਗਲਾਂ ਵਿੱਚ ਹੀ ਗਾਇਬ ਹੋ ਜਾਂਦੇ ਹਨ ਭਾਵ ਖ਼ੁਦਗਰਜ਼ ਏਜੰਟਾਂ ਵੱਲੋਂ ਹੀ ਗਾਇਬ ਕਰ ਦਿੱਤੇ ਜਾਂਦੇ ਹਨ। ਜਿਸ ਕਰਕੇ ਇਹਨਾਂ ਬੁਢੜੇ ਮਾਪਿਆਂ ਨੂੰ ਆਪਣੇ ਪੁੱਤਰਾਂ ਤੋਂ ਵੀ ਕੋਈ ਸਹਾਰਾ ਨਹੀਂ ਮਿਲ ਰਿਹਾ। ਇਹਨਾਂ ਦੇ ਪੁੱਤਰ ਵੀ ਵਿਦੇਸ਼ਾਂ ਵਿੱਚ ਭਟਕਦਿਆਂ ਉਸ ਸਮੇਂ ਨੂੰ ਯਾਦ ਕਰਕੇ ਰੋਂਦੇ ਹਨ ਜਦੋਂ ਇਹਨਾਂ ਨੇ ਆਪਣੇ ਹੱਸਦੇ ਵਸਦੇ 'ਘਰਾਂ' ਨੂੰ 'ਅਲਵਿਦਾ' ਕਿਹਾ ਸੀ।

ਜੇ ਪੰਜਾਬੀਆਂ ਨੇ ਵਿਦੇਸ਼ ਜਾਣਾ ਹੈ ਤਾਂ ਉਹ ਜਾਇਜ਼ ਅਤੇ ਕਾਨੂੰਨੀ ਤਰੀਕਿਆਂ ਨਾਲ ਹੀ ਵਿਦੇਸ਼ ਜਾਣ ਅਤੇ 'ਡੰਕੀ ਰੂਟ' ਸਮੇਤ ਹੋਰ ਗੈਰ ਕਾਨੂੰਨੀ ਤਰੀਕਿਆਂ ਨਾਲ ਵਿਦੇਸ਼ ਜਾਣ ਦਾ ਯਤਨ ਨਾ ਕਰਨ। ਪੰਜਾਬ ਦੇ ਨੌਜਵਾਨਾਂ ਨੂੰ ਚਾਹੀਦਾ ਹੈ ਕਿ ਕਰਜ਼ਾ ਲੈ ਕੇ ਵਿਦੇਸ਼ ਜਾਣ ਦੀ ਥਾਂ ਪੰਜਾਬ ਰਹਿ ਕੇ ਆਪਣੇ ਰੁਜ਼ਗਾਰ ਚਲਾਉਣ ਅਤੇ ਨੌਕਰੀਆਂ ਮੰਗਣ ਦੀ ਥਾਂ ਉਹ ਹੋਰਨਾਂ ਲੋਕਾਂ ਨੂੰ ਨੌਕਰੀਆਂ ਦੇਣ ਵਾਲੇ ਬਣਨ। ਪੰਜਾਬੀ ਨੌਜਵਾਨ ਹੀ ਪੰਜਾਬ ਵਿੱਚ ਰਹਿ ਕੇ ਪੰਜਾਬ ਦੀ ਨੁਹਾਰ ਬਦਲ ਸਕਦੇ ਹਨ।

# ਚੰਦਰੇ ਨਸ਼ਿਆਂ ਵਿੱਚ ਰੁੜ੍ਹਿਆ ਪੰਜਾਬ, ਜ਼ਿੰਮੇਵਾਰ ਕੌਣ ?





ਬਘੇਲ ਸਿੰਘ ਧਾਲੀਵਾਲ
99142-58142

ਪੰਜਾਬੀ ਲੋਕ ਗੀਤ 'ਚੰਦਰੇ ਨੋਟਾਂ ਨੇ ਮੇਰਾ ਚੰਨ ਪਰਦੇਸੀ ਕੀਤਾ' ਪੁਰਾਣਾ ਜ਼ਰੂਰ ਹੈ, ਪਰ ਅੱਜ ਦੇ ਹਾਲਾਤ ਦੀ ਵੀ ਸੱਚੀ ਤਰਜਮਾਨੀ ਕਰਦਾ ਹੈ। ਇਹ ਗੀਤ ਕਦੇ ਸਿਰਫ਼ ਪਰਦੇਸ ਕਮਾਈ ਕਰਨ ਗਏ ਨੌਜਵਾਨਾਂ ਦੇ ਵਿਛੋੜੇ ਦੀ ਗੱਲ ਕਰਦਾ ਸੀ, ਪਰ ਹੁਣ ਸਮਾਂ ਬਦਲ ਗਿਆ। ਅੱਜ ਪਰਿਵਾਰ ਦਾ ਮੁਖੀ ਹੀ ਨਹੀਂ, ਸਗੋਂ ਘਰ ਦੇ ਸਾਰੇ ਜੀਅ ਇੱਕ, ਦੋ ਜਾਂ ਕਿਤੇ ਤਿੰਨ ਵੀ ਪਰਦੇਸੀ ਹੋ ਗਏ। ਪਿੱਛੇ ਰਹਿ ਗਏ ਬੁੱਢੇ ਮਾਂ-ਬਾਪ, ਜੋ ਆਪਣੇ ਲਾਡਲਿਆਂ ਦੀ ਬਾਹਰਲੇ ਮੁਲਕਾਂ ਵਿੱਚ ਤਰੱਕੀ ਦੀ ਝੂਠੀ ਖੁਸ਼ੀ ਹੇਠ ਵਿਛੋੜੇ ਦਾ ਦੁੱਖ ਛੁਪਾਉਂਦੇ,ਇਸ ਦੁਨੀਆਂ ਤੋਂ ਕੂਚ ਕਰ ਜਾਂਦੇ ਹਨ। ਕਈਆਂ ਦੇ ਮੰਜੇ ਨਾਲ ਮੰਜਾ ਜੁੜ ਗਿਆ, ਪਰ ਪਾਣੀ ਦੀ ਘੁੱਟ ਪੁੱਛਣ ਵਾਲਾ ਕੋਈ ਨਾ ਬਚਿਆ। ਇਸ ਦਾ ਮਤਲਬ ਇਹ ਨਹੀਂ ਕਿ ਪਰਦੇਸ ਗਏ ਨੌਜਵਾਨਾਂ ਦਾ ਖ਼ੂਨ ਸਫੈਦ ਹੋ ਗਿਆ ਜਾਂ ਉਹ ਮਾਂ-ਬਾਪ ਨੂੰ ਭੁੱਲ ਗਏ। ਨਹੀਂ, ਉਹ ਵਾਪਸ ਆਉਣਾ ਚਾਹੁੰਦੇ ਹਨ, ਪਰ ਨਸ਼ਿਆਂ, ਨਸ਼ੇ ਦੇ ਸੌਦਾਗਰਾਂ ਅਤੇ ਨਸ਼ੇ ਦੀ ਤੋਟ ਪੂਰੀ ਕਰਨ ਲਈ ਲੁੱਟ-ਖੋਹ ਕਰਦੇ ਨਸ਼ੇੜੀਆਂ ਤੋਂ ਕੌਣ ਸੁਰੱਖਿਆ ਦੇਵੇਗਾ ?

.ਇਸੇ ਕਾਰਨ ਮਾਂ-ਬਾਪ ਖੁਦ ਨਹੀਂ ਚਾਹੁੰਦੇ ਕਿ ਉਹਨਾਂ ਦੇ ਪਰਦੇਸ ਵਿੱਚ ਮਿਹਨਤ ਨਾਲ ਸਥਾਪਤ ਹੋਏ ਪੁੱਤਰ ਮੁੜ ਪੰਜਾਬ ਦੇ ਖ਼ਤਰਨਾਕ ਹਾਲਾਤ ਵਿੱਚ ਫਸਣ। ਉਹ ਆਪਣੇ ਚਾਵਾਂ ਅਤੇ ਮਮਤਾ ਨੂੰ ਔਲਾਦ ਦੀ ਸੁਰੱਖਿਆ ਲਈ ਕੁਰਬਾਨ ਕਰ ਰਹੇ ਹਨ। ਵੀਹਵੀਂ ਸਦੀ ਦੇ ਅੰਤਲੇ ਦਹਾਕਿਆਂ ਤੋਂ ਲੈ ਕੇ ਅੱਜ ਤੱਕ ਪੰਜਾਬ ਦਾ ਨਕਸ਼ਾ ਸੱਚਮੁੱਚ ਬਦਲ ਗਿਆ। ਵਿਛੋੜੇ ਦੇ ਲੋਕ ਗੀਤਾਂ ਦੇ ਅਰਥ ਬੇਅਰਥ ਹੋ ਗਏ। ਉਹ ਗੀਤ ਹੁਣ ਸਿਰਫ਼ ਪੁਰਾਣੀਆਂ ਯਾਦਾਂ ਦੀ ਨਿਸ਼ਾਨੀ ਬਣ ਕੇ ਰਹਿ ਗਏ। ਬਾਹਰਲੇ ਮੁਲਕਾਂ ਵਿੱਚ ਤਰੱਕੀ ਦੀ ਰੀਸ ਵਿੱਚ ਹਜ਼ਾਰਾਂ ਨੌਜਵਾਨ ਨਸ਼ਿਆਂ ਦੇ ਸੌਦਾਗਰਾਂ ਦੇ ਹੱਥ ਚੜ੍ਹ ਗਏ। ਜਹਾਜ਼ ਚੜ੍ਹਨ ਦੇ ਸੁਪਨੇ ਮਾਰਕੇ ਕਈ ਸਿਵਿਆਂ ਦੇ ਰਾਹਾਂ 'ਤੇ ਅੰਤਮ ਸਫਰ 'ਤੇ ਨਿਕਲ ਪਏ। ਪਤਾ ਹੀ ਨਾ ਲੱਗਾ ਕਿ ਹੱਸਦਾ-ਵੱਸਦਾ ਪੰਜਾਬ ਕਦੋਂ ਉਜਾੜ ਦੀ ਕਗਾਰ 'ਤੇ ਪਹੁੰਚ ਗਿਆ। ਕਹਿੰਦੇ ਸਨ, ਪੰਜਾਬ ਦੇ ਜਾਏ ਨੂੰ ਨਿੱਤ ਮੁਹਿੰਮਾਂ, ਪਰ ਹੁਣ ਚਲਾਕ ਸ਼ਕਤੀਆਂ ਨੇ ਸਮਝ ਲਿਆ ਕਿ ਪੰਜਾਬ ਦੀ ਮਿੱਟੀ ਨੂੰ ਮਾਰਨ ਦੀ ਨਹੀਂ, ਸਗੋਂ ਇਸ ਦੀ ਜਣਨ ਸ਼ਕਤੀ ਨੂੰ ਜ਼ਹਿਰੀਲੇ ਤੱਤਾਂ ਨਾਲ ਖਤਮ ਕਰਨ ਦੀ ਲੋੜ ਹੈ। ਗੱਭਰੂਆਂ ਨੂੰ ਭੁੱਕੀ, ਅਫੀਮ ਵਰਗੇ ਕੁਦਰਤੀ ਨਸ਼ਿਆਂ ਤੋਂ ਹਟਾ ਕੇ ਰਸਾਇਣਕ ਨਸ਼ਿਆਂ ਦਾ ਆਦੀ ਬਣਾਇਆ ਜਾ ਰਿਹਾ ਹੈ। ਉਹਨਾਂ ਦੀ ਗੈਰਤ ਅਤੇ ਮਰਦਾਨਗੀ ਨੂੰ ਮਾਰਿਆ ਜਾ ਰਿਹਾ ਹੈ। ਪੰਜਾਬ ਵਿਰੋਧੀ ਤਾਕਤਾਂ ਦੀ ਇਸ ਸਾਜ਼ਿਸ਼ ਨੇ ਪੰਜਾਬ ਦੇ ਜਾਏ ਨੂੰ ਨਿੱਤ ਮੁਹਿੰਮਾਂ ਵਾਲਾ ਅਖਾਣ ਵੀ ਬਦਲ ਦਿੱਤਾ। ਮੁਹਿੰਮਾਂ ਸੁਣ ਕੇ ਤਾਂ ਪੰਜਾਬੀ ਜੁਆਨੀ ਦੇ ਡੌਲੇ ਫਰਕਦੇ ਸਨ, ਮਰ ਮਿਟਣ ਦੀ ਤਾਂਘ ਜਾਗਦੀ ਸੀ, ਪਰ ਹੁਣ ਇਸ ਜਜ਼ਬੇ ਨੂੰ ਖ਼ਤਮ ਕਰਨ ਲਈ ਜ਼ਹਿਰੀਲੇ ਨਸ਼ਿਆਂ ਦੇ ਤੀਰ ਨਿਸ਼ਾਨੇ 'ਤੇ ਵੱਜ ਰਹੇ ਹਨ। ਪੋਸਤ, ਭੁੱਕੀ ਅਤੇ ਅਫੀਮ ਦਾ ਨਸ਼ਾ ਕਰਕੇ ਮਿੱਟੀ ਨਾਲ ਮਿੱਟੀ ਹੋਣ ਵਾਲੇ ਪੰਜਾਬੀ ਅੱਜ ਚਿੱਟੇ, ਸਮੈਕ, ਗੋਲੀਆਂ, ਕੈਪਸੂਲਾਂ ਅਤੇ ਜ਼ਹਿਰੀਲੀ ਸ਼ਰਾਬ ਨੇ ਨਸ਼ੇੜੀ ਬਣਾ ਦਿੱਤੇ।

ਨਤੀਜਾ, ਮੁੱਲ ਦੀਆਂ ਕੁੱਖਾਂ 'ਚੋਂ ਸੰਤਾਨ ਸੁੱਖ ਘਟਦਾ ਜਾ ਰਿਹਾ ਹੈ। ਪੰਜਾਬ ਜਣਨ ਸ਼ਕਤੀ ਗੁਆ ਰਿਹਾ ਹੈ। ਵਾਰਸ ਕੰਮ-ਕਾਰ ਭੁੱਲ ਕੇ ਜ਼ਮੀਨਾਂ ਵੇਚ ਮਾਰੂ ਨਸ਼ਿਆਂ ਦੀ ਭੇਟ ਚੜ੍ਹ ਰਹੇ ਹਨ। ਜਿਹੜੇ ਕਦੇ ਹਕੂਮਤਾਂ ਨੂੰ ਵਕਤ ਪਾਉਂਦੇ ਸਨ, ਅੱਜ ਗਲੀਆਂ ਦੇ ਕੱਖ ਬਣ ਗਏ। ਪਿੰਡਾਂ, ਸ਼ਹਿਰਾਂ, ਕਸਬਿਆਂ ਦੀ ਹਰ ਸੁੰਨੀ ਥਾਂ ਨਸ਼ਿਆਂ ਦਾ ਅੱਡਾ ਬਣ ਗਈ। ਗਲੀਆਂ, ਸੜਕਾਂ 'ਤੇ ਗੈਰਤ ਵਿਹੂਣੀ ਜੁਆਨੀ ਦੀਆਂ ਲਾਸ਼ਾਂ ਸੜਨ ਲੱਗੀਆਂ। ਇਹ ਸਮੇਂ ਦਾ ਦੁਖਾਂਤ ਹੈ ਕਿ ਨਸ਼ਿਆਂ ਨਾਲ ਮਰਨ ਵਾਲਿਆਂ ਦੀ ਗਿਣਤੀ ਨਾ ਕੁਦਰਤੀ ਮੌਤ ਵਿੱਚ ਸ਼ਾਮਲ ਹੁੰਦੀ ਹੈ, ਨਾ ਸਰਕਾਰੀ ਤੰਤਰ ਬਦਨਾਮੀ ਦੇ ਡਰੋਂ ਇਸ ਨੂੰ ਸਵੀਕਾਰਦਾ ਹੈ। ਪਰ ਸੱਚ ਨੂੰ ਝੁਠਲਾਇਆ ਨਹੀਂ ਜਾ ਸਕਦਾ।

ਕੀ ਸਰਕਾਰ ਅਤੇ ਪੁਲਿਸ ਇਮਾਨਦਾਰੀ ਨਾਲ ਦਾਅਵਾ ਕਰ ਸਕਦੇ ਹਨ ਕਿ ਨਸ਼ਿਆਂ ਨੂੰ ਖ਼ਤਮ ਕਰਨ ਲਈ ਸੁਹਿਰਦ ਯਤਨ ਹੋ ਰਹੇ ਹਨ ? ਜੇ ਹਾਂ, ਤਾਂ ਪਿੰਡਾਂ 'ਚ ਰਸਾਇਣਕ ਨਸ਼ਿਆਂ ਦੀ ਓਵਰਡੋਜ਼ ਨਾਲ ਮਰਨ ਵਾਲੇ ਕੌਣ ਹਨ ? ਬਰਨਾਲਾ ਜ਼ਿਲ੍ਹੇ ਦੇ ਇੱਕ ਪਿੰਡ ਦੇ ਵਸਨੀਕ ਨੇ ਨਾਮ ਨਾ ਛਾਪਣ ਦੀ ਸ਼ਰਤ 'ਤੇ ਦੱਸਿਆ ਕਿ ਉਹਨਾਂ ਦੇ ਪਿੰਡ 'ਚ ਹਰ ਮਹੀਨੇ ਚਾਰ-ਪੰਜ ਨੌਜਵਾਨ ਨਸ਼ਿਆਂ ਨਾਲ ਜਾਨ ਗੁਆ ਰਹੇ ਹਨ। ਜੇ ਇਹ ਸੱਚ ਵੀ ਨਾ ਮੰਨਿਆ ਜਾਵੇ, ਤਾਂ ਵੀ ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਮੌਤਾਂ ਹੋ ਰਹੀਆਂ ਹਨ। ਗੱਲਾਂ ਤਾਂ ਤਦ ਹੀ ਬਣਦੀਆਂ ਹਨ, ਜਦੋਂ ਸੱਚ ਦੀ ਨੀਂਹ ਹੋਵੇ। ਉਸ ਵਿਅਕਤੀ ਨੇ ਇਹ ਵੀ ਦੱਸਿਆ ਕਿ ਨਸ਼ਿਆਂ 'ਚ ਫਸੇ ਲੋਕਾਂ 'ਚ 10 ਤੋਂ 15 ਸਾਲ ਦੇ ਬੱਚੇ ਵੀ ਸ਼ਾਮਲ ਹਨ। ਇਹ ਸਿਰਫ਼ ਇੱਕ ਪਿੰਡ ਦੀ ਕਹਾਣੀ ਨਹੀਂ, ਸਗੋਂ ਪੰਜਾਬ ਦੇ ਹਰ ਜ਼ਿਲ੍ਹੇ, ਹਰ ਪਿੰਡ ਦੀ ਦੁਖਦ ਸੱਚਾਈ ਹੈ। ਪੁਲਿਸ ਦੀ ਕਾਰਗੁਜ਼ਾਰੀ 'ਤੇ ਹਾਸਾ ਨਹੀਂ, ਰੋਣਾ ਆਉਂਦਾ ਹੈ। ਪੁਲਿਸ ਅਫੀਮ-ਭੁੱਕੀ ਫੜਨ ਵਿੱਚ ਸਾਰੀ ਤਾਕਤ ਝੋਕ ਰਹੀ ਹੈ, ਜਦਕਿ ਨੌਜਵਾਨ ਰਸਾਇਣਕ ਨਸ਼ਿਆਂ ਨਾਲ ਮਰ ਰਹੇ ਹਨ। ਕੀ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਦਿੱਲੀ ਤੋਂ ਆਉਣ ਵਾਲੇ ਨਸ਼ੇ ਹਰਿਆਣਾ ਪਾਰ ਕਰਕੇ ਸਿਰਫ਼ ਪੰਜਾਬ ਵਿੱਚ ਹੀ ਵਿਕਦੇ ਹਨ ? ਹਰਿਆਣੇ ਜਾਂ ਉੱਤਰ ਪ੍ਰਦੇਸ਼ 'ਚ ਕਿਉਂ ਨਹੀਂ ? ਪਾਕਿਸਤਾਨ ਤੋਂ ਆਉਣ ਵਾਲੇ ਨਸ਼ਿਆਂ ਦੀ ਗੱਲ ਕਰੀਏ, ਤਾਂ ਪੰਜਾਬ ਦੀ 547 ਕਿਲੋਮੀਟਰ ਦੀ ਸਰਹੱਦ ਤੋਂ ਹੀ ਨਸ਼ੇ ਕਿਵੇਂ ਆ ਰਹੇ ਹਨ, ਜਦਕਿ ਰਾਜਸਥਾਨ ਦੀ 1,035 ਕਿਲੋਮੀਟਰ ਅਤੇ ਗੁਜਰਾਤ ਦੀ 512 ਕਿਲੋਮੀਟਰ ਦੀ ਸਰਹੱਦ ਪਾਕਿਸਤਾਨ ਨਾਲ ਲੱਗਦੀ ਹੈ, ਪਰ ਉਥੇ ਨਸ਼ਿਆਂ ਦੀ ਸਪਲਾਈ ਦਾ ਨਾਮੋ-ਨਿਸ਼ਾਨ ਨਹੀਂ।

ਗੱਲ ਇਹ ਹੈ ਕਿ ਪੰਜਾਬ ਸਰਕਾਰ ਅਤੇ ਪੁਲਿਸ ਨੂੰ ਇਮਾਨਦਾਰੀ ਨਾਲ ਸਖ਼ਤ ਕਦਮ ਚੁੱਕਣ ਦੀ ਲੋੜ ਹੈ। ਹਾਥੀ ਲੰਘਣ ਗਿਆ ਅਤੇ ਪੂਛ ਫੜਨ ਦਾ ਕੋਈ ਫਾਇਦਾ ਨਹੀਂ। ਤਜਰਬੇ ਸਾਬਤ ਕਰਦੇ ਹਨ ਕਿ ਕੇਂਦਰੀ ਤਾਕਤਾਂ ਪੰਜਾਬ ਨੂੰ ਹੱਸਦਾ-ਵੱਸਦਾ ਨਹੀਂ ਦੇਖਣਾ ਚਾਹੁੰਦੀਆਂ। ਇਸ ਲਈ ਸ਼ਾਸਨ, ਪ੍ਰਸ਼ਾਸਨ ਅਤੇ ਲੋਕਾਂ ਨੂੰ ਇਕਸੁਰ ਹੋ ਕੇ ਸੁਹਿਰਦ ਸਮਝ ਨਾਲ ਕੰਮ ਕਰਨਾ ਪਵੇਗਾ। ਜਦੋਂ ਤੱਕ ਅਜਿਹਾ ਨਹੀਂ ਹੁੰਦਾ, ਪੰਜਾਬੀ ਜੁਆਨੀ ਮਰਦੀ ਰਹੇਗੀ, ਸਿਵੇ ਬਲਦੇ ਰਹਿਣਗੇ, ਅਤੇ ਪੰਜਾਬ ਉਜੜਦਾ ਰਹੇਗਾ। ਇਹ ਜ਼ਮੀਨੀ ਹਕੀਕਤ ਹੈ, ਭਾਵੇਂ ਕੋਈ ਮੰਨੇ ਜਾਂ ਨਾ ਮੰਨੇ।

# ਨਸ਼ਿਆਂ ਖ਼ਿਲਾਫ਼ ਮੁਹਿੰਮ 'ਚ ਵਧੀਆ ਭੂਮਿਕਾ ਅਦਾ ਕਰ ਸਕਦੀਆਂ ਹਨ ਪੰਚਾਇਤਾਂ

ਹਰਿਭਜਨ ਸਿੰਘ ਨਾਗਰਾ

ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਇੱਕ ਬਹੁਤ ਹੀ ਸ਼ਲਾਘਾਯੋਗ ਕਦਮ ਹੈ, ਪਹਿਲੀਆਂ ਸਰਕਾਰਾਂ ਵੱਲੋਂ ਵੀ ਨਸ਼ਿਆਂ ਦੇ ਵਿਰੁੱਧ ਕੰਮ ਕੀਤੇ ਪਰ ਬਹੁਤੀ ਕਾਮਯਾਬੀ ਨਹੀਂ ਸੀ ਮਿਲੀ। ਪੰਜਾਬ ਖੇਤੀ ਪ੍ਰਧਾਨ ਸੂਬਾ ਹੋਣ ਕਰਕੇ ਇੱਥੋਂ ਦੇ ਲੋਕ ਸਰੀਰਕ ਪੱਖੋਂ ਤਕੜੇ ਤੇ ਤਾਕਤਵਰ ਖੁਰਾਕ ਖਾਣ ਕਰਕੇ ਸਾਰਾ ਦਿਨ ਕੰਮ ਕਰਦੇ ਸਨ ਪਰ ਬਹੁਤਾ ਥੱਕਦੇ ਨਹੀਂ ਸਨ। ਪਰ ਖੁਸ਼ਹਾਲ ਤੇ ਰੰਗਲੇ ਪੰਜਾਬ 'ਤੇ ਰਾਜ ਕਰਨ ਵਾਲੇ ਹਾਕਮਾਂ ਨੇ ਨਸ਼ਿਆਂ ਖ਼ਿਲਾਫ਼ ਬੜੀ ਕਮਜ਼ੋਰ ਦਿਲੀ ਵਾਲੇ ਫ਼ੈਸਲੇ ਲਏ, ਜਿਸ ਕਰਕੇ ਪੰਜਾਬ ਵਿੱਚ ਇਸ ਬੁਰਾਈ ਦਾ ਲਗਾਤਾਰ ਵਾਧਾ ਹੁੰਦਾ ਗਿਆ, ਇਥੋਂ ਦੀ ਨੌਜਵਾਨੀ ਗਲਤ ਰਸਤੇ ਪੈ ਗਈ ਹੈ ਤੇ ਇਸ ਦੇ ਬੜੇ ਭਿਆਨਕ ਸਿੱਟੇ ਨਿਕਲ ਰਹੇ ਹਨ। ਨਸ਼ੇ ਹਿੱਕ ਡਾਹ ਕੇ ਪੰਜਾਬੀਆਂ ਅੱਗੇ ਆ ਖੜੋਏ, ਪਰ ਸਰਕਾਰਾਂ ਵਿੱਚ ਬੈਠੇ ਲੋਕ ਅੱਖਾਂ ਮੀਟ ਕੇ ਤਮਾਸ਼ਾ ਦੇਖਦੇ ਰਹੇ। ਪੰਜਾਬ 'ਚ ਖਾਸ ਕਰਕੇ ਪਿੰਡਾਂ ਵਿੱਚ ਨਸ਼ਿਆਂ ਦਾ ਪ੍ਰਕੋਪ ਵੱਧਦਾ ਗਿਆ ਤੇ ਨੌਜਵਾਨੀ ਬਰਬਾਦ ਹੁੰਦੀ ਰਹੀ। ਨਸ਼ਾ ਤਸਕਰ ਬੇਖੌਫ ਹੋ ਕੇ ਨਸ਼ਿਆਂ ਦਾ ਵਪਾਰ ਕਰਦੇ ਰਹੇ ਤੇ ਚਿੱਟੇ ਦਾ ਜਾਲ ਸ਼ਹਿਰਾਂ ਤੇ ਪਿੰਡ ਦੀਆਂ ਗਲੀਆਂ-ਮੁਹੱਲਿਆਂ ਤੱਕ ਫੈਲ ਗਿਆ, ਪਿੰਡਾਂ ਦੇ ਬਹੁਤੇ ਨੌਜਵਾਨ ਨਸ਼ੇ ਦੀ ਗ੍ਰਿਫ਼ਤ ਵਿਚ ਆ ਕੇ ਚਿੱਟੇ ਦੇ ਪੱਕੇ ਆਦੀ ਹੋ ਗਏ। ਸਰਕਾਰਾਂ ਦੀ ਅਣਗਹਿਲੀ ਤੇ ਬੇਰੋਕ-ਬੇਟੋਕ ਵਿਕਦੇ ਨਸ਼ਿਆਂ ਦੀ ਹਨੇਰੀ ਨੇ ਪੰਜਾਬ ਦੀ ਨੌਜਵਾਨੀ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ ਹਨ। ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਨੇ ਆਪਣੇ ਕਲਾਵੇ ਵਿੱਚ ਲੈ ਕੇ ਸਾਡਾ ਬਹੁਤ ਜਾਨੀ ਤੇ ਮਾਲੀ ਨੁਕਸਾਨ ਕੀਤਾ ਹੈ।

ਅੱਜ ਵੀ ਨਸ਼ੇ ਦੇ ਸੌਦਾਗਰ ਬੇਖੌਫ ਹੋ ਕੇ ਪੰਜਾਬ ਵਿੱਚ ਨੌਜਵਾਨੀ ਦਾ ਘਾਣ ਕਰ ਰਹੇ ਹਨ। ਬਹੁਤ ਸਾਰੇ ਪਿੰਡਾਂ ਦੀਆਂ ਖੇਡ ਗਰਾਊਂਡਾਂ ਹੁਣ ਸੁੰਞੀਆਂ ਨਜ਼ਰ ਆ ਰਹੀਆਂ ਹਨ, ਅਜਿਹੇ ਵਿੱਚ ਹਰੇ ਭਰੇ ਤੇ ਰੰਗਲੇ ਪੰਜਾਬ ਦੀ ਮੁੜ ਕਲਪਨਾ ਕਰਨੀ ਕੋਈ ਵਹਿਮ ਪਾਲਣ ਵਾਂਗ ਹੈ। ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਕਰਨੀ ਸਰਕਾਰ ਦੀ ਜਿੰਮੇਵਾਰੀ ਹੈ। ਮੌਜੂਦਾ ਸਰਕਾਰ ਵਲੋਂ ਵੱਡੀ ਪੱਧਰ 'ਤੇ ਵਿੱਢੀ ਗਈ ਮੁਹਿੰਮ ਤਾਂ ਹੀ ਸਫਲ ਹੋ ਸਕੇਗੀ, ਜੇ ਇਸ ਮੁਹਿੰਮ ਵਿੱਚ ਸਾਰੇ ਪੰਜਾਬੀ ਸ਼ਾਮਿਲ ਹੋਣਗੇ। ਪਿੰਡਾਂ, ਸ਼ਹਿਰਾਂ, ਕਸਬਿਆਂ ਵਿੱਚ ਕੰਮ ਕਰਦੀਆਂ ਸਭ ਸੰਸਥਾਵਾਂ ਦੇ ਨਾਲ-ਨਾਲ ਪੰਚਾਇਤੀ ਰਾਜ ਸੰਸਥਾਵਾਂ ਦੇ ਨੁਮਾਇੰਦੇ ਸਰਪੰਚਾਂ-ਪੰਚਾਂ ਨੂੰ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਗਈ ਮੁਹਿੰਮ ਵਿੱਚ ਅੱਗੇ ਹੋ ਕੇ ਹਿੱਸਾ ਪਾਉਣਾ ਹੋਵੇਗਾ। ਪਿੰਡ ਪੱਧਰ 'ਤੇ ਨਸ਼ਿਆਂ ਦੀ ਵਿਕਰੀ ਤੇ ਵਰਤੋਂ 'ਤੇ ਪਾਬੰਦੀਆਂ ਲਗਾਈਆਂ ਜਾਣ, ਪੰਜਾਬ ਪੰਚਾਇਤੀ ਰਾਜ ਐਕਟ 1994 ਦੀ ਧਾਰਾ 35 (ਆਰ) ਤਹਿਤ ਪਾਬੰਦੀਆਂ ਦੇ ਆਮ ਹੁਕਮ ਪ੍ਰਕਾਸ਼ਤ ਕੀਤੇ ਜਾਣ ਤੇ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਵਿਅਕਤੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਦਿਆਂ ਦੰਡ/ਜੁਰਮਾਨਾ ਲਗਾਇਆ ਜਾਵੇ ਤੇ ਨਸ਼ੇ ਵੇਚਣ ਵਾਲਿਆਂ ਦਾ ਸਮਾਜਿਕ ਬਾਈਕਾਟ ਕੀਤਾ ਜਾਵੇ।



ਨਸ਼ਿਆਂ ਦੀ ਸਪਲਾਈ, ਵਿਕਰੀ ਜਾਂ ਵਰਤੋਂ ਕਰਦਿਆਂ ਫੜੇ ਗਏ ਕਿਸੇ ਵੀ ਵਿਅਕਤੀ ਦੀ ਜ਼ਮਾਨਤ ਨਾ ਕਰਵਾਈ ਜਾਵੇ। ਪਿੰਡ ਪੱਧਰ 'ਤੇ ਨਸ਼ਿਆਂ ਖ਼ਿਲਾਫ਼ ਪ੍ਰਚਾਰ ਕਰਦਿਆਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾਰੂ ਪ੍ਰਭਾਵ ਤੋਂ ਜਾਣੂ ਕਰਵਾ ਕੇ ਇਸ ਦਲਦਲ ਵਿੱਚ ਫਸੇ ਲੋਕਾਂ ਦੀ ਮਦਦ ਕੀਤੀ ਜਾਵੇ। ਪਿੰਡ ਪੱਧਰ 'ਤੇ ਸਰਪੰਚ ਤੇ ਪੰਚਾਇਤ ਵੱਲੋਂ ਨਸ਼ਿਆਂ ਵਿਰੁੱਧ ਹਰ ਉਪਰਾਲਾ ਸ਼ਲਾਘਾਯੋਗ ਹੋਵੇਗਾ ਤੇ ਸਾਰਥਕ ਨਤੀਜੇ ਨਿਕਲਣਗੇ।

ਨਸ਼ਿਆਂ ਦੇ ਆਦੀ ਹੋ ਚੁੱਕੇ ਨੌਜਵਾਨ ਤੇ ਉਨ੍ਹਾਂ ਦੇ ਮਾਪੇ ਗ੍ਰਾਮ ਪੰਚਾਇਤ ਵੱਲੋਂ ਕੀਤੀ ਜਾਣ ਵਾਲੀ ਕਿਸੇ ਵੀ ਪਹਿਲ ਦੀ ਉਡੀਕ ਕਰ ਰਹੇ ਹਨ। ਪਿੰਡਾਂ ਦੀਆਂ ਸੱਥਾਂ 'ਚ ਬੈਠੇ ਕੇ ਲੋਕ ਨਸ਼ਿਆਂ ਦੀ ਅਲਾਮਤ ਦੇ ਖ਼ਾਤਮੇ ਲਈ ਗੱਲਾਂ ਕਰਦੇ ਹਨ, ਪਰ ਉਨ੍ਹਾਂ ਨੂੰ ਪਤਾ ਨਹੀਂ ਕਿ ਪਿੰਡਾਂ ਦੀਆਂ ਪੰਚਾਇਤਾਂ ਦੇ ਨੁਮਾਇੰਦੇ ਪਿੰਡਾਂ ਵਿੱਚ ਨਸ਼ਾਬੰਦੀ ਲਾਗੂ ਕਰਕੇ ਨਸ਼ਿਆਂ ਦੇ ਆਦੀ ਲੋਕਾਂ ਦੀ ਪਛਾਣ ਕਰਕੇ ਉਨ੍ਹਾਂ ਦਾ ਇਲਾਜ ਕਰਵਾਉਣ ਲਈ ਗ੍ਰਾਮ ਪੰਚਾਇਤ ਦੇ ਬਜਟ ਵਿਚ ਪੈਸਿਆਂ ਦੀ (ਮੱਦ) ਰੱਖ ਕੇ ਨਸ਼ਿਆਂ ਦੀ ਹਨੇਰੀ ਨੂੰ ਠੱਲ੍ਹਣ 'ਚ ਅਹਿਮ ਭੂਮਿਕਾ ਨਿਭਾਅ ਸਕਦੇ ਹਨ। ਭਾਵੇਂ ਸਰਕਾਰਾਂ ਹਮੇਸ਼ਾ ਲੋਕ ਭਲਾਈ ਦੇ ਕੰਮ ਕਰਦੀਆਂ ਹਨ, ਪਰ ਲੋਕਾਂ ਦੇ ਸਾਥ ਤੇ ਸਹਿਯੋਗ ਨਾਲ ਸਰਕਾਰਾਂ ਦੇ ਮਿੱਥੇ ਉਦੇਸ਼ ਤੇ ਟੀਚੇ ਬਹੁਤ ਛੇਤੀ ਪੂਰੇ ਹੋ ਸਕਦੇ ਹਨ। ਅੱਜ ਪੰਜਾਬ ਨੂੰ ਨਸ਼ਿਆਂ ਦੀ ਅੱਗ ਤੋਂ ਬਚਾਉਣ ਦੀ ਵੱਡੀ ਲੋੜ ਹੈ। ਪੰਚਾਇਤ ਪਿੰਡ ਪੱਧਰ ਦੀ ਕਾਰਜਕਾਰੀ ਏਜੰਸੀ ਹੈ ਤੇ ਨਸ਼ਿਆਂ ਦੀ ਭਰਮਾਰ ਵੀ ਪਿੰਡਾਂ 'ਚ ਜ਼ਿਆਦਾ ਹੈ। ਪੰਜਾਬ ਦੇ ਨੌਜਵਾਨਾਂ ਦੀਆਂ ਨਸ਼ਿਆਂ ਕਾਰਨ ਹੁੰਦੀਆਂ ਮੌਤਾਂ ਦੀ ਗਿਣਤੀ ਦਿਨੋ-ਦਿਨ ਵੱਧ ਰਹੀ ਹੈ। ਕਦੇ ਗੁਰੂਆਂ ਦੇ ਨਾਂਅ ਨਾਲ ਜਾਣੇ ਜਾਂਦੇ ਪੰਜਾਬ 'ਚ ਅੱਜ ਨਸ਼ਿਆਂ ਨੇ ਪ੍ਰਚੰਡ ਰੂਪ ਧਾਰਨ ਕਰ ਲਿਆ ਹੈ। ਲੋਕ ਗੁਰੂਆਂ ਤੇ ਉਨ੍ਹਾਂ ਦੇ ਉਪਦੇਸ਼ਾਂ ਨੂੰ ਭੁੱਲ ਕੇ ਨਸ਼ਿਆਂ ਪਿੱਛੇ ਲੱਗ ਗਏ ਹਨ, ਇਹੀ ਹਾਲਾਤ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਨਸ਼ਿਆਂ ਦੇ ਨਾਂਅ ਨਾਲ ਜਾਣਿਆ ਜਾਵੇਗਾ। ਅੱਜ ਸਮਾਜ ਦੇ ਹਰ ਵਰਗ ਨੂੰ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਵਿਚ ਸਾਥ ਦੇ ਕੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਆਪਣਾ ਬਣਦਾ ਫਰਜ਼ ਨਿਭਾਉਣਾ ਚਾਹੀਦਾ ਹੈ।

ਮੌਜੂਦਾ ਸਰਕਾਰ ਨਸ਼ਿਆਂ ਵਿਰੁੱਧ ਜਿਸ ਤਰੀਕੇ ਨਾਲ ਆਪਣੀ ਸਾਰੀ ਤਾਕਤ ਤੇ ਸਾਧਨ ਲਗਾ ਰਹੀ ਹੈ, ਉਸ ਤੋਂ ਸਰਕਾਰ ਦੀ ਨੀਯਤ ਸਪੱਸ਼ਟ ਨਜ਼ਰ ਆ ਰਹੀ ਹੈ। ਸਰਕਾਰ ਵਲੋਂ ਨਸ਼ਾ ਤਸਕਰਾਂ ਖ਼ਿਲਾਫ਼ ਹੋ ਰਹੀ ਕਾਰਵਾਈ ਕਰਕੇ ਨਸ਼ਾ ਤਸਕਰਾਂ ਨੂੰ ਭਾਜੜਾਂ ਪੈ ਗਈਆਂ ਹਨ। ਸਰਕਾਰ ਨਸ਼ਿਆਂ ਦੇ ਕੋਹੜ ਨੂੰ ਖ਼ਤਮ ਕਰਨ ਵਾਸਤੇ ਪੱਬਾਂ ਭਾਰ ਹੋਈ ਪਈ ਹੈ, ਅਜਿਹੇ ਵਿਚ ਵਿਰੋਧੀ ਧਿਰਾਂ ਨੂੰ ਵੀ ਸਰਕਾਰ ਦਾ ਸਾਥ ਦੇ ਕੇ ਇਸ ਮੁਹਿੰਮ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ। ਹਰ ਗੱਲ ਦਾ ਵਿਰੋਧ ਕਰਨ ਦੀ ਬਜਾਏ ਚੰਗੇ ਕੰਮ 'ਚ ਸਾਥ ਵੀ ਦੇਣਾ ਚਾਹੀਦਾ ਹੈ। ਜੇਕਰ ਪੰਜਾਬ ਦੀਆਂ ਨਸ਼ਿਆਂ ਵਿਰੁੱਧ ਕੰਮ ਕਰਨ ਵਾਲੀਆਂ ਸਭ ਸੰਸਥਾਵਾਂ ਸਰਕਾਰ ਦਾ ਸਾਥ ਦੇਣ ਤਾਂ ਸੂਬੇ ਨੂੰ ਮੁੜ ਹੱਸਦਾ-ਵੱਸਦਾ ਰੰਗਲਾ ਪੰਜਾਬ ਬਣਾਇਆ ਜਾ ਸਕਦਾ ਹੈ। ਹੁਣ ਪੰਜਾਬ ਦੇ ਬਜ਼ੁਰਗਾਂ ਦੀਆਂ ਆਸਾਂ ਨੂੰ ਬੂਰ ਪੈਣ ਲੱਗਾ ਹੈ ਅਤੇ ਉਹ ਸਰਕਾਰ ਦੀ ਨਸ਼ਾ ਤਸਕਰਾਂ ਖ਼ਿਲਾਫ਼ ਸ਼ੁਰੂ ਕੀਤੀ ਕਾਰਵਾਈ ਦੀ ਸ਼ਲਾਘਾ ਕਰ ਰਹੇ ਹਨ। ਜੇ ਸਾਰੇ ਪੰਜਾਬੀ ਇਕੱਠੇ ਹੋ ਕੇ ਇਸ ਮੁਹਿੰਮ ਵਿੱਚ ਕੁੱਦ ਪੈਣ ਤਾਂ ਸੂਬੇ ਨੂੰ ਨਸ਼ਾ ਮੁਕਤ ਕੀਤਾ ਜਾ ਸਕਦਾ ਹੈ। ਜੇਕਰ ਇਹ ਮੌਕਾ ਖੁੰਝ ਗਿਆ ਤਾਂ ਪੰਜਾਬ ਇੰਨਾ ਪਿਛੜ ਜਾਵੇਗਾ ਕਿ ਇਸ ਦੀ ਭਰਪਾਈ ਕਰਨੀ ਔਖੀ ਹੋ ਜਾਵੇਗੀ। ਪੰਜਾਬ ਵਿੱਚ ਬਾਬਿਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ ਤੇ ਇਹ ਬਾਬੇ ਆਪਣੇ ਸ਼ਰਧਾਲੂਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਦੇ ਉਪਦੇਸ਼ ਵੀ ਦਿੰਦੇ ਹਨ, ਫਿਰ ਵੀ ਬਾਬਿਆਂ ਦੇ ਸ਼ਰਧਾਲੂ (ਚੇਲੇ) ਨਸ਼ਿਆਂ ਦੀ ਦਲਦਲ ਵਿੱਚ ਫਸੇ ਹੋਏ ਹਨ। ਜੇਕਰ ਇਹ ਬਾਬੇ ਚਾਹੁਣ ਤਾਂ ਨਸ਼ਿਆਂ ਦੇ ਕੋਹੜ ਨੂੰ ਪੰਜਾਬ 'ਚੋਂ ਜੜ੍ਹ ਤੋਂ ਖ਼ਤਮ ਕੀਤਾ ਜਾ ਸਕਦਾ ਹੈ, ਕਿਉਂਕਿ ਇਨ੍ਹਾਂ ਦੇ ਸਹਿਯੋਗ ਨਾਲ ਸਰਕਾਰ ਦੀ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਵੱਡਾ ਹੁਲਾਰਾ ਮਿਲੇਗਾ। ਜੇ ਆਮ ਆਦਮੀ ਪਾਰਟੀ ਵੱਲੋਂ ਨਸ਼ਿਆਂ ਦੇ ਖ਼ਾਤਮੇ ਲਈ ਲੋਕਾਂ ਨਾਲ ਚੋਣ ਮੈਨੀਫੈਸਟੋ ਵਿੱਚ ਕੀਤੇ ਵਾਅਦੇ ਨੂੰ ਪੂਰਾ ਕਰਨ ਲਈ, ਮੌਜੂਦਾ ਪੰਜਾਬ ਸਰਕਾਰ ਨੇ ਮੈਦਾਨ ਵਿੱਚ ਆ ਕੇ ਨਸ਼ਿਆਂ ਦੇ ਖ਼ਾਤਮੇ ਲਈ ਦਲੇਰੀ ਭਰਿਆ ਫ਼ੈਸਲਾ ਲਿਆ ਹੈ ਤਾਂ ਪੰਜਾਬੀਆਂ ਵੱਲੋਂ ਵੀ ਸਰਕਾਰ ਨੂੰ ਪੂਰਾ-ਪੂਰਾ ਸਮਰਥਨ ਦਿੱਤਾ ਜਾਣਾ ਚਾਹੀਦਾ ਹੈ। ਹੁਣ ਪੰਜਾਬੀਆਂ ਲਈ ਪਰਖ ਦੀ ਘੜੀ ਹੈ, ਕਿਉਂਕਿ ਹਮੇਸ਼ਾ ਜਿੱਤਾਂ ਦਰਜ ਕਰਨ ਲਈ ਜਾਣੇ ਜਾਂਦੇ ਪੰਜਾਬੀ ਕਿਸੇ ਵੀ ਚੁਣੌਤੀ ਨੂੰ ਵਿਚਾਲੇ ਨਹੀਂ ਛੱਡਦੇ। ਉਮੀਦ ਹੈ ਉਹ ਇਸ ਮੁਹਿੰਮ ਨੂੰ ਸਿਰੇ ਲਗਾ ਕੇ ਇਸ ਵਿੱਚ ਵੀ ਜਿੱਤ ਦਰਜ ਕਰਨਗੇ, ਕਿਉਂਕਿ ਸੰਘਰਸ਼ ਕਰਨ ਵਾਲੇ ਹੀ ਜਿੱਤਾਂ ਦਰਜ ਕਰਦੇ ਹੁੰਦੇ ਹਨ। ਮੁੱਖ ਮੰਤਰੀ ਪੰਜਾਬ ਵੱਲੋਂ ਨਸ਼ਾ ਤਸਕਰਾਂ ਵਿਰੁੱਧ ਲਏ ਗਏ ਇਸ ਦਲੇਰੀ ਭਰੇ ਕਦਮ ਦੀ ਲੋਕਾਂ ਵਲੋਂ ਸ਼ਲਾਘਾ ਕੀਤੀ ਜਾ ਰਹੀ ਹੈ।

*ਪੰਚਾਇਤ ਇੰਸਟ੍ਰਕਟਰ ਟ੍ਰੇਨਿੰਗ ਸੈਂਟਰ, ਬਟਾਲਾ

# ਪੰਜਾਬੀਅਤ ਦਾ ਅਨਮੋਲ ਰਤਨ ਡਾ. ਰਤਨ ਸਿੰਘ ਜੱਗੀ


ਡਾ. ਸੁਖਦੇਵ ਸਿੰਘ

ਮਨੁੱਖਾ ਜੀਵਨ ਦੀ ਇੱਕ ਰੀਤ ਸਦੀਆਂ ਤੋਂ ਚੱਲੀ ਆ ਰਹੀ ਹੈ ਕਿ ਪਰਮਾਤਮਾ ਵੱਲੋਂ ਬਖਸ਼ੇ ਹੋਏ ਜੀਵਨ ਦਾ ਅਖੀਰਲਾ ਪੜ੍ਹਾਅ ਹੈ ਦਿਸਦੇ ਸੰਸਾਰ ਤੋਂ ਅਣਦਿਸਦੇ ਸੰਸਾਰ ਵੱਲ ਕੂਚ ਕਰਨਾ। ਇਹੀ ਜੀਵਨ ਦਾ ਸੱਚ ਹੈ। ਇਸ ਸਾਰੇ ਸਫਰ ਦੇ ਦਰਮਿਆਨ ਵਿਚਾਰਨਯੋਗ ਗੱਲ ਇਹੀ ਹੈ ਕਿ ਮਨੁੱਖ ਨੇ ਦਿਸਦੇ ਸੰਸਾਰ ਤੋਂ ਅਣਦਿਸਦੇ ਸੰਸਾਰ ਵੱਲ ਜਾਣ ਸਮੇਂ ਤੱਕ ਜ਼ਿੰਦਗੀ ਵਿੱਚ ਕੀ ਕਮਾਈ ਕੀਤੀ ਹੈ। ਇਹ ਚੰਗਿਆਈ ਭਰਪੂਰ ਕਮਾਈ ਹੀ ਮਹੱਤਵਪੂਰਨ ਹੁੰਦੀ ਹੈ ਜਿਹੜੀ ਫਿਰ ਤੁਹਾਨੂੰ ਹਮੇਸ਼ਾਂ ਲਈ ਸਦ ਜਾਗਤ ਕਰ ਦਿੰਦੀ ਹੈ। ਪਿਛਲੇ ਦਿਨੀਂ ਖ਼ਬਰ ਮਿਲੀ ਕਿ ਡਾ. ਰਤਨ ਸਿੰਘ ਜੱਗੀ ਦੁਨੀਆਂ ਤੋਂ ਰੁਖਸਤ ਹੋ ਗਏ। ਬੜਾ ਧੱਕਾ ਲੱਗਿਆ ਕਿ ਪੁੱਤਰਾਂ ਵਾਂਗੂੰ ਪਿਆਰ ਕਰਨ ਵਾਲਾ ਮਹਾਨ ਸਾਹਿਤਕਾਰ ਜਿਸਦੇ ਅੱਗੇ ਸਾਰੇ ਐਵਾਰਡ ਮਾਣ ਨਾਲ ਹੋਰ ਉੱਚੇ ਹੋ ਜਾਂਦੇ ਸਨ, ਜਿਸਨੂੰ ਹੁਣ ਇਹ ਮੰਨਿਆ ਜਾਂਦਾ ਸੀ ਕਿ ਪੰਜਾਬੀਅਤ ਦਾ ਬਾਬਾ ਬੋਹੜ ਸਾਡੇ ਸਾਰਿਆਂ ਦੇ ਸਿਰ ਉੱਪਰ ਬੈਠਾ ਹੈ, ਉਹ ਸਦੀਵੀ ਤੌਰ ’ਤੇ ਸਾਨੂੰ ਸਾਰਿਆਂ ਨੂੰ ਵਿਛੋੜਾ ਦੇ ਗਿਆ ਹੈ। ਬਹੁਤ ਵਾਰ ਉਨ੍ਹਾਂ ਕੋਲ ਜਾਣਾ ਤਾਂ ਹਮੇਸ਼ਾ ਉਨ੍ਹਾਂ ਨੇ ਇਹੀ ਅਸੀਸ ਦੇਣੀ ਕਿ ਸੁਖਦੇਵ ਤੂੰ ਕੰਮ ਕਰ ਰਿਹਾ ਕਿ ਨਹੀਂ। ਅਖੀਰਲੀ ਉਮਰੇ ਮੈਨੂੰ ਆਪ ਆਪਣੀ ਲਾਇਬਰੇਰੀ ਵਿਚੋਂ ਬੇਸ਼ਕੀਮਤੀ ਕਿਤਾਬਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਲ



ਸੰਬੰਧਿਤ ਦਿੱਤੀਆਂ ਅਤੇ ਆਦੇਸ਼ ਕੀਤਾ ਕਿ ਗੁਰੂ ਤੇਗ ਬਹਾਦਰ ਸਾਹਿਬ ਸਬੰਧੀ ਕੰਮ ਕਰ। ਕੰਮ ਅਜੇ ਚੱਲ ਰਿਹਾ ਸੀ ਪਰ ਡਾ. ਸਾਹਿਬ ਚੱਲ ਵਸੇ ਪਰ ਆਪਣੇ ਪਿੱਛੇ ਸਾਰੀ ਜ਼ਿੰਦਗੀ ਦੀ ਕੀਤੀ ਹੋਈ ਕਮਾਈ ਛੱਡ ਗਏ। ਜੱਗੀ ਸਾਹਿਬ ਦੁਆਰਾ ਕੀਤੀ ਹੋਈ ਕਮਾਈ ਸਾਰਿਆਂ ਤੋਂ ਵੱਖਰੀ ਹੈ ਕਿਉਂਕਿ ਜੱਗੀ ਸਾਹਿਬ ਅਕਦਾਮਿਕ ਤੌਰ ’ਤੇ , ਅਧਿਆਤਮਿਕ ਤੌਰ ’ਤੇ , ਪਰਿਵਾਰਿਕ ਤੌਰ ’ਤੇ, ਅਧਿਆਪਕ ਤੌਰ ’ਤੇ ਅਤੇ ਸਮਾਜਿਕ ਤੌਰ ’ਤੇ ਅਮੀਰ ਵਿਰਾਸਤ ਦੇ ਮਾਲਕ ਹਨ। 1927 ਵਿੱਚ ਜਨਮੇ ਇਸ ਮਹਾਪੁਰਸ਼ ਨੇ ਰੋਜ਼ੀ ਰੋਟੀ ਲਈ ਜ਼ਰੂਰ ਪਹਿਲਾਂ ਪੁਲਿਸ ਮਹਿਕਮਾ ਚੁਣਿਆ ਪਰ ਅੰਦਰੂਨੀ ਤੌਰ ’ਤੇ ਬੀਜ ਅਜੇ ਪੁੰਗਰ ਰਿਹਾ ਸੀ ਕਿ ਮੇਰੇ ਜ਼ਿੰਮੇ ਇਹ ਕੰਮ ਨਹੀਂ ਕੁਝ ਹੋਰ ਬਹੁਤ ਵੱਡਾ ਹੈ। ਬੀਜ ਨੂੰ ਅਧਿਆਤਮਕ ਫਲ ਪਿਆ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦਾ ਜਿਸ ਕਾਰਨ ਪੀਐੱਚ.ਡੀ. ਦਾ ਖੋਜ ਕਾਰਜ ਸਿੱਖ ਧਰਮ

ਦੇ ਮਹੱਤਪੂਰਨ ਗ੍ਰੰਥ ਦਸਮ ਗ੍ਰੰਥ ਸਾਹਿਬ ਦੇ ਵਿਸ਼ੇ ਉੱਪਰ ਸੰਪੂਰਨ ਕੀਤਾ। ਪਰਮਾਤਮਾ ਦੀ ਬਖਸ਼ਿਸ਼ ਹੋਈ ਜੀਵਨ ਸਾਥ ਮਿਲਿਆ ਡਾ. ਗੁਰਸ਼ਰਨ ਕੌਰ ਹੋਰਾਂ ਦਾ ਜਿਨ੍ਹਾਂ ਨੇ ਆਪਣੀ ਤਨਖਾਹ ਹੀ ਡਾ. ਸਾਹਿਬ ਦੀਆਂ ਕਿਤਾਬਾਂ ਛਾਪਣ ਦੇ ਲੇਖੇ ਲਾ ਦਿੱਤੀ। ਡਾ. ਸਾਹਿਬ ਦੇ ਸਿਰੜ ਦਾ ਦੌਰ ਸ਼ੁਰੂ ਹੋਇਆ ਅਤੇ ਵਡਮੁੱਲੀਆਂ ਲਿਖਤਾਂ ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ, ਦਸਮ ਗ੍ਰੰਥ ਦਾ ਟੀਕਾ, ਗੁਰੂ ਗ੍ਰੰਥ ਵਿਸ਼ਵ ਕੋਸ਼, ਸਿੱਖ ਪੰਥ ਵਿਸ਼ਵ ਕੋਸ਼, ਤੁਲਸੀ ਰਮਾਇਣ, ਭਗਵਤ ਗੀਤਾ, ਗੁਰੂ ਸਾਹਿਬਾਨ ਦਾ ਇਤਿਹਾਸ, ਸਿੱਖ ਜਰਨੈਲ/ਯੋਧਿਆਂ ਦਾ ਇਤਿਹਾਸ ਪੰਜਾਬੀ ਸਾਹਿਤ ਦਾ ਇਤਿਹਾਸ ਅਤੇ ਹੋਰ ਬੇਅੰਤ ਵਿਸ਼ਿਆਂ ਦੇ ਉੱਪਰ ਆਪਣੀ ਕਲਮ ਦੇ ਸਿਦਕ ਦਾ ਜਾਦੂ ਵਿਖਾਇਆ। ਪਰਮਾਤਮਾ ਦੀ ਬਖਸ਼ਿਸ਼ ਹੋਈ ਅਤੇ ਡਾ. ਸਾਹਿਬ ਦੇ ਹਰ ਕੰਮ ਨੂੰ ਪ੍ਰਸਿੱਧਤਾ ਪ੍ਰਾਪਤ ਹੋਈ। ਪੰਜਾਬੀ ਯੂਨੀਵਰਸਿਟੀ, ਪਟਿਆਲਾ ਉੱਪਰ ਵੀ ਪਰਮਾਤਮਾ ਵੱਲੋਂ ਇਹ ਬਖਸ਼ਿਸ਼ ਰਹੀ ਹੈ ਕਿ ਇਥੋਂ ਵੱਡੇ-ਵੱਡੇ ਵਿਦਵਾਨਾਂ ਨੇ ਜਨਮ ਲਿਆ। ਡਾ. ਜੱਗੀ ਉਨ੍ਹਾਂ ਵਿਚੋਂ ਇੱਕ ਸਨ ਜਿਨ੍ਹਾਂ ਨੇ ਆਪਣੀ ਸਾਰੀ ਉਮਰ ਯੂਨੀਵਰਸਿਟੀ ਵਿਖੇ ਹੀ ਕਾਰਜ ਕੀਤਾ ਅਤੇ ਵੱਖੋ-ਵੱਖਰੀਆਂ ਪਦਵੀਆਂ ਹਾਸਲ ਕੀਤੀਆਂ। ਇਨ੍ਹਾਂ ਦੁਆਰਾ ਕੀਤੇ ਹੋਏ ਕੰਮ ਇੰਨੇ ਵੱਡੇ ਸਨ ਕਿ ਹਰ ਸਰਕਾਰ, ਹਰ ਯੂਨੀਵਰਿਸਟੀ, ਹਰ ਸੰਸਥਾ ਇਹ ਚਾਹੁੰਦੀ ਸੀ ਕਿ ਕਿਸੇ ਨਾ ਕਿਸੇ ਤਰ੍ਹਾਂ ਅਸੀਂ ਜੱਗੀ ਸਾਹਿਬ ਨੂੰ ਆਪਣੇ ਨਾਲ ਜੋੜ ਲਈਏ। ਪੰਜਾਬੀ ਯੂਨੀਵਰਿਸਟੀ ਵੱਲੋਂ ਅਤੇ ਗੁਰੂ ਨਾਨਕ ਦੇਵ ਯੂਨੀਵਰਿਸਟੀ ਵੱਲੋਂ ਡੀ. ਲਿਟ ਦੀ ਡਿਗਰੀ ਨਾਲ ਆਪ ਨੂੰ ਸਨਮਾਨਿਤ ਕੀਤਾ ਗਿਆ ਅਤੇ ਥੋੜ੍ਹਾ ਸਮਾਂ ਪਹਿਲਾਂ ਹੀ ਭਾਰਤ ਸਰਕਾਰ ਵੱਲੋਂ ਦੇਸ਼ ਦੇ ਸਭ ਤੋਂ ਉੱਤਮ ਐਵਾਰਡ ਪਦਮ ਐਵਾਰਡ ਨਾਲ ਡਾ. ਸਾਹਿਬ ਨੂੰ ਸਨਮਾਨਿਤ ਕੀਤਾ ਗਿਆ। ਇਥੇ ਮੈਂ ਇਹ ਜ਼ਿਕਰ ਜ਼ਰੂਰ ਕਰਨਾ ਚਾਹਾਂਗਾ ਕਿ ਇਸ ਤੋਂ ਪਹਿਲਾਂ ਡਾ. ਕਿਰਪਾਲ ਸਿੰਘ ਹਿਸਟੋਰੀਅਨ ਦਾ ਸਾਥ ਵੀ ਮੈਨੂੰ ਨਸੀਬ ਹੋਇਆ ਜਿਹੜੇ ਕਿ ਜੱਗੀ ਸਾਹਿਬ ਜਿੰਨੀ ਉਮਰ ਭੋਗ ਕੇ ਹੀ ਅਕਾਲ ਚਲਾਣਾ ਕੀਤੇ। ਡਾ. ਰਤਨ ਸਿੰਘ ਜੱਗੀ ਅਤੇ ਡਾ. ਕਿਰਪਾਲ ਸਿੰਘ ਦੋਨਾਂ ਵੱਡੇ ਸਾਹਿਤਕਾਰਾਂ ਅਤੇ ਇਤਿਹਾਸਕਾਰਾਂ ਵਿੱਚ ਜੋ ਸਾਂਝਾਂ ਮੈਨੂੰ ਇਕੋ ਜਿਹੀਆਂ ਲੱਗੀਆਂ ਉਹ



ਬਾਕਮਾਲ ਹਨ ਅਤੇ ਸਾਡੇ ਸਾਰਿਆਂ ਲਈ ਸਿੱਖਿਆਦਾਇਕ ਹਨ। ਦੋਨੋਂ ਹੀ ਸਿਰੜੀ ਵਿਦਵਾਨ ਸਨ ਜਿਨ੍ਹਾਂ ਨੂੰ ਖੋਜ ਤੋਂ ਬਿਨਾਂ ਹੋਰ ਕੋਈ ਵੀ ਸ਼ੌਕ ਨਹੀਂ ਸੀ। ਸਾਦਾ ਖਾਣਾ, ਸਾਦਾ ਪਹਿਨਣਾ ਤੇ ਸੋਚ

ਹਮੇਸ਼ਾਂ ਉੱਚੀ ਰੱਖਣੀ। ਹਰ ਸਮੇਂ ਕਿਤਾਬਾਂ ਦੇ ਅੰਗ ਸੰਗ ਰਹਿਣਾ ਇਨ੍ਹਾਂ ਦਾ ਜੀਵਨ ਉਦੇਸ਼ ਸੀ। ਵਾਹਿਗੁਰੂ ਉੱਪਰ ਅਥਾਹ ਭਰੋਸਾ ਇਸ ਪੀੜ੍ਹੀ ਤੋਂ ਬਾਅਦ ਨਹੀਂ ਲੱਭੇਗਾ। ਬੜੀ ਹੈਰਾਨੀ ਹੁੰਦੀ ਹੈ ਕਿ ਡਾ. ਸਾਹਿਬ ਹੋਰਾਂ ਨੇ ਤਾਂ 1947, 1984, ਅੱਤਵਾਦ ਦੇ ਭਿਆਨਕ ਸਮਿਆਂ ਨੂੰ ਹੰਢਾਇਆ ਪਰ ਫਿਰ ਵੀ ਉਸ ਵਾਹਿਗੁਰੂ ਦਾ ਓਟ ਆਸਰਾ ਅਖੀਰੀ ਸਵਾਸ ਤਕ ਨਹੀਂ ਛੱਡਿਆ, ਜਿਥੋਂ ਇਹ ਅਹਿਸਾਸ ਹੁੰਦਾ ਹੈ ਕਿ ਡਾ. ਜੱਗੀ ਵਰਗੇ ਇਨਸਾਨ ਕੋਈ ਆਮ ਇਨਸਾਨ ਨਹੀਂ ਸਨ ਸਗੋਂ ਇਹ ਵਾਹਿਗੁਰੂ ਦੇ ਬੰਦੇ ਸਨ ਅਤੇ ਵਾਹਿਗੁਰੂ ਹੀ ਇਨ੍ਹਾਂ ਨੂੰ ਆਪਣੇ ਕੋਲ ਲੈ ਗਿਆ ਹੈ। ਪਰਿਵਾਰਿਕ ਵਿਰਾਸਤ ਦੇ ਤੌਰ ’ਤੇ ਡਾ. ਗੁਰਸ਼ਰਨ ਕੌਰ ਜੱਗੀ ਜਿਹੜੇ ਓਨਾ ਹੀ ਖੋਜੀ ਬਿਰਤੀ ਦੇ ਮਾਲਕ ਹਨ ਜਿੰਨਾਂ ਡਾ. ਜੱਗੀ ਸਨ। ਭਾਵੇਂ ਕਿ ਸਭ ਤੋਂ ਕਠਿਨ ਸਮਾਂ ਉਨ੍ਹਾਂ ਉੱਪਰ ਹੀ ਬੀਤ ਰਿਹਾ ਹੈ ਜਿਨ੍ਹਾਂ ਨੇ ਲੰਮਾ ਸਫਰ ਡਾ. ਰਤਨ ਸਿੰਘ ਜੱਗੀ ਨਾਲ ਬਿਤਾਇਆ। ਜੱਗੀ ਸਾਹਿਬ ਅਕਸਰ ਕਹਿੰਦੇ ਹੁੰਦੇ ਸਨ ਕਿ ਮੈਂ ਜੋ ਕੁਝ ਲਿਖ ਕੇ ਤੁਹਾਡੇ ਸਾਹਮਣੇ ਪੇਸ਼ ਕਰਦਾ ਹਾਂ ਉਸ ਪਿੱਛੇ ਡਾ. ਗੁਰਸ਼ਰਨ ਕੌਰ ਜੱਗੀ ਦੀ ਪ੍ਰੇਰਣਾ, ਹਿੰਮਤ ਅਤੇ ਉਤਸ਼ਾਹ ਹੈ। ਸੋ ਹੁਣ ਲੋੜ ਹੈ ਕਿ ਮੈਡਮ ਜੱਗੀ ਹੋਰਾਂ ਨੂੰ ਪਰਮਾਤਮਾ ਬਲ ਬਖਸ਼ੇ ਅਤੇ ਪੰਜਾਬ ਦੇ ਅਨਮੋਲ ਰਤਨ ਡਾ. ਰਤਨ ਸਿੰਘ ਜੱਗੀ ਦੀ ਕਲਮ ਨੂੰ ਜਿਊਂਦਾ ਰੱਖਣ।



# ਪਾਣੀ ਦੇ ਸੰਕਟ ਦੇ ਹੱਲ ਲਈ ਜ਼ਰੂਰੀ ਹੈ ਫ਼ਸਲੀ ਵਿਭਿੰਨਤਾ

**ਡਾ. ਮਨਪ੍ਰੀਤ ਕੌਰ**
*ਸਹਾਇਕ ਪ੍ਰੋਫ਼ੈਸਰ, ਅਰਥ ਸ਼ਾਸਤਰ, ਬਾਬਾ ਫ਼ਰੀਦ ਲਾਅ ਕਾਲਜ, ਫ਼ਰੀਦਕੋਟ



ਪੰਜਾਬ ਇੱਕ ਖੇਤੀ ਪ੍ਰਧਾਨ ਸੂਬਾ ਹੈ ਜਿਸ ਦੀ ਕੁੱਲ ਆਬਾਦੀ ਦਾ 25 ਫ਼ੀਸਦੀ ਹਿੱਸਾ ਸਿੱਧੇ ਜਾਂ ਅਸਿੱਧੇ ਤੌਰ ’ਤੇ ਖੇਤੀ ਅਤੇ ਸਹਾਇਕ ਧੰਦਿਆਂ ਨਾਲ ਜੁੜਿਆ ਹੋਇਆ ਹੈ ਅਤੇ ਰਾਜ ਦੀ ਕੁੱਲ ਵੈਲਿਊ ਐਡਿਡ ਸਰਗਰਮੀ ਵਿੱਚ 27 ਫ਼ੀਸਦੀ ਯੋਗਦਾਨ ਖੇਤੀ ਖੇਤਰ ਦਾ ਹੈ। ਆਜ਼ਾਦੀ ਤੋਂ ਬਾਅਦ ਦੇਸ਼ ਦੀ ਵੱਡੀ ਅੰਨ ਸੰਕਟ ਦੀ ਸਮੱਸਿਆ ਨੂੰ ਹੱਲ ਕਰਨ ਵਿੱਚ ਪੰਜਾਬ ਦਾ ਸਭ ਤੋਂ ਅਹਿਮ ਯੋਗਦਾਨ ਰਿਹਾ ਹੈ। ਪੰਜਾਬ ਵਿੱਚ 60ਵੇਂ ਦਹਾਕੇ ਦੇ ਦੂਜੇ ਅੱਧ ਵਿੱਚ ਆਉਣ ਵਾਲੀ ਹਰੀ ਕ੍ਰਾਂਤੀ ਨੂੰ ਅਮਲੀ ਰੂਪ ਦਿੰਦਿਆਂ ਪੰਜਾਬ ਨੇ ਮੁਲਕ ਭਰ ਨੂੰ ਨਾ ਸਿਰਫ ਖਾਧ ਸੁਰੱਖਿਆ ਮੁਹੱਈਆ ਕਰਵਾਈ ਬਲਕਿ ਦੇਸ਼ ਨੂੰ ਅਨਾਜ ਦਰਾਮਦ ਕਰਨ ਵਾਲੇ ਵਿੱਚ ਵੀ ਮੁਲਕ ਤੋਂ ਅਨਾਜ ਬਰਾਮਦ ਕਰਨ ਵਾਲੇ ਮੁਲਕ ਤਬਦੀਲ ਕਰ ਦਿੱਤਾ। ਦੂਸਰੇ ਪਾਸੇ ਸਮੇਂ ਦੀਆਂ ਸਰਕਾਰਾਂ ਨੇ ਵੀ ਇਸ ਅੰਨ ਸੰਕਟ ਦੀ ਸਮੱਸਿਆ ਦੇ ਹੱਲ ਲਈ ਕਿਸਾਨਾਂ ਨੂੰ ਕਣਕ ਅਤੇ ਝੋਨੇ ਦੇ ਵਾਜਬ ਰੇਟ ਅਤੇ ਉਚਿਤ ਖ਼ਰੀਦ ਪ੍ਰਬੰਧ ਯਕੀਨੀ ਬਣਾਏ। ਜਿਸ ਦੇ ਸਿੱਟੇ ਵਜੋਂ ਕਣਕ ਅਤੇ ਝੋਨੇ ਹੇਠ ਰਕਬਾ ਬਹੁਤ ਤੇਜ਼ੀ ਨਾਲ ਵਧਣ ਲੱਗਾ। 1970-1971 ਵਿੱਚ ਕਣਕ ਅਤੇ ਝੋਨੇ ਹੇਠ ਰਕਬਾ ਕ੍ਰਮਵਾਰ 23 ਲੱਖ ਹੈਕਟੇਅਰ ਅਤੇ 4 ਲੱਖ ਹੈਕਟੇਅਰ ਸੀ ਜੋ 2022-2023 ਵਿਚ ਕ੍ਰਮਵਾਰ 35 ਲੱਖ ਹੈਕਟੇਅਰ ਅਤੇ 32 ਲੱਖ ਹੈਕਟੇਅਰ ਹੋ ਗਿਆ। ਵਰਤਮਾਨ ਵਿੱਚ ਪੰਜਾਬ ਦੇ ਕੁੱਲਕਾਸ਼ਤ ਅਧੀਨ ਰਕਬੇ ਦਾ 86 ਫ਼ੀਸਦੀ ਕਣਕ ਝੋਨੇ ਹੇਠ ਹੈ। ਅੱਜ ਮੁਲਕ ਦਾ ਮਾਤਰ 1.5 ਫ਼ੀਸਦੀ ਰਕਬੇ ਵਾਲਾ ਪੰਜਾਬ 15 ਫ਼ੀਸਦੀ ਕਣਕ ਦਾ ਅਤੇ 13 ਫ਼ੀਸਦੀ ਝੋਨੇ ਦਾ ਉਤਪਾਦਨ ਕਰ ਰਿਹਾ ਹੈ। ਇਸ ਤਰ੍ਹਾਂ ਭਾਵੇਂ ਪੰਜਾਬ ਨੇ ਮੁਲਕ ਨੂੰ ਅਨਾਜ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਨਹੀਂ ਛੱਡੀ ਅਤੇ ਅੱਜ ਇਹ ਛੋਟਾ ਜਿਹਾ ਸੂਬਾ ਕੇਂਦਰੀ ਅੰਨ ਭੰਡਾਰ ਵਿੱਚ 51 ਫ਼ੀਸਦੀ ਕਣਕ ਅਤੇ 21 ਫ਼ੀਸਦੀ ਝੋਨੇ ਦਾ ਯੋਗਦਾਨ ਪਾ ਰਿਹਾ ਹੈ ਪਰ ਦੂਸੇ ਪਾਸੇ ਬਹੁ ਗਿਣਤੀ ਫ਼ਸਲਾਂ ਦੀ ਪੈਦਾਵਾਰ ਲਈ ਅਨੁਕੂਲ ਮੰਨਿਆ ਜਾਣ ਵਾਲਾ ਪੰਜਾਬ ਸਿਰਫ ਕਣਕ ਝੋਨੇ ਦੇ ਦੋ ਫ਼ਸਲੀ ਚੱਕਰ ਵਾਲਾ ਸੂਬਾ ਬਣ ਕੇ ਰਹਿ ਗਿਆ ਹੈ। ਜੋ ਕਿ ਪੰਜਾਬ ਲਈ ਵਾਤਾਵਰਨ ਸੰਤੁਲਨ ਪੱਖੋਂ ਵੱਡਾ ਖ਼ਤਰਾ ਹੈ।

ਕਣਕ-ਝੋਨੇ ਦੇ ਫ਼ਸਲੀ ਚੱਕਰ ਦੇ ਵਧਣ ਨਾਲ ਸਿੰਚਾਈ ਦੇ ਸਾਧਨਾਂ ਵਿੱਚ ਵੀ ਤੇਜ਼ੀ ਨਾਲ ਵਾਧਾ ਹੋਣਾ ਸ਼ੁਰੂ ਹੋਇਆ। 1970-71 ਵਿੱਚ ਕਾਸ਼ਤ ਹੇਠਲੇ ਰਕਬੇ ਦੇ 71 ਫ਼ੀਸਦੀ ਹਿੱਸੇ ਲਈ ਹੀ ਨਿਸਚਿਤ ਸਿੰਚਾਈ ਉਪਲੱਬਧ ਸੀ, ਉਥੇ ਅੱਜ ਪੰਜਾਬ ਦੇ 99.8 ਫ਼ੀਸਦੀ ਹਿੱਸੇ ਲਈ ਨਿਸਚਿਤ ਸਿੰਚਾਈ ਪ੍ਰਾਪਤ ਹੈ। ਇਸ ਨਾਲ ਟਿਊਬਵੈੱਲਾਂ ਨਾਲ ਕੀਤੀ ਜਾਣ ਵਾਲੀ ਸਿੰਚਾਈ ਵਿੱਚ ਬਹੁਤ ਤੇਜ਼ੀ ਨਾਲ ਵਾਧਾ ਹੋਇਆ। 1970-1971 ਵਿੱਚ ਜਿੱਥੇ 55 ਫ਼ੀਸਦੀ ਰਕਬੇ ਉੱਪਰ ਸਿੰਚਾਈ ਟਿਊਬਵੈੱਲ ਨਾਲ ਹੁੰਦੀ ਸੀ, ਅੱਜ ਪੰਜਾਬ ਦੇ 72 ਫ਼ੀਸਦੀ ਰਕਬੇ ਦੀ ਸੰਚਾਈ ਟਿਊਬਵੈੱਲਾਂ ਨਾਲ ਹੁੰਦੀ ਹੈ ਅਤੇ ਟਿਊਬਵੈੱਲਾਂ ਦੀ ਗਿਣਤੀ 1.92 ਲੱਖ ਤੋਂ ਵੱਧ ਕੇ 2022-2023 ਦੇ ਅੰਕੜਿਆਂ ਅਨੁਸਾਰ 15.29 ਲੱਖ ਹੋ ਗਈ ਹੈ। ਝੋਨੇ ਦੀ ਬਿਜਾਈ ਦੇ ਵਧਣ ਨਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨੋ ਦਿਨ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ। ਖੇਤੀ ਮਾਹਿਰਾਂ ਅਤੇ ਵਿਦਵਾਨਾਂ ਦੁਆਰਾ ਇਹ ਅਨੁਮਾਨ ਲਗਾਇਆ ਗਿਆ ਹੈ ਕਿ ਜੇਕਰ ਝੋਨੇ ਦੀ ਬਿਜਾਈ ਅਪ੍ਰੈਲ-ਮਈ ਵਿਚ ਸ਼ੁਰੂ ਕੀਤੀ ਜਾਵੇ ਤਾਂ ਪ੍ਰਤੀ ਕਿੱਲੋਗ੍ਰਾਮ ਚੌਲਾਂ ਦੀ ਉਪਜ ਲਈ 4500 ਲੀਟਰ ਪਾਣੀ ਦੀ ਜ਼ਰੂਰਤ ਹੁੰਦੀ ਹੈ। ਕਿਉਂਕਿ ਇਨ੍ਹਾਂ ਮਹੀਨਿਆਂ ਵਿੱਚ ਵਾਸ਼ਪੀਕਰਨ ਦੀ ਦਰ ਬਹੁਤ ਜ਼ਿਆਦਾ ਹੁੰਦੀ ਹੈ ਅਤੇ ਬਰਸਾਤ ਵੀ ਨਹੀਂ ਹੁੰਦੀ। ਪਰ ਜੇਕਰ ਇਹ ਬਿਜਾਈ ਅੱਧ ਜੂਨ ਜਾਂ ਇਸ ਤੋਂ ਬਾਅਦ ਸ਼ੁਰੂ ਕੀਤੀ ਜਾਵੇ ਤਾਂ ਫਿਰ ਪਾਣੀ ਦੀ ਜ਼ਰੂਰਤ 4500 ਲੀਟਰ ਤੋਂ ਘਟ ਕੇ 1400-2000 ਲੀਟਰ ਪ੍ਰਤੀ ਕਿੱਲੋਗ੍ਰਾਮ ਰਹਿ ਜਾਂਦੀ ਹੈ। ਭਾਵੇਂ ਇਸ ਜ਼ਰੂਰਤ ਨੂੰ ਕੰਟਰੋਲ ਕਰਨ ਲਈ ਪੰਜਾਬ ਸਰਕਾਰ ਵਲੋਂ ਪੰਜਾਬ ਪ੍ਰੀਜ਼ਰਵੇਸ਼ਨ ਆਫ ਸਬ-ਸਾਇਲ ਵਾਟਰ ਐਕਟ 2009 ਵੀ ਲਾਗੂ ਕੀਤਾ ਗਿਆ ਹੈ। ਜਿਸ ਨੂੰ ਮੁੱਖ ਰੱਖਦੇ ਹੋਏ ਸਰਕਾਰ ਨੇ ਇਸ ਵਾਰ ਨਹਿਰੀ ਪਾਣੀ 6 ਜ਼ਿਲ੍ਹਿਆਂ ਵਿੱਚ ਝੋਨੇ ਦੀ ਲੁਆਈ 11 ਜੂਨ ਤੋਂ ਅਤੇ ਬਾਕੀ ਸਭ ਖੇਤਰਾਂ ਵਿੱਚ 15 ਜੂਨ ਤੋਂ ਜਾਂ ਇਸ ਤੋਂ ਬਾਅਦ ਕਰਨ ਦੇ ਹੁਕਮ ਜਾਰੀ ਕੀਤੇ ਹਨ। ਪਰ ਫਿਰ ਵੀ ਇਸ ਸਮੱਸਿਆ ’ਤੇ ਕਾਬੂ ਪਾਉਣਾ ਮੁਸ਼ਕਿਲ ਲੱਗ ਰਿਹਾ ਹੈ। ਕਿਉਂਕਿ ਜੇਕਰ ਅੱਧ ਜੂਨ ਸਮੇਂ ਵੀ ਲੁਆਈ ਸ਼ੁਰੂ ਕੀਤੀ ਜਾਵੇ ਤਾਂ ਵੀ ਪ੍ਰਤੀ ਕਿੱਲੋਗ੍ਰਾਮ ਝੋਨੇ ਦੇ ਉਤਪਾਦਨ ਲਈ ਘੱਟੋ ਘੱਟ 1400 ਲੀਟਰ ਪਾਣੀ ਦੀ ਜ਼ਰੂਰਤ ਹੈ ਅਤੇ ਵਰਤਮਾਨ ਵਿੱਚ ਪੰਜਾਬ ਪ੍ਰਤੀ ਸਾਲ ਔਸਤਨ 12-13 ਮਿਲੀਅਨ ਟਨ ਚੌਲਾਂ (ਲੱਗਭੱਗ 20 ਮਿਲੀਅਨ ਟਨ ਝੋਨਾ) ਦੀ ਪੈਦਾਵਾਰ ਕਰ ਰਿਹਾ ਹੈ ਜਿਸ ਅਨੁਸਾਰ ਗਭਗ 16.8 ਟ੍ਰਿਲੀਅਨ ਲੀਟਰ ਪਾਣੀ ਦੀ ਜ਼ਰੂਰਤ ਹੁੰਦੀ ਹੈ। ਸਿੱਟੇ ਵਜੋਂ ਇੰਨੀ ਜਿਆਦਾ ਮਾਤਰਾ ਲਈ ਧਰਤੀ ਹੇਠਲਾ ਪਾਣੀ ਕੱਢਣ ਨਾਲ ਬਹੁਤ ਪਾਣੀ ਤੇਜ਼ੀ ਨਾਲ ਹੇਠਾਂ ਜਾਵੇਗਾ। ਪਾਣੀ ਦੀ ਇਸ ਵਧ ਰਹੀ ਖਪਤ ਦੇ ਕਾਰਨ ਹੀ ਸੈਂਟਰਲ ਗਰਾਊਂਡ ਵਾਟਰ ਬੋਰਡ ਦੀ ਰਿਪੋਰਟ ਦੇ ਅਨੁਸਾਰ ਪੰਜਾਬ ਦੇ ਕੁੱਲ 143 ਬਲਾਕਾਂ ਵਿਚੋਂ 117 ਬਲਾਕਾਂ ਵਿੱਚ ਪਾਣੀ ਕੁਦਰਤੀ ਸੰਤੁਲਨ ਤੋਂ ਵੀ ਹੇਠਾਂ ਜਾ ਚੁੱਕਾ ਹੈ। ਸਿੱਟੇ ਵਜੋਂ ਇਨ੍ਹਾਂ 117 ਬਲਾਕਾਂ ਨੂੰ ਡਾਰਕ ਜ਼ੋਨ ਜਾਂ ਵੱਧ ਸ਼ੋਸ਼ਣ ਵਾਲੇ ਅਰਥਾਤ ਓਵਰ ਐਕਸਪਲੋਇਟਿਡ ਜ਼ੋਨ (100% ਤੋਂ ਵੀ ਵੱਧ ਪਾਣੀ ਕੱਢਣਾ) ਘੋਸ਼ਿਤ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ 3 ਬਲਾਕਾਂ ਦੀ ਸਥਿਤੀ ਨਾਜ਼ੁਕ (90%-100% ਧਰਤੀ ਹੇਠਲਾ ਪਾਣੀ ਕੱਢਣਾ), 13 ਬਲਾਕਾਂ ਦੀ ਸਿਥਤੀ ਅਰਧ ਨਾਜ਼ੁਕ (70-90%) ਧਰਤੀ ਹੇਠਲਾ ਪਾਣੀ ਕੱਢਣਾ) ਅਤੇ ਕੇਵਲ 20 ਬਲਾਕ ਹੀ ਸੁਰੱਖਿਅਤ ਸ਼੍ਰੇਣੀ (70% ਧਰਤੀ ਹੇਠਲਾ ਪਾਣੀ ਕੱਢਣਾ) ਘੋਸ਼ਿਤ ਕੀਤੇ ਗਏ ਹਨ। ਇਸ ਤਰ੍ਹਾਂ ਹਰ ਸਾਲ ਔਸਤਨ 0.5 ਮੀਟਰ ਦੀ ਦਰ ਧਰਤੀ ਹੇਠਲਾ ਪਾਣੀ ਹੋਰ ਨੀਵਾਂ ਹੋ ਰਿਹਾ ਹੈ। ਜਲ ਸਰੋਤ ਸੈੱਲ ਦੀ ਰਿਪੋਰਟ ਦੇ ਅਨੁਸਾਰ ਪੰਜਾਬ ਦੇ 9 ਜ਼ਿਲ੍ਹਿਆ ਬਰਨਾਲਾ, ਬਠਿੰਡਾ, ਲੁਧਿਆਣਾ, ਸ਼ਹੀਦ ਭਗਤ ਸਿੰਘ ਨਗਰ, ਸੰਗਰੂਰ, ਪਟਿਆਲਾ, ਮੋਗਾ, ਜਲੰਧਰ ਅਤੇ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਚ ਸਥਿਤੀ ਬਹੁਤ ਗੰਭੀਰ ਹੋ ਗਈ ਹੈ ਅਤੇ ਇਥੇ ਔਸਤਨ 0.77 ਮੀਟਰ ਤੋਂ 1.59 ਮੀਟਰ ਤੋਂ ਜ਼ਿਆਦਾ ਦਰ ਨਾਲ ਧਰਤੀ ਹੇਠਲਾ ਪਾਣੀ ਨੀਵਾਂ ਜਾ ਰਿਹਾ ਹੈ। ਜੇਕਰ ਸਥਿਤੀ ’ਤੇ ਕਾਬੂ ਨਾ ਪਾਇਆ ਗਿਆ ਤਾਂ ਸੈਂਟਰਲ ਗਰਾਊਂਡਵਾਟਰ ਬੋਰਡ ਦੁਆਰਾ ਇਹ ਤੱਥ ਕੱਢਿਆ ਗਿਆ ਹੈ ਕਿ 2039 ਤੱਕ ਧਰਤੀ ਹੇਠਲਾ ਪਾਣੀ 300 ਮੀਟਰ (ਤਕਰੀਬਨ 1000 ਫੁੱਟ) ਤੋਂ ਵੀ ਹੇਠਾਂ ਚਲਿਆ ਜਾਵੇਗਾ ਅਤੇ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਬੰਜਰ ਬਣ ਕੇ ਰਹਿ ਜਾਵੇਗੀ।


ਇਸ ਲਈ ਮੌਜੂਦਾ ਸਰਕਾਰਾਂ ਨੂੰ ਪੰਜਾਬ ਵਿੱਚ ਵਧ ਰਹੇ ਇਸ ਜਲ ਸੰਕਟ ਦੀ ਸਮੱਸਿਆ ਨੂੰ ਹੱਲ ਕਰਨ ਲਈ ਉੱਚਿਤ ਧਿਆਨ ਦੇਣ ਦੀ ਲੋੜ ਹੈ। ਪਾਣੀ ਦੇ ਇਸ ਡਿੱਗ ਰਹੇ ਪੱਧਰ ਦੀ ਸਮੱਸਿਆ ਤੇ ਫ਼ਸਲੀ ਵਿਭਿੰਨਤਾ ਲਿਆ ਕੇ ਹੀ ਕਾਬੂ ਪਾਇਆ ਜਾ ਸਕਦਾ ਹੈ। ਪੰਜਾਬ ਵਿੱਚ ਝੋਨੇ ਹੇਠ ਰਕਬਾ ਵਧਣ ਦਾ ਮੁੱਖ ਕਾਰਨ ਝੋਨੇ ਉੱਪਰ ਮਿਲਣ ਵਾਲਾ ਘੱਟੋ ਘੱਟ ਸਮਰਥਨ ਮੁੱਲ ਅਤੇ ਉਚਿੱਤ ਖ਼ਰੀਦ ਪ੍ਰਬੰਧ ਹਨ। ਉਂਝ ਤਾਂ ਸਮਰਥਨ ਮੁੱਲ 23 ਫ਼ਸਲਾਂ ਉਪਰ ਨਿਰਧਾਰਿਤ ਕੀਤਾ ਜਾਂਦਾ ਹੈ, ਪਰ ਕਣਕ ਅਤੇ ਝੋਨੇ ਨੂੰ ਛੱਡ ਕੇ ਬਾਕੀ ਸਭ ਫ਼ਸਲਾਂ ਸਮਰਥਨ ਮੁੱਲ ਤੋਂ 25-30 ਫ਼ੀਸਦੀ ਘੱਟ ਰੇਟ ’ਤੇ ਹੀ ਖ਼ਰੀਦੀਆਂ ਜਾਂਦੀਆਂ ਹਨ ਅਤੇ ਇਨ੍ਹਾਂ ਸਭ ਫ਼ਸਲਾਂ ਲਈ ਉਚਿਤ ਅਤੇ ਪੁਖ਼ਤਾ ਖ਼ਰੀਦ ਪ੍ਰਬੰਧ ਵੀ ਨਹੀਂ ਹਨ। ਜਦ ਕਿ ਪੰਜਾਬ ਵਿੱਚ ਝੋਨੇ ਦੀ ਕੁੱਲ ਉਪਜ ਦਾ 90 ਫ਼ੀਸਦੀ ਤੋਂ ਵੱਧ ਹਿੱਸਾ ਫੂਡ ਕਾਰਪੋਰੇਸ਼ਨ ਆਫ ਇੰਡੀਆ ਦੁਆਰਾ ਸਮੇਂ ਸਿਰ ਖ਼ਰੀਦਿਆ ਜਾਂਦਾ ਹੈ। ਇਸ ਲਈ ਪੰਜਾਬ ਵਿੱਚ ਫ਼ਸਲੀ ਵਿਭਿੰਨਤਾ ਲਿਆਉਣ ਲਈ ਅਤੇ ਪਾਣੀ ਦੇ ਡਿੱਗਦੇ ਪੱਧਰ ਨੂੰ ਬਚਾਉਣ ਲਈ ਜ਼ਰੂਰੀ ਹੈ ਕਿ ਬਾਕੀ ਸਭ ਫ਼ਸਲਾਂ ਉੱਪਰ ਸਮਰਥਨ ਮੁੱਲ ਦਿੱਤਾ ਜਾਏ ਅਤੇ ਉਨ੍ਹਾਂ ਦੀ ਖ਼ਰੀਦ ਲਾਜ਼ਮੀ ਬਣਾਈ ਜਾਏ। ਇਹ ਨਾ ਸਿਰਫ ਕਿਸਾਨਾਂ ਦੇ ਹਿੱਤ ਵਿਚ ਹੋਵੇਗਾ ਬਲਕਿ ਰਾਜ ਸਰਕਾਰ ਨੂੰ ਵੀ ਮੁਫ਼ਤ ਬਿਜਲੀ ਸਪਲਾਈ ਦੇਣ ਦੇ ਵਿੱਤੀ ਬੋਝ ਤੋਂ ਬਾਹਰ ਕੱਢੇਗਾ। ਪੰਜਾਬ ਵਿੱਚ ਇਸ ਸਮੇਂ 15.29 ਲੱਖ ਟਿਊਬਵੈੱਲਾਂ ਵਿਚੋਂ 13.89 ਲੱਖ ਟਿਊਬਵੈੱਲ ਬਿਜਲੀ ਨਾਲ ਚੱਲਣ ਵਾਲੇ ਅਤੇ 1.40 ਲੱਖ ਡੀਜ਼ਲ ਨਾਲ ਚੱਲਣ ਵਾਲੇ ਟਿਊਬਵੈੱਲ ਹਨ। ਖੇਤੀ ਖੇਤਰ ਵਿੱਚ ਇਨ੍ਹਾਂ 13.89 ਲੱਖ ਟਿਊਬਵੈੱਲਾਂ ਨੂੰ ਮੁਫ਼ਤ ਬਿਜਲੀ ਸਪਲਾਈ ਮੁਹੱਈਆ ਕਰਵਾਉਣ ਲਈ ਰਾਜ ਸਰਕਾਰ ਨੇ ਵਿੱਤੀ ਸਾਲ 2024-2025 ਦੇ ਬਜਟ ਵਿੱਚ 9330 ਕਰੋੜ ਰੁਪਏ ਦੀ ਰਾਸ਼ੀ ਰਾਖਵੀਂ ਰੱਖੀ ਹੈ। ਇਸ ਤਰ੍ਹਾਂ ਘੱਟ ਪਾਣੀ ਲੈਣ ਵਾਲੀਆਂ ਫ਼ਸਲਾਂ ਉੱਪਰ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਜਿੱਥੇ ਇੱਕ ਪਾਸੇ ਝੋਨੇ ਦੀ ਬਿਜਾਈ ਨਾਲ ਵਧਣ ਵਾਲੀਆਂ ਵਾਤਾਵਰਨ ਸਬੰਧੀ ਸਮੱਸਿਆਵਾਂ ਨੂੰ ਹੱਲ ਕਰੇਗੀ, ਉੱਥੇ ਹੀ ਦੂਸਰੇ ਪਾਸੇ ਸਰਕਾਰ ਦੇ ਵਿੱਤੀ ਬੋਝ ਨੂੰ ਵੀ ਘੱਟ ਕਰੇਗੀ। ਸਮਰਥਨ ਮੁੱਲ ਤੇ ਕਾਨੂੰਨੀ ਗਾਰੰਟੀ ਦੇਣ ਤੋਂ ਇਲਾਵਾ ਬਾਕੀ ਦੀਆਂ ਫ਼ਸਲਾਂ ਜਿਵੇਂ ਤੇਲ ਬੀਜ, ਦਾਲਾਂ, ਮੱਕੀ, ਸੂਰਜਮੁਖੀ ਆਦਿ ਦੀਆਂ ਵਧੀਆਂ ਅਤੇ ਉੱਨਤ ਕਿਸਮਾਂ ਦੇ ਬੀਜ ਲਿਆ ਕੇ ਵੀ ਇਨ੍ਹਾਂ ਫਸਲਾਂ ਹੇਠ ਰਕਬਾ ਵਧਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਵਿਸ਼ਵ ਵਪਾਰ ਸੰਗਠਨ ਦੀਆਂ ਸ਼ਰਤਾਂ ਅਨੁਸਾਰ ਭਾਰਤ ਨੇ ਬਨਸਪਤੀ ਤੇਲਾਂ, ਦਾਲਾਂ ਆਦਿ ਤੋਂ ਦਰਾਮਦ ਕਰ ਹਟਾਉਣ ਅਤੇ ਸਸਤੀਆਂ ਵਿਦੇਸ਼ੀ ਦਰਾਮਦਾਂ ਵਧਣ ਨਾਲ ਵੀ ਭਾਰਤ ਦਾ ਘਰੇਲੂ ਉਤਪਾਦਨ ਘਟਿਆ ਹੈ ਅਤੇ ਭਾਰਤ ਨੂੰ ਇਨ੍ਹਾਂ ਫ਼ਸਲਾਂ ਵਿੱਚ ਸਵੈ-ਨਿਰਭਰ ਬਣਾਉਣ ਦੀ ਬਜਾਏ ਦਰਾਮਦਾਂ ਤੇ ਨਿਰਭਰ ਕਰ ਕੇ ਖੇਤੀ ਨੂੰ ਕੁਝ ਕੁ ਫ਼ਸਲਾਂ ਤੱਕ ਸੀਮਿਤ ਕਰ ਦਿੱਤਾ ਗਿਆ ਹੈ।

(**ਬਾਕੀ ਸਫ਼ਾ 31 ’ਤੇ**)



# ਪਿੰਡਾਂ ਉੱਪਰ ਪੈ ਰਿਹੈ ਆਧੁਨਿਕ ਵਿਕਾਸ ਦਾ ਅਸਰ

ਸੁਖਪਾਲ ਸਿੰਘ ਬਰਨ



ਕਿਸੇ ਸਮੇਂ ਪਿੰਡਾਂ ਨੂੰ ਸਵਰਗ ਦੀ ਨਿਆਈ ਸਮਝਿਆ ਜਾਂਦਾ ਸੀ। ਚਾਰ ਕੁ ਦਹਾਕੇ ਪਹਿਲਾਂ ਦੀ ਗੱਲ ਕਰੀਏ ਤਾਂ ਪਿੰਡਾਂ ਦੀ ਜ਼ਿੰਦਗੀ ਬੜੀ ਸ਼ਾਂਤ ਸਹਿਜ ਅਤੇ ਸਬਰ ਸੰਤੋਖ ਵਾਲੀ ਹੁੰਦੀ ਸੀ। ਪਿੰਡਾਂ ਦੇ ਲੋਕਾਂ ਵਿੱਚ ਮੋਹ, ਪਿਆਰ, ਅਪਣੱਤ ਅਤੇ ਦੁੱਖ ਸੁੱਖ ਦੀ ਸਾਂਝ ਉਹਨਾਂ ਦੇ ਜੀਵਨ ਵਿੱਚੋਂ ਝਲਕਦੀ ਸੀ। ਇਹ ਸਾਂਝ ਹੀ ਉਹਨਾਂ ਨੂੰ ਇੱਕ ਲੜੀ ਵਿੱਚ ਪਰੋਈ ਰੱਖਦੀ। ਭਾਵੇਂ ਲੋਕ ਬਹੁਤ ਸਾਰੀਆਂ ਥੁੜਾਂ ਨਾਲ ਜੂਝਦੇ ਸਨ ਪ੍ਰੰਤੂ ਫਿਰ ਵੀ ਚਿਹਰੇ ਦੀ ਰੌਣਕ, ਖੁਸ਼ੀ ਅਤੇ ਸੰਤੁਸ਼ਟੀ ਦੇ ਭਾਵ ਸਪਸ਼ਟ ਨਜ਼ਰ ਆਉਂਦੇ ਸਨ। ਸਰੀਰਕ ਡੀਲ ਡੌਲ ਅਤੇ ਚਿਹਰੇ ਦਾ ਜਲੌਅ ਉਹਨਾਂ ਦੇ ਤੰਦਰੁਸਤ ਅਤੇ ਤਕੜੇ ਹੋਣ ਦਾ ਪ੍ਰਮਾਣ ਹੁੰਦਾ ਸੀ। ਲੋਕ ਪਿੰਡ ਦੀਆਂ ਸੱਥਾਂ ਵਿੱਚ ਜੁੜ ਕੇ ਬੈਠਦੇ ਤੇ ਮਹੱਤਵਪੂਰਨ ਮਸਲਿਆਂ ਤੇ ਵਿਚਾਰ ਚਰਚਾ ਕਰਦੇ। ਛੋਟੇ ਮੋਟੇ ਝਗੜੇ ਪਿੰਡ ਵਿੱਚ ਹੀ ਨਿਪਟਾ ਲਏ ਜਾਂਦੇ ਸਨ। ਪੰਚਾਇਤ ਦਾ ਫੈਸਲਾ ਪਰਮੇਸ਼ਰ ਦਾ ਫੈਸਲਾ ਸਮਝਿਆ ਜਾਂਦਾ ਸੀ। ਪ੍ਰੰਤੂ ਅਜੋਕੇ ਵਿਸ਼ਵੀਕਰਨ, ਸਨਅਤੀਕਰਨ, ਤਕਨੀਕੀਕਰਨ, ਢਾਂਚਾਗਤ ਵਿਕਾਸ ਅਤੇ ਜੀਵਨ ਦੀਆਂ ਬਦਲਦੀਆਂ ਕੀਮਤਾਂ ਅਤੇ ਵਿਸ਼ਵਾਸਾਂ ਨੇ ਪਿੰਡਾਂ ਦੀ ਜ਼ਿੰਦਗੀ 'ਤੇ ਬਹੁਤ ਗਹਿਰਾ ਅਸਰ ਪਾਇਆ ਹੈ।

**ਜ਼ਿੰਦਗੀ ਦੀ ਸਹਿਜਤਾ**

ਪਿੰਡਾਂ ਦੀ ਜ਼ਿੰਦਗੀ ਬੜੀ ਸਹਿਜ ਹੋਇਆ ਕਰਦੀ ਸੀ। ਮੁਰਗੇ ਦੀ ਬਾਂਗ ਦੇਣ ਨਾਲ ਹੀ ਜ਼ਿੰਦਗੀ ਦੀ ਹਰਕਤ ਸ਼ੁਰੂ ਹੋ ਜਾਂਦੀ ਸੀ। ਪਿੰਡ ਦੇ ਲੋਕਾਂ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਖੇਤੀ ਦਾ ਜ਼ਿਆਦਾਤਰ ਕੰਮ ਬਲਦਾਂ ਅਤੇ ਊਠਾਂ ਨਾਲ ਕੀਤਾ ਜਾਂਦਾ ਸੀ। ਕਿਸਾਨ ਤੋਂ ਇਲਾਵਾ ਹੋਰ ਕਿੱਤਿਆਂ ਵਾਲੇ ਵੀ ਕਿਸੇ ਨਾ ਕਿਸੇ ਰੂਪ ਵਿੱਚ ਇਸ ਕਿੱਤੇ ਨਾਲ ਜੁੜੇ ਹੁੰਦੇ ਸਨ। ਖੇਤੀ ਪੂਰੇ ਪਿੰਡ ਦੀਆਂ ਲੋੜਾਂ ਪੂਰੀਆਂ ਕਰਦੀ ਸੀ। ਜਿੱਥੇ ਦਾਣੇ ਕੱਢਣ ਤੋਂ ਬਾਅਦ ਕਿਸਾਨ ਦੇ ਘਰ ਫਸਲ ਆਉਂਦੀ ਉੱਥੇ ਪਿੰਡ ਦੇ ਤਰਖਾਣ, ਮੋਚੀ, ਦਰਜੀ, ਘੁਮਿਆਰ ਆਦਿ ਨੂੰ ਵੀ ਕੰਮ ਕਰਾਉਣ ਬਦਲੇ ਦਾਣਿਆਂ ਦਾ ਕੁਝ ਹਿੱਸਾ ਦਿੱਤਾ ਜਾਂਦਾ, ਜਿਸ ਨੂੰ ਸੇਪੀ ਕਹਿੰਦੇ ਸਨ। ਪਹੁ ਫੁਟਾਲੇ ਤੋਂ ਪਹਿਲਾਂ ਹੀ ਹਾਲੀ ਖੇਤਾਂ ਵਿੱਚ ਹਲ ਜੋੜ ਲੈਂਦੇ। ਇਸੇ ਸਮੇਂ ਸੁਆਣੀਆਂ ਚਾਟੀਆਂ ਵਿੱਚ ਮਧਾਣੀ ਪਾ ਕੇ ਦੁੱਧ ਰਿੜਕਣ ਲੱਗ ਜਾਂਦੀਆਂ। ਜਿੱਥੇ ਖੇਤਾਂ ਵਿੱਚ ਲੋਕ ਇਕੱਠੇ ਮਿਲ ਕੇ ਕੰਮ ਕਰਦੇ, ਉੱਥੇ ਔਰਤਾਂ ਵੀ ਆਪਣਾ ਕੰਮ ਨਿਪਟਾ ਕੇ ਕੱਤਣ, ਕੱਢਣ ਦਾ ਕੰਮ ਇਕੱਠੀਆਂ ਬੈਠ ਕੇ ਕਰਦੀਆਂ। ਜਦੋਂ ਕੰਮ ਦਾ ਜ਼ੋਰ ਹੁੰਦਾ ਤਾਂ ਲੋਕ ਇੱਕ ਦੂਸਰੇ ਨਾਲ ਸਾਂਝੀ ਬਣਕੇ ਕਰਕੇ ਹਾੜ੍ਹੀ ਵੱਢਦੇ, ਦਾਣਿਆਂ ਦੀ ਕਢਾਈ ਕਰਦੇ। ਗਰਮੀਆਂ ਵਿੱਚ ਸਾਰੇ ਪਿੰਡ ਦੇ ਲੋਕ ਮਿਲ ਕੇ ਹੀ ਦਰਖਤਾਂ ਥੱਲੇ ਦੁਪਹਿਰੇ ਕੱਟਦੇ। ਇਸ ਤਰ੍ਹਾਂ ਪਿੰਡਾਂ ਦੇ ਲੋਕਾਂ ਦੀ ਹਰ ਕਿਰਿਆ ਵਿੱਚ ਮੇਲ ਮਿਲਾਪ ਝਲਕਦਾ ਸੀ ਅਤੇ ਅੱਜ ਦੀ ਜ਼ਿੰਦਗੀ ਵਾਂਗ ਇਕੱਲੇਪਨ ਜਾਂ ਨਿਰਾਸ਼ਤਾ ਲਈ ਕੋਈ ਥਾਂ ਨਹੀਂ ਸੀ ਹੁੰਦੀ।

**ਦੁੱਖ ਸੁੱਖ ਦੀ ਸਾਂਝ**

ਪਿੰਡ ਦੇ ਲੋਕਾਂ ਦੇ ਦੁੱਖ ਸੁੱਖ ਸਾਂਝੇ ਹੁੰਦੇ ਸਨ। ਕਿਸੇ ਇੱਕ ਦੇ ਦੁੱਖ ਨੂੰ ਸਾਰੇ ਪਿੰਡ ਦਾ ਦੁੱਖ ਸਮਝਿਆ ਜਾਂਦਾ ਸੀ। ਜੇਕਰ ਕਿਸੇ ਦੇ ਪਸ਼ੂ ਡੰਗਰ ਦਾ ਨੁਕਸਾਨ ਹੋ ਜਾਂਦਾ ਸੀ ਤਾਂ ਵੀ ਸਾਰੇ ਪਿੰਡ ਦੇ ਲੋਕ ਅਫਸੋਸ ਕਰਨ ਘਰ ਆਉਂਦੇ ਸਨ। ਜੇਕਰ ਕਿਸੇ ਘਰ ਮੌਤ ਹੁੰਦੀ ਸੀ ਤਾਂ ਸਾਰਾ ਪਿੰਡ ਅਫਸੋਸ ਕਰਨ ਲਈ ਸੱਥਰ 'ਤੇ ਬੈਠਾ ਹੁੰਦਾ। ਭੋਗ ਪੈਣ ਤੱਕ ਰਾਤ ਨੂੰ ਵੀ ਬਹੁਤ ਸਾਰੇ ਲੋਕ ਮਰਗਤ ਵਾਲੇ ਦੇ ਘਰ ਸੌਂਦੇ। ਜੇਕਰ ਇਸ ਸਮੇਂ ਕੰਮ ਦਾ ਜ਼ੋਰ ਹੁੰਦਾ ਤਾਂ ਸਾਰਾ ਪਿੰਡ ਮਿਲ ਕੇ ਉਹਨਾਂ ਦਾ ਕੰਮ ਕਰ ਦਿੰਦਾ। ਇਸੇ ਤਰ੍ਹਾਂ ਲੋਕਾਂ ਦੀਆਂ ਖੁਸ਼ੀਆਂ ਵੀ ਸਾਂਝੀਆਂ ਹੁੰਦੀਆਂ ਸਨ। ਵਿਆਹ ਵਾਲੇ ਘਰ ਵਿਆਹ ਤੋਂ ਕਈ ਦਿਨ ਪਹਿਲਾਂ ਕੋਠੇ 'ਤੇ ਮੰਜੇ ਜੋੜ ਕੇ ਸਪੀਕਰ ਲਾ ਦਿੱਤਾ ਜਾਂਦਾ ਸੀ। ਵਿਆਹ ਵਾਲੇ ਮੁੰਡੇ ਜਾਂ ਕੁੜੀ ਦੇ ਘਰ ਜਾ ਕੇ ਵਿਆਹ ਤੋਂ ਕਈ ਦਿਨ ਪਹਿਲਾਂ ਪਿੰਡ ਦੀਆਂ ਔਰਤਾਂ ਮੁੰਡੇ ਦੇ ਵਿਆਹ 'ਤੇ ਸੁਹਾਗ ਅਤੇ ਕੁੜੀ ਦੇ ਵਿਆਹ 'ਤੇ ਘੋੜੀਆਂ ਗਾਉਂਦੀਆਂ। ਵਿਆਹ ਕਈ ਕਈ ਦਿਨ ਚਲਦਾ ਤੇ ਪੂਰੇ ਪਿੰਡ ਦੀ ਰੋਟੀ ਵਿਆਹ ਵਾਲੇ ਘਰ ਹੁੰਦੀ। ਵਿਆਹ ਵਾਲੇ ਘਰ ਵਿੱਚ ਰਿਸ਼ਤੇਦਾਰਾਂ ਦੇ ਸੌਣ ਦਾ ਪ੍ਰਬੰਧ ਕਰਨ ਲਈ ਪੂਰੇ ਪਿੰਡ ਵਿੱਚੋਂ ਮੰਜੇ ਬਿਸਤਰੇ ਇਕੱਠੇ ਕੀਤੇ ਜਾਂਦੇ। ਬਰਾਤਾਂ ਰਾਤਾਂ ਰਿਹਾ ਕਰਦੀਆਂ ਸਨ। ਪਰੰਤੂ ਜ਼ਿੰਦਗੀ ਦੀ ਰਫਤਾਰ ਤੇਜ਼ ਹੋਣ ਕਾਰਨ ਅੱਜ ਕੱਲ੍ਹ ਖੁਸ਼ੀ ਗਮੀ ਦੇ ਵਿੱਚ ਸ਼ਾਮਲ ਹੋਣਾ ਵੀ ਰਸਮੀ ਜਿਹਾ ਹੋ ਕੇ ਰਹਿ ਗਿਆ ਹੈ। ਕਈ ਵਾਰ ਤਾਂ ਖੁਸ਼ੀ ਦੀਆਂ ਵਧਾਈਆਂ ਅਤੇ ਗਮੀ ਦਾ ਅਫ਼ਸੋਸ ਸਿਰਫ ਮੋਬਾਇਲ ਫੋਨਾਂ 'ਤੇ ਹੀ ਕਰ ਦਿੱਤਾ ਜਾਂਦਾ ਹੈ। ਜ਼ਿੰਦਗੀ ਦੀ ਕਾਹਲ ਕਾਰਨ ਵਿਆਹ ਮਹਿਜ਼ ਕੁਝ ਘੰਟਿਆਂ ਦੇ ਪ੍ਰੋਗਰਾਮ ਬਣ ਕੇ ਰਹਿ ਗਏ ਹਨ। ਅੱਜ ਕੱਲ੍ਹ ਪਿੰਡ ਦੇ ਲੋਕ ਰਾਜਨੀਤਿਕ ਧੜਿਆਂ ਵਿੱਚ ਵੰਡੇ ਹੋਏ ਹਨ, ਮੋਹ ਅਤੇ ਅਪਣੱਤ ਦੀ ਪਹਿਲਾਂ ਵਾਲੀ ਭਾਵਨਾ ਨਜ਼ਰ ਨਹੀਂ ਆਉਂਦੀ।



**ਮਨੋਰੰਜਨ ਦੇ ਸਾਧਨ**

ਪਹਿਲਾਂ ਵਾਲੇ ਸਮਿਆਂ ਵਿੱਚ ਮਨੋਰੰਜਨ ਦੇ ਸਾਧਨ ਵੀ ਅਜਿਹੇ ਸਨ ਕਿ ਲੋਕ ਇਕੱਠੇ ਹੋ ਕੇ ਮਨੋਰੰਜਨ ਕਰਦੇ। ਲੋਹੜੀ, ਵਿਸਾਖੀ ਅਤੇ ਹੋਰ ਮਹੱਤਵਪੂਰਨ ਦਿਨਾਂ 'ਤੇ ਲੱਗਦੇ ਮੇਲੇ ਮਨੋਰੰਜਨ ਦਾ ਮੁੱਖ ਸਾਧਨ ਹੁੰਦੇ ਸਨ। ਮੇਲਾ ਦੇਖਣ ਦਾ ਅਜੀਬ ਚਾਅ ਹੁੰਦਾ ਸੀ। ਮੇਲੇ ਤੋਂ ਕਈ ਕਈ ਦਿਨ ਪਹਿਲਾਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ। ਨਵੇਂ ਕੱਪੜੇ ਸਿਵਾਏ ਜਾਂਦੇ, ਖੇਤੀਬਾੜੀ ਨਾਲ ਸੰਬੰਧਿਤ ਅਤੇ ਹੋਰ ਘਰੇਲੂ ਕੰਮ ਧੰਦੇ ਪਹਿਲਾਂ ਹੀ ਨਿਬੇੜ ਲਏ ਜਾਂਦੇ ਸਨ। ਪਿੰਡਾਂ ਦੇ ਗੱਭਰੂ ਅਤੇ ਮੁਟਿਆਰਾਂ ਬੜੇ ਚਾਅ ਨਾਲ ਟੋਲੀਆਂ ਬਣਾ ਕੇ ਮੇਲਾ ਦੇਖਣ ਜਾਂਦੇ। ਮੇਲਿਆਂ ਵਿੱਚ ਹੁੰਦੀਆਂ ਘੋਲ-ਕਬੱਡੀਆਂ ਆਕਰਸ਼ਣ ਦਾ ਮੁੱਖ ਕੇਂਦਰ ਹੋਇਆ ਕਰਦੀਆਂ ਸਨ। ਮੇਲਿਆਂ ਤੋਂ ਇਲਾਵਾ ਪਿੰਡਾਂ ਦੇ ਅਖਾੜਿਆਂ ਵਿੱਚ ਹੁੰਦੀਆਂ ਕੁਸ਼ਤੀਆਂ, ਕਬੱਡੀ, ਮੁਗਦਰ ਚੁੱਕਣ ਦੇ ਮੁਕਾਬਲੇ ਅਤੇ ਪਿੰਡਾਂ ਵਿੱਚ ਪੈਂਦੀਆਂ ਬਾਜ਼ੀਆਂ ਵੀ ਮਨੋਰੰਜਨ ਦਾ ਅਹਿਮ ਸਾਧਨ ਹੁੰਦੇ ਸਨ। ਪਿੰਡਾਂ ਵਿੱਚ ਕਵੀਸ਼ਰੀ ਗਾਉਣ ਵਾਲੇ ਕਵੀਸ਼ਰ ਅਤੇ ਢੱਡ ਸਾਰੰਗੀ 'ਤੇ ਗਾਉਣ ਵਾਲੇ ਗਵੱਈਆਂ ਨੂੰ ਲੋਕ ਬੜੇ ਚਾਅ ਨਾਲ ਸੁਣਦੇ ਦਨ। ਜਿੱਥੇ ਪੁਰਾਣੇ ਸਮਿਆਂ ਵਿੱਚ ਮਨੋਰੰਜਨ ਦੇ ਸਾਧਨ ਲੋਕਾਂ ਨੂੰ ਜੋੜਦੇ ਸਨ, ਉੱਥੇ ਅਜੋਕੇ ਸਮੇਂ ਵਿੱਚ ਮਨੋਰੰਜਨ ਦੇ ਮੁੱਖ ਸਾਧਨ ਟੀ.ਵੀ. ਅਤੇ ਮੋਬਾਇਲ ਆਦਿ ਵਿਅਕਤੀ ਨੂੰ ਸਮਾਜ ਅਤੇ ਪਰਿਵਾਰ ਨਾਲੋਂ ਤੋੜਦੇ ਹਨ।



**ਰਿਸ਼ਤੇ ਨਾਤੇ**

ਪੁਰਾਤਨ ਪਿੰਡ ਦੇ ਲੋਕਾਂ ਦੇ ਰਿਸ਼ਤਿਆਂ ਦੀ ਤੰਦ ਬੜੀ ਮਜ਼ਬੂਤ ਹੁੰਦੀ ਸੀ। ਰਿਸ਼ਤੇ ਨਿਭਾਏ ਜਾਂਦੇ ਸਨ ਅਤੇ ਲੰਬਾ ਸਮਾਂ ਚਲਦੇ ਸਨ। ਮੁੰਡੇ ਕੁੜੀ ਦਾ ਰਿਸ਼ਤਾ ਕਰਨ ਲਈ ਅੱਜ ਵਾਂਗ ਦੇਖ ਦਿਖਾਈ ਦਾ ਰਿਵਾਜ਼ ਨਹੀਂ ਸੀ ਹੁੰਦਾ। ਕੋਈ ਨਜ਼ਦੀਕੀ ਜਦੋਂ ਰਿਸ਼ਤਾ ਲੈ ਕੇ ਆਉਂਦਾ ਸੀ ਤਾਂ ਗੱਲਬਾਤ ਕਰਨ ਤੋਂ ਬਾਅਦ ਲਾਗੀ ਹੱਥ ਰੁਪਇਆ ਦੇ ਕੇ ਰਿਸ਼ਤਾ ਪੱਕਾ ਕਰਨ ਲਈ ਭੇਜ ਦਿੱਤਾ ਜਾਂਦਾ ਸੀ। ਇਸ ਤਰ੍ਹਾਂ ਕੀਤੇ ਹੋਏ ਰਿਸ਼ਤੇ ਤਾਉਮਰ ਨਿਭ ਜਾਂਦੇ ਸਨ। ਪੁਰਾਣੇ ਸਮਿਆਂ ਦੇ ਗੀਤਾਂ, ਮੁਹਾਵਰਿਆਂ ਅਖੌਤਾਂ 'ਤੇ ਝਾਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਦਿਓਰ-ਭਰਜਾਈ ਦਾ ਰਿਸ਼ਤਾ ਬੜਾ ਮੋਹ ਤੇ ਅਪਣੱਤ ਵਾਲਾ ਹੁੰਦਾ ਸੀ ਪ੍ਰੰਤੂ ਇਸਦੇ ਉਲਟ ਜੇਠ-ਭਰਜਾਈ ਦਾ ਰਿਸ਼ਤਾ ਬਹੁਤਾ ਸੁਖਾਵਾਂ ਨਹੀਂ ਸੀ ਹੁੰਦਾ। ਨੂੰਹ-ਸੱਸ ਦੇ ਰਿਸ਼ਤੇ ਵਿੱਚੋਂ ਸੱਸ ਨੂੰ ਤਾਕਤਵਰ ਅਤੇ ਰੋਅਬ ਜਮਾਉਣ ਵਾਲੀ ਦਰਸਾਇਆ ਗਿਆ ਹੈ। ਨਣਦ-ਭਰਜਾਈ ਦੀ ਦਿਲੀ ਸਾਂਝ ਹੁੰਦੀ ਸੀ ਅਤੇ ਉਹਨਾਂ ਦੇ ਬਹੁਤ ਸਾਰੇ ਰਾਜ ਸਾਂਝੇ ਹੁੰਦੇ ਸਨ। ਵਿਆਹ ਸ਼ਾਦੀ ਦੇ ਸਮੇਂ ਰਿਸ਼ਤੇਦਾਰ ਕਈ ਕਈ ਦਿਨ ਪਹਿਲਾਂ ਕੰਮ ਕਰਵਾਉਣ ਲਈ ਆ ਜਾਂਦੇ ਸਨ। ਨਾਨਕੇ ਮੇਲ ਦੀ ਪੂਰੀ ਧਾਂਕ ਹੁੰਦੀ ਸੀ। ਨਾਨਕਿਆਂ ਵੱਲੋਂ ਜਾਗੋ ਕੱਢਣੀ ਅਤੇ ਛੱਜ ਤੋੜਨਾ ਵਿਆਹ ਦੀ ਇੱਕ ਖਾਸ ਰਸਮ ਹੁੰਦੀ ਸੀ। ਨਾਨਕਾ ਮੇਲ ਪੂਰੇ ਪਿੰਡ ਵਿੱਚ ਗੇੜਾ ਮਾਰਦਾ। ਅੱਜ ਕੱਲ੍ਹ ਰਿਸ਼ਤਿਆਂ ਵਿੱਚ ਸਵਾਰਥ ਅਤੇ ਮਤਲਬਪ੍ਰਸਤੀ ਭਾਰੂ ਹੋ ਗਈ ਹੈ। ਰਿਸ਼ਤੇ ਭਾਵੇਂ ਦੇਖ ਪਰਖ ਕੇ ਅਤੇ ਲੈਣ ਦੇਣ ਮੁਕਾ ਕੇ ਕੀਤੇ ਜਾਂਦੇ ਹਨ ਪਰੰਤੂ ਰਿਸ਼ਤਿਆਂ ਦੀ ਉਮਰ ਬਹੁਤ ਲੰਬੀ ਨਹੀਂ ਹੁੰਦੀ। ਤਲਾਕ ਦੇ ਕੇਸ ਲਗਾਤਾਰ ਵਧ ਰਹੇ ਹਨ। ਭਰਾ ਵੱਲੋਂ ਭਰਾ ਅਤੇ ਪੁੱਤਰ ਵੱਲੋਂ ਪਿਤਾ ਦੇ ਕਤਲ ਦੀਆਂ ਖਬਰਾਂ ਵੀ ਦੇਖਣ ਨੂੰ ਮਿਲ ਜਾਂਦੀਆਂ ਹਨ।

**ਖਾਣ-ਪੀਣ**

ਪੁਰਾਣੇ ਸਮਿਆਂ ਵਿੱਚ ਜ਼ਿਆਦਾਤਰ ਕੰਮ ਸਰੀਰਕ ਬਲ ਨਾਲ ਕੀਤਾ ਜਾਂਦਾ ਸੀ। ਇਸ ਬਾਰੇ ਇੱਕ ਕਹਾਵਤ ਮਸ਼ਹੂਰ ਸੀ ਕਿ 'ਘਰ ਦਾ ਭਾਵੇਂ ਮਾੜਾ ਹੋਵੇ ਪਰ ਜ਼ੋਰ ਦਾ ਮਾੜਾ ਨਾ ਹੋਵੇ।' ਇਸ ਲਈ ਸਰੀਰ ਨੂੰ ਤਾਕਤਵਰ ਅਤੇ ਜ਼ੋਰਾਵਰ ਰੱਖਣ ਲਈ ਖੁਰਾਕ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਸੀ। ਰੋਜ਼ਾਨਾ ਦੀ ਖੁਰਾਕ ਵਿੱਚ ਦੁੱਧ, ਲੱਸੀ, ਮੱਖਣ ਅਤੇ ਘਿਓ ਦੀ ਭਰਮਾਰ ਹੁੰਦੀ ਸੀ। ਦੁੱਧ ਵੇਚਣ ਦਾ ਰਿਵਾਜ਼ ਨਹੀਂ ਸੀ। ਦੇਸੀ ਘਿਓ ਜੋੜਿਆ ਜਾਂਦਾ ਸੀ। ਘਰਾਂ ਵਿੱਚ ਦੇਸੀ ਘਿਉ ਨੂੰ ਘੜੇ ਜਾਂ ਪੀਪੇ ਵਿੱਚ ਭਰ ਕੇ ਰੱਖਿਆ ਜਾਂਦਾ ਸੀ। ਸਰਦੀਆਂ ਵਿੱਚ ਮੱਕੀ ਦੀ ਰੋਟੀ ਤੇ ਸਰ੍ਹੋਂ ਦਾ ਸਾਗ ਸਭ ਤੋਂ ਸਵਾਦ ਪਕਵਾਨ ਮੰਨਿਆ ਜਾਂਦਾ ਸੀ। ਗਰਮੀਆਂ ਵਿੱਚ ਦਲੀਆ, ਖਿਚੜੀ, ਭੁੰਨੇ ਦਾਣਿਆਂ ਵਿੱਚ ਮਿੱਠਾ ਰਲਾ ਕੇ ਸੱਤੂ ਬਣਾ ਕੇ ਖਾਧੇ ਜਾਂਦਾ ਸਨ। ਵਿਆਹ ਸ਼ਾਦੀਆਂ 'ਤੇ ਦੇਸੀ ਘਿਓ ਦੇ ਲੱਡੂ-ਜਲੇਬੀਆਂ ਬਣਾਏ ਜਾਂਦੇ ਸਨ। ਤਿੱਥ ਤਿਉਹਾਰ 'ਤੇ ਕੜਾਹ-ਪ੍ਰਸ਼ਾਦ, ਖੀਰ, ਪੂੜੇ, ਗੁਲਗੁਲੇ, ਮੱਠੀਆਂ ਆਦਿ ਬਣਾਏ ਜਾਂਦੇ ਸਨ।

ਛੋਲਿਆਂ ਦੇ ਭੁੰਨੇ ਦਾਣੇ, ਮੱਕੀ ਦੀਆਂ ਛੱਲੀਆਂ, ਖੋਏ ਦੀਆਂ ਪਿੰਨੀਆਂ, ਚੌਲਾਂ ਦੀਆਂ ਪਿੰਨੀਆਂ, ਕਣਕ ਅਤੇ ਤਿਲਾਂ ਦੇ ਮਰੂੰਡੇ ਵੀ ਸ਼ੁੱਧ ਤਰੀਕੇ ਨਾਲ ਘਰ ਤਿਆਰ ਕਰਕੇ ਖਾਧੇ ਜਾਂਦੇ ਸਨ। ਇਹਨਾਂ ਖਾਣਿਆਂ ਦੀ ਇਹ ਵਿਸ਼ੇਸ਼ਤਾ ਸੀ ਕਿ ਇਹ ਪੂਰੀ ਤਰ੍ਹਾਂ ਸ਼ੁੱਧ ਅਤੇ ਮਿਲਾਵਟ ਰਹਿਤ ਹੁੰਦੇ ਸਨ। ਪੰਜਾਬੀਆਂ ਦੇ ਤਕੜੇ ਡੀਲ-ਡੌਲ ਅਤੇ ਤਾਕਤਵਾਰ ਜੁੱਸਿਆਂ ਦਾ ਕਾਰਨ ਉਹਨਾਂ ਦੀ ਸ਼ੁੱਧ ਖੁਰਾਕ ਹੀ ਸੀ। ਪ੍ਰੰਤੂ ਅੱਜ ਖਾਣਿਆਂ ਵਿੱਚ ਬਹੁਤ ਤਬਦੀਲੀ ਆ ਗਈ ਹੈ। ਅੱਜ ਦੀ ਨੌਜਵਾਨ ਪੀੜ੍ਹੀ ਫਾਸਟ ਫੂਡ ਅਤੇ ਬਜ਼ਾਰੂ ਖਾਣਿਆਂ ਉੱਤੇ ਨਿਰਭਰ ਹੁੰਦੀ ਜਾ ਰਹੀ ਹੈ। ਪੀਜ਼ੇ, ਬਰਗਰ ਆਦਿ ਦੇ ਸਿਹਤ 'ਤੇ ਪੈ ਰਹੇ ਮਾੜੇ ਪ੍ਰਭਾਵ ਨਜ਼ਰ ਆ ਰਹੇ ਹਨ। ਆਪਣੇ ਸ਼ੁੱਧ ਪੁਰਾਤਨ ਖਾਣਿਆਂ ਤੋਂ ਦੂਰ ਹੋਣਾ ਅਤੇ ਬਜ਼ਾਰੂ ਖਾਣਿਆਂ 'ਤੇ ਨਿਰਭਰ ਹੋਣ ਕਾਰਨ ਬਿਮਾਰੀਆਂ ਦਾ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

**ਆਧੁਨਿਕ ਵਿਕਾਸ ਦਾ ਅਸਰ**

ਆਧੁਨਿਕ ਵਿਕਾਸ ਦੇ ਕਾਰਨ ਪਿੰਡਾਂ ਦਾ ਮੁਹਾਂਦਰਾ ਕਾਫੀ ਹੱਦ ਤਕ ਬਦਲ ਗਿਆ ਹੈ। ਪੁਰਾਣੇ ਪਿੰਡਾਂ ਦੀ ਪਛਾਣ ਉਨ੍ਹਾਂ ਦੇ ਗੁਹਾਰਿਆਂ ਤੋਂ ਹੁੰਦੀ ਸੀ। ਪਿੰਡਾਂ ਦੇ ਗੁਹਾਰਿਆਂ ਦੀ ਬਣਤਰ ਤੋਂ ਪਿੰਡਾਂ ਦੇ ਸੁਚੱਜੇਪਣ ਦਾ ਅੰਦਾਜ਼ਾ ਲਾ ਲਿਆ ਜਾਂਦਾ ਸੀ। ਪ੍ਰੰਤੂ ਅੱਜ ਕੱਲ੍ਹ ਆਧੁਨਿਕ ਵਿਕਾਸ ਦੇ ਕਾਰਨ ਕੱਚੇ ਘਰਾਂ ਦੀ ਥਾਂ ਪੱਕੀਆਂ ਕੋਠੀਆਂ ਨੇ ਲੈ ਲਈ ਹੈ। ਪੁਰਾਣੇ ਘਰਾਂ ਦੇ ਦਰਵਾਜ਼ੇ, ਬਰਾਂਡੇ, ਸਬਾਤ, ਝਲਾਨੀ ਆਦਿ ਅੱਜ ਦੇ ਆਧੁਨਿਕ ਘਰਾਂ ਵਿੱਚੋਂ ਗਾਇਬ ਹਨ। ਜਿਹੜੇ ਪਿੰਡ ਰਾਜ ਜਾਂ ਰਾਸ਼ਟਰੀ ਮਾਰਗਾਂ 'ਤੇ ਪੈਂਦੇ ਹਨ, ਉੱਥੇ ਵੱਡੀਆਂ ਸੜਕਾਂ, ਓਵਰ ਬਰਿੱਜ, ਅੰਡਰ ਬਰਿੱਜ, ਆਊਟਲੈੱਟ ਫੈਕਟਰੀਆਂ ਆਦਿ ਹੋਂਦ ਵਿੱਚ ਆ ਗਏ ਹਨ। ਇਹਨਾਂ ਦੀ ਉਸਾਰੀ ਨੇ ਪਿੰਡ ਅਤੇ ਸ਼ਹਿਰ ਦਾ ਪਾੜਾ ਖਤਮ ਕਰ ਦਿੱਤਾ ਹੈ ਅਤੇ ਪਿੰਡਾਂ ਦਾ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਦਿੱਤਾ ਹੈ।

ਜੇਕਰ ਅਸੀਂ ਪੁਰਾਤਨ ਅਤੇ ਆਧੁਨਿਕ ਪਿੰਡਾਂ ਦੇ ਬਦਲਾਅ ਦੀ ਗੱਲ ਕਰੀਏ ਤਾਂ ਪਿਛਲੇ ਚਾਰ ਦਹਾਕਿਆਂ ਵਿੱਚ ਪਿੰਡਾਂ ਦੀ ਜ਼ਿੰਦਗੀ ਦੇ ਹਰ ਖੇਤਰ ਵਿੱਚ ਬਹੁਤ ਬਦਲਾਅ ਆਇਆ ਹੈ। ਆਧੁਨਿਕਤਾ ਦੀ ਤੇਜ਼ ਦੌੜ ਕਾਰਨ ਹੁਣ ਪਿੰਡਾਂ ਦੀ ਜ਼ਿੰਦਗੀ ਵਿਚਲੀ ਸਹਿਜਤਾ ਲਗਭਗ ਖਤਮ ਹੋ ਰਹੀ ਹੈ। ਸਾਡੇ ਰਹਿਣ ਸਹਿਣ, ਸੱਭਿਆਚਾਰ, ਪਹਿਰਾਵਾ, ਖਾਣ-ਪੀਣ ਅਤੇ ਰਸਮਾਂ ਰਿਵਾਜ਼ਾਂ ਵਿੱਚ ਵੱਡੀ ਪੱਧਰ 'ਤੇ ਬਦਲਾਅ ਆਇਆ ਹੈ। ਪਿੰਡ ਦੀ ਜ਼ਿੰਦਗੀ ਵਿੱਚ ਸਹਿਜ, ਸੰਜਮ, ਸਬਰ-ਸੰਤੋਖ ਦੀ ਘਾਟ ਨਜ਼ਰ ਆਉਂਦੀ ਹੈ। ਰਿਸ਼ਤੇ ਨਾਤੇ ਪਹਿਲਾਂ ਨਾਲੋਂ ਕਮਜ਼ੋਰ ਹੋਏ ਹਨ। 'ਕਿਰਤ ਕਰੋ ਅਤੇ ਵੰਡ ਛਕੋ' ਦੇ ਸੰਕਲਪ ਨੂੰ ਢਾਹ ਲੱਗੀ ਹੈ। ਉਪਰੋਕਤ ਕਦਰਾਂ ਕੀਮਤਾਂ ਦੇ ਘਟਣ ਕਾਰਨ ਅਤੇ ਅੱਜ ਦੀ ਸਵਾਰਥ ਭਰੀ ਤੇਜ਼ ਤਰਾਰ ਜ਼ਿੰਦਗੀ ਨੂੰ ਦੇਖ ਕਿ ਹੁਣ ਇਹ ਕਹਿਣਾ ਮੁਸ਼ਕਿਲ ਲਗਦਾ ਹੈ ਕਿ ਪਿੰਡਾਂ ਵਿੱਚ ਰੱਬ ਵਸਦਾ ਹੈ।





# ਤਾਂਤਰਿਕ ਠੱਗੀਆਂ ਦਾ ਪੰਜਾਬ ਵਿੱਚ ਕਿਉਂ ਵਧ ਰਿਹਾ ਹੈ ਜਾਲ ?

## ਪੰਜਾਬ ਵਿੱਚ ਅੰਧਵਿਸ਼ਵਾਸ ਦੇ ਨਾਂ ’ਤੇ ਕੀਤੀ ਜਾ ਰਹੀ ਹੈ ਲੁੱਟ

### ਔਰਤਾਂ ਦਾ ਕਰਦੇ ਹਨ ਆਰਥਿਕ ਤੇ ਸਰੀਰਕ ਸ਼ੋਸ਼ਣ

ਪੰਜਾਬ ਪਿਛਲੇ ਕੁੱਝ ਸਮੇਂ ਤੋਂ ਤਾਂਤਰਿਕ ਠੱਗੀਆਂ ਦੇ ਮਕੜਜਾਲ ਵਿੱਚ ਫਸਦਾ ਜਾ ਰਿਹਾ ਹੈ। ਅੰਧਵਿਸ਼ਵਾਸ ਦਾ ਸਹਾਰਾ ਲੈ ਕੇ ਠੱਗ ਤੇ ਪਖੰਡੀ ਲੋਕ ਔਰਤਾਂ ਨੂੰ, ਆਪਣੇ ਜਾਲ ਵਿੱਚ ਫਸਾ ਰਹੇ ਹਨ। ਹਾਲ ਹੀ ਵਿੱਚ ਲੁਧਿਆਣਾ ਵਿਖੇ ਵਾਪਰੀ ਇੱਕ ਘਟਨਾ ਨੇ ਇਸ ਮੁੱਦੇ ਨੂੰ ਹੋਰ ਉਜਾਗਰ ਕੀਤਾ ਹੈ। ਇਸ ਘਟਨਾ ਵਿਚ ਤਿੰਨ ਵਿਅਕਤੀਆਂ ਨੇ ਆਪਣੇ ਆਪ ਨੂੰ ਤਾਂਤਰਿਕ ਦੱਸ ਕੇ ਇਕ ਔਰਤ ਨੂੰ ਨਸ਼ੀਲੀ ਵਸਤੂ ਸੁੰਘਾ ਕੇ ਅਰਧ-ਬੇਹੋਸ਼ ਕਰ ਦਿੱਤਾ ਅਤੇ ਉਸ ਦੇ ਘਰ ਵਿਚੋਂ ਸੋਨੇ-ਚਾਂਦੀ ਦੇ ਗਹਿਣੇ ਅਤੇ ਨਕਦੀ ਲੁੱਟ ਲਈ। ਇਹ ਘਟਨਾ ਸਿਰਫ਼ ਇੱਕ ਉਦਾਹਰਣ ਹੈ, ਜੋ ਦਰਸਾਉਂਦੀ ਹੈ ਕਿ ਪੰਜਾਬ ਵਿੱਚ ਅੰਧਵਿਸ਼ਵਾਸ ਦੇ ਨਾਂ ’ਤੇ ਕਿਵੇਂ ਲੋਕਾਂ ਦੀਆਂ ਜਾਨ-ਮਾਲ ਨੂੰ ਖਤਰੇ ਵਿੱਚ ਪਾਇਆ ਜਾ ਰਿਹਾ ਹੈ।

ਲੁਧਿਆਣਾ ਦੇ ਸੈਕਟਰ 32ਏ ਦੀ ਰਹਿਣ ਵਾਲੀ ਨੀਤੂ ਕੁਮਾਰੀ ਨਾਲ ਵਾਪਰੀ ਘਟਨਾ ਨੇ ਸਮਾਜ ਵਿੱਚ ਅੰਧਵਿਸ਼ਵਾਸ ਦੀ ਡੂੰਘੀ ਜੜ੍ਹ ਨੂੰ ਉਜਾਗਰ ਕੀਤਾ। ਨੀਤੂ ਨੇ ਪੁਲਿਸ ਨੂੰ ਦੱਸਿਆ ਕਿ ਉਹ ਸਵੇਰੇ ਘਰੇਲੂ ਸਮਾਨ ਖਰੀਦਣ ਤੋਂ ਬਾਅਦ ਸੰਜੇ ਗਾਂਧੀ ਕਾਲੋਨੀ ਦੇ ਟੀ-ਪੁਆਇੰਟ ’ਤੇ ਪਹੁੰਚੀ। ਉੱਥੇ ਤਿੰਨ ਨੌਜਵਾਨਾਂ ਨੇ ਉਸ ਨਾਲ ਸੰਪਰਕ ਕੀਤਾ ਅਤੇ ਆਪਣੇ ਆਪ ਨੂੰ ਤਾਂਤਰਿਕ ਦੱਸਿਆ। ਉਨ੍ਹਾਂ ਨੇ ਨੀਤੂ ਨੂੰ ਡਰਾਇਆ ਕਿ ਉਸ ’ਤੇ ਕਾਲੇ ਜਾਦੂ ਦਾ ਪਰਛਾਵਾਂ ਹੈ ਅਤੇ ਉਸ ਨੂੰ ਬਚਾਉਣ ਲਈ ਖਾਸ ਪੂਜਾ ਦੀ ਲੋੜ ਹੈ। ਗੱਲਾਂ ਵਿੱਚ ਫਸਾ ਕੇ ਮੁਲਜ਼ਮਾਂ ਨੇ ਉਸ ਨੂੰ ਨਸ਼ੀਲੀ ਵਸਤੂ ਸੁੰਘਾਈ, ਜਿਸ ਨਾਲ ਉਹ ਅਰਧ-ਬੇਹੋਸ਼ ਹੋ ਗਈ। ਇਸ ਹਾਲਤ ਵਿੱਚ ਮੁਲਜ਼ਮਾਂ ਨੇ ਨੀਤੂ ਨੂੰ ਆਟੋ ਵਿੱਚ ਬਿਠਾਇਆ ਅਤੇ ਉਸ ਦੇ ਘਰ ਪਹੁੰਚ ਗਏ। ਘਰ ਵਿੱਚ ਪੇਟੀ



ਵਿਚੋਂ ਉਨ੍ਹਾਂ ਨੇ ਸੋਨੇ ਦੀਆਂ ਵਾਲੀਆਂ, ਲੌਕਟ, ਨੱਕ ਦਾ ਕੋਕਾ, ਚਾਂਦੀ ਦੀ ਮੁੰਦਰੀ ਅਤੇ 11,000 ਰੁਪਏ ਦੀ ਨਕਦੀ ਚੋਰੀ ਕਰ ਲਈ।

ਜਦੋਂ ਨੀਤੂ ਦਾ ਪਤੀ ਹੀਰਾ ਕੁਮਾਰ ਆਵਾਜ਼ ਸੁਣ ਕੇ ਪਿਛਲੇ ਕਮਰੇ ਤੋਂ ਬਾਹਰ ਆਇਆ, ਤਾਂ ਮੁਲਜ਼ਮ ਬਿਨਾਂ ਨੰਬਰੀ ਆਟੋ ਵਿੱਚ ਫਰਾਰ ਹੋ ਗਏ। ਨੀਤੂ ਦੀ ਅਰਧ-ਬੇਹੋਸ਼ੀ ਦੀ ਹਾਲਤ ਦੇਖ ਕੇ ਪਤੀ ਉਸ ਨੂੰ ਤੁਰੰਤ ਹਸਪਤਾਲ ਲੈ ਗਿਆ। ਥਾਣਾ ਡਿਵੀਜ਼ਨ ਨੰਬਰ 7 ਦੀ ਪੁਲਿਸ ਨੇ ਨੀਤੂ ਦੀ ਸ਼ਿਕਾਇਤ ’ਤੇ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮਾਂ ਅਬਦੁਲ ਹਸਨ, ਜਮਾਲੁਦੀਨ (ਦੋਵੇਂ ਡਾਬਾ ਰੋਡ ਦੇ ਵਾਸੀ) ਅਤੇ ਪਰਮਿੰਦਰ ਬੱਗਾ (ਸ਼ਿਵਾਜੀ ਨਗਰ) ਨੂੰ ਵਰਧਮਾਨ ਮਿਲ ਨੇੜੇ ਨਾਕਾਬੰਦੀ ਦੌਰਾਨ ਗ੍ਰਿਫ਼ਤਾਰ ਕਰ ਲਿਆ।

ਜਾਂਚ ਅਧਿਕਾਰੀ ਏ.ਐਸ.ਆਈ. ਮਲਕੀਤ ਸਿੰਘ ਨੇ ਦੱਸਿਆ ਕਿ ਮੁਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਮੁਲਜ਼ਮ ਪਹਿਲਾਂ ਵੀ ਅਜਿਹੀਆਂ 14 ਵਾਰਦਾਤਾਂ ਨੂੰ ਅੰਜਾਮ ਦੇ ਚੁੱਕੇ ਹਨ।

**ਪੰਜਾਬ ਵਿਚ ਅੰਧਵਿਸ਼ਵਾਸ ਦਾ ਜਾਲ**

ਪੰਜਾਬ ਵਿੱਚ ਤਾਂਤਰਿਕ ਠੱਗੀਆਂ ਦੀਆਂ ਘਟਨਾਵਾਂ ਵਿੱਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ। ਜ਼ਿਆਦਾਤਰ ਮੁਲਜ਼ਮ ਬਿਹਾਰ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਰਗੇ ਸੂਬਿਆਂ ਨਾਲ ਸਬੰਧਤ ਹੁੰਦੇ ਹਨ। ਇਹ ਠੱਗ ਆਮ ਤੌਰ ’ਤੇ ਕਾਲੇ ਜਾਦੂ, ਭੂਤ-ਪ੍ਰੇਤ, ਜਾਂ ਅਨਹੋਣੀ ਦਾ ਡਰ ਵਿਖਾ ਕੇ ਲੋਕਾਂ ਨੂੰ ਆਪਣੇ ਜਾਲ ਵਿੱਚ ਫਸਾਉਂਦੇ ਹਨ। ਔਰਤਾਂ ਇਨ੍ਹਾਂ ਠੱਗਾਂ ਦਾ ਸਭ ਤੋਂ ਆਸਾਨ ਨਿਸ਼ਾਨਾ ਬਣਦੀਆਂ ਹਨ, ਕਿਉਂਕਿ ਇਹ ਮੁਲਜ਼ਮ ਉਨ੍ਹਾਂ ਦੀਆਂ ਭਾਵਨਾਵਾਂ ਅਤੇ ਅੰਧਵਿਸ਼ਵਾਸ ਨਾਲ ਖਿਲਵਾੜ ਕਰਦੇ ਹਨ। ਕਈ ਮਾਮਲਿਆਂ ਵਿੱਚ ਨਾ ਸਿਰਫ਼ ਜਾਨ-ਮਾਲ ਦਾ ਨੁਕਸਾਨ ਹੁੰਦਾ ਹੈ, ਸਗੋਂ ਔਰਤਾਂ ਦੀ ਇੱਜ਼ਤ ਵੀ ਖਤਰੇ ਵਿੱਚ ਪੈਂਦੀ ਹੈ।

ਪਰਵਾਸੀ ਮੀਡੀਆ ਵਿੱਚ ਇਸ਼ਤਿਹਾਰਬਾਜ਼ੀ ਦੇ ਜ਼ਰੀਏ ਵੀ ਅਜਿਹੇ ਤਾਂਤਰਿਕ ਪ੍ਰਵਾਸੀ ਭਾਰਤੀਆਂ ਨੂੰ ਨਿਸ਼ਾਨਾ ਬਣਾਉਂਦੇ ਹਨ। ਇਹ ਠੱਗ ਚੰਡੀਗੜ੍ਹ ਵਰਗੇ ਸ਼ਹਿਰਾਂ ਵਿੱਚ ਆਲੀਸ਼ਾਨ ਜੀਵਨ ਜੀਉਂਦੇ ਹੋਏ ਵੱਡੀਆਂ ਕੋਠੀਆਂ ਖੜੀਆਂ ਕਰ ਰਹੇ ਹਨ, ਜੋ ਸਰਕਾਰ ਦੀ ਢਿੱਲੀ ਕਾਰਵਾਈ ਨੂੰ ਦਰਸਾਉਂਦਾ ਹੈ।

**ਪੁਲਿਸ ਦੀ ਕਾਰਵਾਈ ਅਤੇ 2024 ਦੇ ਅੰਕੜੇ**

ਪੰਜਾਬ ਪੁਲਿਸ ਨੇ 2024 ਵਿੱਚ ਅੰਧਵਿਸ਼ਵਾਸ ਅਤੇ ਤਾਂਤਰਿਕ ਠੱਗੀਆਂ ਦੇ ਵਿਰੁੱਧ ਕਈ ਕਾਰਵਾਈਆਂ ਕੀਤੀਆਂ। ਹਾਲਾਂਕਿ, ਸਟੀਕ ਅੰਕੜੇ ਜਨਤਕ ਤੌਰ ’ਤੇ ਉਪਲਬਧ ਨਹੀਂ ਹਨ, ਪਰ ਵੱਖ-ਵੱਖ ਸ਼ਹਿਰਾਂ ਜਿਵੇਂ ਲੁਧਿਆਣਾ, ਅੰਮ੍ਰਿਤਸਰ ਅਤੇ ਜਲੰਧਰ ਵਿੱਚ ਅਜਿਹੇ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਲੁਧਿਆਣਾ ਵਿੱਚ ਹੀ ਪਿਛਲੇ ਸਾਲ ਅਜਿਹੀਆਂ ਕਈ ਵਾਰਦਾਤਾਂ ਸਾਹਮਣੇ ਆਈਆਂ, ਜਿਨ੍ਹਾਂ ਵਿੱਚ ਮੁਲਜ਼ਮਾਂ ਨੇ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰਕੇ ਲੋਕਾਂ ਨੂੰ ਲੁੱਟਿਆ। ਪੁਲਿਸ ਨੇ ਨਾਕਾਬੰਦੀ, ਸੀ.ਸੀ.ਟੀ.ਵੀ. ਫੁਟੇਜ ਅਤੇ ਜਨਤਕ ਸਹਿਯੋਗ ਨਾਲ ਅਜਿਹੇ ਮੁਲਜ਼ਮਾਂ ਨੂੰ ਕਾਬੂ ਕਰਨ ਦੀਆਂ ਕੋਸ਼ਿਸ਼ਾਂ ਤੇਜ਼ ਕੀਤੀਆਂ ਹਨ। ਮੁਲਜ਼ਮਾਂ ਦੀ ਗ੍ਰਿਫਤਾਰੀ ਤੋਂ ਬਾਅਦ ਪੁੱਛਗਿੱਛ ਵਿੱਚ ਅਕਸਰ ਇਹ ਸਾਹਮਣੇ ਆਉਂਦਾ ਹੈ ਕਿ ਇਹ ਠੱਗ ਸੰਗਠਿਤ ਗਰੋਹ ਦਾ ਹਿੱਸਾ ਹੁੰਦੇ ਹਨ, ਜੋ ਵੱਖ-ਵੱਖ ਸ਼ਹਿਰਾਂ ’ਚ ਆਪਣਾ ਜਾਲ ਫੈਲਾਉਂਦੇ ਹਨ। ਪੁਲਿਸ ਦਾ ਮੰਨਣਾ ਹੈ ਕਿ ਜਨਤਕ ਜਾਗਰੂਕਤਾ ਅਤੇ ਸਖ਼ਤ ਕਾਰਵਾਈ ਨਾਲ ਹੀ ਅਜਿਹੀਆਂ ਵਾਰਦਾਤਾਂ ’ਤੇ ਕਾਬੂ ਪਾਇਆ ਜਾ ਸਕਦਾ ਹੈ।

**ਸਰਕਾਰ ਅਤੇ ਸਮਾਜ ਦੀ ਜ਼ਿੰਮੇਵਾਰੀ**

ਪੰਜਾਬ ’ਚ ਅੰਧਵਿਸ਼ਵਾਸ ਦੀਆਂ ਜੜ੍ਹਾਂ ਬਹੁਤ ਡੂੰਘੀਆਂ ਹਨ ਅਤੇ ਸਰਕਾਰ ਦੀ ਸਖ਼ਤ ਕਾਰਵਾਈ ਦੀ ਕਮੀ ਇਸ ਮੁੱਦੇ ਨੂੰ ਹੋਰ ਗੰਭੀਰ ਬਣਾਉਂਦੀ ਹੈ। ਲੋਕਾਂ ਦਾ ਮੰਨਣਾ ਹੈ ਕਿ ਚੰਡੀਗੜ੍ਹ ਅਤੇ ਹੋਰ ਵੱਡੇ ਸ਼ਹਿਰਾਂ ’ਚ ਅਜਿਹੇ ਠੱਗ ਖੁੱਲ੍ਹੇਆਮ ਆਪਣਾ ਕਾਰੋਬਾਰ ਚਲਾ ਰਹੇ ਹਨ। ਸਰਕਾਰ ਨੂੰ ਅੰਧਵਿਸ਼ਵਾਸ ਦੇ ਵਿਰੁੱਧ ਜਾਗਰੂਕਤਾ ਮੁਹਿੰਮਾਂ ਚਲਾਉਣ ਦੀ ਲੋੜ ਹੈ। ਸਕੂਲਾਂ, ਕਮਿਊਨਿਟੀ ਸੈਂਟਰਾਂ, ਅਤੇ ਮੀਡੀਆ ਦੇ ਜ਼ਰੀਏ ਲੋਕਾਂ ਨੂੰ ਸੁਚੇਤ ਕਰਕੇ ਅਜਿਹੀਆਂ ਠੱਗੀਆਂ ਨੂੰ ਰੋਕਿਆ ਜਾ ਸਕਦਾ ਹੈ। ਸਮਾਜਿਕ ਜਾਗਰੂਕਤਾ ਦੇ ਨਾਲ-ਨਾਲ ਸਖ਼ਤ ਕਾਨੂੰਨੀ ਕਾਰਵਾਈ ਵੀ ਜ਼ਰੂਰੀ ਹੈ। ਅਜਿਹੇ ਮੁਲਜ਼ਮਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਕੇ ਸਖ਼ਤ ਸਜ਼ਾਵਾਂ ਦੇਣ ਦੀ ਲੋੜ ਹੈ, ਤਾਂ ਜੋ ਹੋਰ ਠੱਗਾਂ ਨੂੰ ਸਬਕ ਮਿਲ ਸਕੇ। ਪੰਜਾਬ ਸਰਕਾਰ ਨੂੰ ਅੰਧਵਿਸ਼ਵਾਸ ਵਿਰੁੱਧ ਵਿਸ਼ੇਸ਼ ਕਾਨੂੰਨ ਬਣਾਉਣ ਅਤੇ ਇਸ ਦੀ ਸਖਤੀ ਨਾਲ ਪਾਲਣਾ ਕਰਨ ਦੀ ਜ਼ਰੂਰਤ ਹੈ। ਲੋਕਾਂ ਨੂੰ ਅਜਿਹੇ ਤਾਂਤਰਿਕਾਂ ਦੇ ਝੂਠੇ ਦਾਅਵਿਆਂ ’ਤੇ ਭਰੋਸਾ ਨਹੀਂ ਕਰਨਾ ਚਾਹੀਦਾ।

ਪੰਜਾਬ ਵਿੱਚ ਤਾਂਤਰਿਕ ਠੱਗੀਆਂ ਦਾ ਮੁੱਦਾ ਇੱਕ ਸਮਾਜਿਕ ਅਤੇ ਸੁਰੱਖਿਆ ਸਮੱਸਿਆ ਬਣ ਚੁੱਕਿਆ ਹੈ। ਲੁਧਿਆਣਾ ਵਰਗੀਆਂ ਘਟਨਾਵਾਂ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੀਆਂ ਹਨ ਕਿ ਅੰਧਵਿਸ਼ਵਾਸ ਦੀ ਜੜ੍ਹ ਨੂੰ ਖਤਮ ਕਰਨ ਲਈ ਸਮਾਜਿਕ ਅਤੇ ਕਾਨੂੰਨੀ ਕਦਮ ਚੁੱਕਣ ਦੀ ਜ਼ਰੂਰਤ ਹੈ। ਪੁਲਿਸ ਦੀਆਂ ਕਾਰਵਾਈਆਂ ਦੇ ਬਾਵਜੂਦ, ਜਦੋਂ ਤੱਕ ਲੋਕ ਸੁਚੇਤ ਨਹੀਂ ਹੋਣਗੇ ਅਤੇ ਸਰਕਾਰ ਸਖਤ ਕਦਮ ਨਹੀਂ ਚੁੱਕੇਗੀ, ਇਹ ਸਮੱਸਿਆ ਜਾਰੀ ਰਹੇਗੀ।

# ਪੰਜਾਬ ’ਚ ਹਾਰ-ਸ਼ਿੰਗਾਰ ਦੇ ਉਤਪਾਦਾਂ ਦਾ ਬਾਜ਼ਾਰ ਸਾਲਾਨਾ ਨੌਂ ਹਜ਼ਾਰ ਕਰੋੜ ਤੋਂ ਟੱਪਿਆ

## ਸੁੰਦਰਤਾ ਦੀ ਚਮਕ ਕਾਰਨ ਜੜ੍ਹਾਂ ਤੋਂ ਉਖੜੀਆਂ ਪੰਜਾਬਣਾਂ

## ਪੰਜਾਬ ਨੇ ਸੁੰਦਰਤਾ ਬਰਾਡਾਂ ਵਿੱਚ ਬਾਕੀ ਭਾਰਤ ਨੂੰ ਪਿੱਛੇ ਛੱਡਿਆ

ਪੰਜਾਬ ਵਿੱਚ ਹਾਰ-ਸ਼ਿੰਗਾਰ ਦੇ ਉਤਪਾਦਾਂ ਦਾ ਬਾਜ਼ਾਰ ਸਾਲਾਨਾ ਨੌਂ ਹਜ਼ਾਰ ਕਰੋੜ ਰੁਪਏ ਨੂੰ ਪਾਰ ਕਰ ਗਿਆ ਹੈ। 2017-18 ਵਿੱਚ ਜਿੱਥੇ ਇਹ ਬਾਜ਼ਾਰ 1640.40 ਕਰੋੜ ਦਾ ਸੀ, ਉੱਥੇ 2023-24 ਵਿੱਚ ਇਹ 9018.13 ਕਰੋੜ ਰੁਪਏ ਦਾ ਹੋ ਗਿਆ ਸੀ। ਸਾਢੇ ਸੱਤ ਸਾਲਾਂ ਵਿੱਚ 41,239 ਕਰੋੜ ਦਾ ਕਾਰੋਬਾਰ ਹੋ ਗਿਆ! ਇਹ ਅੰਕੜੇ ਦੱਸਦੇ ਹਨ ਕਿ ਪੰਜਾਬਣਾਂ ਦੀ ਸੁੰਦਰਤਾ ਪ੍ਰਤੀ ਰੀਝ ਨੇ ਨਵੇਂ ਰਾਹ ਖੋਲ੍ਹੇ ਹਨ। ਜ਼ਿਲ੍ਹਾ ਪਟਿਆਲਾ ਇਸ ਮਾਮਲੇ ਵਿੱਚ ਸਭ ਨੂੰ ਪਿਛੇ ਛਡਦਾ ਨਜ਼ਰ ਆਉਂਦਾ ਜਾਪਦਾ ਹੈ, ਜਿੱਥੇ ਇੱਕ ਕੌਮਾਂਤਰੀ ਬਰਾਂਡ ਨੇ ਸਿਰਫ਼ 2023-24 ਵਿੱਚ 1466.08 ਕਰੋੜ ਦਾ ਕਾਰੋਬਾਰ ਕੀਤਾ।

ਲੁਧਿਆਣਾ (479.34 ਕਰੋੜ) ਅਤੇ ਮੋਹਾਲੀ (200.08 ਕਰੋੜ) ਵੀ ਇਸ ਦੌੜ ਵਿੱਚ ਪਿੱਛੇ ਨਹੀਂ। ਪੰਜਾਬੀ ਔਰਤਾਂ, ਜਿਨ੍ਹਾਂ ਦੀ ਸੁੰਦਰਤਾ ਦੀ ਮਿਸਾਲ ਪੁਰਾਣੇ ਲੋਕ-ਗੀਤਾਂ ਵਿੱਚ ‘ਗੋਰੀਏ ਨੀ ਗੋਰੀਏ, ਤੇਰੇ ਰੂਪ ਦੀ ਚਰਚਾ’ ਵਰਗੇ ਬੋਲਾਂ ਨਾਲ ਮਿਲਦੀ ਸੀ, ਅੱਜ ਆਧੁਨਿਕ ਕਾਸਮੈਟਿਕ ਬਰਾਂਡਾਂ ਦੀਆਂ ਝੰਡੀਆਂ ਚੁੱਕੀਆਂ ਹੋਈਆਂ ਹਨ। ਲਿਪਸਟਿਕ, ਫਾਊਂਡੇਸ਼ਨ, ਆਈ-ਲਾਈਨਰ, ਤੇ ਨੇਲ ਪੌਲਿਸ਼ ਵਰਗੇ





ਉਤਪਾਦ ਹੁਣ ਪਿੰਡਾਂ ਦੇ ਬਿਊਟੀ ਸੈਲੂਨਾਂ ਤੱਕ ਪਹੁੰਚ ਗਏ ਹਨ। ਸਕੂਲਾਂ ਦੀਆਂ ਨਿੱਕੀਆਂ-ਨਿੱਕੀਆਂ ਬੱਚੀਆਂ ਵੀ ਮੇਕਅੱਪ ਦੀ ਦੁਨੀਆ ਵਿੱਚ ਗੋਤੇ ਲਾਉਂਦੀਆਂਦਿਖਦੀਆਂ ਹਨ।

ਪੰਜਾਬ ਦਾ ਸੁੰਦਰਤਾ ਬਾਜ਼ਾਰ: ਭਾਰਤ ਵਿਚੋਂ ਅੱਗੇ ਕਿਵੇਂ ?

ਭਾਰਤ ਦੁਨੀਆ ਦੇ ਕਾਸਮੈਟਿਕ ਬਾਜ਼ਾਰ ਵਿੱਚ ਚੌਥੇ ਸਥਾਨ ’ਤੇ ਹੈ, ਪਰ ਪੰਜਾਬ ਦਾ ਇਸ ਵਿੱਚ ਯੋਗਦਾਨ ਕੋਈ ਛੋਟਾ-ਮੋਟਾ ਨਹੀਂ। ਪੰਜਾਬ ਦੀ ਸੁੰਦਰਤਾ ਬਾਜ਼ਾਰ ਦੀ ਤੇਜ਼ੀ ਦੀਆਂ ਕਈ ਵਜ੍ਹਾਂ ਹਨ। ਪਹਿਲੀ, ਪੰਜਾਬ ਦੀ ਅਰਥਚਾਰੀ, ਜੋ ਖੇਤੀਬਾੜੀ ਅਤੇ ਉਦਯੋਗ ਨਾਲ ਜੁੜੀ ਹੋਈ ਹੈ, ਨੇ ਲੋਕਾਂ ਦੀ ਖਰੀਦ ਸਮਰੱਥਾ ਵਧਾਈ ਹੈ। ਦੂਜੀ, ਸੋਸ਼ਲ ਮੀਡੀਆ ਅਤੇ ਫਿਲਮੀ ਸਿਤਾਰਿਆਂ ਦੀਆਂ ਚਮਕਦੀਆਂ ਤਸਵੀਰਾਂ ਨੇ ਸੁੰਦਰਤਾ ਪ੍ਰਤੀ ਇੱਕ ਨਵਾਂ ਜਨੂੰਨ ਪੈਦਾ ਕੀਤਾ ਹੈ। ਤੀਜਾ, ਵਿਆਹਾਂ ਅਤੇ ਸਮਾਜਕ ਸਮਾਰੋਹਾਂ ਵਿੱਚ ਸੁੰਦਰਤਾ ਉਤਪਾਦਾਂ ਦੀ ਵਰਤੋਂ ਨੇ ਇਸ ਬਾਜ਼ਾਰ ਨੂੰ ਹੁੰਗਾਰਾ ਦਿੱਤਾ ਹੈ। ਪੰਜਾਬ ਵਿੱਚ 7,571 ਕਾਸਮੈਟਿਕ ਡੀਲਰ ਹਨ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ ਲੁਧਿਆਣਾ (1420), ਮੋਹਾਲੀ (1042), ਅੰਮ੍ਰਿਤਸਰ (923), ਜਲੰਧਰ (861), ਅਤੇ ਪਟਿਆਲਾ (481) ਵਿੱਚ ਹਨ। ਇਹ ਡੀਲਰ ਨਾ ਸਿਰਫ਼ ਸ਼ਹਿਰੀ ਖੇਤਰਾਂ ਵਿੱਚ, ਸਗੋਂ ਪਿੰਡਾਂ ਵਿੱਚ ਵੀ ਆਪਣੀ ਪਹੁੰਚ ਬਣਾ ਰਹੇ ਹਨ। ਪਟਿਆਲਾ ਦਾ ਬਾਜ਼ਾਰ ਸਭ ਤੋਂ ਵੱਡਾ ਹੈ, ਜਿੱਥੇ ਇੱਕ ਬਰਾਂਡ ਦਾ ਸਾਲਾਨਾ ਕਾਰੋਬਾਰ 1466.08 ਕਰੋੜ ਰੁਪਏ ਤੱਕ ਪਹੁੰਚਿਆ। ਇਹ ਅੰਕੜੇ ਦਰਸਾਉਂਦੇ ਹਨ ਕਿ ਪੰਜਾਬ ਦਾ ਸੁੰਦਰਤਾ ਬਾਜ਼ਾਰ ਬਾਕੀ ਭਾਰਤ ਦੇ ਮੁਕਾਬਲੇ ਨਾ ਸਿਰਫ਼ ਤੇਜ਼ੀ ਨਾਲ ਵਧ ਰਿਹਾ ਹੈ, ਸਗੋਂ ਕੌਮਾਂਤਰੀ ਬਰਾਂਡਾਂ ਲਈ ਵੀ ਇੱਕ ਵੱਡੀ ਮੰਡੀ ਬਣ ਗਿਆ ਹੈ।

**ਵਿਆਹਾਂ ਵਿੱਚ ਸੁੰਦਰਤਾ ਉੱਪਰ ਭਾਰੀ ਖਰਚਾ**

ਵਿਆਹਾਂ ਵਿੱਚ ਸੁੰਦਰਤਾ ਉਤਪਾਦਾਂ ਦਾ ਖਰਚਾ ਅੱਜ ਕੱਲ੍ਹ ਲੱਖਾਂ ਵਿੱਚ ਪਹੁੰਚ ਗਿਆ ਹੈ। ਇੱਕ ਔਸਤ ਪੰਜਾਬੀ ਵਿਆਹ ਵਿੱਚ ਸੁੰਦਰਤਾ ਉਤਪਾਦਾਂ ’ਤੇ 50,000 ਤੋਂ 2 ਲੱਖ ਰੁਪਏ ਤੱਕ ਖਰਚ ਕੀਤਾ ਜਾਂਦਾ ਹੈ, ਜਿਸ ਵਿੱਚ ਮੇਕਅੱਪ, ਸਕਿਨ ਕੇਅਰ, ਹੇਅਰ ਸਟਾਈਲਿੰਗ, ਅਤੇ ਨੇਲ ਆਰਟ ਸ਼ਾਮਲ ਹੁੰਦੇ ਹਨ। ਇਹ ਖਰਚਾ ਜ਼ਿਆਦਾਤਰ ਔਰਤਾਂ ਦੀ ਸੁੰਦਰਤਾ ਨਾਲ ਜੁੜਿਆ ਹੁੰਦਾ ਹੈ, ਜਿਸ ਵਿੱਚ 70% ਹਿੱਸੇਦਾਰੀ ਔਰਤਾਂ ਦੀ ਹੀ ਹੁੰਦੀ ਹੈ। ਦੁਲਹਨ ਦੀ ਤਿਆਰੀ ਦਾ ਖਰਚਾ ਇਸ ਦਾ ਸਭ ਤੋਂ ਵੱਡਾ ਹਿੱਸਾ ਹੈ। ਇੱਕ ਦੁਲਹਨ ਨੂੰ ਤਿਆਰ ਕਰਨ ਲਈ 20,000 ਤੋਂ 5 ਲੱਖ ਰੁਪਏ ਤੱਕ ਖਰਚ ਕੀਤੇ ਜਾਂਦੇ ਹਨ। ਪ੍ਰੋਫੈਸ਼ਨਲ ਮੇਕਅੱਪ ਆਰਟਿਸਟ, ਜਿਨ੍ਹਾਂ ਦੀ ਫੀਸ 10,000 ਤੋਂ 1 ਲੱਖ ਰੁਪਏ ਤੱਕ ਹੁੰਦੀ ਹੈ, ਨਾਲ ਹੀ ਜੈਵਿਕ ਅਤੇ ਆਯੁਰਵੈਦਿਕ ਉਤਪਾਦਾਂ ਦੀ ਵਰਤੋਂ, ਸਪਾ ਟਰੀਟਮੈਂਟ, ਅਤੇ ਡਿਜ਼ਾਈਨਰ ਲਹਿੰਗਿਆਂ ਦੀ ਚਮਕ-ਦਮਕ ਇਸ ਖਰਚੇ ਨੂੰ ਹੋਰ ਵਧਾਉਂਦੀ ਹੈ। ਪਟਿਆਲਾ, ਲੁਧਿਆਣਾ, ਜਲੰਧਰ, ਬਠਿੰਡਾ ਅਤੇ ਅੰਮ੍ਰਿਤਸਰ ਵਰਗੇ ਸ਼ਹਿਰਾਂ ਵਿੱਚ ਵਿਆਹਾਂ ਦੀ ਸੀਜ਼ਨ ਦੌਰਾਨ ਬਿਊਟੀ ਸੈਲੂਨਾਂ ਦੀਆਂ ਬੁਕਿੰਗਜ਼ ਮਹੀਨੇ ਪਹਿਲਾਂ ਹੀ ਪੂਰੀਆਂ ਹੋ ਜਾਂਦੀਆਂ ਹਨ ਪਰ ਇਸ ਚਮਕ-ਦਮਕ ਦੇ ਪਿੱਛੇ ਇੱਕ ਸਵਾਲ ਵੀ ਖੜ੍ਹਾ ਹੁੰਦਾ ਹੈ – ਕੀ ਇਹ ਸੁੰਦਰਤਾ ਸਾਡੇ ਸੱਭਿਆਚਾਰ ਦੀ ਸਾਦਗੀ ਨੂੰ ਢਾਹ ਲਾਉਂਦੀ ਨਹੀਂ ? ਪਹਿਲਾਂ ਵਿਆਹਾਂ ਵਿੱਚ ਫੁਲਕਾਰੀ ਵਾਲੀ ਚੁੰਨੀ, ਸੋਨੇ-ਚਾਂਦੀ ਦੇ ਗਹਿਣੇ ਅਤੇ ਘਰੇਲੂ ਨੁਸਖਿਆਂ ਨਾਲ ਸੁੰਦਰਤਾ ਨਿਖਾਰੀ ਜਾਂਦੀ ਸੀ। ਅੱਜ ਕੌਮਾਂਤਰੀ ਬਰਾਂਡਾਂ ਦੀ ਚਮਕ ਨੇ ਇਸ ਸਾਦਗੀ ਨੂੰ ਗਹਿਣੇ ਪਾ ਦਿੱਤਾ ਹੈ।

**ਸੁੰਦਰਤਾ ਉਤਪਾਦਾਂ ਦਾ ਸਿਹਤ ’ਤੇ ਅਸਰ**

ਸੁੰਦਰਤਾ ਉਤਪਾਦਾਂ ਦੀ ਵਰਤੋਂ ਨੇ ਜਿੱਥੇ ਰੂਪ ਨੂੰ ਸੰਵਾਰਿਆ ਹੈ, ਉੱਥੇ ਸਿਹਤ ਨਾਲ ਜੁੜੀਆਂ ਚਿੰਤਾਵਾਂ ਵੀ ਵਧਾਈਆਂ ਹਨ। ਕਈ ਕਾਸਮੈਟਿਕ ਉਤਪਾਦਾਂ ਵਿੱਚ ਪੈਰਾਬੇਨ, ਸਲਫੇਟ, ਅਤੇ ਸਿੰਥੈਟਿਕ ਰਸਾਇਣ ਹੁੰਦੇ ਹਨ, ਜੋ ਚਮੜੀ ’ਤੇ ਅਲਰਜੀ, ਲਾਲੀ, ਜਾਂ ਖਾਰਸ਼ ਦਾ ਕਾਰਨ ਬਣ ਸਕਦੇ ਹਨ। ਵਿਸ਼ਵ ਸਿਹਤ ਸੰਗਠਨ ਅਤੇ ਅੰਤਰਰਾਸ਼ਟਰੀ ਡਾਕਟਰੀ ਮਾਹਿਰਾਂ ਦੀਆਂ ਰਿਪੋਰਟਾਂ ਅਨੁਸਾਰ, ਲੰਬੇ ਸਮੇਂ ਤੱਕ ਅਜਿਹੇ ਉਤਪਾਦਾਂ ਦੀ ਵਰਤੋਂ ਨਾਲ ਚਮੜੀ ਦੇ ਕੈਂਸਰ, ਹਾਰਮੋਨਲ ਅਸੰਤੁਲਨ, ਅਤੇ ਫਰਟੀਲਿਟੀ ਨਾਲ ਜੁੜੀਆਂ ਸਮੱਸਿਆਵਾਂ ਦਾ ਖ਼ਤਰਾ ਵਧ ਸਕਦਾ ਹੈ। ਇਸੇ ਤਰ੍ਹਾਂ, ਭਾਰਤੀ ਡਰਮੈਟੋਲੋਜੀ ਸੁਸਾਇਟੀ ਦੀ 2024 ਦੀ ਰਿਪੋਰਟ ਵਿੱਚ ਕਿਹਾ ਗਿਆ ਕਿ 30% ਤੋਂ ਵੱਧ ਔਰਤਾਂ, ਜੋ ਨਿਯਮਤ ਤੌਰ ’ਤੇ ਹੈਵੀ ਮੇਕਅੱਪ ਦੀ ਵਰਤੋਂ ਕਰਦੀਆਂ ਹਨ, ਨੂੰ ਚਮੜੀ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

(ਬਾਕੀ ਸਫ਼ਾ 30 ’ਤੇ)

# ਜਾਗੋ ’ਚ ਤੇਲ ਮੁੱਕਿਆ, ਕੋਈ ਪਾਊਗਾ ਨਸੀਬਾਂ ਵਾਲਾ...



**ਜਸਵਿੰਦਰ ਸਿੰਘ ਰੁਪਾਲ**

ਜਾਗੋ ਸਾਡੇ ਪੰਜਾਬੀ ਸਭਿੱਆਚਾਰ ਦਾ ਇੱਕ ਮਜਬੂਤ ਅੰਗ ਹੈ, ਜੋ ਸਦੀਆਂ ਤੋਂ ਸ਼ੁਰੂ ਹੋਈ ਅੱਜ ਤੱਕ ਤੁਰੀ ਆ ਰਹੀ ਹੈ। ਉਸ ਦਾ ਰੂਪ ਅਤੇ ਭਾਵਨਾ ਬਦਲ ਗਈ ਹੈ। ਭਾਵੇਂ ਰਸਮ ਰੂਪ ਵਿੱਚ ਹੀ ਹੈ,ਪਰ ਅੱਜ ਵੀ ਇਹ ਸਾਡੇ ਦਿਲਾਂ ਵਿੱਚ ਵਸਦੀ ਹੈ ਅਤੇ ਇਸ ਤੋਂ ਬਿਨਾਂ ਕੋਈ ਵਿਆਹ ਸੰਪੂਰਨ ਨਹੀਂ ਮੰਨਿਆ ਜਾ ਸਕਦਾ। ਪਹਿਲਾਂ ਇਹ ਸਿਰਫ਼ ਮੁੰਡੇ ਦੇ ਵਿਆਹ ਤੋਂ ਇੱਕ ਦਿਨ ਪਹਿਲਾਂ ਕੱਢੀ ਜਾਂਦੀ ਸੀ ਅਤੇ ਸਿਰਫ਼ ਔਰਤਾਂ ਹੀ ਜਾਗੋ ਕੱਢਦੀਆਂ ਸਨ, ਪਰ ਹੁਣ ਇਹ ਕੁੜੀਆਂ ਦੇ ਵਿਆਹ ਵਿੱਚ ਵੀ ਕੱਢੀ ਜਾਣ ਲੱਗੀ ਹੈ ਅਤੇ ਗੱਭਰੂ ਵੀ ਇਸ ਵਿੱਚ ਸਾਮਿਲ ਹੁੰਦੇ ਹਨ।

ਇਕੱਠੇ ਹੋਏ ਰਿਸ਼ਤੇਦਾਰ ਦੇਰ ਬਾਅਦ ਮਿਲੇ ਹੁੰਦੇ ਹਨ। ਆਪਸ ਵਿੱਚ ਇੱਕ ਦੂਜੇ ਦੇ ਦੁੱਖ ਸੁੱਖ ਸਾਂਝੇ ਕਰਦੇ ਹਨ। ਪਹਿਲੇ ਸਮਿਆਂ ਵਿੱਚ ਵਿਆਹ ਦੇ ਬਹੁਤੇ ਕੰਮ ਅਤੇ ਤਿਆਰੀ ਆਪ ਹੀ ਕੀਤੀ ਜਾਂਦੀ ਸੀ। ਮਰਦਾਂ ਨੇ ਬਾਹਰਲੇ ਕੰਮ ਕਰਨੇ ਹੁੰਦੇ ਸਨ ਅਤੇ ਔਰਤਾਂ ਨੇ ਅੰਦਰੂਨੀ। ਕੁਝ ਕੰਮ ਹਲਵਾਈ ਸੰਭਾਲ ਲੈਂਦਾ ਸੀ ਜੋ ਵਿਆਹ ਤੋਂ 2-3 ਦਿਨ ਪਹਿਲਾਂ ਕੜਾਹੀ ਚੜ੍ਹਨ ਵੇਲੇ ਤੋਂ ਬੈਠਾ ਹੁੰਦਾ ਸੀ। ਸ਼ਾਮ ਨੂੰ ਕੰਮ ਦੀ ਥਕਾਵਟ ਲਾਹੁਣ ਲਈ ਵੀ ਅਤੇ ਸਾਰੇ ਪਿੰਡ ਨੂੰ ਵਿਆਹ ਬਾਰੇ ਦੱਸਣ ਲਈ ਵੀ ਜਾਗੋ ਕੱਢੀ ਜਾਂਦੀ ਸੀ..

ਇੱਕ ਘੜੇ ਦੇ ਮੂੰਹ ’ਤੇ ਕੁਝ ਆਟੇ ਦੇ ਦੀਵੇ ਰੱਖੇ ਜਾਂਦੇ ਹਨ। ਇਸ ਜਗਦੇ ਦੀਵਿਆਂ ਵਾਲੇ ਖ਼ੂਬਸੂਰਤ ਘੜੇ ਦਾ ਨਾਂ ਹੀ ਜਾਗੋ ਹੈ, ਇਹ ਵਿਆਹ ਵਾਲੇ ਮੁੰਡੇ ਦੀ ਮਾਮੀ ਦੇ ਸਿਰ ’ਤੇ ਰੱਖੀ ਹੁੰਦੀ ਹੈ। ਇਸਦੇ ਨਾਲ ਘੁੰਗਰੂ ਬੰਨ੍ਹਿਆਂ ਸੋਟਾ ਵੀ ਹੁੰਦਾ ਹੈ ਜਿਸ ’ਤੇ ਸ਼ਗਨਾਂ ਦਾ ਲਾਲ ਕੱਪੜਾ ਬੰਨ੍ਹ ਲਿਆ ਜਾਂਦਾ ਹੈ। ਇਸ ਨੂੰ ਧਰਤੀ ’ਤੇ ਬਾਰ ਬਾਰ ਪਟਕਾਉਂਦੇ ਰਹਿਣ ਨਾਲ ਇਹ ਗਿੱਧੇ ਦੀਆਂ ਬੋਲੀਆਂ ਅਤੇ ਤਾਲ ਨਾਲ,ਅੱਡੀਆਂ ਦੀ ਧਮਾਲ ਨਾਲ ਇੱਕ ਬੱਝਵਾਂ ਸੰਗੀਤ ਪੈਦਾ ਕਰਦਾ ਹੈ। ਬੋਲੀਆਂ ਤੇ ਗਿੱਧੇ ਦੀ ਧਮਾਲ ਨਾਲ ਜਾਗੋ ਵਿਆਹ ਵਾਲੇ ਘਰੋਂ ਪਿੰਡ ਵੱਲ ਚਲ ਪੈਂਦੀ ਹੈ।

ਜਾਗੋ ਕੱਢਣੀ ਮੜ੍ਹਕ ਨਾਲ ਤੁਰਨਾ, ਨੀ ਵਿਆਹ ਕਰਤਾਰੇ ਦਾ।
ਜੱਟਾ, ਜਾਗ ਬਈ, ਓ ਹੁਣ ਜਾਗੋ ਆਈ ਆ
ਚੁੱਪ ਕਰ ਬੀਬੀ ਮਸਾਂ ਸੁਆਈ ਆ, ਲੋਰੀ ਦੇ ਕੇ ਪਾਈ ਆ,
ਉਠ ਖੜੂਗੀ,ਔਖਾ ਕਰੂਗੀ,ਚੁੱਕਣੀ ਪਊਗੀ,ਜਾਗੋ ਆਈ ਆ।
ਸ਼ਾਵਾ ਬਈ ਹੁਣ ਜਾਗੋ ਆਈ ਆ।

ਹੌਲੀ ਹੌਲੀ ਬੋਲੀਆਂ ਵਿੱਚ ਤੇਜੀ ਆਉਂਦੀ ਜਾਂਦੀ ਹੈ-

ਬੱਲੇ ਨੀ ਬੰਬੀਹਾ ਬੋਲੇ, ਸ਼ਾਵਾ ਨੀ ਬੰਬੀਹਾ ਬੋਲੇ।
ਅੰਦਰ ਪਿਆ ਪਤੰਦਰ ਨੀ ਬੰਬੀਹਾ ਬੋਲੇ।

ਪਰ ਜਾਗੋ ਕਿਸੇ ਪਤੰਦਰ ਤੋਂ ਡਰਨ ਵਾਲੀ ਨਹੀਂ, ਉਹ ਤਾਂ ਸਭ ਵੱਡੇ ਅਖਵਾਉਣ ਵਾਲਿਆਂ ਨੂੰ ਲਲਕਾਰਦੀ ਹੈ-

ਏਸ ਪਿੰਡ ਦਿਓ ਪੰਚੋ ਵੇ , ਸਰਪੰਚੋ, ਲੰਬੜਦਾਰੋ, ਬਈ ਮੇਲ਼ ਆਇਆ ਚੰਦ ਕੁਰ ਦੇ,
ਜ਼ਰਾ ਹਟ ਕੇ ਪਰ੍ਹਾਂ ਨੂੰ ਲੰਘ ਜਾਇਓ,ਬਈ ਵੱਡੀ ਮਾਮੀ ਜ਼ੈਲਦਾਰਨੀ,
ਕਿਤੇ ਮਾਮੀ ਦੇ ਨਾ ਹੱਥ ਲੱਗ ਜਾਇਓ, ਬਈ ਵੱਡੀ ਮਾਮੀ ਜ਼ੈਲਦਾਰਨੀ।

ਵੱਡੀ ਮਾਮੀ, ਜਿਸ ਨੇ ਜਾਗੋ ਚੁੱਕੀ ਹੋਈ ਹੈ, ਅੱਜ ਉਹ ਸਿਰਫ਼ ਇੱਕ ਔਰਤ ਨਹੀਂ,ਅੱਜ ਉਹ ਔਰਤ ਸ਼ਕਤੀ ਦਾ ਪ੍ਰਤੀਕ ਬਣੀ ਹੋਈ ਹੈ। ਜਿਹੜੀ ਕਿਸੇ ਵੀ ਵੱਡੇ ਘਰ ਦੇ ਭਾਂਡੇ ਮੂਧੇ ਕਰ ਸਕਦੀ ਹੈ, ਮੰਜੇ ਉਲਟਾ ਸਕਦੀ ਹੈ,ਵੱਡੇ ਵੱਡੇ ਨਾਢੂ ਖਾਂ ਅਖਵਾਉਣ ਵਾਲੇ ਨੂੰ ਟਿੱਚਰ ਕਰ ਸਕਦੀ ਹੈ, ਕਿਉਂਕਿ ਉਸ ਦੇ ਨਾਲ ਕਿਰਤ-ਸ਼ਕਤੀ ਜੁੜੀ ਹੋਈ ਹੈ, ਇਸੇ ਲਈ ਉਹ ਜ਼ੈਲਦਾਰਨੀ ਹੈ, ਉਹ ਨਾਨਕੇ ਪਰਿਵਾਰ ਚੋਂ ਹੈ,ਪਰ ਦਾਦਕਿਆਂ ਦਾ ਉਸਨੂੰ ਪੂਰਾ ਸਹਿਯੋਗ ਹਾਸਲ ਹੈ। ਉਹ ਘੁੰਡ ਵਿੱਚ ਲੁਕ ਕੇ ਰਹਿਣ ਵਾਲੀ ਉਹ ਔਰਤ ਨਹੀਂ, ਜਿਸ ਤੇ ਮਰਦ ਨੇ ਸੈਂਕੜੇ ਪਾਬੰਦੀਆਂ ਲਗਾਈਆਂ ਹੋਣ,ਅੱਜ ਉਹ ਇਹਨਾਂ ਸਭ ਪਾਬੰਦੀਆਂ ਨੂੰ ਤੋੜ ਕੇ ਇੱਕ ਬਗਾਵਤ ਦਾ ਝੰਡਾ ਚੁੱਕੀ ਫਿਰਦੀ ਹੈ।

ਇਸੇ ਲਈ ਤਾਂ ਉਹ ਜਾਣ ਬੁਝ ਕੇ ਪਤਵੰਤਿਆਂ ਨੂੰ ਛੇੜਦੀ ਹੈ।

ਲੰਬੜਾ ਜੋਰੂ ਜਗਾ ਲੈ ਬਈ ਹੁਣ ਜਾਗੋ ਆਈ ਆ।........।

ਵਿੱਚੋਂ ਕੋਈ ਆਕੜ ਕੰਨੇ ਜੱਟ ਵੱਲੋਂ ਜਵਾਬ ਵੀ ਦਿੰਦੀ ਹੈ,

ਨੀ ਜਾਗੋ ਜਾਗੋ ਫਿਰੇਂ ਕਰਦੀ, ਸਾਨੂੰ ਪਤਾ ਨਹੀਂ ਕਿਸ ਨੂੰ ਬੁਲਾਉਂਦੀ, ਸੁੱਤਾ ਜੱਟ ਮਾਨ ਨਾ ਕੁੜੇ, ਕਾਹਨੂੰ ਹੱਥ ਨੀ ਭਰਿੰਡਾਂ ਨੂੰ ਤੂੰ ਪਾਉਂਦੀ, ਨੀ ਜਾਗੋ ਤੇਰੀ ਲੰਘ ਚੱਲੀ ਐ, ਕਾਹਨੂੰ ਮਾਰ ਮਾਰ ਕੂਹਣੀਆਂ ਉਠਾਉਂਦੀ ? ਪਰ, ਲਲਕਾਰਾ ਫ਼ੇਰ ਵੱਜਦਾ ਹੈ-

ਆਉਂਦੀ ਕੁੜੀਏ,ਜਾਂਦੀ ਕੁੜੀਏ,ਭਰ ਲਿਆ ਟੋਕਰਾ ਨੜਿਆਂ ਦਾ,
ਕਿੱਥੇ ਲਾਹੇਂਗੀ ??..ਕਿੱਥੇ ਲਾਹੇਂਗੀ ਨੀ ਸਾਰਾ ਪਿੰਡ ਛੜਿਆਂ ਦਾ ?
ਛੜੇ ਮਲੰਗੋ ਕੋਠੇ ਚੜ੍ਹ ਜਾਓ,ਰੰਨਾਂ ਵਾਲੇ ਅੰਦਰ ਵੜ ਜਾਓ,ਫ਼ੇਰ ਨਾ ਰੌਲਾ ਪਾਇਓ,
ਬਈ ਧੂੜ੍ਹਾਂ ਪੱਟੀ ਆਉਂਦੀ ਐ,ਨਾਨਕਿਆਂ ਦੀ ਜਾਗੋ..ਓ।
ਕੋਈ ਵੇਚੇ ਸੁੰਢ ਜਵੈਣ,ਕੋਈ ਵੇਚੇ ਰਾਈ,
ਲੰਬੜ ਆਪਣੀ ਜੋਰੂ ਵੇਚੇ,ਟਕੇ ਟਕੇ ਸਿਰ ਲਾਈ,
ਪਾਸੇ ਹਟ ਜਾਓ....ਪਾਸੇ ਹਟ ਜਾਓ ਦਾਦਕੀਓ,ਜਾਗੋ ਨਾਨਕਿਆਂ ਦੀ ਆਈ...
ਖਬਰਦਾਰ ਰਹਿਣਾ ਬਈ....ਜਾਗੋ ਰੌਲਾ ਪਾਉਂਦੀਆ ਈ.....।

ਇਸ ਸਮੇਂ ਦੌਰਾਨ ਇੱਕ ਘਰ ਤੋਂ ਦੂਜੇ ਘਰ ਚਲਣਾ ਜਾਰੀ ਰਹਿੰਦਾ ਹੈ, ਦੀਵਿਆਂ ਵਿੱਚ ਹਰ ਘਰ ਤੋਂ ਤੇਲ ਪਾਇਆ ਜਾਂਦਾ ਹੈ,ਜਿਹੜਾ ਇੱਕ ਪਾਸੇ ਤਾਂ ਸ਼ਗਨਾਂ ਦਾ ਪ੍ਰਤੀਕ ਹੈ,ਦੂਜੇ ਪਾਸੇ ਉਸ ਪਰਿਵਾਰ ਵੱਲੋਂ ਜਾਗੋ ਦੀ ਸੋਚ ਨਾਲ ਸਹਿਮਤੀ ਪ੍ਰਗਟਾਉਣਾ ਵੀ ਹੈ। ਇਸ ਸੋਚ ਵਿੱਚ, ਪਿਆਰ,ਇਤਫਾਕ,ਭਰਾਤਰੀ ਸਾਂਝ,ਜਿਸ ਵਿੱਚ ਬਿਨਾਂ ਕਿਸੇ ਊਚ-ਨੀਚ,ਰੰਗ,ਜਾਤ,ਮਜ਼ਹਬ ਦੇ ਭਿੰਨ ਭਾਵ ਤੋਂ ਸਭ ਨਾਲ ਖੁਸ਼ੀ ਸਾਂਝੀ ਕਰਨਾ ਸ਼ਾਮਲ ਹੈ । ਤਦੇ ਕਿਹਾ ਗਿਆ ਹੈ-

ਕੋਈ ਪਾਊਗਾ ਨਸੀਬਾਂ ਵਾਲਾ,ਬਈ ਜਾਗੋ ਵਿੱਚ ਤੇਲ ਮੁੱਕਿਆ।

ਜਾਗੋ ਵਿੱਚ ਸਿਰਫ਼ ਜਾਗੋ ਨਾਲ ਸੰਬੰਧਤ ਬੋਲੀਆਂ ਹੀ ਨਹੀਂ ਹੁੰਦੀਆਂ, ਸਗੋਂ ਉਹ ਬੋਲੀਆਂ ਵੀ ਪਾਈਆਂ ਜਾਂਦੀਆਂ ਹਨ,ਜਿਹੜੀਆਂ ਆਮ ਗਿੱਧੇ ਵਿੱਚ ਚਲਦੀਆਂ ਹਨ। ਥੋੜ੍ਹੀ ਥੋੜ੍ਹੀ ਦੇਰ ਬਾਅਦ ਜਾਗੋ ਰੁਕਦੀ ਹੈ,ਜਿੰਨੀ ਦੇਰ ਉਸ ਘਰ ਦੀ ਸੁਆਣੀ ਦੀਵਿਆਂ ਵਿੱਚ ਤੇਲ ਪਾਉਂਦੀ ਹੈ ਅਤੇ ਸ਼ਗਨ ਵਜੋਂ ਕੁਝ ਰੁਪਏ ਦਿੰਦੀ ਹੈ,ਉਤਨੀ ਦੇਰ ਗਿੱਧਾ ਭਰ ਜੋਬਨ ਵਿੱਚ ਜਾਰੀ ਰਹਿੰਦਾ ਹੈ। ਇਨ੍ਹਾਂ ਬੋਲੀਆਂ ਦੀ ਗਿਣਤੀ ਅਤੇ ਵੰਨ ਸੁਵੰਨਤਾ ਬੇਅੰਤ ਹੈ,ਅਸੀਂ ਇੱਥੇ ਸਿਰਫ਼ ਟੂਕ ਮਾਤਰ ਕੁਝ ਕੁ ਹੀ ਦੇ ਰਹੇ ਹਾਂ-

ਸੁਣ ਨੀ ਭਾਬੀ ਟਿੱਕੇ ਵਾਲੀਏ,ਕੀ ਜਵਾਬ ਹੈ ਤੇਰਾ,
ਨੀ ਭੈਣ ਤੇਰੀ ਨਾਲ ਵਿਆਹ ਕਰਵਾ ਕੇ ,ਬਣ ਜਾਂ ਭਣੋਈਆ ਤੇਰਾ,
ਗਿੱਧੇ ਦੇ ਵਿੱਚ ਵੜ ਕੇ ਨੀ ਤੂੰ ਦੇ ਦੇ ਸ਼ੌਕ ਦਾ ਗੇੜਾ,
ਨੀ ਦੀਵਾ ਕੀ ਕਰਨਾ,ਚਾਨਣ ਹੋ ਜਾਊ ਤੇਰਾ।
ਸੁਣ ਨੀ ਭਾਬੀ ਨੱਚਣ ਵਾਲੀਏ,ਤੇਰੇ ਤੋਂ ਕੀ ਮਹਿੰਗਾ,
ਤੇਰੇ ਮੂਹਰੇ ਥਾਨ ਸੁੱਟਿਆ,ਸੁੱਥਣ ਸਵਾ ਲਈਂ ਭਾਵੇਂ ਲਹਿੰਗਾ।
ਤਿੰਨ ਦਿਨ ਹੋਗੇ ਤਾਪ ਚੜ੍ਹੇ ਨੂੰ, ਹੂੰਗਰ ਪਵੇ ਚੁਫ਼ੇਰੇ,
ਪੇਕੇ ਤਾਂ ਮੇਰੇ ਪੈਂਦ ਸਿਰ੍ਹਾਣੇ, ਸਹੁਰੇ ਨਾ ਢੁਕਦੇ ਨੇੜੇ,
ਜੇ ਮੈਂ ਮਰਗੀ ਵੇ,ਵਿੱਚ ਬੋਲੂੰਗੀ ਤੇਰੇ।
ਕੱਲ੍ਹ ਦਾ ਆਇਆ ਮੇਲ਼ ਸੁਣੀਂਦਾ,ਸੁਰਮਾ ਸਭ ਨੇ ਪਾਇਆ,
ਬਈ ਗਹਿਣੇ ਗੱਟੇ ਸਭ ਨੂੰ ਸੋਂਹਦੇ,ਬੱਲੇ ਬੱਲੇ ਬੱਲੇ ਬੱਲੇ ਬੱਲੇ.....
ਬਈ ਗਹਿਣੇ ਗੱਟੇ ਸਭ ਨੂੰ ਸੋਂਹਦੇ,ਵਿਆਹੁੰਦੜ ਰੂਪ ਸਜਾਇਆ,
ਨੀ ਮੁੰਡੇ ਦੀ ਮਾਮੀ ਨੇ,ਗਿੱਧਾ ਖੂਬ ਸਜਾਇਆ।

ਅਖੀਰ ’ਤੇ -

ਨਾਨਕਿਆਂ ਤੇ ਦਾਦਕਿਆਂ ਨੇ,ਚਾਵਾਂ ਸੱਧਰਾਂ ਖੁਸ਼ੀਆਂ ਦੇ ਨਾਲ, ਸਾਰੇ ਪਿੰਡ ਘੁਮਾਈਆ ਬਈ ਹੁਣ ਜਾਗੋ ਆਈ ਆ।

ਅੱਜ ਦੇ ਸਮੇਂ ਵਿੱਚ ਵਿਆਹ ਮੈਰਜ ਪੈਲੇਸਾਂ ਵਿੱਚ ਹੋਣ ਲੱਗੇ ਹਨ ਅਤੇ ਜਾਗੋ ਵੀ ਵਪਾਰਕ ਅਤੇ ਆਧੁਨਿਕ ਹੋ ਗਈ ਹੈ। ਹੇਠਾਂ ਦਿੱਤੀਆਂ ਬੋਲੀਆਂ ਸਹੀ ਤਸਵੀਰ ਪੇਸ਼ ਕਰਦੀਆਂ ਹਨ, ਨਾ ਓਹ ਹੱਸੇ, ਨਾ ਓਹ ਖੁਸ਼ੀਆਂ, ਨਾ ਓਹ ਜਾਗੋ ਰਹਿ ਗਈ,ਅੱਜ ਕੱਲ੍ਹ ਜਾਗੋ ਨਵੇਂ ਸਮੇਂ ਦੀ,ਵਹਿਣਾਂ ਦੇ ਵਿੱਚ ਵਹਿ ਗਈ, ਹੁਣ ਤਾਂ ਜਾਗੋ ਟੀ.ਵੀ.ਦੀ ਇੱਕ ਆਈਟਮ ਬਣ ਕੇ ਰਹਿ ਗਈ, ਜਾਗੋ ਬਦਲ ਗਈ, ਹੁਣ ਓਹ ਨਾ ਜਾਗੋ ਰਹਿ ਗਈ,ਜਾਗੋ ਬਦਲ ਗਈ.......

ਅੰਮੀ ਕਹਿੰਦੀ ਕੌਣ ਚੁੱਕੂ ਭਾਰ, ਛੇਤੀ ਕੋਈ ਜਾਓ ਬਾਜ਼ਾਰ,
ਦੀਵੇ ਤੇਲ ਘੜਾ ਤਿਆਗੋ,ਲਾਈਟਾਂ ਵਾਲੀ ਲਿਆਓ ਜਾਗੋ,
ਹੁਣ ਚਾਈਨੀਜ਼ ਜਾਗੋ ਆਈ ਆ ,ਜਾਗੋ ਬਦਲ ਗਈ,
ਹੁਣ ਉਹ ਨਾ ਜਾਗੋ ਰਹਿ ਗਈ,ਜਾਗੋ ਬਦਲ ਗਈ........।

ਅੱਜ ਲੋੜ ਹੈ ਜਾਗੋ ਦੀ ਭਾਵਨਾ ਨੂੰ ਜਗਦੀ ਰੱਖਣ ਦੀ। ਸਿਰਫ਼ ਮੂਵੀ ਜਾਂ ਐਲਬਮ ਵਿੱਚ ਦਿਖਾਣ ਲਈ ਭਾੜੇ ਦੀ ਜਾਗੋ ਦੀ ਲੋੜ ਨਹੀਂ। ਸਾਡੇ ਅਮੀਰ ਵਿਰਸੇ ਦੀ ਅਮੀਰ ਜਾਗੋ ਵਿੱਚੋਂ ਤੇਲ ਮੁੱਕ ਰਿਹਾ ਹੈ, ਆਓ ਰਲ ਮਿਲ ਕੇ ਸਾਂਝੀਵਾਲਤਾ ਦਾ ਤੇਲ ਪਾਈਏ।

# ਕੱਢਣਾ ਰੁਮਾਲ ਦੇ ਗਿਓਂ .......

**ਜਗਤਾਰ ਲਾਡੀ**

ਪੰਜਾਬੀ ਗੀਤਾਂ ਨੇ ਹਮੇਸ਼ਾ ਹੀ ਲੋਕ-ਧਾਰਾ, ਪਰੰਪਰਾ ਅਤੇ ਸੱਭਿਆਚਾਰ ਨੂੰ ਆਪਣੀ ਸੁਰੀਲੀ ਧੁਨ ਵਿੱਚ ਪੇਸ਼ ਕੀਤਾ ਹੈ। ਇਹ ਗੀਤ ਸਾਡੀ ਮਿੱਟੀ ਦੀ ਖ਼ੁਸ਼ਬੂ, ਜਜ਼ਬਾਤ ਦਾ ਅਹਿਸਾਸ ਅਤੇ ਰਿਸ਼ਤਿਆਂ ਦੀ ਗਹਿਰਾਈ ਨੂੰ ਬਿਆਨ ਕਰਦੇ ਆਏ ਹਨ। ਇਨ੍ਹਾਂ ਵਿੱਚ ਰੁਮਾਲ ਇੱਕ ਖ਼ਾਸ ਪ੍ਰਤੀਕ ਦੇ ਰੂਪ ਵਿੱਚ ਸਾਂਝੀ ਰੂਹਾਨੀਅਤ ਅਤੇ ਪਿਆਰ ਨੂੰ ਦਰਸਾਉਂਦਾ ਹੈ। ਪ੍ਰੇਮ ਤੋਂ ਲੈ ਕੇ ਗਹਿਰੇ ਵਿਛੋੜੇ ਤੱਕ, ਪੰਜਾਬੀ ਗੀਤਾਂ ਵਿੱਚ ਰੁਮਾਲ ਦੀ ਕਹਾਣੀ ਕਈ ਰੰਗਾਂ ਵਿੱਚ ਸਾਨੂੰ ਸੁਣਨ ਨੂੰ ਮਿਲਦੀ ਹੈ।

ਪ੍ਰੇਮ ਦੀ ਹੈ ਅਣਮੁੱਲੀ ਤਸਵੀਰ

ਦੂਰਦਰਸ਼ਨ ਦੇ ਸੁਨਹਿਰੀ ਦਿਨਾਂ ਵਿੱਚ ਗਾਇਕਾ ਰੰਜਨਾ ਮੇਵੀ ਦਾ ਗਾਇਆ ਦਿਲ ਲੈ ਗਿਆ ਨੀ ਕੋਈ ਦਿਲ ਲੈ ਗਿਆ, ਸੋਹਣਾ ਸਾਵਲ ਬਲੋਚ ਡਾਚੀ ਵਾਲਾ ਰੁਮਾਲ ਦੀ ਨਿਸ਼ਾਨੀ ਦੇ ਗਿਆ ਵਰਗੇ ਗੀਤ ਸੁਣਨ ਵਾਲਿਆਂ ਦੇ ਦਿਲਾਂ ’ਚ ਵੱਖਰਾ ਹੀ ਪਿਆਰ ਜਗਾਉਂਦੇ ਸਨ। ਇਸ ਗੀਤ ਵਿੱਚ ਰੁਮਾਲ ਨੂੰ ਪ੍ਰੇਮ ਦੀ ਇੱਕ ਅਮੁੱਲੀ ਨਿਸ਼ਾਨੀ ਦੇ ਰੂਪ ਵਿੱਚ ਦਰਸਾਇਆ ਗਿਆ ਹੈ। ਪਿਆਰ ਦੀ ਸ਼ੁਰੂਆਤ ਅਤੇ ਉਸ ਦੀ ਮਿੱਠੀ ਯਾਦ ਦੀ ਇਹ ਪੇਸ਼ਕਸ਼ ਰੁਮਾਲ ਦੇ ਮਹੱਤਵ ਨੂੰ ਉਜਾਗਰ ਕਰਦੀ ਹੈ।

ਗੁਲਸ਼ਨ ਕੋਮਲ ਦੇ ਮਸ਼ਹੂਰ ਗੀਤ ਕੱਢਣਾ ਰੁਮਾਲ ਦੇ ਗਿਓਂ, ਆਪ ਬਹਿ ਗਿਓਂ ਵਲੈਤ ਵਿੱਚ ਜਾ ਕੇ ਵਿੱਚ ਰੁਮਾਲ ਪਿਆਰ ਦੇ ਅਹਿਸਾਸ ਅਤੇ ਵਿਛੋੜੇ ਦੀ ਕਹਾਣੀ ਨੂੰ ਬਿਆਨ ਕਰਦਾ ਹੈ। ਇਹ ਗੀਤ ਵਿਦੇਸ਼ਾਂ ਵਿੱਚ ਜਾ ਬੈਠੇ ਪਿਆਰਿਆਂ ਦੀ ਯਾਦ ਦਿਵਾਉਂਦਾ ਹੈ। ਇਸ ਪ੍ਰਕਾਰ ਜਿਥੇ ਰੁਮਾਲ ਪਿਆਰ ਦੀ ਨਿਸ਼ਾਨੀ ਬਣਦਾ ਹੈ ਉੱਥੇ ਹੀ ਰੁਮਾਲ ਪਿੰਡ ਤੋਂ ਪਰਦੇਸ ਤੱਕ ਦਿਲਾਂ ਦੀਆਂ ਦੂਰੀਆਂ ਨੂੰ ਪੂਰਾ ਕਰਨ ਦਾ ਇਕ ਜ਼ਰੀਆ ਵੀ ਬਣਦਾ ਆਪਣੀ ਮਹੱਤਤਾ ਨੂੰ ਬਾਖ਼ੂਬੀ ਜ਼ਾਹਿਰ ਵੀ ਕਰਦਾ ਹੈ। ਕਿਸੇ ਦੇ ਦਿਲ ਦੀਆਂ ਸੱਧਰਾਂ, ਰੀਝਾਂ ਵੀ ਇਸ ਵਿੱਚ ਸੰਮੋਈਆਂ ਮਿਲਦੀਆਂ ਹਨ।



**ਪੰਜਾਬੀ ਲੋਕ ਗੀਤਾਂ ਵਿੱਚ ਰੁਮਾਲ**

ਪੰਜਾਬੀ ਲੋਕ ਗੀਤਾਂ ਵਿੱਚ ਰੁਮਾਲ ਦਾ ਆਉਂਦਾ ਜ਼ਿਕਰ ਸਾਨੂੰ ਸਮਾਜ ਦੇ ਸੰਗੀਤਮਈ ਚਿੱਤਰ ਨੂੰ ਸਮਝਣ ਦਾ ਮੌਕਾ ਦਿੰਦਾ ਹੈ। ਜਿਵੇਂ ਰੰਜਨਾ ਮੇਵੀ ਦਾ ਗੀਤ ਪਿਆਰ ਦੀ ਨਿਸ਼ਾਨੀ ਦਰਸਾਉਂਦਾ ਹੈ, ਗੁਲਸ਼ਨ ਕੋਮਲ ਦਾ ਗੀਤ ਵਿਛੋੜੇ ਦੇ ਅਹਿਸਾਸ ਨੂੰ ਯਾਦ ਕਰਾਉਂਦਾ ਹੈ। ਇਸੇ ਤਰ੍ਹਾਂ ਦਿਲਜੀਤ ਦੁਸਾਂਝ ਦਾ ਗੀਤ ਪਿਆਰ ਦੀ ਮਿਠਾਸ ਨੂੰ ਸਮਰਪਿਤ ਹੈ। ਫਿਲਮ ਸਰਦਾਰ ਜੀ 2 ਦਾ ਦੁਸਾਂਝ ਵੱਲੋਂ ਗਾਇਆ ਗੀਤ ਗੱਭਰੂ ਦਾ ਚੈਨ ਗਿਆ, ਫਿਰੇ ਰੇਸ਼ਮੀ ਰੁਮਾਲ ਤੇਰਾ ਚੁੰਮਦਾ ਇੱਕ ਦਿਲਕਸ਼ ਉਦਾਹਰਣ ਹੈ। ਇਸ ਗੀਤ ਵਿੱਚ ਰੁਮਾਲ ਨੂੰ ਪਿਆਰ ਦੇ ਨਾਲ-ਨਾਲ ਚਾਹਤ ਦੇ ਰੂਪ ਵਜੋਂ ਵੀ ਪੇਸ਼ ਕੀਤਾ ਗਿਆ ਹੈ। ਗੱਭਰੂ ਦੀਆਂ ਬੇਕਰਾਰ ਅੱਖਾਂ ਅਤੇ ਉਸ ਦੇ ਦਿਲ ਦੀ ਹਾਲਤ ਨੂੰ ਰੁਮਾਲ ਜ਼ਰੀਏ ਬਿਆਨ ਕੀਤਾ ਗਿਆ ਹੈ। ਸਾਡੇ ਸੱਭਿਆਚਾਰ ’ਚ ਬਹੁਤ ਸਾਰੇ ਨਵੇਂ-ਪੁਰਾਣੇ ਗੀਤ, ਟੱਪੇ ਅਤੇ ਲੋਕ ਬੋਲੀਆਂ ਰੁਮਾਲ ਨੂੰ ਲੰਬੇ ਸਮੇਂ ਤੋਂ ਹੀ ਅਲੱਗ-ਅਲੱਗ ਰੰਗਾਂ ਵਿਚ ਪੇਸ਼ ਕਰ ਰਹੀਆਂ ਹਨ।


**ਜਿਉਣ ਦੀ ਜਾਚ**

ਰੁਮਾਲ, ਪੰਜਾਬੀ ਗੀਤਾਂ ਦੇ ਜਹਾਨ ਵਿੱਚ ਸਿਰਫ਼ ਸਜਾਵਟ ਨਹੀਂ, ਸਗੋਂ ਸਮਾਜਿਕ ਅਤੇ ਸੱਭਿਆਚਾਰਕ ਨਿਸ਼ਾਨੀ ਬਣ ਜਾਂਦਾ ਹੈ। ਰੁਮਾਲ ਸਾਨੂੰ ਆਪਣੀ ਜ਼ਿੰਦਗੀ ਨੂੰ ਸਾਫ਼-ਸੁਥਰਾ ਤੇ ਚੰਗੇਰਾ ਬਣਾਉਣ ਦੀ ਜਾਚ ਵੀ ਸਿਖਾਉਂਦਾ ਹੈ। ਇਹ ਸਾਨੂੰ ਕਈ ਵਾਰ ਇਹ ਅਹਿਸਾਸ ਵੀ ਕਰਵਾਉਂਦਾ ਹੈ ਕਿ ਸਾਨੂੰ ਨਿੱਕੇ ਬਣ ਕੇ ਕਿਸੇ ਦੇ ਕੰਮ ਆਉਣ ਦਾ ਗੁਰ ਸਿੱਖਣਾ ਚਾਹੀਦਾ ਹੈ ਅਤੇ ਕਿਸੇ ਦੇ ਮਦਦਗਾਰ ਬਣਨਾ ਚਾਹੀਦਾ ਹੈ।



**ਰੁਮਾਲ ਦੇ ਫ਼ਾਇਦੇ**

ਕਿਤੇ ਜਾਂਦੇ ਵਕਤ ਸਾਡੇ ਕੋਲ ਜੇਬ ਵਿੱਚ ਹੁੰਦੇ ਰੁਮਾਲ ਦੇ ਕਈ ਫ਼ਾਇਦੇ ਵੀ ਹਨ। ਜਿਥੇ ਇਹ ਸਰੀਰਕ ਸਫ਼ਾਈ ਦੇ ਕੰਮ ਆਉਂਦਾ ਹੈ ਉਥੇ ਮਿੱਟੀ ਘੱਟੇ ਤੋਂ ਵੀ ਬਚਾਉਂਦਾ ਹੈ। ਸੋ ਕਈ ਪੱਖਾਂ ਤੋਂ ਇਹ ਛੋਟਾ ਜਿਹਾ ਰੁਮਾਲ, ਜ਼ਿੰਦਗੀ ਦਾ ਮਹੱਤਵਪੂਰਨ ਹਿੱਸਾ ਹੁੰਦਾ ਹੈ।



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

## ‘ਕੇਂਦਰੀ ਸਿੱਖ ਸੰਘ’ (1919-1933)

# ਸਿੱਖ ਰਾਜਨੀਤਕ ਸੰਘਰਸ਼

ਅੰਗਰੇਜ਼ਾਂ ਅਤੇ ਸਿੱਖਾਂ ਦੀ ਦੂਸਰੀ 1849 ਦੀ ਜੰਗ ਤੋਂ ਬਾਅਦ 29 ਮਾਰਚ, 1849 ਨੂੰ ਅੰਗਰੇਜ਼ਾਂ ਦਾ ਪੰਜਾਬ ’ਤੇ ਕਬਜ਼ਾ ਹੋ ਗਿਆ। ਉਸ ਤੋਂ ਬਾਅਦ ਸਿੱਖ ਧਰਮ ਅਤੇ ਸਿਆਸਤ ਸੰਸਾਰ ਵਿੱਚ ਚਰਚਾ ਦਾ ਵਿਸ਼ਾ ਰਿਹਾ। ਸਮੇਂ-ਸਮੇਂ ਸਮਾਜ ਸੁਧਾਰ ਲਹਿਰਾਂ ਉੱਠੀਆਂ। ਮੁੱਖ ਤੌਰ ’ਤੇ ਸਿੱਖ ਮਰਯਾਦਾ ਨੂੰ ਬਹਾਲ ਕਰਨ ਲਈ ਸ੍ਰੀ ਗੁਰੂ ਸਿੰਘ ਸਭਾ ਲਹਿਰ, ਖ਼ਾਲਸਾ ਦੀਵਾਨ, ਚੀਫ਼ ਖਾਲਸਾ ਦੀਵਾਨ, ਅਕਾਲੀ ਲਹਿਰ, ਕੇਂਦਰੀ ਸਿੱਖ ਸੰਘ, ਖ਼ਾਲਸਾ ਦਰਬਾਰ, ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਆਦਿ। ਹਰੇਕ ਲਹਿਰ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਤੱਕ ਆਪਣੀ ਯਾਦ ਸ਼ਕਤੀ ਅਨੁਸਾਰ ਧਰਮ ਅਤੇ ਸਿਆਸਤ ਵਿੱਚ ਯੋਗਦਾਨ ਪਾਇਆ। ‘ਕੇਂਦਰੀ ਸਿੱਖ ਸੰਘ’ ਦਾ ਸਿੱਖ ਰਾਜਨੀਤਕ ਸੰਘਰਸ਼ ਵਿੱਚ ਮਹੱਤਵਪੂਰਨ ਸਥਾਨ ਹੈ।

ਕੇਂਦਰੀ ਸਿੱਖ ਸੰਘ ਇੱਕ ਰਾਜਨੀਤਕ ਸੰਸਥਾ ਸੀ, ਜਿਹੜੀ ਬਾਕੀ ਸਿੱਖ ਜਥੇਬੰਦੀਆਂ ਦੀ ਅਗਵਾਈ ਕਰਦੀ ਸੀ। ਇਸ ਦਾ ਆਰੰਭ 29 ਦਸੰਬਰ, 1919 ਨੂੰ ਅੰਮ੍ਰਿਤਸਰ ਵਿਖੇ ਹੋਏ ਇਜਲਾਸ ਵਿੱਚ ਹੋਇਆ। ਇਹ ਇਜਲਾਸ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਮੁਸਲਿਮ ਸੰਘ ਦੇ ਸਾਲਾਨਾ ਇਜਲਾਸ ਦੇ ਸਮਾਨਅੰਤਰ ਸੀ। ਇਸ ਇਜਲਾਸ ਵਿੱਚ ਸਰਦੂਲ ਸਿੰਘ ਕਵੀਸ਼ਰ, ਹਰਚੰਦ ਸਿੰਘ ਲਾਇਲਪੁਰੀ ਵਿੱਦਿਅਕ ਮੈਂਬਰ ਸਨ। ਪਹਿਲੇ ਪ੍ਰਧਾਨ ਸਰਦਾਰ ਬਹਾਦੁਰ ਗੱਜਣ ਸਿੰਘ ਜੋ ਜਨ ਸਧਾਰਣ ਰਾਜਨੀਤੀ ਦੀ ਨੁਮਾਇੰਦਗੀ ਕਰਦੇ ਸਨ, ਪਰ ਕਾਰਜਕਾਰਣੀ ਜਲਦੀ ਹੀ ਬਦਲ ਗਈ। ਬਾਬਾ ਖੜਕ ਸਿੰਘ ਜੀ ਇੱਕ ਰਾਸ਼ਟਰਵਾਦੀ ਸਿੰਘ ਦਾ ਚੋਣ ਅਕਤੂਬਰ 1920 ਦੇ ਲਾਹੌਰ ਇਜਲਾਸ ਵਿੱਚ ਹੋਈ। ਸੰਘ ਦੇ 21 ਜੁਲਾਈ 1921 ਦੇ ਸੰਵਿਧਾਨ ਦਾ ਉਦੇਸ਼ ਅਤੇ ਵਿਸ਼ਾਵਸਤੂ ਸੀ ਕਿ ਪੂਰਨ ਸਵਰਾਜ ਦੀ ਪੂਰਤੀ, ਭਾਵ ਦੇਸ਼ ਵਿੱਚ ਰਾਜਨੀਤਕ ਖ਼ੁਦਮੁਖ਼ਤਿਆਰੀ ਸ਼ਾਂਤਮਈ ਅਤੇ ਕਾਨੂੰਨੀ ਸੰਵਿਧਾਨਕ ਤਰੀਕਿਆਂ ਨਾਲ ਪੰਥਕ ਏਕਤਾ ਨੂੰ ਉਤਸ਼ਾਹਤ ਕਰਕੇ ਸਿੱਖਾਂ ਵਿੱਚ ਦੇਸ਼ ਭਗਤੀ ਅਤੇ ਰਾਸ਼ਟਰਵਾਦੀ ਭਾਵਨਾ ਨੂੰ ਉਜਾਗਰ ਕਰਨਾ, ਉਪਰੰਤ ਉਨ੍ਹਾਂ ਦੇ ਨੈਤਿਕ ਅਤੇ ਆਰਥਿਕ ਵਿਕਾਸ ਨੂੰ ਸੰਗਠਿਤ ਕਰਨਾ। ਮੈਂਬਰ 21 ਸਾਲਾ ਸਿੱਖ ਬਣ ਸਕਦਾ ਸੀ। ਚੰਦਾ ਚਾਰ ਆਨੇ ਮਹੀਨਾ ਸੀ। ਕਾਰਜਕਾਰਣੀ ਵਿੱਚ 101 ਮੈਂਬਰ ਸਨ ਜਿਨ੍ਹਾਂ ਵਿੱਚੋਂ 80 ਮੈਂਬਰ ਲਏ ਗਏ, ਬਾਕੀ 21 ਮੈਂਬਰ ਨਾਮਜ਼ਦ ਕੀਤੇ ਗਏ।

ਅਗਸਤ 1921 ਤੱਕ ਸੰਘ ਦੀਆਂ ਇਕਾਈਆਂ, ਅੰਮ੍ਰਿਤਸਰ, ਲਾਹੌਰ, ਗੁੱਜਰਾਂਵਾਲਾ, ਲਾਇਲਪੁਰ, ਸਿਆਲਕੋਟ, ਜੇਹਲਮ, ਫਿਰੋਜ਼ਪੁਰ, ਜਲੰਧਰ ਅਤੇ ਹੁਸ਼ਿਆਰਪੁਰ ਬਣੀਆਂ। ਸੰਘ ਨੇ ਪੰਜਾਬ ਵਿਧਾਨ ਸਭਾ ਵਿੱਚ ਸਿੱਖ ਭਾਈਚਾਰੇ ਦੀ ਮੰਗ ਕੀਤੀ। ਸਿੱਖ ਧਰਮ ਦੇ ਧਾਰਮਿਕ ਚਿੰਨ੍ਹ ‘ਕ੍ਰਿਪਾਨ’ ਪਹਿਨਣ ਦੀ ਪਾਬੰਦੀ ਹਟਾਏ ਜਾਣ ਅਤੇ ਸਿੱਖ ਧਾਰਮਿਕ ਅਸਥਾਨਾਂ ਦੇ ਸੁਧਾਰ ਦੀ ਮੰਗ ਰੱਖੀ। ਸੰਘ ਨੇ ਇੰਡੀਅਨ ਨੈਸ਼ਨਲ ਕਾਂਗਰਸ ਨਾਲ ਨੇੜਲਾ ਸੰਪਰਕ ਬਣਾਈ ਰੱਖਿਆ। ਸੰਘ ਦੇ ਦੂਸਰੇ ਇਜਲਾਸ ਵਿੱਚ ਬਾਬਾ ਖੜਕ ਸਿੰਘ ਨੇ ਸਿੱਖਾਂ ਨੂੰ ਰਾਸ਼ਟਰੀ ਨੀਤੀ ਵਿੱਚ ਹਿਸਾ ਲੈਣ ਲਈ ਕਿਹਾ। ਇੰਡੀਅਨ ਨੈਸ਼ਨਲ ਕਾਂਗਰਸ ਅਤੇ ਕੇਂਦਰੀ ਖਿਲਾਫ਼ ਕਮੇਟੀ ਦੀ ਤਰ੍ਹਾਂ ਸੰਘ ਨੇ ਵੀ ਨਾਮਿਲਵਰਤਣ ਲਹਿਰ ਦੇ ਸਹਿਯੋਗ ਵਿੱਚ ਆਪਣੇ ਸਵੈ-ਸੇਵਕ ਭੇਜਣੇ ਸ਼ੁਰੂ ਕਰ ਦਿੱਤੇ। ਸੰਘ ਨੇ ਘੋਸ਼ਣਾ ਪੱਤਰ ਜਾਰੀ ਕੀਤਾ ਕਿ ਨਾ ਮਿਲਵਰਤਣ ਲਹਿਰ ਵਿੱਚ 10,000 ਸਵੈ ਸੇਵਕ ਸਿੱਖ ਸ਼ਾਮਲ ਹੋਣ। ਇਸ ਰਾਸ਼ਟਰੀ ਲਹਿਰ ਵਿੱਚ ਕਾਂਗਰਸ ਨੇ ਕਿਹਾ ਕਿ ਕੌਮੀ ਝੰਡੇ ਦੇ ਪੀਲੇ ਰੰਗ ਵਿੱਚ ਸਿੱਖਾਂ ਦੀ ਪਛਾਣ ਨੂੰ ਸ਼ਾਮਲ ਕੀਤਾ ਜਾਵੇਗਾ।

ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਿੱਚ ਮਹੰਤ ਦੇ ਭਾੜੇ ਦੇ ਗੁੰਡਿਆਂ ਨੇ 150 ਸਿੰਘਾਂ ਦਾ ਕਤਲੇਆਮ ਕੀਤਾ। ਸੰਘ ਨੇ ਪੜਤਾਲ ਕਮੇਟੀ ਦਾ ਗਠਨ ਕੀਤਾ। ਦਰਬਾਰ ਸਾਹਿਬ, ਅੰਮ੍ਰਿਤਸਰ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਤੇ ਸਰਕਾਰ ਨੇ ਕਬਜ਼ਾ ਕਰ ਲਿਆ ਸੀ ਤਾਂ ਸੰਘ ਨੇ ਰੋਸ ਇੱਕੱਤਰਤਾਵਾਂ ਕੀਤੀਆਂ। ਸੰਨ 1923 ਵਿੱਚ ਨਾਭਾ ਦੇ ਮਹਾਰਾਜਾ ਰਿਪੂਦਮਨ ਸਿੰਘ ਨੂੰ ਸਰਕਾਰ ਨੇ ਗੱਦੀ ਛੱਡਣ ਲਈ ਮਜਬੂਰ ਕੀਤਾ। ਸੰਘ ਨੇ ਸਰਕਾਰ ਦੇ ਇਸ ਨਾਜਾਇਜ਼ ਫੈਸਲੇ ਦਾ ਵਿਰੋਧ ਕੀਤਾ। ਸੰਘ ਨੇ ਰਾਜਨੀਤੀ ਵਿੱਚ ਆਈਆਂ ਫਿਰਕੂ ਭਾਵਨਾਵਾਂ ’ਤੇ ਚਿੰਤਾ ਪ੍ਰਗਟਾਈ। ਫਿਰਕੂ ਨੁਮਾਇੰਦਗੀ ਨੂੰ ਖ਼ਤਮ ਕਰਨ ਤੇ ਜ਼ੋਰ ਦਿੱਤਾ।

10 ਅਕਤੂਬਰ, 1927 ਨੂੰ ਸੰਘ ਨੇ ਪੰਜਾਬ ਵਿਧਾਨ ਸਭਾ ਵਿੱਚ ਸਿੱਖਾਂ ਦੀ 30 ਪ੍ਰਤੀਸ਼ਤ ਨੁਮਾਇੰਦਗੀ ਦੀ ਮੰਗ ਕੀਤੀ। ਫਰਵਰੀ 1928 ਨੂੰ ਕਾਂਗਰਸ ਨੇ ਸੰਵਿਧਾਨ ਬਣਾਉਣ ਲਈ ਦਿੱਲੀ ਵਿਖੇ ਸਰਬਪਾਰਟੀ ਦੀ ਇੱਕੱਤਰਤਾ ਵਿੱਚ ਬਾਬਾ ਖੜਕ ਸਿੰਘ, ਸਰਦਾਰ ਬਹਾਦੁਰ ਮਹਿਤਾਬ ਸਿੰਘ, ਮਾਸਟਰ ਭਾਗ ਸਿੰਘ, ਗਿਆਨੀ ਸ਼ੇਰ ਸਿੰਘ, ਅਮਰ ਸਿੰਘ ਝੱਬਾਲ ਅਤੇ ਮੰਗਲ ਸਿੰਘ ਸ਼ਾਮਲ ਹੋਏ। ਮੰਗਲ ਸਿੰਘ ਜੀ ਨੂੰ ਮੋਤੀ ਲਾਲ ਨਹਿਰੂ ਦੀ ਪ੍ਰਧਾਨਗੀ ਹੇਠ ਬਣੀ ਕਮੇਟੀ ਦਾ ਮੈਂਬਰ ਨਿਯੁਕਤ ਕੀਤਾ ਗਿਆ। ਕਮੇਟੀ ਨੇ ਵਿਸਥਾਰ ਯੋਜਨਾ ਤਿਆਰ ਕੀਤੀ ਜੋ ਅਗਸਤ 1928 ਵਿੱਚ ਪ੍ਰਕਾਸ਼ਤ ਹੋਈ, ਜੋ ਨਹਿਰੂ ਰਿਪੋਰਟ ਵਜੋਂ ਜਾਣੀ ਗਈ। ਸੰਘ ਨੇ ਇਸ ਦਾ ਸਖਤ ਵਿਰੋਧ ਕੀਤਾ। ਬਾਬਾ ਖੜਕ ਸਿੰਘ ਨੇ 22 ਅਕਤੂਬਰ 1928 ਨੂੰ ਗੁੱਜਰਾਂਵਾਲਾ ਵਿਖੇ ਸੰਘ ਦੇ ਸਲਾਨਾ ਇਜਲਾਸ ਵਿੱਚ ਕਿਹਾ ਕਿ ਇਹ ਭਾਰਤ ਦੇ ਸਵੈ-ਮਾਣ ਦੇ ਖਿਲਾਫ਼ ਹੈ ਕਿ ਸੰਪੂਰਨ ਅਜ਼ਾਦੀ ਦੀ ਥਾਂ ਤੇ ਖ਼ੁਦਮੁਖ਼ਤਿਆਰੀ ਦੀ ਮੰਗ ਕੀਤੀ ਗਈ ਹੈ। ਨਹਿਰੂ ਰਿਪੋਰਟ ਨੇ ਵੱਖਰੇ ਵੋਟਰਾਂ ਨੂੰ ਸਵੀਕਾਰ ਕੇ ਫਿਰਕਾਪ੍ਰਸਤੀ ਦੀ ਨੀਂਹ ਰੱਖੀ ਹੈ। ਸੰਘ ਨੇ ਬਹੁ-ਸੰਵਿਧਾਨਕ ਖੇਤਰਾਂ ਦੇ ਨਾਲ ਸੰਯੁਕਤ ਵੋਟਰ ਪ੍ਰਣਾਲੀ ਦੀ ਵਕਾਲਤ ਕੀਤੀ।

ਜੇਕਰ ਭਾਈਚਾਰਕ ਪੱਧਰ ਤੇ ਪ੍ਰਤੀਨਿਧਤਾ ਬਣਦੀ ਹੈ ਤਾਂ ਸਿੱਖਾਂ ਨੂੰ ਵਿਧਾਨ ਸਭਾ ਵਿੱਚ 30 ਪ੍ਰਤੀਸ਼ਤ ਸੀਟਾਂ ਚਾਹੀਦੀਆਂ ਹਨ। ਇੱਕੋ ਜਿਹਾ ਅਨੁਪਾਤ ਪੰਜਾਬ ਅਤੇ ਕੇਂਦਰੀ ਵਿਧਾਨ ਸਭਾ ਵਿੱਚ ਹੋਣਾ ਚਾਹੀਦਾ ਹੈ। ਨਹਿਰੂ ਰਿਪੋਰਟ ਦੇ ਵਿਰੋਧ ਵਿੱਚ ਬਾਬਾ ਖੜਕ ਸਿੰਘ ਨੇ ਸੰਘ ਦੇ ਅਕਤੂਬਰ 1929 ਦੇ ਇਜਲਾਸ ਵਿੱਚ ਕਾਂਗਰਸ ਦੇ ਅਗਲੇ ਇਜਲਾਸ ਵਿੱਚ ਹਿਸਾ ਨਾ ਲੈਣ ਦੀ ਤਜਵੀਜ਼ ਰੱਖੀ। ਮਾਸਟਰ ਤਾਰਾ ਸਿੰਘ ਇਸ ਦੇ ਹੱਕ ਵਿੱਚ ਨਹੀਂ ਸਨ। ਮਹਾਤਮਾ ਗਾਂਧੀ ਅਤੇ ਹੋਰ ਕਾਂਗਰਸੀ ਨੇਤਾਵਾਂ ਨੇ ਵੀ ਜ਼ੋਰ ਪਾਇਆ ਕਿ ਸਿੱਖ ਕਾਂਗਰਸ ਦੇ ਇਜਲਾਸ ਤੋਂ ਵੱਖ ਨਾ ਹੋਣ। ਕਾਂਗਰਸ ਨੇ ਲਾਹੌਰ ਵਿੱਚ ਕਾਂਗਰਸ ਦੀ ਹੋਈ ਇੱਕੱਤਰਤਾ ਵਿੱਚ ਨਹਿਰੂ ਰਿਪੋਰਟ ਰੱਦ ਕਰਨ ਦਾ ਫ਼ੈਸਲਾ ਕੀਤਾ। ਕਾਂਗਰਸ ਨੇ ਭਰੋਸਾ ਦਿਵਾਇਆ ਕਿ ਸਿੱਖਾਂ ਅਤੇ ਮੁਸਲਮਾਨਾਂ ਵਿਰੁਧ ਸੰਵਿਧਾਨਕ ਫ਼ੈਸਲਾ ਨਹੀਂ ਹੋਵੇਗਾ।

ਸੰਘ ਨੇ 6 ਮਾਰਚ 1930 ਨੂੰ ਗਾਂਧੀ ਦੀ ਨਾਗਰਿਕ ਅਵੱਗਿਆ ਲਹਿਰ ਵਿੱਚ ਹਿੱਸਾ ਲਿਆ। ਮਾਸਟਰ ਤਾਰਾ ਸਿੰਘ ਜੀ ਨੂੰ ਪੇਸ਼ਾਵਰ ਤੋਂ ਗ੍ਰਿਫ਼ਤਾਰ ਕਰ ਲਿਆ ਗਿਆ। ਕਾਂਗਰਸ ਨੇ ਸੰਵਿਧਾਨ ਸੁਧਾਰਾਂ ਬਾਰੇ ਭਾਰਤੀਆਂ ਦੇ ਵਿੱਚਾਰ ਜਾਣਨ ਲਈ ਲੰਡਨ ਵਿੱਚ ਆਯੋਜਿਤ ਕੀਤੀ ਪਹਿਲੀ ਗੋਲ ਮੇਜ਼ ਕਾਨਫਰੰਸ ਦਾ ਵਿਰੋਧ ਕੀਤਾ ਸੀ। ਪਰ 5 ਮਾਰਚ, 1930 ਨੂੰ ਗਾਂਧੀ ਇਵਰਨ ਸਮਝੌਤੇ ਤੇ ਦਸਤਖ਼ਤ ਕੀਤੇ ਜਾਣ ਤੋਂ ਬਾਅਦ ਕਾਂਗਰਸ ਦੂਸਰੇ ਗੋਲ ਮੇਜ਼ ਕਾਨਫਰੰਸ ਵਿੱਚ ਹਿੱਸਾ ਲੈਣ ਲਈ ਸਹਿਮਤ ਹੋਈ। ਸਿੱਖਾਂ ਦੀਆਂ 17 ਮੰਗਾਂ ਨੂੰ ਕਾਨਫਰੰਸ ਵਿੱਚ ਮੰਗ ਪੱਤਰ ਪੇਸ਼ ਕਰਨ ਲਈ ਕਾਂਗਰਸ ਨੂੰ ਕਿਹਾ ਜੋ ਕਾਨਫਰੰਸ ਦੀ ਨੁਮਾਇੰਦਗੀ ਕਰਨ ਜਾ ਰਹੀ ਸੀ। ਜਿਸ ਵਿੱਚ ਕੌਮੀ ਸਰਕਾਰ ਦੀ ਸਥਾਪਨਾ, ਪੰਜਾਬ ਵਿੱਚ ਫਿਰਕੂ ਸੰਤੁਲਨ ਲਿਆਉਣ ਲਈ ਪੰਜਾਬ ਮੰਤਰੀ ਮੰਡਲ ਅਤੇ ਲੋਕ ਸੇਵਾ ਕਮਿਸ਼ਨ ਵਿੱਚ ਸਿੱਖਾਂ ਦੀ ਤੀਜੀ ਹਿੱਸੇਦਾਰੀ, ਬਿਨਾਂ ਸੀਟਾਂ ਦੇ ਰਾਖਵੇਂਕਰਨ ਦੇ ਸਾਂਝੇ ਵੋਟਰ, ਮੁਸਲਿਮ ਇਲਾਕਿਆਂ ਨੂੰ ਸਰਹੱਦੀ ਸੂਬੇ ਵਿੱਚ ਤਬਦੀਲ ਕਰਨਾ, ਭਾਰਤੀ ਉੱਚ ਅਤੇ ਹੇਠਲੇ ਸਦਨਾਂ ਵਿੱਚ ਸਿੱਖਾਂ ਲਈ 51 ਪ੍ਰਤੀਸ਼ਤ ਹਿੱਸਾ, ਕੇਂਦਰੀ ਮੰਤਰੀ ਮੰਡਲ ਵਿੱਚ ਘੱਟੋ ਘੱਟ ਇੱਕ ਸਿੱਖ ਨੂੰ ਸ਼ਾਮਲ ਕਰਨਾ, ਪੰਜਾਬੀ ਭਾਸ਼ਾ ਨੂੰ ਪੰਜਾਬ ਰਾਜ ਭਾਸ਼ਾ ਬਣਾਉਣਾ ਸ਼ਾਮਲ ਸੀ।

ਬ੍ਰਿਟਿਸ਼ ਸਰਕਾਰ ਵੱਲੋਂ 16 ਅਗਸਤ 1932 ਨੂੰ ਕਮਿਊਨਲ ਐਵਾਰਡ ਸਕੀਮ ਵੱਲੋਂ ਸਿੱਖਾਂ ਨੂੰ ਸਿਰਫ਼ 18.85 ਪ੍ਰਤੀਸ਼ਤ ਪ੍ਰਤੀਨਿਧਤਾ ਦਿੱਤੀ ਗਈ। ਸੰਘ ਨੇ ਇਸ ਦਾ ਸਖ਼ਤ ਵਿਰੋਧ ਕੀਤਾ। ਪੰਜਾਬ ਦੇ ਮੁਸਲਮਾਨਾਂ ਨੂੰ 50.42 ਪ੍ਰਤੀਸ਼ਤ ਸੀਟਾਂ ਦਾ ਭਰੋਸਾ ਦਿੱਤਾ ਗਿਆ। ਸੰਘ ਨੇ 24 ਜੁਲਾਈ 1932 ਨੂੰ ਲਾਹੌਰ ਵਿਖੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਤੇ ਹੋਏ ਸੰਮੇਲਨ ਵਿੱਚ ਇਸ ਪ੍ਰਸਤਾਵ ਦੇ ਵਿਰੋਧ ਵਿੱਚ 16 ਮੈਂਬਰੀ ਕਮੇਟੀ ਬਣਾਈ। ਇਸ ਕਮੇਟੀ ਨੇ ਨਵਾਂ ਸੰਗਠਨ ‘ਖ਼ਾਲਸਾ ਦਰਬਾਰ’ ਸਥਾਪਤ ਕੀਤਾ। ਸਿੱਖ ਰਾਏ ਦੇ ਸਾਰੇ ਵਰਗਾਂ ਦੀ ਨੁਮਾਇੰਦਗੀ ਕਰਦੇ ਹੋਏ ਕਮਿਊਨਲ ਐਵਾਰਡ ਸਕੀਮ ਵਿਰੁੱਧ ਚਲਾਏ ਗਏ ਅੰਦੋਲਨ ਦੀ ਅਗਵਾਈ ਕਰਨ ਲਈ 16 ਅਕਤੂਬਰ, 1933 ਨੂੰ ਕੇਂਦਰੀ ਸਿੱਖ ਸੰਘ ਅਤੇ ਖ਼ਾਲਸਾ ਦਰਬਾਰ ਦਾ ਸੰਯੁਕਤ ਇਜਲਾਸ ਹੋਇਆ, ਜਿਨ੍ਹਾਂ ਦਾ ਮੰਤਵ ਇੱਕ ਹੀ ਸੀ। ਇਸ ਦੀ ਜ਼ਿੰਮੇਵਾਰੀ ਖ਼ਾਲਸਾ ਦਰਬਾਰ ਨੂੰ ਸੌਂਪ ਦਿੱਤੀ ਗਈ। ਸੰਘ ਨੇ ਆਪਣੇ ਕਾਰਜਕਾਲ ਵਿੱਚ ਸਿੱਖ ਰਾਜਨੀਤੀ ਸੰਘਰਸ਼ ਨੂੰ ਵੱਡਾ ਹੁਲਾਰਾ ਦਿੱਤਾ।






# ਜਦੋਂ ਹੋਈ ਮੇਰੀ ਡੋਲੀ ਮਾਏ ਅੱਖੀਆਂ ਤੋਂ ਓਹਲੇ

**ਜਸਪ੍ਰੀਤ ਕੌਰ ਸੰਘਾ**

ਪੰਜਾਬੀ ਸੱਭਿਆਚਾਰ ਦਾ ਘੇਰਾ ਬਹੁਤ ਵਿਸ਼ਾਲ ਹੈ। ਇਹ ਆਪਣੇ ਅੰਦਰ ਅਨੇਕਾਂ ਰਸਮਾਂ ਤੇ ਰੀਤੀ-ਰਿਵਾਜਾਂ ਨੂੰ ਸਮੋਈ ਬੈਠਾ ਹੈ। ਸਾਡੇ ਸੱਭਿਆਚਾਰ ਵਿੱਚ ਜਨਮ ਤੋਂ ਲੈ ਕੇ ਮਰਨ ਤੱਕ ਦੇ ਸਫ਼ਰ ਨਾਲ ਸਬੰਧਿਤ ਅਨੇਕਾਂ ਰਸਮਾਂ ਤੇ ਰੀਤੀ-ਰਿਵਾਜ ਹਨ। ਜ਼ਿੰਦਗੀ ਦੇ ਸਫ਼ਰ ਦਾ ਇੱਕ ਖ਼ੂਬਸੂਰਤ ਪੜਾਅ ਹੈ ਵਿਆਹ। ਪੁਰਾਣੇ ਸਮੇਂ ਵਿੱਚ ਵਿਆਹ ਕਈ ਦਿਨ ਚੱਲਦੇ ਸਨ, ਪਰ ਵਰਤਮਾਨ ਸਮੇਂ ਵਿੱਚ ਵਿਆਹਾਂ ਦਾ ਸਰੂਪ ਬਿਲਕੁਲ ਹੀ ਬਦਲ ਗਿਆ ਹੈ। ਸਾਡੇ ਸਮਾਜ ਵਿੱਚ ਵਿਆਹ ਸਮੇਂ ਅਨੇਕਾਂ ਰਸਮਾਂ ਨਿਭਾਈਆਂ ਜਾਂਦੀਆਂ ਹਨ ਜਿਵੇਂ ਆਟੇ ਪਾਣੀ ਪਾਉਣਾ, ਵਟਣਾ ਮਲਣਾ, ਨ੍ਹਾਈ-ਧੋਈ, ਨਾਨਕ ਸ਼ੱਕ, ਜਾਗੋ, ਸਿਹਰਾਬੰਦੀ, ਸੁਰਮਾ ਪਾਉਣਾ, ਰਬਨ ਕਟਵਾਉਣਾ, ਮਿਲਣੀ ਕਰਨੀ, ਆਨੰਦ ਕਾਰਜ ਦੀ ਰਸਮ, ਡੋਲੀ ਤੋਰਨ ਦੀ ਰਸਮ ਅਤੇ ਪਾਣੀ ਵਾਰਨਾ ਆਦਿ। ਇਨ੍ਹਾਂ ਤੋਂ ਇਲਾਵਾ ਅਨੇਕਾਂ ਹੋਰ ਛੋਟੀਆਂ ਛੋਟੀਆਂ ਰਸਮਾਂ ਹਨ ਜੋ ਅਜੋਕੇ ਯੁੱਗ ਵਿੱਚ ਅਲੋਪ ਹੁੰਦੀਆਂ ਜਾ ਰਹੀਆਂ ਹਨ।

ਵਿਆਹ ਦੀਆਂ ਇਨ੍ਹਾਂ ਰਸਮਾਂ ਵਿੱਚੋਂ ਬਹੁਤ ਮਹੱਤਵਪੂਰਨ ਰਸਮ ਹੈ ਡੋਲੀ ਤੋਰਨ ਦੀ। ਜਦੋਂ ਵਿਆਹ ਦੀ ਸਮਾਪਤੀ ਤੋਂ ਬਾਅਦ ਧੀ ਦੀ ਡੋਲੀ ਤੋਰੀ ਜਾਂਦੀ ਹੈ ਤਾਂ ਘਰ ਦੀਆਂ ਕੰਧਾਂ ਵੀ ਰੋਂਦੀਆਂ ਹਨ। ਕਿੱਡਾ ਵੱਡਾ ਜਿਗਰਾ ਹੁੰਦਾ ਹੈ ਉਸ ਪਿਓ ਦਾ ਜੋ ਆਪਣੇ ਜਿਗਰ ਦਾ ਟੋਟਾ ਦੂਜੇ ਨੂੰ ਸੌਂਪ ਦਿੰਦਾ ਹੈ। ਕਿੰਨਾ ਹੌਸਲਾ ਹੁੰਦਾ ਹੈ ਉਸ ਮਾਂ ਦਾ ਜੋ ਆਪਣੀ ਲਾਡਲੀ ਧੀ ਨੂੰ ਬੇਗਾਨੇ ਹੱਥੀਂ ਸੌਂਪਦੀ ਹੈ, ਪਰ ਜੱਗ ਦੀ ਰੀਤ ਹੈ ਕਿ ਧੀਆਂ ਨੂੰ ਪਰਾਇਆ ਧਨ ਹੀ ਸਮਝਿਆ ਜਾਂਦਾ ਹੈ ਤੇ ਧੀ ਦੇ ਹੱਥ ਪੀਲੇ ਕਰਕੇ ਉਸ ਦੀ ਡੋਲੀ ਤੋਰ ਕੇ ਹੀ ਮਾਪਿਆਂ ਨੂੰ ਚੈਨ ਮਿਲਦਾ ਹੈ:

ਗਲੀਆਂ ਤੇ ਹੋਈਆਂ ਬਾਬਲ ਭੀੜੀਆਂ
ਤੇਰਾ ਆਂਗਨ ਹੋਇਆ ਪ੍ਰਦੇਸ ਵੇ ਬਾਬਲ
ਰੱਖ-ਰੱਖ ਬਾਬਲ ਘਰ ਆਪਣੇ
ਧੀ ਚੱਲੀ ਬਿਗਾਨੜੇ ਦੇਸ ਵੇ ਬਾਬਲ।

ਪੁਰਾਣੇ ਸਮੇਂ ਵਿੱਚ ਵਿਆਹ ਘਰਾਂ ਵਿੱਚ ਕੀਤੇ ਜਾਂਦੇ ਸਨ ਅਤੇ ਧੀ ਦੀ ਡੋਲੀ ਵੀ ਘਰੋਂ ਹੀ ਵਿਦਾ ਕੀਤੀ ਜਾਂਦੀ ਸੀ, ਪਰ ਹੁਣ ਵਿਆਹ ਘਰ ਦੀ ਬਜਾਏ ਮੈਰਿਜ ਪੈਲੇਸਾਂ ਵਿੱਚ ਕੀਤੇ ਜਾਂਦੇ ਹਨ ਅਤੇ ਧੀ ਦੀ ਡੋਲੀ ਵੀ ਆਮ ਤੌਰ 'ਤੇ ਮੈਰਿਜ ਪੈਲੇਸ ਵਿੱਚੋਂ ਹੀ ਵਿਦਾ ਕਰ ਦਿੱਤੀ ਜਾਂਦੀ ਹੈ। ਪਹਿਲਾਂ ਧੀ ਨੂੰ ਡੋਲੀ ਵਿੱਚ ਵਿਦਾ ਕੀਤਾ ਜਾਂਦਾ ਸੀ। ਅੱਜ ਡੋਲੀ ਦੀ ਜਗ੍ਹਾ ਕਾਰਾਂ ਨੇ ਲੈ ਲਈ ਹੈ, ਪਰ ਧੀ ਦੀ ਜੁਦਾਈ ਦੀ ਜੋ ਪੀੜ ਹੈ ਉਹ ਅੱਜ ਵੀ ਉਹੀ ਹੈ ਜੋ ਪਹਿਲਾਂ ਹੁੰਦੀ ਸੀ। ਧੀ ਦੇ ਵਿਛੋੜੇ ਦੇ ਦਰਦ ਨੂੰ ਤਾਂ ਉਹੀ ਮਹਿਸੂਸ ਕਰ ਸਕਦਾ ਹੈ ਜਿਸ ਨੇ ਹੱਥੀਂ ਧੀ ਵਿਦਾ ਕੀਤੀ ਹੋਵੇ:

ਜਦੋਂ ਹੋਈ ਮੇਰੀ ਡੋਲੀ ਮਾਏ ਅੱਖੀਆਂ ਤੋਂ ਓਹਲੇ
ਪਿੱਛੋਂ ਦੇਖ ਦੇਖ ਰੋਵੀਂ ਮੇਰੇ ਗੁੱਡੀਆਂ ਪਟੋਲੇ।

ਧੀ ਦੀ ਡੋਲੀ ਤੋਰਨ ਲਈ ਸ਼ਰੀਕੇ ਦੇ ਸਾਰੇ ਲੋਕ, ਰਿਸ਼ਤੇਦਾਰ, ਸੱਜਣ ਤੇ ਮਿੱਤਰ ਇਕੱਠੇ ਹੁੰਦੇ ਹਨ ਜੋ ਕਿ ਧੀ ਨੂੰ ਪਿਆਰ ਤੇ ਅਸੀਸਾਂ ਅਤੇ ਮਾਪਿਆਂ ਨੂੰ ਦਿਲਾਸਾ ਦਿੰਦੇ ਹਨ। ਡੋਲੀ ਤੁਰਨ ਸਮੇਂ ਸਾਕ- ਸੰਬੰਧੀਆਂ ਵੱਲੋਂ ਨਵ ਵਿਆਹੀ ਜੋੜੀ ਨੂੰ ਸ਼ਗਨ ਦਿੱਤਾ ਜਾਂਦਾ ਹੈ। ਧੀ ਦੀ ਮਾਂ ਜਾਂ ਪਰਿਵਾਰ ਦੀ ਕੋਈ ਹੋਰ ਬਜ਼ੁਰਗ ਔਰਤ ਨਵ ਵਿਆਹੀ ਜੋੜੀ ਨੂੰ ਸ਼ਗਨ ਦਿੰਦੀ ਹੈ ਅਤੇ ਉਨ੍ਹਾਂ ਦਾ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਉਂਦੀ ਹੈ। ਉਸ ਤੋਂ ਬਾਅਦ ਧੀ ਜਾਂਦੇ ਸਮੇਂ ਆਪਣੇ ਬਾਬਲ ਦੇ ਘਰ ਵਿੱਚ ਚੌਲਾਂ ਦਾ ਛਿੱਟਾ ਦਿੰਦੀ ਹੋਈ ਜਾਂਦੀ ਹੈ ਤਾਂ ਕਿ ਉਸ ਦੇ ਬਾਬਲ ਦਾ ਘਰ, ਉਸ ਦੇ ਵੀਰਾਂ ਦਾ ਸੰਸਾਰ ਉਸੇ ਤਰ੍ਹਾਂ ਹਰਿਆ- ਭਰਿਆ ਅਤੇ ਹੱਸਦਾ ਵੱਸਦਾ ਰਹੇ। ਵੀਰ ਵੀ ਡੋਲੀ ਵਾਲੀ ਕਾਰ ਨੂੰ ਧੱਕਾ ਲਾ ਕੇ ਆਪਣੀ ਲਾਡਲੀ ਭੈਣ ਨੂੰ ਵਿਦਾ ਕਰਦੇ ਹਨ। ਡੋਲੀ ਤੁਰਨ ਸਮੇਂ ਧੀ ਰੋ- ਰੋ ਕੇ ਮਾਂ ਅੱਗੇ ਉਸ ਨੂੰ ਇੱਕ ਦਿਨ ਹੋਰ ਰੱਖਣ ਲਈ ਵਾਸਤੇ ਪਾਉਂਦੀ ਹੋਈ ਆਖਦੀ ਹੈ:

ਅੱਜ ਦੀ ਦਿਹਾੜੀ ਰੱਖ ਡੋਲੀ ਨੀਂ ਮਾਂ
ਰਹਾਂ ਬਾਪ ਦੀ ਮੈਂ ਬਣ ਕੇ ਗੋਲੀ ਨੀਂ ਮਾਂ

ਇਸੇ ਤਰ੍ਹਾਂ ਧੀ ਆਪਣੇ ਬਾਬਲ ਅੱਗੇ ਫਰਿਆਦ ਕਰਦੀ ਹੈ ਕਿ ਉਹ ਉਸ ਨੂੰ ਆਪਣੇ ਘਰ ਵਿੱਚ ਰੱਖ ਲਵੇ, ਪਰ ਬਾਬਲ ਸਮਾਜਿਕ ਬੰਦਸ਼ਾਂ ਅਤੇ ਰੀਤੀ- ਰਿਵਾਜਾਂ ਤੋਂ ਮਜਬੂਰ ਧੀ ਨੂੰ ਆਪਣੇ ਘਰ ਜਾਣ ਲਈ ਆਖਦਾ ਹੈ। ਧੀ ਬਾਬਲ ਨੂੰ ਵਾਸਤਾ ਪਾਉਂਦੀ ਹੈ:

ਤੇਰੇ ਮਹਿਲਾਂ ਦੇ ਵਿੱਚ-ਵਿੱਚ ਵੇ
ਬਾਬਲ ਗੁੱਡੀਆਂ ਕੌਣ ਖੇਡੂ
ਮੇਰੀਆਂ ਖੇਡਣ ਪੋਤਰੀਆਂ
ਧੀਏ ਘਰ ਜਾ ਆਪਣੇ।

ਇਸੇ ਤਰ੍ਹਾਂ ਜਦੋਂ ਧੀ ਨੂੰ ਡੋਲੀ ਬਿਠਾਇਆ ਜਾਂਦਾ ਹੈ ਅਤੇ ਧੀ ਰੋਂਦੀ- ਕੁਰਲਾਉਂਦੀ ਹੈ ਤਾਂ ਸਾਕ- ਸਬੰਧੀ ਧੀ ਨੂੰ ਦਿਲਾਸਾ ਦਿੰਦੇ ਹਨ ਅਤੇ ਉਸ ਦੀ ਝੋਲੀ ਅਸੀਸਾਂ ਨਾਲ ਭਰ ਦਿੰਦੇ ਹਨ। ਜਿਵੇਂ ਕਿਹਾ ਜਾਂਦਾ ਹੈ:

ਨਾ ਰੋ ਬੀਬੀ ਗੌਰਜਾਂ
ਕੋਈ ਗੁੱਝੜੇ ਰੋਣੇ ਨਾ ਰੋ
ਮਾਪਿਆਂ ਡੋਲੀ ਪਾ ਦਿੱਤੀ
ਤੂੰ ਤਾਂ ਬੁੱਢ ਸੁਹਾਗਣ ਹੋ

ਇਸੇ ਤਰ੍ਹਾਂ ਕਿਹਾ ਜਾਂਦਾ ਹੈ:

ਲਾਲ ਭੈਣੇ ਤੇਰੇ ਕੱਪੜੇ
ਕਾਲੇ ਤੇਰੇ ਕੇਸ
ਮਾਪਿਆਂ ਨੇ ਡੋਲੇ ਪਾ ਦਿੱਤੀ
ਕੋਈ ਖਾਈ ਆਪਣੇ ਲੇਖ।



ਸਾਡੇ ਸਮਾਜ ਦੀ ਇੱਕ ਧਾਰਨਾ ਹੈ ਕਿ ਸਭ ਤੋਂ ਵੱਡਾ ਦਾਨ ਧੀ ਦਾ ਹੁੰਦਾ ਹੈ ਜਿਸ ਨੇ ਧੀ ਦੇ ਦਿੱਤੀ ਸਮਝੋ ਉਸ ਨੇ ਆਪਣਾ ਸਭ ਕੁਝ ਦੇ ਦਿੱਤਾ, ਪਰ ਪੈਸੇ ਦੀ ਲੋਭੀ ਦੁਨੀਆਂ ਤਾਂ ਧੀਆਂ ਦੀ ਬਜਾਏ ਧਨ-ਦੌਲਤ ਅਤੇ ਦਾਜ ਨੂੰ ਜ਼ਿਆਦਾ ਮਹੱਤਵ ਦਿੰਦੀ ਹੈ। ਧੀਆਂ ਦੇ ਮਾਪੇ ਤਾਂ ਸਾਰੀ ਉਮਰ ਮੁੰਡੇ ਵਾਲਿਆਂ ਅੱਗੇ ਝੁਕੇ ਹੀ ਰਹਿੰਦੇ ਹਨ। ਡੋਲੀ ਤੋਰਨ ਲੱਗਿਆਂ ਵੀ ਧੀ ਦਾ ਪਿਓ ਆਪਣੇ ਕੁੜਮ ਅੱਗੇ ਬੇਨਤੀ ਕਰਦਾ ਹੈ ਕਿ ਉਹ ਉਨ੍ਹਾਂ ਦੁਆਰਾ ਦਿੱਤੇ ਕੱਪੜੇ, ਗਹਿਣਿਆਂ ਦਾ ਸਤਿਕਾਰ ਕਰਨ ਅਤੇ ਉਨ੍ਹਾਂ ਦੁਆਰਾ ਦਿੱਤੀ ਤਿਲਫੁਲ ਭੇਟਾ ਨੂੰ ਸਵੀਕਾਰ ਕਰ ਲੈਣ ਅਤੇ ਉਨ੍ਹਾਂ ਦੀ ਧੀ ਨੂੰ ਸਹੁਰੇ ਪਰਿਵਾਰ ਵਿੱਚ ਪੂਰਾ ਮਾਣ ਬਖ਼ਸ਼ਣ।

ਧੀਆਂ ਤਾਂ ਅਸਲ ਵਿੱਚ ਹਨ ਹੀ ਚਿੜੀਆਂ ਜਿਨ੍ਹਾਂ ਨੇ ਇੱਕ ਨਾ ਇੱਕ ਦਿਨ ਉਡਾਰੀ ਮਾਰਨੀ ਹੀ ਹੁੰਦੀ ਹੈ। ਧੀਆਂ ਨੂੰ ਤਾਂ ਰਾਜੇ- ਰਜਵਾੜੇ ਵੀ ਘਰ ਨਹੀਂ ਰੱਖ ਸਕਦੇ। ਧੀ ਦੇ ਮਾਪਿਆਂ ਦੀ ਚਿੰਤਾ ਉਸ ਨੂੰ ਸਹੁਰੇ ਘਰ ਤੋਰ ਕੇ ਹੀ ਖਤਮ ਹੁੰਦੀ ਹੈ। ਧੀ ਭਾਵੇਂ ਕਦੇ ਵੀ ਆਪਣੇ ਬਾਬਲ ਦਾ ਘਰ ਛੱਡਣਾ ਨਹੀਂ ਚਾਹੁੰਦੀ। ਉਹ ਨਹੀਂ ਚਾਹੁੰਦੀ ਕਿ ਉਹ ਕਦੀ ਵੀ ਉਸ ਸਵਰਗ ਤੋਂ ਦੂਰ ਜਾਵੇ ਜਿੱਥੇ ਉਸ ਦਾ ਬਚਪਨ ਬੀਤਿਆ, ਜਿੱਥੇ ਉਸ ਨੂੰ ਜਵਾਨੀ ਚੜ੍ਹੀ ਹੋਵੇ ਅਤੇ ਜਿੱਥੇ ਉਸ ਨੇ ਜ਼ਿੰਦਗੀ ਦੇ ਦੁੱਖ-ਸੁੱਖ ਮਾਣੇ ਹੋਣ:

ਕਾਹਨੂੰ ਕਰਨਾ ਗੁਮਾਨ ਬਾਬਲਾ
ਵੇ ਧੀਆਂ ਪਰਦੇਸਣਾਂ
ਕਾਹਨੂੰ ਹੋਈਆਂ ਸੀ ਜਵਾਨ ਬਾਬਲਾ
ਵੇ ਧੀਆਂ ਪਰਦੇਸਣਾਂ।

ਭਾਵੇਂ ਵਰਤਮਾਨ ਸਮੇਂ ਵਿਆਹਾਂ ਦਾ ਸਰੂਪ ਬਦਲ ਗਿਆ ਹੈ, ਪਰ ਡੋਲੀ ਤੁਰਨ ਸਮੇਂ ਜੋ ਦਰਦ ਕੱਲ੍ਹ ਹੁੰਦਾ ਸੀ, ਉਹੀ ਅੱਜ ਹੁੰਦਾ ਹੈ। ਸੱਚਮੁੱਚ ਕਿੰਨਾ ਵੱਡਾ ਜਿਗਰਾ ਹੁੰਦਾ ਹੈ ਉਨ੍ਹਾਂ ਮਾਪਿਆਂ ਦਾ ਜੋ ਆਪਣੇ ਹੱਥੀਂ ਪਾਲੀਆਂ ਧੀਆਂ ਨੂੰ ਬੇਗਾਨੇ ਹੱਥੀਂ ਸੌਂਪ ਦਿੰਦੇ ਹਨ। ਸੱਚਮੁੱਚ ਕਿੰਨਾ ਵੱਡਾ ਜਿਗਰਾ ਹੁੰਦਾ ਹੈ ਇਨ੍ਹਾਂ ਮਾਸੂਮ ਕੁੜੀਆਂ- ਚਿੜੀਆਂ ਦਾ ਜੋ ਆਪਣੀ ਵਸੀ- ਵਸਾਈ ਦੁਨੀਆ ਛੱਡ ਕੇ ਇੱਕ ਨਵੀਂ ਦੁਨੀਆ ਨੂੰ ਅਪਣਾਉਂਦੀਆਂ ਹਨ ਅਤੇ ਉਸ ਦੁਨੀਆ ਨੂੰ ਸਵਰਗ ਬਣਾਉਣ ਲਈ ਆਪਣਾ ਆਪਾ ਵਾਰ ਦਿੰਦੀਆਂ ਹਨ:

ਮੇਰੀ ਡੋਲੀ ਨੂੰ ਰੱਜ ਕੇ ਵੇਖ ਨੀਂ ਮਾਂ
ਮੈਂ ਤਾਂ ਜਾਣਾ ਬਿਗਾਨੜੇ ਦੇਸ ਨੀਂ ਮਾਂ।



# ਖ਼ਤਰਨਾਕ ਹੈ ਪਤੀ-ਪਤਨੀ 'ਚ ਪਰਾਏ ਰਿਸ਼ਤੇ ਦੀ ਐਂਟਰੀ

**ਸਿਮਰਜੀਤ ਸਿੰਮੀ**

ਗੁਰਬਾਣੀ ਮਨੁੱਖ ਨੂੰ ਜੀਵਨ -ਜਾਚ ਸਿਖਾਉਂਦੀ ਹੈ। ਇਹ ਮਨੁੱਖ ਨੂੰ ਜ਼ਿੰਦਗੀ ਦੇ ਹਰ ਪਹਿਲੂ ਬਾਰੇ ਚਾਨਣਾ ਪਾਉਂਦੀ ਹੈ ਪ੍ਰੰਤੂ ਅਜੋਕੇ ਸਮੇਂ ਵਿੱਚ ਜੇਕਰ ਸਮਾਜ ਵਿੱਚ ਵਿਚਰਿਆ ਜਾਵੇ ਤਾਂ ਬੇਹੱਦ ਹੈਰਾਨੀ ਹੁੰਦੀ ਹੈ ਕਿ ਅੱਜ- ਕੱਲ੍ਹ ਲੋਕਾਂ ਦਾ ਇੱਕ- ਦੂਜੇ ਨਾਲ ਵਿੱਚ ਵਿਚਰਨਾ ਬਿਲਕੁੱਲ ਬਦਲ ਗਿਆ ਹੈ। ਲੱਗਦਾ ਜਿਵੇਂ ਕਿਸੇ ਵੀ ਰਿਸ਼ਤੇ ਦੀ ਕੋਈ ਤਵੱਜੋ ਨਹੀਂ, ਸਗੋਂ ਸਾਰਿਆਂ ਨੂੰ ਇੱਕ- ਦੂਜੇ ਨਾਲ ਥੋੜ੍ਹ -ਚਿਰੀ ਵਰਤੋਂ ਹੀ ਚੰਗੀ ਲੱਗਦੀ ਹੈ। ਸਾਰੇ ਇੱਕ- ਦੂਜੇ ਤੋਂ ਨਿੱਕੀ ਮੋਟੀ ਗੱਲ 'ਤੇ ਹੀ ਜਲਦੀ ਤੋੜ -ਵਿਛੋੜਾ ਕਰ ਲੈਂਦੇ ਹਨ, ਜੋ ਕਿ ਸਮਾਜ 'ਤੇ ਵਧੀਆ ਪ੍ਰਭਾਵ ਨਹੀਂ ਪਾਉਂਦਾ।

ਭਾਵੇਂ ਕਿ ਸਾਰਾ ਕੁੱਝ ਇਸ ਨਿੱਕੀ ਜਿਹੀ ਡਿਵਾਈਸ ਭਾਵ ਮੋਬਾਈਲ ਸਦਕਾ ਹੀ ਹੋਇਆ ਹੈ, ਕਿਉਂਕਿ ਹੁਣ ਲੋਕ ਇਸ ਦੀ ਵਰਤੋਂ ਨਹੀਂ ਕਰ ਰਹੇ ਸਗੋਂ ਇਹ ਉਹਨਾਂ ਨੂੰ ਵਰਤ ਰਿਹਾ ਹੈ। ਕਾਢ ਤਾਂ ਜ਼ਿੰਦਗੀ ਨੂੰ ਸੌਖਾ ਕਰਨ ਲਈ ਸੀ , ਪਰ ਅਸੀਂ ਗ਼ਲਤ ਵਰਤੋਂ ਕਰਕੇ ਆਪਣੇ -ਆਪ ਹੀ ਜੀਵਨ ਔਖ਼ਾ ਕਰ ਲਿਆ। ਇਸ ਦੀ ਅਜੋਕੀ ਦੁਰ -ਵਰਤੋਂ ਬਹੁਤ ਹੀ ਜਿਆਦਾ ਦੁੱਖਦਾਈ ਹੈ, ਇਸ 'ਤੇ ਸਰੀਰਕ -ਮਾਨਸਿਕ ਤਾਂ ਮਾੜੇ ਪ੍ਰਭਾਵ ਹਨ ਹੀ ਜਿਨ੍ਹਾਂ ਤੋਂ ਹਰ ਕੋਈ ਭਲੀ -ਭਾਂਤ ਜਾਣੂ ਹੈ ਪਰ ਸਮਾਜਿਕ ਹੁੰਦੇ ਮਾੜੇ ਪ੍ਰਭਾਵ ਤੋਂ ਵੀ ਜਾਣੂ ਹੋਣਾ ਬਹੁਤ ਜ਼ਰੂਰੀ ਹੈ।

ਇਸ ਨਾਲ਼ ਪਰਿਵਾਰ ਦਾ ਹਰੇਕ ਰਿਸ਼ਤਾ ਪ੍ਰਭਾਵਿਤ ਹੋਇਆ, ਭਾਵੇਂ ਉਹ ਮਾਤਾ -ਪਿਤਾ ,ਭੈਣ-ਭਰਾ ਬੱਚੇ ਜਾਂ ਪਤੀ- ਪਤਨੀ ਹੋਣ।

ਜੇ ਸੋਚਿਆ ਜਾਵੇ ਤਾਂ ਸਾਰੇ ਰਿਸ਼ਤਿਆਂ ਦੀ ਜੜ੍ਹ ਪਤੀ- ਪਤਨੀ ਦਾ ਰਿਸ਼ਤਾ ਸਭ ਤੋਂ ਵਧੇਰੇ ਪ੍ਰਭਾਵਿਤ ਹੋਇਆ ਹੈ। ਜਿਸ ਨਾਲ਼ ਤਾਂ ਸਾਰਾ ਪਰਿਵਾਰ ਹੀ ਹਿੱਲ ਜਾਂਦਾ ।

ਪਤਾ ਨਹੀਂ ਕਿਉਂ ਉਮਰ ਵਧਣ ਦੇ ਨਾਲ਼ ਤਜਰਬੇ ਹੋਣ 'ਤੇ ਜਿਹੜੇ ਰਿਸ਼ਤੇ ਨੂੰ ਹੋਰ ਮਜ਼ਬੂਤ ਹੋਣਾ ਚਾਹੀਦਾ ਸੀ,ਉਹ ਏਨਾ ਕਮਜ਼ੋਰ ਕਿਵੇਂ ਹੋ ਜਾਂਦਾ ?

ਅੱਜ ਕੱਲ੍ਹ ਤਾਂ ਬਹੁਤ ਹੀ ਗਲਤ ਸਿਸਟਮ ਚੱਲ ਪਿਆ ਹੈ ਜੋ ਕਿ ਸਾਡੀ ਸੱਭਿਆਚਾਰ ਅਤੇ ਅਮੀਰ ਵਿਰਸੇ ਨੂੰ ਹੀ ਕਲੰਕਿਤ ਕਰ ਰਿਹਾ। ਸਾਡਾ ਸਮਾਜ ਭਾਵੇਂ ਕਿੰਨਾ ਵੀ ਅਗਾਂਹ- ਵਧੂ ਕਿਉਂ ਨਾ ਕਹਿਲਾਉਣ ਲੱਗ ਪਵੇ, ਇਸ ਤਰ੍ਹਾਂ ਦੇ ਰਿਸ਼ਤਿਆਂ ਨੂੰ ਕਦੇ ਪ੍ਰਵਾਨ ਨਹੀਂ ਕਰਦਾ। ਉਹ ਵੱਖਰੀ ਗੱਲ ਹੈ ਕਿ ਹੁਣ ਕੋਈ ਵੀ ਕਿਸੇ ਦੀ ਜ਼ਿੰਦਗੀ ਵਿੱਚ ਦਖਲਅੰਦਾਜ਼ੀ ਨਹੀਂ ਕਰਨਾ ਚਾਹੁੰਦਾ ਤੇ ਨਾ ਹੀ ਕੋਈ ਕਿਸੇ ਨਾਲ ਬਿਨ੍ਹਾਂ ਮਤਲਬ ਤੋਂ ਵਰਤਣਾ ਚਾਹੁੰਦਾ । ਸਗੋਂ ਸਾਰੇ ਸੋਚਦੇ ਹਨ ਕਿ 'ਜਿਸ ਦੀਆਂ ਅੱਖਾਂ ਦੁਖਣਗੀਆਂ ਉਹ ਆਪੇ ਪੱਟੀ ਬਨੂੰ ।' ਪਰ ਕਈ ਵਾਰ ਵਖ਼ਤ ਅਜਿਹੇ ਜਖਮਾਂ 'ਤੇ ਪੱਟੀਆਂ ਬੰਨ੍ਹਣ ਦਾ ਸਮਾਂ ਵੀ ਨਹੀਂ ਦਿੰਦਾ।

ਪਤੀ- ਪਤਨੀ ਦੋਹਾਂ ਲਈ ਬੇਹੱਦ ਸ਼ਰਮਨਾਕ ਗੱਲ ਹੁੰਦੀ ਹੈ ਕਿ ਉਹ ਬਾਹਰ ਇੱਕ ਨਵਾਂ ਰਿਸ਼ਤਾ ਸਿਰਜਣ, ਜੋ ਕਿ ਬਿਲਕੁੱਲ ਵੀ ਕਿਸੇ ਪਿਆਰ- ਪਿਓਰ ਤੇ ਅਧਾਰਿਤ ਨਹੀਂ ਹੁੰਦਾ। ਸਗੋਂ ਨਵੀਆਂ ਸਮੱਸਿਆਵਾਂ ਦੀ ਨੀਂਹ ਹੁੰਦਾ। ਅਜਿਹੇ ਨਵੇਂ ਬਣਾਏ ਰਿਸ਼ਤੇ ਦੂਸਰੇ ਅਪਣੱਤ ਭਰੇ ਰਿਸ਼ਤਿਆਂ ਦਾ ਵੀ ਘਾਣ ਕਰ ਦਿੰਦੇ ਹਨ। ਇਹ ਦੂਸਰੇ ਰਿਸ਼ਤਿਆਂ 'ਤੇ ਬਹੁਤ ਹੀ ਮਾੜੇ ਪ੍ਰਭਾਵ ਪਾਉਂਦੇ ਹਨ। ਜਿਸ ਦਾ ਕਿ ਅਜਿਹਾ ਕਰਨ ਵਾਲੇ ਨੂੰ ਅੰਦਾਜ਼ਾ ਵੀ ਨਹੀਂ ਹੁੰਦਾ, ਕਿਉਂਕਿ ਉਹ ਆਪਣੇ ਆਪ ਨੂੰ ਬਹੁਤ ਸ਼ਾਤਰ ਦਿਮਾਗ ਸਮਝਦਾ ਹੈ। ਉਸਨੂੰ ਲੱਗਦਾ ਹੈ ਕਿ ਕਿਹੜਾ ਕਿਸੇ ਨੂੰ ਪਤਾ ਲੱਗਣਾ ?

ਤੁਹਾਡੇ ਇਸ ਤਰ੍ਹਾਂ ਕਰਨ ਨਾਲ਼ ਹੋਰ ਕਿਸੇ ਨੂੰ ਕੋਈ ਫ਼ਰਕ ਨਹੀਂ ਪੈਂਦਾ ਪ੍ਰੰਤੂ ਤੁਹਾਡੇ ਨਜ਼ਦੀਕੀ ਨੂੰ ਇਸ ਦਾ ਬੇਹੱਦ ਫ਼ਰਕ ਪੈਂਦਾ।

ਉਸ ਦੀਆਂ ਭਾਵਨਾਵਾਂ ਮਰ ਹੀ ਜਾਂਦੀਆਂ ਹਨ,ਉਸ ਨੂੰ ਆਪਣੇ ਜਿਉਣ ਦਾ ਮਕਸਦ ਹੀ ਨਹੀਂ ਸਮਝ ਆਉਂਦਾ। ਉਹ ਵਿਚਾਰਾ ਜਾਂ ਵਿਚਾਰੀ ਇਸ ਕਦਰ ਟੁੱਟ ਜਾਂਦੇ ਹਨ ਕਿ ਕੋਈ ਤਾਂ ਧੋਖਾ ਖਾ ਕੇ ਦੁਬਾਰਾ ਜੁੜਨ ਦੀ ਹਿੰਮਤ ਹੀ ਨਹੀਂ ਕਰ ਪਾਉਂਦੇਤੇ ਸੰਸਾਰ ਛੱਡ ਕੇ ਚਲੇ ਜਾਂਦੇ ਹਨ,



ਜਿਹੜੇ ਹਿੰਮਤ ਕਰ ਲੈਂਦੇ ਹਨ ਉਹਨਾਂ ਦੇ ਰਿਸ਼ਤਿਆਂ ਵਿੱਚ ਗੰਢ ਪੈ ਜਾਂਦੀ ਹੈ। ਜਿਹੜੀ ਸਾਰੀ ਜਿੰਦਗੀ ਰੜਕਦੀ ਰਹਿੰਦੀ ਹੈ।

ਸੋਚਣਾ ਚਾਹੀਦਾ ਕਿ ਇਨ੍ਹਾਂ ਹਰਕਤਾਂ ਦਾ ਅਸਰ ਤੁਹਾਡੇ ਬੱਚਿਆਂ ਤੇ ਜ਼ਰੂਰ ਪੈਂਦਾ। ਉਹ ਬੇਕਸੂਰ ਹੋ ਕੇ ਵੀ ਕਸੂਰਵਾਰ ਹੋ ਜਾਂਦੇ ਹਨ। ਉਹਨਾਂ ਨੂੰ ਆਪਣੇ ਮਾਪਿਆਂ ਦੀਆਂ ਜਿਹੀਆਂ ਕਰਤੂਤਾਂ ਦਾ ਪਤਾ ਲੱਗਦਾ ਹੈ ਤਾਂ ਉਹ ਅੰਤਹਿਕਰਨ ਤੱਕ ਦੁਖੀ ਹੁੰਦੇ ਹਨ। ਸਾਰੀ ਉਮਰ ਉਹ ਇਨਸਾਨ ਨੂੰ ਨਫ਼ਰਤ ਦਾ ਪਾਤਰ ਹੀ ਸਮਝਦੇ ਹਨ। ਅਜਿਹੇ ਮਾਪਿਆਂ ਦੇ ਬੱਚੇ ਵੀ ਜ਼ਿੰਦਗੀ ਆਪਣੀ ਜ਼ਿੰਦਗੀ ਨਾਲ ਕਦੇ ਸਾਵੇ -ਪੱਧਰੇ ਨਹੀਂ ਹੋ ਸਕਦੇ । ਕਈ ਵਾਰ ਇੱਕ ਦੀ ਕੀਤੀ ਗ਼ਲਤੀ ਕਾਰਨ ਦੂਸਰਾ ਵੀ ਗੁਮਰਾਹ ਹੋ ਕੇ ਉਹੀ ਗ਼ਲਤੀ ਕਰਨ ਬਾਰੇ ਸੋਚ ਲੈਂਦਾ , ਫਿਰ ਅਜਿਹੀ ਦਲਦਲ ਵਿੱਚ ਦੋਵੇਂ ਬੁਰੀ ਤਰ੍ਹਾਂ ਫ਼ਸ ਜਾਂਦੇ ਹਨ। ਜਿੱਥੋਂ ਨਿਕਲਣਾ ਨਾ ਮੁਮਕਿਨ ਹੁੰਦਾ। ਅਜਿਹੇ ਪਰਿਵਾਰਾਂ ਲਈ ਜ਼ਿੰਦਗੀ ਧਰਤੀ ਉੱਤੇ ਹੀ ਨਰਕ ਵਾਂਗਰ ਬਤੀਤ ਹੁੰਦੀ ਹੈ।

ਕੀ ਲਾਭ ਅਜਿਹੇ ਦੁਰਾਚਾਰ ਕਰਨ ਦਾ ? ਕਾਸ਼ ਤੁਸੀਂ ਉਹੀ ਸਮਾਂ ਆਪਣੇ ਪਰਿਵਾਰ ਨੂੰ ਦੇ ਕੇ ਵੇਖੋ ਜਿਹੜੀਆਂ ਤਰੀਫਾਂ ਦੇ ਪੁੱਲ ਬਾਹਰ ਬੰਨ੍ਹ ਦੇ ਥੱਕਦੇ । ਉਹ ਆਪਣੇ ਲਾਈਫ਼ -ਪਾਟਨਰ ਨਾਲ਼ ਕਰਕੇ ਤਾਂ ਵੇਖੋ। ਸਭ ਤੋਂ ਵੱਡੀ ਗੱਲ ਲਾਵਾਂ -ਫੇਰਿਆਂ ਦੀ ਅਹਿਮੀਅਤ ਸਮਝੋ।

ਬਾਹਰ ਜਿੰਨਾ ਮਰਜ਼ੀ ਭੱਜ ਲਓ , ਕੋਈ ਲਾਭ ਨਹੀਂ। ਹੁਣ ਅਜਿਹੇ ਰਿਸ਼ਤੇ ਬਣਾਉਣੇ ਫ਼ੋਨ ਕਰਕੇ ਬਹੁਤ ਸੌਖੇ ਹਨ । ਜਿੰਨੇ ਮਰਜ਼ੀ ਬਣਾ ਲਓ। ਪ੍ਰੰਤੂ ਪਰਿਵਾਰ ਤੋਂ ਵੱਧ ਕੇ ਤੁਹਾਡੇ ਨੇੜੇ ਕੋਈ ਨਹੀਂ ਹੋ ਸਕਦਾ। ਕੋਸ਼ਿਸ਼ ਕਰੋ ਕਿ ਜੇਕਰ ਕੋਈ ਮਨ ਮਿਟਾ ਹੋਇਆ ਤਾਂ ਘਰ ਬੈਠ ਕੇ ਹੀ ਦੂਰ ਕਰ ਲਿਆ ਜਾਵੇ ,ਨਾ ਕਿ ਅਜਿਹੀਆਂ ਨਵੀਆਂ ਮੁਸੀਬਤਾਂ ਖੜ੍ਹੀਆਂ ਕਰੀਆਂ ਲਈਆਂ ਜਾਣ। ਜਿਨਾਂ ਵਿੱਚ ਤੁਹਾਡਾ ਕੋਈ ਸਾਥੀ ਨਹੀਂ ਰਹਿ ਜਾਂਦਾ। ਵੈਸੇ ਵੀ ਸਾਡੇ ਗੁਰੂਆਂ -ਪੀਰਾਂ ਦੇ ਉਪਦੇਸ਼ ਨੂੰ ਮੰਨਣਾ ਚਾਹੀਦਾ ਕਿ ਅਜਿਹਾ ਕੰਮ ਕਰਨ ਵਾਲੇ ਲੋਕ ਕਮਜਾਤਿ ਬਰਾਬਰ ਹਨ। ਭਲੇ ਲੋਕ ਬਣੋ, ਆਪਣੇ ਪਰਿਵਾਰ ਅਤੇ ਸਮਾਜ ਲਈ ਚੰਗੇ ਸਹਾਇਕ ਬਣੋ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035

ਕਹਾਣੀ

ਜੋਗੇ ਭੰਗਲ

# ਲੋਹੇ ਨੂੰ ਲੋਹਾ ਕੱਟਦਾ



ਮੈਂ ਇੱਕ ਵਾਰ ਸ਼ਾਮ ਨੂੰ, ਆਪਣੇ ਮੁੱਖ ਦਫ਼ਤਰ ਦਾ ਕੰਮ ਮੁਕਾ ਕੇ, ਚੰਡੀਗੜ੍ਹੋਂ ਆਪਣੇ ਸ਼ਹਿਰ ਦੀ ਬੱਸ ਫੜੀ। ਮੇਰਾ ਇੱਕ ਵਾਕਫ਼, ਮਾਸਟਰ-ਯੂਨੀਅਨ ਦਾ ਪ੍ਰਧਾਨ ਵੀ ਨਾਲ਼। ਜਿਸ ਬੱਸੇ ਅਸੀਂ ਚੜ੍ਹੇ, ਉਹ ਅੱਧੀ ਕੁ ਭਰੀ ਹੋਈ। ਅਸੀਂ ਦੋਵੇਂ ਬੱਸ ਦੇ ਵਿਚਕਾਰ ਦੀ, ਤਿੰਨਾਂ ਵਾਲ਼ੀ ਸੀਟ 'ਤੇ ਬਹਿ ਗਏ। ਵਿਚਕਾਰ ਮੈਂ ਬੈਠਾ, ਖੂੰਜੇ 'ਚ ਇੱਕ ਕੁੜੀ। ਉਹ ਨੇ ਬੈਠਦਿਆਂ ਹੀ ਮੈਨੂੰ ਘੂਰ ਦਿੱਤਾ। ਭਾਈ ਸਾਬ੍ਹ! ਪਰੇ ਹੋ ਕੇ ਰਹੋ, ਮੈਨੂੰ ਟੱਚ ਨਈਂ ਕਰਨੇ ਚਾਈਦੇ। ਮੈਂ ਤਾਂ ਸੁਣ ਕੇ ਨੁੱਚੜੇ ਕੱਪੜੇ ਵਾਂਗ ਸੁੰਘੜ ਗਿਆ। ਦੇਖਦਿਆਂ ਹੀ ਦੇਖਦਿਆਂ ਬੱਸ ਭਰ ਗਈ।

ਪ੍ਰਧਾਨ ਹੱਸ ਪਿਆ- ਆ ਜਾ ਭਰਾਵਾ, ਉੱਠ ਖੜ੍ਹ, ਸਭ ਤੋਂ ਪਿਛਲੀ ਸੀਟ ਅਜੇ ਖਾਲੀ......। ਮੈਂ ਵੀ ਉੱਠਣ ਲੱਗਿਆਂ ਦੂਜੀ ਵਾਰ ਨਾ ਸੋਚਿਆ। ਪਿਛਲੇ ਸਮੇਂ ਦੌਰਾਨ ਹੋਈਆਂ, ਬਲਾਤਕਾਰ ਕੇਸਾਂ ਦੀਆਂ ਸਜ਼ਾਵਾਂ ਵੀ ਮੇਰੇ ਅੱਗੇ ਘੁੰਮੀ ਜਾਣ। ਮੈਨੂੰ ਆਪਣਾ-ਆਪ ਹੀ ਬਲਾਤਕਾਰੀ ਲੱਗਣ ਲੱਗ ਪਿਆ। ਮੈਂਖਿਆ ਹੋਰ ਨਾ ਕਿਤੇ ਉਨ੍ਹਾਂ ਕੇਸਾਂ ਨਾਲ਼ ਜੋੜ ਕੇ......। ਪਿੱਛੇ ਬੈਠੇ-ਬੈਠੇ, ਦੋ ਪੰਜਾਬ ਪੁਲਿਸ ਵਾਲ਼ੀਆਂ ਬੀਬੀਆਂ, ਬਿਨਾਂ ਜਕ-ਜਕਾ ਦੇ ਨਾਲ਼ ਆ ਬੈਠੀਆਂ। ਪ੍ਰਧਾਨ ਉਨ੍ਹਾਂ ਵਾਲ਼ੇ ਪਾਸੇ। ਉਹਨੇ ਪੈੱਗ ਲਾਇਆ ਹੋਇਆ। ਤਾਂ ਇੱਕ ਪੁਲਸ ਵਾਲ਼ੀ ਭੜਕ ਪਈ। 'ਓ ਭਾਈ ਸਾਬ੍ਹ! ਉੱਠੋ ਇੱਥੋਂ ਛੇਤੀ, ਕਿਤੇ ਹੋਰ ਬੈਠੋ।' ਪ੍ਰਧਾਨ ਨੇ ਉਹਨੂੰ ਬੜੇ ਪਿਆਰ ਨਾਲ਼ ਕਿਹਾ ਕਿ ਮੈਂ ਥੁਆਨੂੰ ਕਿਹਾ ਤਾਂ ਕੁਛ ਨਈਂ। ਅਖੇ ਕਿਹਾ ਚਾਹੇ ਨਈਂ ਕਿਹਾ, ਮੈਂ ਤੈਨੂੰ ਉੱਠਣ ਨੂੰ ਕਿਹਾ, ਬੈਂਸੁਣ ਨੂੰ ਨਈਂ। ਫਟਾਫਟ ਕਰੋ, ਵਰਨਾ.....। ਵਰਨਾ ਕਹਿਣ ਦੀ ਦੇਰ, ਮੈਂ ਪ੍ਰਧਾਨ ਨੂੰ ਬਾਹੋਂ ਫੜਿਆ, ਮੈਂਖਿਆ ਉੱਠ ਯਾਰ। ਉਹ ਅਜੇ ਅੜੇ। ਉਹ ਸ਼ੈਦ ਸੋਚੇ ਪਈ ਮੈਂ ਯੂਨੀਅਨ ਦਾ ਪ੍ਰਧਾਨ.....। ਮੈਂ ਸੋਚਾਂ ਕਿ ਇੱਥੇ ਪ੍ਰਧਾਨਗੀਆਂ-ਪ੍ਰਧੂਨਗੀਆਂ ਸਭ ਭਾਂਡੇ 'ਚ ਵੜ ਜਾਣੀਆਂ।

ਉਹ ਜੇ-ਜਕਾਂ 'ਚ ਪਿਆ ਮੈਨੂੰ ਪੈ ਗਿਆ। ਅਖੇ ਨਈਂ ਯਾਰ, ਸਾਡੀਆਂ ਕੁੜੀਆਂ ਵਰਗੀਆਂ, ਕੁਛ ਕਿਹਾ ਨਾ, ਲੈਣ ਨਾ ਦੇਣ ਨਾ, ਇੱਦਾਂ-ਕਿੱਦਾਂ.....। ਮੰਨਿਆ ਕਿ ਮੈਂ ਪੀਤੀ ਆ ਪਰ ਮੈਂ ਪੂਰੇ ਹੋਸ਼ 'ਚ ....। ਕੋਈ ਐਸੀ-ਵੈਸੀ ਹਰਕਤ ਨਾ....। ਜਦ ਨੂੰ ਮੇਰੇ ਦਿਮਾਗ 'ਚ ਇੱਕ ਹੋਰ ਘਟਨਾ ਘੁੰਮਣੀ ਸ਼ੁਰੂ ਹੋ ਗਈ, ਜੋ ਮੈਨੂੰ ਟਿਕਾ ਨਾ ਲੈਣ ਦੇਵੇ।.....ਕਿਸੇ ਹੋਰ ਦਿਨ, ਮੈਂ ਆਪਣੇ ਦਫ਼ਤਰੀ ਕੰਮ ਚੰਡੀਗੜ੍ਹ ਗਿਆ। ਅੱਡੇ ਉੱਤਰ ਕੇ 'ਗਾਂਹ ਜਾਣ ਲਈ, ਮੈਂ ਲੋਕਲ ਬਸ ਫੜੀ। ਉਹਦੇ 'ਚ ਭੀੜ ਬੜੀ। ਮੇਰੇ ਨਾਲ ਇੱਕ ਸਰਦਾਰ ਖੜ੍ਹਾ, ਉਹਦੇ ਪਿੱਛੇ ਮੈਂ। ਅੱਗੇ ਇੱਕ ਅੱਧਖੜ੍ਹ ਉਮਰ ਦੀ ਜ਼ਨਾਨੀ, ਨਾਲ਼ ਉਹਦੇ ਇੱਕ ਕੁੜੀ ਖੜ੍ਹੀ। ਜ਼ਨਾਨੀ ਸਰਦਾਰ ਨੂੰ ਅੱਖਾਂ ਕੱਢ ਕੇ ਕਹਿੰਦੀ- ਜਰਾ ਕੁੜੀ ਤੋਂ ਪਿਛਾਂ ਹੋ ਕੇ ਖੜ੍ਹ। ਸਰਦਾਰ ਵਿਚਾਰਾ ਆਪਣੇ-ਆਪ 'ਚ ਸ਼ਰਮਿੰਦਾ ਹੋਇਆ, ਪਿੱਠ ਕਰ ਕੇ ਖਲੋ ਗਿਆ। ਪਿੱਛੇ ਨੂੰ ਉਹ ਕਿੱਥੇ ਹੁੰਦਾ। ਜਗ੍ਹਾ ਤਾਂ ਤਿਲ਼ ਸੁੱਟਣ ਨੂੰ ਨਾ। ਐਵੇਂ ਕਿਤੇ ਮਾੜੀ ਸੈਂਤ, ਅਚਾਨਕੇ, ਮੇਰੇ ਮੂੰਹੋਂ ਨਿਕਲ਼ ਗਿਆ ਕਿ ਮੈਡਮ ਜੀ, ਉਹਨੇ ਵਿਚਾਰੇ ਨੇ ਥੁਆਨੂੰ ਕਿਹਾ ਤਾਂ ਕੁਛ ਨਈਂ। ਮੋੜ੍ਹਿਉਂ ਬਣਾ-ਸੁਆਰ ਕੇ ਕਹਿੰਦੀ ਕਿ ਤੈਨੂੰ ਬੌਤ੍ਹ ਪਤਾ। ਮੈਂ ਜਾਣਦੀ ਆਂ, ਥੁਆਡੀ ਮਰਦਾਂ ਦੀ ਨੀਤ ਨੂੰ। ਮੇਰੇ ਮੂੰਹੋਂ ਵੀ ਨਿਕਲ਼ ਗਿਆ- ਫੇ ਤਾਂ ਥੁਆਡੇ ਭਰਾ, ਪਿਉ ਦੀ ਨੀਤ ਵੀ....। ਜਦ ਨੂੰ ਪਿੱਛਿਉਂ, ਕੰਡਕਟਰ ਬਹਿਸ ਸੁਣ ਕੇ ਵਿੱਚੇ ਬੋਲ ਪਿਆ- ਭਾਈ ਸਾਬ੍ਹ ! ਜ਼ਨਾਨੀਆਂ ਨਾਲ਼ ਤਮੀਜ਼ ਨਾਲ਼ ਪੇਸ਼ ਆਉ। ਮੈਂਖਿਆ ਲੱਗਦੈ ਇਹ ਵੀ ਬਲਾਤਕਾਰੀਆਂ ਨੂੰ ਹੋਈਆਂ ਸਜ਼ਾਵਾਂ ਤੋਂ ਡਰਿਆ, ਐਮੇ ਉਨ੍ਹਾਂ ਦੇ ਹੱਕ 'ਚ ਖੜ੍ਹੀ ਜਾਂਦਾ। ਐਨਾ ਕਹਿਣ ਦੀ ਦੇਰ, ਜ਼ਨਾਨੀ ਦਾ ਪਾਰਾ ਹੋਰ 'ਤਾਂਹ ਚੜ੍ਹ ਗਿਆ। ਅਖੇ ਡਰੈਵਰ ਸਾਬ੍ਹ, ਬੱਸ ਥਾਣੇ ਵੱਲ ਨੂੰ ਘੁੰਮਾਉ। ਮੇਰੇ 'ਤੇ ਸਰਦਾਰ ਦੇ, ਵਿਚਾਰੇ ਬਣਿਆਂ ਦੇ ਹੱਥ ਜੁੜ ਗਏ। ਅਸੀਂ ਸ਼ੁਕਰ ਮਨਾਇਆ, ਐਨੇ ਨਾਲ਼ ਉਹ ਸ਼ਾਂਤ ਹੋ ਗਈ। ਥਾਣੇ ਲੈ ਜਾਂਦੇ ਤਾਂ ਸਾਡੀ ਕਿਹਨੇ ਸੁਣਨੀ ਸੀ। ਸਵੇਰ ਤੱਕ ਸਾਡਾ ਨਾਂ ਬਦਮਾਸ਼ਾਂ ਦੀ ਲਿਸਟ 'ਚ ਹੁੰਦਾ। ਬੱਸੋਂ ਉੱਤਰੇ 'ਤੇ ਉਹ ਸਰਦਾਰ ਮੈਨੂੰ ਲੋਹਾ-ਲਾਖ਼ਾ ਹੁੰਦਾ ਕਹਿੰਦਾ ਕਿ ਏਦਾਂ ਦੀਆਂ ਜ਼ਨਾਨੀਆਂ, ਕਈ ਵਾਰ ਮੇਰੇ ਵਰਗੇ ਖਿਝੇ ਬੰਦੇ ਤੋਂ, ਸਚਮੁੱਚ ਈ ਰੇਪ ਕਰਵਾ ਬੈਂਦ੍ਹੀਆਂ। ਮੈਂ ਉਹਨੂੰ ਥਾਪੀ ਦੇ ਕੇ ਠੰਢਾ ਕੀਤਾ। ਮੈਂਖਿਆ ਕੋਈ ਨਈਂ, ਕੋਈ ਬਦ-ਦਿਮਾਗ ਵੀ ਹੁੰਦੀ। ਜਿਸ ਕੁੜੀ ਲਾਗੇ ਤੁਸੀਂ ਖੜ੍ਹੇ ਸੀ, ਉਹਨੇ ਤਾਂ ਵਿਚਾਰੀ ਨੇ ਕੁਛ ਕਿਹਾ ਵੀ ਨਈਂ। ਮੇਰੀ ਇਹ ਗੱਲ ਸਰਦਾਰ ਨੂੰ ਵੀ ਜਚੀ।

ਉਹ ਹੱਥ ਖੜ੍ਹਾ ਕਰ ਕੇ, ਆਪਣੇ ਰਾਹ ਪੈ ਗਿਆ ਤੇ ਮੈਂ ਆਪਣੇ।....ਜਦ ਨੂੰ ਮੇਰਾ ਧਿਆਨ ਇੱਧਰ ਪਲਟਿਆ ਤਾਂ ਮੈਂ ਅੱਖਾਂ ਗਹਿਰੀਆਂ ਕਰ ਕੇ ਘੂਰਦਿਆਂ, ਪ੍ਰਧਾਨ ਦੇ ਬਹਿਸਦਿਆਂ-ਬਹਿਸਦਿਆਂ, ਉਹਨੂੰ ਜਬਰਦਸਤੀ ਖਿੱਚ ਲਿਆ। ਉਹਦੇ ਉਠਦਿਆਂ ਹੀ, ਪੁਲਿਸ ਵਾਲ਼ੀ ਮੈਨੂੰ ਸੰਬੋਧਨ ਹੋਈ। ਇਹਨੂੰ ਚੰਗੀ ਤਰ੍ਹਾਂ ਸਮਝਾ ਦੇ। ਨਈਂ ਤਾਂ ਫੇ, ਅਸੀਂ ਜਿੱਦਾਂ ਸਮਝਾਣਾ, ਥੁਆਨੂੰ ਪਤਾ ਈ ਆ। ਜੇ ਨਈਂ ਪਤਾ ਤਾਂ.....। ਕਹਿੰਦਿਆਂ ਉਹਨੇ ਆਪਣੀ ਬਿਲਟ ਨੂੰ ਹੱਥ ਜਾ ਪਾਇਆ।

ਮੈਂ ਉਹਦੇ ਸਾਮ੍ਹਣੇ, ਵਿਚਾਰਾ ਬਣੇ ਨੇ ਹੱਥ ਜੋੜੇ, ਤਾਂ ਉਹ ਕੁਛ ਠੰਢੀ ਹੋਈ। ਕੋਈ ਨ੍ਹੀਂ ਯਾਰ ! ਸਾਨੂੰ ਵੀ....। ਆਖ਼ਿਰ ਮੈਨੂੰ ਪ੍ਰਧਾਨ ਦੇ ਮੂੰਹ 'ਤੇ ਹੱਥ ਰੱਖਦਿਆਂ, ਪਿੱਛੇ ਨੂੰ ਕਲਾਵਾ ਭਰ ਕੇ ਲਿਜਾਣਾ ਪਿਆ। ਨਾਲ਼ੇ ਮਨ 'ਚ ਸੋਚੀਂ ਚਲਾਂ- 'ਇੱਥੇ ਸਾਡੀ ਦਲੀਲ-ਅਪੀਲ ਨੂੰ ਕਿਹਨੇ ਸੁਣਨਾ।' ਬੱਕਰੇ ਵਾਂਗ ਛਿੱਲ ਕੇ, ਅਗਲ਼ਿਆਂ ਪੁੱਠਾ ਲਟਕਾ ਦੇਣਾ। ਹੈਂ !

ਮੈਂ ਕਦੋਂ ਦੀ ਦੇਖੀ ਜਾਨੀਂ, ਤੁਸੀਂ ਰਬੜ ਆਂਗ ਅੱਗੇ ਤੋਂ ਅੱਗੇ......ਬਿਨਾਂ ਗੱਲ ਤੋਂ ਬਤੰਗੜ ਬਣਾਣ ਡਹੀਆਂ, ਸ਼ਰਮ ਕਰੋ ਕੁਛ। ਥੁਆਡੇ ਪੇਆਂ ਅਰਗੇ.....। ਆਪਾਂ ਆਪਣੀ ਧੌਣ 'ਤੇ ਰੱਖਿਆ ਗੋਡਾ ਲੌਣ੍ਹਾ, ਇੰਝ ਕਰਕੇ ਉੱਤੇ ਨਈਂ ਰੱਖਣਾ।

ਇੱਕ ਪਾਸੇ ਤਾਕੀ ਨਾਲ਼ ਬੈਠੀ ਸਿੰਘਣੀ ਨੇ, ਸਾਡੇ ਮੋਢੇ ਨਾਲ਼ ਮੋਢਾ ਲਾ ਕੇ ਦਿਖਾ ਦਿੱਤਾ। ਸੀਟ ਖਾਲੀ ਨਾ ਹੋਣ ਕਰਕੇ, ਸਾਨੂੰ ਧੁਰ ਤੱਕ ਖੜ੍ਹ ਕੇ ਤਾਂ ਆਉਣਾ ਪਿਆ ਪਰ ਸਿੰਘਣੀ ਵੱਲੋਂ ਸਾਡੇ ਹੱਕ 'ਚ ਮਾਰੇ ਜੈਕਾਰੇ ਨੇ, ਸਾਨੂੰ ਥਕੇਵਾਂ ਨਈਂ ਹੋਣ ਦਿੱਤਾ।

## ਮਿੰਨੀ ਕਹਾਣੀਆਂ

### ਦੋ ਮੁੱਠਾਂ ਸਰ

**ਸਤਨਾਮ ਸ਼ਦੀਦ**

ਅੱਸੂ ਮਹੀਨੇ ਦਾ ਪਿਛਲਾ ਪੱਖ ਸੀ; ਭਾਦੋਂ ਮਹੀਨੇ ਦੀ ਗਰਮੀ ਨੇ ਲੋਕਾਂ ਦੇ ਨੱਕ ਵਿੱਚ ਦਮ ਕਰ ਰੱਖਿਆ ਸੀ। ਇਸ ਮਹੀਨੇ ਲੋਕਾਂ ਨੇ ਭੋਰਾ ਸੁਖ ਦਾ ਸਾਹ ਲਿਆ ਸੀ।

ਆਥਣ ਦਾ ਵੇਲਾ। ਔਰਤਾਂ ਘਰਾਂ ਵਿੱਚ ਦਾਲ ਪਾਣੀ ਦਾ ਆਹਰ ਕਰ ਰਹੀਆਂ ਸਨ ਕਿ ਗੁਰਦੁਆਰੇ ਦੇ ਸਪੀਕਰ 'ਤੇ ਗਿਆਨੀ ਨੇ ਦੋ ਤਿੰਨ ਵਾਰ ਟਕ-ਟਕ ਕਰਕੇ ਮਾਈਕ ਚੈੱਕ ਕੀਤਾ ਤੇ ਫਤਹਿ ਬੁਲਾ ਕੇ ਆਵਾਜ਼ ਦੇਣੀ ਸ਼ੁਰੂ ਕੀਤੀ। ਚੁੱਲ੍ਹੇ ਵਿੱਚ ਪਾਥੀ ਭੰਨ ਕੇ ਲਾਉਂਦੀ ਸੀਬੋ ਨੇ ਹੱਥ ਜੋੜ ਕੇ ਮੱਥੇ ਨੂੰ ਲਾਉਂਦਿਆਂ ਚਿੰਤਾ ਜਤਾਉਂਦੇ ਕਿਹਾ, "ਵਾਖਰੂ ਬਾਬਾ, ਕੋਈ ਚੰਗਾ ਹੋਕਾ ਹੀ ਹੋਵੇ।"

ਬਾਬੇ ਨੇ ਆਵਾਜ਼ ਦਿੰਦਿਆਂ ਕਿਹਾ, "ਭਾਈ ਗਿੰਦਰ ਸਿੰਘ ਪੁੱਤਰ ਰੁਲਦੂ ਦੀ ਧਰਮ ਪਤਨੀ ਨਬੀਬ ਕੌਰ ਅਕਾਲ ਚਲਾਣਾ ਕਰ ਗਏ ਹਨ ਜਿਨ੍ਹਾਂ ਦਾ ਸਸਕਾਰ ਨਹਿਰ ਵਾਲੇ ਸ਼ਮਸ਼ਾਨਘਾਟ ਵਿਖੇ ਦਸ ਵੀਹ ਮਿੰਟਾਂ ਤੱਕ ਕੀਤਾ ਜਾਵੇਗਾ। ਅੰਤਿਮ ਸੰਸਕਾਰ 'ਤੇ ਪਹੁੰਚਣ ਦੀ ਕਿਰਪਾਲਤਾ ਕਰੋ।

ਬਾਬੇ ਦੀ ਆਵਾਜ਼ ਪੂਰੀ ਹੁੰਦਿਆਂ ਸੀਬੋ ਦੇ ਹੱਥੋਂ ਪਾਣੀ ਦਾ ਪਤੀਲਾ ਛੁੱਟ ਗਿਆ ਤੇ ਪਾਣੀ ਡੁੱਲ੍ਹਣ ਨਾਲ ਦੂਰ ਤੱਕ ਚਿੱਕੜ ਹੋ ਗਿਆ। ਹੋਕਾ ਸੁਣਦਿਆਂ ਹੀ ਉਸ ਦੀ ਗੁਆਂਢਣ ਛਿੰਦਰ ਵੀ ਆ ਗਈ, "ਕੁੜੇ ਸੀਬੋ ਆਹ ਤਾਂ ਰੱਬ ਨੇ ਜਵਾਂ ਕਹਿਰ ਹੀ ਢਾਹ ਦਿੱਤਾ ਵਿਚਾਰੇ ਗਿੰਦਰ 'ਤੇ।" ਸੀਬੋ ਤੋਂ ਭਰੇ ਗੱਚ ਨਾਲ ਸ਼ਿੰਦਰ ਦੇ ਕਹਿਰ ਵਾਲੀ ਗੱਲ ਦਾ ਜਵਾਬ ਵੀ ਨਾ ਦਿੱਤਾ ਗਿਆ ਤੇ ਉਹ ਚੁੰਨੀ ਦੇ ਪੱਲੇ ਨਾਲ ਅੱਖਾਂ ਪੂੰਝਦੀ ਕਿੰਨਾ ਚਿਰ ਚੁੱਪ ਰਹਿਣ ਪਿੱਛੋਂ ਬੋਲੀ, "ਏਡੀ ਜੱਗੋਂ ਤੇਰ੍ਹਵੀਂ ਤਾਂ ਵੈਰੀ ਨਾਲ ਵੀ ਨਾ ਹੋਵੇ। ਪਹਿਲਾ ਬੂਹਾ ਬੱਝਿਆ ਰੱਬ ਨੇ ਉਹ ਨਾ ਰਹਿਣ ਦਿੱਤੀ ਤੇ ਹੁਣ ਆਹ ਦੂਜੀ ਵਾਰ ਮਾਰ। ਕੋਈ ਇਲਾਜ ਵੱਲੋਂ ਘਾਟ ਰਹਿਣ ਦਿੱਤੀ ਐ ਭਲਾ ਗਿੰਦਰ ਨੇ? ਹੱਥ ਜੋੜ ਜੋੜ ਕੇ ਲੋਕਾਂ ਤੋਂ ਦਸ ਦਸ ਰੁਪਈਏ 'ਕੱਠੇ ਕਰਕੇ ਵੀ ਲਾ ਦਿੱਤੇ। ਸ਼ਿੰਦਰ ਨੇ ਸੀਬੋ ਦੀ ਗੱਲ ਪੂਰੀ ਹੁੰਦਿਆਂ ਹੀ ਕਿਹਾ।

"ਸੁਣਿਐ ਛੋਟਾ ਨਿਆਣਾ ਹੋਣ ਵਾਲਾ ਸੀ।" "ਨੀ ਆਹੋ ਡੁੱਬੜੀ ਨੇ ਉਹਦੀ ਜਾਨ ਦੀ ਖ਼ਾਤਰ ਆਵਦੀ ਜਾਨ ਦੇ ਦਿੱਤੀ। ਦੋਹਾਂ ਨੂੰ ਗੱਲਾਂ ਕਰਦੀਆਂ ਸੁਣ, ਨਾਲ ਦੇ ਘਰੋਂ ਬੇਬੇ ਕਰਤਾਰੋ ਨੇ ਉਨ੍ਹਾਂ ਨੂੰ ਆਵਾਜ਼ ਦਿੰਦਿਆਂ ਕਿਹਾ, "ਕੁੜੇ ਸੀਬੋ ਆ ਜੋ, ਕਹਿੰਦੇ ਸਿੱਧਾ ਸਿਵਿਆਂ 'ਚ ਹੀ ਲਿਜਾਣਗੇ। ਅੱਗੇ ਨ੍ਹੇਰਾ ਹੁੰਦਾ ਜਾਂਦਾ ਏ। ਬਾਹਰਲਾ ਬੂਹਾ ਭੇੜ ਕੇ ਉਹ ਦੋਵੇਂ ਵੀ ਉਹਦੇ ਮਗਰ ਹੀ ਤੁਰ ਪਈਆਂ। ਰਾਹ ਜਾਂਦਿਆਂ ਪੰਜ ਦਸ ਹੋਰ ਬੰਦੇ ਬੁੜੀਆਂ ਉਨ੍ਹਾਂ ਦੇ ਨਾਲ ਰਲ ਗਏ।

ਸ਼ਮਸ਼ਾਨਘਾਟ ਵੜਦਿਆਂ ਹੀ ਦਸ-ਵੀਹ ਬੰਦੇ ਬੁੜੀਆਂ ਪਹਿਲਾਂ ਹੀ ਅਰਥੀ ਨੂੰ ਉਡੀਕ ਰਹੇ ਸੀ। "ਕੁੜੇ ਵੇਖ ਲੈ ਨਾ ਉਹ ਵੇਲਾ, ਨਾ ਆਹ ਵੇਲਾ, ਏਸ ਵੇਲੇ ਤਾਂ ਚਿੜੀਆਂ ਜਨੌਰ ਵੀ ਆਵਦੇ ਘਰਾਂ ਨੂੰ ਆ ਜਾਂਦੇ ਨੇ ਤੇ ਇਹ ਚੰਦਰੀ ਜਹਾਨੋਂ ਜਾ ਰਹੀ ਹੈ। ਇਹ ਕਹਿੰਦਿਆਂ ਬੇਬੇ ਕਰਤਾਰੋ ਆਵਦਾ ਚਿੱਤ ਭੈੜਾ ਕਰ ਆਈ। "ਬਣੀਆਂ ਦੇ ਨਬੇੜੇ ਐ ਬੇਬੇ। ਨਹੀਂ ਦੁਨੀਆ ਤੋਂ ਜਾਣ ਨੂੰ ਕੀਹਦਾ ਜੀ ਕਰਦਾ ਏ! ਛਿੰਦਰ ਆਪਣੀ ਗੱਲ ਕਰਕੇ ਹੀ ਹਟੀ ਸੀ ਕਿ ਇੱਕ ਵੱਡੀ ਸਾਰੀ ਚਿੱਟੀ ਵੈਨ ਆਈ ਜਿਸ ਵਿੱਚ ਆਪਣੀ ਪਤਨੀ ਦੀ ਅਰਥੀ ਦੇ ਨਾਲ ਗਿੰਦਰ ਭੁੱਬਾਂ ਮਾਰਦਾ ਉਤਰਿਆ, "ਉਏ ਰੱਬਾ ਮੈਂ ਕਿਹੜੇ ਸੁੱਤੇ ਸਾਧ ਜਗਾਏ ਆ, ਜਿਹੜਾ ਹੱਥ ਧੋ ਕੇ ਮੇਰੇ ਮਗਰ ਪਿਐਂ ਤੂੰ? ਦੋ ਤਿੰਨ ਬੰਦਿਆਂ ਨੇ ਉਸ ਨੂੰ ਸੰਭਾਲਿਆ ਅਤੇ ਕੁਝ ਨੇ ਅਰਥੀ ਨੂੰ ਫੜ ਕੇ ਥੜ੍ਹੀ ਉੱਤੇ ਮੂੰਹ ਦਿਖਾਉਣ ਲਈ ਰੱਖ ਦਿੱਤਾ।

"ਭਲਿਓ, ਹੁਣ ਮੂੰਹ ਵਿਖਾਉਣ ਦਾ ਵੇਲਾ ਕਿੱਥੇ ਆ। ਤੁਸੀਂ ਚਿਖਾ ਵਿੱਚ ਰੱਖੋ, ਕੁਵੇਲਾ ਤਾਂ ਅੱਗੇ ਬਹੁਤ ਹੋਇਆ ਪਿਐ। ਵਿੱਚੋਂ ਹੀ ਕਿਸੇ ਸਿਆਣੇ ਨੇ ਆਖਿਆ। ਅਰਥੀ ਨੂੰ ਚਿਖਾ ਵਾਸਤੇ ਚੁੱਕਣ ਹੀ ਲੱਗੇ ਸੀ ਕਿ ਪੇਕਿਆਂ ਦੇ ਦੋ ਤਿੰਨ ਬੰਦੇ ਬੁੜੀਆਂ ਜਿਨ੍ਹਾਂ ਵਿੱਚ ਉਹਦਾ ਭਰਾ ਤੇ ਭਰਜਾਈ ਸਨ, ਮਾਂ ਪਿਉ ਤਾਂ ਪਹਿਲਾਂ ਹੀ ਰੱਬ ਨੂੰ ਪਿਆਰੇ ਹੋ ਗਏ ਸੀ। ਭਰਾ ਆਪਣੀ ਭੈਣ ਦੀ ਅਰਥੀ ਉੱਤੇ ਡਿੱਗ ਡਿੱਗ ਜਾਵੇ, ਆਖ਼ਰ ਨਾਲ ਦਾ ਜੰਮਿਆ ਸੀ।

ਅਰਥੀ ਨੂੰ ਚਿਖਾ ਵਿੱਚ ਚਿਣ ਕੇ ਜਦੋਂ ਅੱਗ ਦੇਣ ਦੀ ਵਾਰੀ ਆਈ ਤਾਂ ਕਹਿੰਦੇ ਸਰ ਤਾਂ ਹੈਨੀ। ਜਦੋਂ ਕੁਝ ਸਿਆਣੇ ਬੰਦਿਆਂ ਨੇ ਪੁੱਛਿਆ ਤਾਂ ਮੁੰਡੇ ਕਹਿਣ ਲੱਗੇ ਬਈ ਸਰ ਤਾਂ ਮਿਲਿਆ ਨਹੀਂ, ਅਸੀਂ ਤਾਂ ਦੂਜੇ ਦੋਵੇਂ ਸ਼ਮਸ਼ਾਨਘਾਟਾਂ 'ਚ ਵੀ ਪੁੱਛ ਆਏ ਹਾਂ, ਉਹ ਕਹਿੰਦੇ ਸਾਡੇ ਕੋਲ ਵੀ ਦੋ-ਦੋ ਪੂਲੀਆਂ ਹੀ ਆ, ਆਸੇ ਪਾਸੇ ਵੀ ਬਹੁਤ ਭਾਲ ਲਿਆ ਪਰ ਕਿਤੋਂ ਨੀ ਮਿਲਿਆ।

ਇਨ੍ਹਾਂ ਗੱਲਾਂ ਦੇ ਚੱਲਦਿਆਂ ਦੋ? ਮੁੰਡੇ ਨਾਲ ਦੇ ਖੇਤ ਵਿੱਚੋਂ ਚੁੱਕ ਕੇ ਲਿਆਂਦੀ ਗੱਠਾਂ ਦੀ ਪਰਾਲੀ ਨਾਲ ਚਿਤਾ ਨੂੰ ਅੱਗ ਦੇਣ ਹੀ ਲੱਗੇ ਸੀ ਕਿ ਘੁੱਦਾ ਜੀਹਨੂੰ ਸਾਰੇ ਕਮਲਾ ਕਹਿੰਦੇ ਸੀ ਦੋ ਮੁੱਠਾਂ ਸਰ ਆਪਣੇ ਹੱਥ ਵਿੱਚ ਫੜੀ ਆਉਂਦਾ ਦਿਸ ਪਿਆ। ਉਸ ਨੇ ਆਉਂਦਿਆਂ ਹੀ ਗਿੰਦਰ ਨੂੰ ਸਰ ਫੜਾਉਂਦਿਆਂ ਕਿਹਾ, "ਲੈ ਬਾਈ ਸਰ। ਮੈਂ ਆਵਦੇ ਕੋਠੇ ਦੀ ਛੱਤ 'ਚੋਂ ਕੱਢ ਲਿਆਇਆ।" ਘੁੱਦੇ ਦੇ ਇਨ੍ਹਾਂ ਬੋਲਾਂ ਨਾਲ ਗਿੰਦਰ ਸਮੇਤ ਕੋਲ ਖੜ੍ਹੇ ਲੋਕਾਂ ਦੀ ਧਾਹ ਨਿਕਲ ਗਈ।

*******

### ਡਰ

**ਸੁਖਦੇਵ ਸਿੰਘ ਔਲਖ**

ਚੇਤ ਮਹੀਨੇ ਦਾ ਆਖ਼ਰੀ ਹਫ਼ਤਾ ਵਿਸਾਖ ਚੜ੍ਹਨ ਵਿੱਚ ਉਂਗਲਾਂ 'ਤੇ ਗਿਣਨ ਜੋਗੇ ਦਿਨ ਬਾਕੀ।

ਤਿੱਖੀ ਧੁੱਪ ਤੇ ਹਵਾ ਦੇ ਫਰਾਟਿਆਂ ਨੇ ਹਰੀ ਕਚੂਰ ਕਣਕ ਦਾ ਰੰਗ ਦਿਨਾਂ ਵਿੱਚ ਹੀ ਸੋਨੇ ਰੰਗਾ ਕਰ ਦਿੱਤਾ। ਜਿੱਥੋਂ ਤੱਕ ਨਜ਼ਰ ਜਾਂਦੀ, ਇਉਂ ਲੱਗਦਾ, ਜਿਵੇਂ ਸਾਰੇ ਖੇਤ ਸੋਨੇ ਦੀ ਚਾਦਰ ਨਾਲ ਢਕੇ ਹੋਣ। ਖੇਤਾਂ ਦਾ ਇਹ ਨਜ਼ਾਰਾ ਦੇਖ ਕੇ ਉਸ ਦਾ ਮਨ ਖ਼ੁਸ਼ੀ ਤੇ ਹੌਸਲੇ ਨਾਲ ਭਰ ਗਿਆ।

ਅੱਧੀ ਰਾਤ ਦੇ ਨੇੜੇ ਮੋਟਰ ਦੇ ਕੋਠੇ ਦੀਆਂ ਖਿੜਕੀਆਂ ਤੇ ਦਰਵਾਜ਼ਾ ਜ਼ੋਰ ਜ਼ੋਰ ਦੀ ਖੜਕਣ ਲੱਗੇ। ਅੱਖ ਖੁੱਲ੍ਹੀ ਤਾਂ ਦੇਖਿਆ ਆਸਮਾਨ ਕਾਲੀ ਘਟਾ ਨਾਲ ਭਰਿਆ ਹੋਇਆ ਸੀ। ਹਵਾ ਪੂਰੇ ਜ਼ੋਰ ਨਾਲ ਖੌਰੂ ਪਾਵੇ ਤੇ ਸੀਟੀਆਂ ਵੱਜਣ, ਬਿਜਲੀ ਲਿਸ਼ਕੇ, ਬੱਦਲ ਗੱਜੇ। ਮੌਸਮ ਦਾ ਮਿਜ਼ਾਜ ਵਿਗੜਿਆ ਦੇਖ, ਮਨ ਉੱਤੇ ਫ਼ਿਕਰਾਂ ਦੀ ਪੰਡ ਦਾ ਬੋਝ ਪੈ ਗਿਆ। 'ਬਰਸੇ ਚੇਤ, ਬਚੇ ਘਰ ਨਾ ਖੇਤ' ਦਾ ਚੇਤਾ ਆਇਆ ਅਤੇ ਕਣਕ ਦੀ ਸਾਰੀ ਫਸਲ ਅੱਖਾਂ ਮੂਹਰੇ ਤਬਾਹ ਹੁੰਦੀ ਜਾਪਣ ਲੱਗੀ।

ਨਵੀਂ ਲਿਆਂਦੀ ਕੰਬਾਈਨ ਦੀ ਕਿਸ਼ਤ, ਆੜ੍ਹਤੀਏ ਦਾ ਕਰਜ਼ਾ, ਧੀ ਦੇ ਹੱਥ ਪੀਲੇ ਕਰਨ ਦੀ ਮਨਸ਼ਾ, ਬਾਕੀ ਦੀ ਕਬੀਲਦਾਰੀ ਦਾ ਲੈਣ ਦੇਣ, ਇਹ ਸਾਰਾ ਕੁਝ ਮਨ ਦੇ ਚਿੱਤਰਪੱਟ ਉੱਤੇ ਚਲਚਿੱਤਰਾਂ ਵਾਂਗ ਉੱਭਰਦਾ ਤੇ ਲੋਪ ਹੋ ਜਾਂਦਾ।

ਇਸ ਮੌਸਮੀ ਕਹਿਰ ਤੋਂ ਬਚਣ ਲਈ ਕਦੇ ਉਹ ਕਿਸੇ ਧਾਰਮਿਕ ਡੇਰੇ ਦੀ ਸ਼ਰਨ ਲੈਂਦਾ, ਕਦੇ ਆਪਣੇ ਗੁਰੂ ਪੀਰ ਮੂਹਰੇ ਹੱਥ ਜੋੜਦਾ ਫਰਿਆਦ ਕਰਦਾ, ਕਦੇ ਇਸ ਨੂੰ ਪਿਛਲੇ ਜਨਮ ਦੇ ਲੈਣੇ ਦੇਣੇ ਨਾਲ ਜੋੜ ਕੇ ਸਬਰ ਕਰਨ ਦੀ ਕੋਸ਼ਿਸ਼ ਕਰਦਾ। ਇਸੇ ਉਧੇ -ਬੁਣ ਵਿੱਚ ਪਤਾ ਨਹੀਂ ਕਦੋਂ ਅੱਖ ਲੱਗ ਗਈ।

ਸਵੇਰੇ ਜਦੋਂ ਉਸ ਦੀ ਅੱਜ ਖੁੱਲ੍ਹੀ ਤਾਂ ਮੋਟਰ ਵਾਲੇ ਕੋਠੇ 'ਚੋਂ ਬਾਹਰ ਨਿਕਲਿਆ, ਸਾਰਾ ਆਸਮਾਨ ਸਾਫ਼ ਸੀ। ਪੂਰਬ ਦੀ ਲਾਲੀ ਉਸ ਨੂੰ ਸ਼ੁਭ ਸਵੇਰ ਕਹਿ ਰਹੀ ਸੀ। ਕਣਕ ਦੇ ਸਾਰੇ ਖੇਤ ਸਲਾਮਤ ਸਨ। ਰਾਤ ਵਾਲਾ ਵਿਗੜਿਆ ਮੌਸਮ ਉਸ ਲਈ ਸੁਪਨਾ ਹੀ ਹੋ ਗਿਆ ਸੀ। ਉਸ ਦੇ ਦੋਵੇਂ ਹੱਥ ਆਪਮੁਹਾਰੇ ਹੀ ਜੁੜ ਗਏ ਤੇ ਮਨ ਹੀ ਮਨ ਵਿੱਚ ਬੋਲਿਆ, 'ਪਤਾ ਨਹੀਂ ਕਿਸ ਦੇ ਭਾਗਾਂ ਨੂੰ ਸੁੱਖ ਰਹਿ ਗਈ।'

***

### ਮੁੱਦਾ

**ਜਸਬੀਰ ਸਿੰਘ ਸਾਹੀ**

ਸਰਪੰਚੀ ਦੀਆਂ ਵੋਟਾਂ ਨੇੜੇ ਆ ਗਈਆਂ। ਪਹਿਲਾਂ ਚੁਣੇ ਗਏ ਗਾਲੜੀ ਸਰਪੰਚ ਦੇ ਨਿਕੰਮੇਪਣ ਦੀ ਖੁੰਢ ਚਰਚਾ ਪੂਰੇ ਜ਼ੋਰਾਂ 'ਤੇ ਸੀ। ਪਿੰਡ ਵਾਲੇ ਕਹਿੰਦੇ ਕਿ ਇਸ ਬੰਦੇ ਨੇ ਪਿੰਡ ਦਾ ਕੁਝ ਬਣਾਉਣ ਦੀ ਬਜਾਏ ਆਪਸੀ ਭਾਈਚਾਰਾ ਖਰਾਬ ਹੀ ਕੀਤਾ ਹੈ, ਪੰਚਾਇਤੀ ਜ਼ਮੀਨ ਦੇ ਨਾਲ ਨਾਲ ਸਕੂਲ ਦਾ ਗਰਾਊਂਡ ਤੱਕ ਵੀ ਚਹੇਤਿਆਂ ਨੂੰ ਵੇਚ ਦਿੱਤਾ। ਸਰਪੰਚ ਦੀਆਂ ਇਨ੍ਹਾਂ ਹਰਕਤਾਂ ਤੋਂ ਤਪੇ ਲੋਕ ਕਹਿਣ ਲੱਗੇ ਕਿ ਹੁਣ ਸਰਪੰਚ ਕਿਹੜੇ ਮੂੰਹ ਨਾਲ ਅਤੇ ਕਿਹੜੇ ਮੁੱਦੇ 'ਤੇ ਵੋਟ ਮੰਗੇਗਾ? ਲੋਕਾਂ ਨੇ ਤਹੱਈਆ ਕਰ ਲਿਆ ਕਿ ਕੁਝ ਵੀ ਹੋਵੇ ਇਸ ਨੂੰ ਵੋਟ ਨਹੀਂ ਪਾਉਣੀ।

ਉਧਰ ਉਹੀ ਗਾਲੜੀ ਸਰਪੰਚ ਅਗਲੀ ਵਾਰ ਲਈ ਫਿਰ ਉਮੀਦਵਾਰ ਸੀ। ਉਸ ਦਾ ਖ਼ਾਸ ਚਹੇਤਾ ਉਸ ਨੂੰ ਕਹਿੰਦਾ, ਸਰਪੰਚ ਸਾਹਿਬ, ਆਪਾਂ ਨੇ ਪਿੰਡ ਦਾ ਕੰਮ ਤਾਂ ਕੋਈ ਕੀਤਾ ਨਹੀਂ, ਵੋਟਾਂ ਕਿਹੜੇ ਮੁੱਦੇ 'ਤੇ ਮੰਗਾਂਗੇ??

ਸਰਪੰਚ ਕਹਿੰਦਾ, ਫ਼ਿਕਰ ਨਾ ਕਰ, ਮੈਂ ਜਾਣਦਾਂ, ਵੋਟਰ ਲੰਮੀ ਨਹੀਂ ਸੋਚਦਾ ਹੁੰਦਾੜ ਤੇ ਹਾਂੜ, ਮੈਂ ਦੋ ਦਿਨ ਲਈ ਰਿਸ਼ਤੇਦਾਰੀ ਵਿੱਚ ਜਾ ਰਿਹਾਂ, ਤੂੰ ਪਿੰਡ ਦੀ ਸੂਹ ਰੱਖੀਂ।

ਇਹ ਕਹਿ ਕੇ ਸਰਪੰਚ ਜਾਂਦਾ ਹੋਇਆ ਇਲਾਕੇ ਦੇ ਐੱਸ.ਐੱਚ.ਓ. ਨਾਲ ਕੁਝ ਘੁਸਰ ਮੁਸਰ ਕਰ ਗਿਆ।

ਅਜੇ ਰਾਤ ਲੰਘੀ ਹੀ ਸੀ ਕਿ ਤੜਕਸਾਰ ਉਸ ਨੂੰ ਚਹੇਤੇ ਦਾ ਫੋਨ ਆ ਗਿਆ, ਹੈਲੋ, ਸਰਪੰਚ ਸਾਹਿਬ, ਗਜਬ ਹੋ ਗਿਆ ਜੀ, ਰਾਤ ਕਾਲੇ ਕੱਛਿਆਂ ਵਾਲੇ ਪਿੰਡ ਵਿੱਚ ਵੜ ਕੇ ਕਈ ਬੰਦੇ ਜ਼ਨਾਨੀਆਂ ਦੀਆਂ ਲੱਤਾਂ ਬਾਹਾਂ ਤੋੜ ਗਏ। ਇੱਕ ਦੋ ਦੇ ਸਿਰ ਵੀ ਪਾੜ ਦਿੱਤੇ।

ਦੁਪਹਿਰ ਤੱਕ ਸਰਪੰਚ ਪਿੰਡ ਆ ਗਿਆ। ਫੱਟੜਾਂ ਦਾ ਪਤਾ ਲੈਣ ਦੀ ਬਜਾਏ ਹੁਣ ਪਿੰਡ ਵਿੱਚ ਲੋਕਾਂ ਦੇ ਇਕੱਠ ਨੂੰ ਭਾਸ਼ਣ ਦੇ ਰਿਹਾ ਸੀ, ਭਰਾਵੋ, ਅੱਜ ਮੇਰੇ ਇੱਕ ਰਿਸ਼ਤੇਦਾਰ ਦੇ ਮੁੰਡੇ ਨੂੰ ਸ਼ਗਨ ਲੱਗਣਾ ਸੀ, ਮੈਂ ਕੱਲ੍ਹ ਦਾ ਹੀ ਉੱਥੇ ਸੀ। ਮੈਨੂੰ ਜਦੋਂ ਹੀ ਇਸ ਮਾੜੀ ਘਟਨਾ ਦਾ ਪਤਾ ਲੱਗਾ, ਕਾਹਲ ਵਿੱਚ ਮੈਂ ਬਿਨਾਂ ਸ਼ਗਨ ਪਾਏ ਹੀ ਪਿੰਡ ਆ ਗਿਆ।

ਫਿਰ ਉਸ ਨੇ ਜੇਬ੍ਹ ਵਿੱਚੋਂ ਇੱਕ ਰੰਗਦਾਰ ਲਿਫ਼ਾਫ਼ਾ ਕੱਢ ਕੇ ਲਹਿਰਾਉਂਦਿਆਂ ਕਿਹਾ, ਜੇ ਨਹੀਂ ਇਤਬਾਰ ਤਾਂ ਆਹ ਵੇਖੋ ਸ਼ਗਨ ਵਾਲਾ ਲਿਫ਼ਾਫ਼ਾ। ਰਹੀ ਗੱਲ ਰਾਤ ਦੀ ਘਟਨਾ ਦੀ, ਇਹ ਸੱਟਾਂ ਤੁਹਾਨੂੰ ਨਹੀਂ ਸਗੋਂ ਮੈਨੂੰ ਵੱਜੀਆਂ ਹਨ।"

ਫਿਰ ਉਂਗਲ ਖੜ੍ਹੀ ਕਰ ਥੋੜ੍ਹਾ ਹੋਰ ਗੁੱਸੇ ਨਾਲ ਬੋਲਿਆ, ਤੇ ਇਹ ਕਾਲੇ ਕੱਛਿਆਂ ਵਾਲੇ ਕੰਨ ਖੋਲ੍ਹ ਕੇ ਸੁਣ ਲੈਣ, ਸਾਡਾ ਹੁਣ ਇੱਕੋ ਇੱਕ ਮੁੱਦਾ ਹੈ ਕਿ ਰਾਤ ਵਾਲੀ ਘਟਨਾ ਕਰ ਕੇ ਤੁਸੀਂ ਸ਼ੇਰ ਦੀ ਪੂਛ 'ਤੇ ਪੈਰ ਰੱਖ ਬੈਠੇ ਹੋ। ਹੁਣ ਤੁਹਾਡੀ ਖ਼ੈਰ ਨਹੀਂ, ਤੁਹਾਨੂੰ ਧਰਤੀ ਦੇ ਕਿਸੇ ਕੋਨੇ 'ਚ ਵੀ ਲੁਕਣ ਨਹੀਂ ਦਿਆਂਗੇ।

ਵਿੱਚੋਂ ਹੀ ਕਿਸੇ ਨੇ ਸਰਪੰਚ ਜ਼ਿੰਦਾਬਾਦ ਦਾ ਨਾਹਰਾ ਮਾਰ ਦਿੱਤਾ।

ਹੁਣ ਪਿੰਡ ਵਾਲਿਆਂ ਵਿੱਚ ਘੁਸਰ ਮੁਸਰ ਸੀ ਕਿ "ਭਾਵੇਂ ਕੁਝ ਵੀ ਹੈ, ਪਰ ਸਰਪੰਚ ਗੱਲ ਜੁਰੱਅਤ ਵਾਲੀ ਕਰ ਗਿਆ।

ਆਖ਼ਰ ਲੋਕਾਂ ਗਾਲੜੀ ਸਰਪੰਚ ਫਿਰ ਜਿਤਾ ਦਿੱਤਾ।

ਇੱਕ ਪਾਸੇ ਨੂੰ ਹੋ ਕੇ ਸਰਪੰਚ ਨੇ ਆਪਣੇ ਚਹੇਤੇ ਦੇ ਮੋਢੇ 'ਤੇ ਹੱਥ ਰੱਖਦਿਆਂ ਕਿਹਾ, ਤੂੰ ਕਹਿੰਦਾ ਸੀ ਕਿਹੜੇ ਮੁੱਦੇ 'ਤੇ ਜਿੱਤੋਗੇ। ਹੁਣ ਮੰਨਦੈਂ ਸਰਪੰਚ ਨੂੰ ??

ਫਿਰ ਤੁਸੀਂ ਫੱਟੜਾਂ ਦਾ ਪਤਾ ਲੈਣ ਕਿਉਂ ਨਹੀਂ ਗਏ??"

ਉਏ ਮੂਰਖਾ, ਪਿੰਡ ਦੇ ਇਕੱਠ ਵਿੱਚ ਵੋਟਾਂ ਜ਼ਿਆਦਾ ਨੇ ਕਿ ਹਸਪਤਾਲ ਵਿੱਚ?"

***

### ਵੱਡੀ ਕਮਾਈ

**ਰਛਪਾਲ ਸਿੰਘ ਰੈਸਲ**

ਅੱਜ ਕੰਮ ਨੂੰ ਤੁਰਨ ਲੱਗਿਆਂ ਮਾਂ ਦੇ ਪੈਰੀਂ ਹੱਥ ਲਗਾਉਣ ਲੱਗਿਆ ਤਾਂ ਮੰਜੇ 'ਤੇ ਬੈਠੀ ਮਾਂ ਨੇ ਪੁੱਛਿਆ, "ਠੰਡ ਹੋਵੇ ਜਾਂ ਗਰਮੀ, ਏਨੀ ਦੂਰ ਜਾਂਦਾ ਏਂ। ਏਨੇ ਘੱਟ ਪੈਸਿਆਂ 'ਚੋਂ ਕੁਝ ਬਚ ਵੀ ਜਾਂਦਾ ਏ ਤੈਨੂੰ?" ਮੈਂ ਹੱਸ ਕੇ ਕਹਿ ਛੱਡਿਆ, "ਸਬਰ ਹੀ ਬਚਦੈ।" ਮੋਢੇ 'ਤੇ ਹੱਥ ਰੱਖਦੀ ਕਹਿਣ ਲੱਗੀ, "ਇਹ ਵੀ ਵੱਡੀ ਕਮਾਈ ਐ ਪੁੱਤ।"

# ਮੇਰੀ ਕਲਮ

## ਜੰਗ ਨਾਲ ਮਸਲੇ

ਐਡਵੋਕੇਟ ਰਵਿੰਦਰ ਸਿੰਘ
ਧਾਲੀਵਾਲ



ਜੰਗ ਨਾਲ ਮਸਲੇ ਹੱਲ ਨਾ ਹੁੰਦੇ
ਇਹ ਸਮੇਂ ਕਿਸੇ ਦੇ ਵੱਲ ਨਾ ਹੁੰਦੇ।
ਦਹਿਸ਼ਤ ਲੋਕੀਂ ਕਰਦੇ ਨੇ ਬੁਜ਼ਦਿਲ
ਮਾਰ ਮੁਕਾਉਣਾ ਬੇਦੋਸ਼ੇ ਲੋਕਾਂ ਨੂੰ
ਬਹਾਦਰੀ ਵਾਲੇ ਕੰਮ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।
ਵੱਡੇ ਨੇਤਾ ਕਰਨ ਸਿਆਸਤ ਵੋਟਾਂ ਲਈ
ਜਨਤਾ ਦੀ ਪਹੁੰਚ ਤੋਂ ਬਾਹਰ ਹੁੰਦੀ ਹੈ
ਛੋਟੇ ਨੇਤਾ ਤੋਂ ਵੀ ਇਹ ਠੱਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।
ਖ਼ੌਫ਼ ਦੇ ਸਾਏ ਵਿੱਚ ਜੀਵਣ ਲੋਕੀਂ
ਘੁੱਟ ਸਬਰਾਂ ਦਾ ਪੀਵਣ ਲੋਕੀਂ
ਹੁਣੇ ਕਰੋ ਨਿਬੇੜਾ ਫ਼ੈਸਲੇ ਕੱਲ੍ਹ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।
ਖ਼ੁਦ ਮਸਲਾ ਬਣ ਕੇ ਰਹਿ ਜਾਂਦੀ
ਕਰੇ ਘੋਰ ਹਨੇਰਾ ਸੱਥਰ ਵਿਛਵਾਉਂਦੀ
ਸਾਲਾਂਬੱਧੀ ਜ਼ਖ਼ਮ ਏਸ ਦੇ ਝੱਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।
ਅਮਨ ਸ਼ਾਂਤੀ ਚਾਹੁੰਦੇ ਸਭ ਲੋਕੀਂ
ਇਸ ਲਈ ਰੱਬ ਨੂੰ ਧਿਆਉਂਦੇ ਲੋਕੀਂ
ਖ਼ੁਸ਼ੀਆਂ ਦੇ ਸਭ ਪਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।
ਕਰੋ ਦੁਆਵਾਂ ਇਹ ਮੁੜ ਨਾ ਆਵੇ
ਕਾਲੇ ਦਿਨ ਨਾ ਫਿਰ ਦਿਖਾਵੇ
ਆਪਸ ਵਿੱਚ ਚੰਗੇ ਛਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।
ਧਾਲੀਵਾਲ ਇਹ ਦੁਨੀਆ ਬਹੁਰੰਗੀ
ਦੇਸ਼ ਆਪਣੇ ਦੀ ਮਿੱਟੀ ਬਹੁਤੀ ਚੰਗੀ
ਲੜਾਈਆਂ ਦੇ ਕੋਈ ਤਲ ਨਾ ਹੁੰਦੇ
ਜੰਗ ਨਾਲ ਮਸਲੇ ਹੱਲ ਨਾ ਹੁੰਦੇ।

## ਅੰਨ੍ਹਾ ਵਿਕਾਸ ..

ਰਾਜਬੀਰ ਮੱਤਾ



ਉਹ ਜਹਾਜ਼ ਉਡਾਉਂਦੇ
ਗੋਲੇ ਵਰ੍ਹਾਉਂਦੇ
ਤਬਾਹ ਕਰਦੇ
ਇੱਕ-ਦੂਜੇ ਦਾ ਘਰ
ਮਾਰ ਕੇ ਬੰਦੇ
ਖ਼ੁਸ਼ੀਆਂ ਮਨਾਉਂਦੇ
ਵਾਜੇ ਵਜਾਉਂਦੇ
ਦਿੰਦੇ ਸਬੂਤ
ਆਪਣੀ ਅਕਲ ਦੇ
ਬਲਬੂਤੇ 'ਤੇ ਬਣਾਈਆਂ
ਮਸ਼ੀਨਰੀਆਂ ਦਾ
ਉਹ ਜੰਗ ਨੂੰ ਜਾਇਜ਼ ਮੰਨਦੇ
ਵਰ੍ਹਾਉਂਦੇ ਗੋਲੀਆਂ
ਮੀਂਹ ਵਾਂਗ
ਕਰ ਦਿੰਦੇ
ਬੇ-ਪਰਦ ਮਾਨਵਤਾ
ਆਪਣੀ ਫ਼ੋਕੀ ਤੇ ਝੂਠੀ ਹੈਂਕੜਬਾਜ਼ੀ ਲਈ......
ਧਰਤੀ ਆਪਣੇ ਹੀ
ਗੋਲ ਦਾਇਰੇ 'ਚ
ਅਡੋਲ ਖੜ੍ਹੀ
ਅੱਥਰੂ ਵਹਾਉਂਦੀ
ਕੋਸਦੀ ਹੈ
ਮਾਨਵਤਾ ਦੇ ਦੁਸ਼ਮਣ ਬਣੇ
ਏਸ
ਅੰਨ੍ਹੇ ਵਿਕਾਸ ਨੂੰ ......

## ਅਸੀਂ ਅਮਨ ਚਾਹੁੰਦੇ ਹਾਂ...

ਰਾਜਵਿੰਦਰ ਰੌਂਤਾ

ਅਸੀਂ ਅਮਨ ਚਾਹੁੰਦੇ ਹਾਂ
ਲੱਗੇ ਜੰਗ ਨੀਂ ਚਾਹੁੰਦੇ।
ਵੱਸਣ ਸੁਹਾਗ ਤੇ ਵੀਰੇ
ਟੁੱਟੇ ਵੰਗ ਨੀਂ ਚਾਹੁੰਦੇ।
ਵਗੇ ਦਰਿਆ ਮੁਹੱਬਤ ਦਾ
ਫ਼ਿਰਕੂ ਰੰਗ ਨੀਂ ਚਾਹੁੰਦੇ।
ਖਿੜਨ ਗੁਲਾਬ ਬਾਰਡਰ 'ਤੇ
ਸ਼ਾਂਤੀ ਭੰਗ ਨੀਂ ਚਾਹੁੰਦੇ।
ਮਾਂ ਬੋਲੀ ਇੱਕ ਹੈ ਸਾਡੀ
ਮਮਤਾ ਡੰਗ ਨੀਂ ਚਾਹੁੰਦੇ।
ਰੌਂਤੇ ਉਡਾਓ ਘੁੱਗੀਆਂ
ਕੁਤਰੇ ਖੰਭ ਨੀਂ ਚਾਹੁੰਦੇ।

## ਏਸ ਭਿਆਨਕ ਦੌਰ ਦੇ..

ਅਮਰਜੀਤ ਸਨ੍ਹੇਰਵੀ

ਜੰਨਤ ਵਰਗੀ ਧਰਤੀ 'ਤੇ ਕੁਝ,
ਲੋਕਾਂ ਕਹਿਰ ਕਮਾਇਆ ਹੈ।
ਬੇਦੋਸ਼ਿਆਂ ਨੂੰ ਮਾਰ, ਪਤਾ ਨਹੀਂ,
ਕਿਹੜਾ ਧਰਮ ਨਿਭਾਇਆ ਹੈ।
ਜਿਨ੍ਹਾਂ ਨੇ ਇਹ ਕਾਰਾ ਕੀਤਾ।
ਸੱਚੀਂ ਬਹੁਤ ਹੀ ਮਾੜਾ ਕੀਤਾ।
ਸੁੰਦਰ ਵਾਦੀ ਦੀ ਹਿੱਕ ਉੱਤੇ,
ਕਿੰਨਾ ਖ਼ੂਨ ਵਹਾਇਆ ਹੈ।
ਮਾਨਵਤਾ ਦੀ ਕਦਰ ਕਰਨ ਦੀ,
ਸਾਰੇ ਧਰਮ ਹੀ ਸਿੱਖਿਆ ਦਿੰਦੇ।
ਕਿਸੇ ਧਰਮ ਨੇ ਬੰਦਿਆਂ ਤਾਈਂ,
ਲੜਨਾ ਨਹੀਂ ਸਿਖਾਇਆ ਹੈ।
ਧਰਮਾਂ ਦੇ ਵਿੱਚ ਵੰਡਿਆ ਬੰਦਾ,
ਥਾਂ ਥਾਂ ਵੰਡੀਆਂ ਪਾਉਂਦਾ ਫਿਰਦਾ।
ਮਾਨਸ ਜਾਤ ਹੈ ਇੱਕ ਬਰਾਬਰ,
ਗੁਰੂਆਂ ਨੇ ਸਮਝਾਇਆ ਹੈ।
ਪਹਿਲਾਂ ਪਿੰਡਾਂ ਸ਼ਹਿਰਾਂ ਦੇ ਵਿੱਚ,
ਪਿਆਰ ਮੁਹੱਬਤ ਭਾਈਚਾਰਾ ਸੀ।
ਚੰਦਰੀ ਸਿਆਸਤ ਵਸਦੇ ਰਸਦੇ,
ਘਰਾਂ 'ਚ ਪਾੜਾ ਪਾਇਆ ਹੈ।
ਆਪਣੇ ਘਰ ਦੇ ਅੰਦਰ ਹੀ ਹੁਣ,
ਕੋਈ ਵੀ ਮਹਿਫੂਜ਼ ਨਹੀਂ ਹੈ।
ਏਸ ਭਿਆਨਕ ਦੌਰ ਦੇ ਅੰਦਰ,
ਹਰ ਬੰਦਾ ਘਬਰਾਇਆ ਹੈ।
ਫ਼ਿਰਕੂ ਦੈਂਤ ਨਾ ਟਿਕ ਕੇ ਬਹਿੰਦਾ,
ਹਰ ਪਲ ਨਫ਼ਰਤ ਵੰਡਦਾ ਰਹਿੰਦਾ।
ਅਮਰਜੀਤ ਇਸ ਨਫ਼ਰਤ ਸਾਡਾ,
ਬਹੁਤ ਨੁਕਸਾਨ ਕਰਵਾਇਆ ਹੈ।

## ਸਾਕਾ ਪਹਿਲਗਾਮ

ਰਜਿੰਦਰ ਕੌਰ ਪੰਨੂੰ

ਧਰਤੀ ਦੇ ਪਵਿੱਤਰ ਪਿੰਡੇ 'ਤੇ, ਨਾ ਹਿੰਸਾ ਦੀਆਂ ਲਾਸਾਂ ਪਾਵੋ।
ਧਰਮ ਨੂੰ ਮਜ਼ਹਬ ਦੀ ਪੁੱਠ ਦੇ ਕੇ, ਨਾ ਦੋਹੇ ਕਲਮਾਂ ਨੂੰ ਗਾਵੋ।
ਅੱਜ ਦਾ ਸੂਰਜ ਵੀ ਸ਼ਰਮਿੰਦਾ, ਕਿਰਨਾਂ ਮੂੰਹ ਲਕੋਇਆ ਹੈ।
ਸਾਡੇ ਹੁੰਦਿਆਂ ਰੁੱਖ ਵੀ ਸੋਚਣ, ਇਹ ਕਿਉਂ ਕਿੱਦਾਂ ਹੋਇਆ ਹੈ।
ਸਾਰੇ ਪਾਣੀ ਵਗਦੇ ਰੁਕ ਗਏ, ਸੁਣ ਚੂੜੇ ਦੀਆਂ ਚੀਕਾਂ ਇਹ।
ਨਿਰੰਕਾਰ ਦੇ ਵਿਹੜੇ ਦੇ ਵਿੱਚ, ਕਿਸਨੇ ਵਾਹੀਆਂ ਲੀਕਾਂ ਇਹ।
ਚੰਦਰਮਾ ਦੇ ਚੌਹੀਂ ਪਾਸੀਂ, ਹੁੰਮਸ ਘੇਰਾ ਪਾਇਆ ਹੈ।
ਇਨ੍ਹਾਂ ਵਾਦੀਆਂ ਅੰਦਰ ਦਹਿਸ਼ਤ ਨੇ, ਫਿਰ ਡੇਰਾ ਲਾਇਆ ਹੈ।
ਪੱਥਰ, ਪਰਬਤ, ਪੰਛੀ, ਜੰਗਲ, ਚੁੱਪ ਹੋ ਗਏ ਨੇ, ਬੁੱਤ ਹੋ ਗਏ ਨੇ।
ਦੇਂਦੇ ਪਏ ਗਵਾਹੀ ਰੋ ਰੋ, ਸਭ ਹੰਝੂਆਂ ਦੇ ਪੁੱਤ ਹੋ ਗਏ ਨੇ।
ਚਾਰੇ ਪਾਸੇ ਹਵਾ ਸੋਗ ਦੀ, ਕਿੰਨੇ ਘਰਾਂ 'ਚ ਸੱਥਰ ਨੇ।
ਮੌਤ ਦਾ ਨੰਗਾ ਨਾਚ ਵੇਖਕੇ, ਗੂੰਗੇ ਹੋ ਗਏ ਅੱਖਰ ਨੇ।
ਮਾਨਵਤਾ ਦੇ ਮੱਥੇ 'ਤੇ ਅੱਜ, ਲਹੂ ਬੇਦੋਸ਼ਾ ਹੈ ਫਿਰ ਲੱਗਾ।
ਤਾਂ ਹੀ ਕੁਦਰਤ ਦਾ ਰੰਗ ਏਨਾ, ਅੱਜ ਹੋ ਗਿਆ ਬੱਗਾ ਬੱਗਾ।
ਅਸੀਂ ਤਾਂ ਸੁਣਿਆ ਸੀ ਇੱਕੋ ਹੈ, ਰਾਮ ਰਹੀਮ ਮਸੀਹ ਜਾਂ ਅੱਲ੍ਹਾ।
ਰਜਿੰਦਰ ਇਨ੍ਹਾਂ ਸ਼ੈਤਾਨੀ ਕਾਇਰਾਂ, ਕਿਸ ਅੱਲ੍ਹਾ ਦਾ ਫੜ ਲਿਆ ਪੱਲਾ।

## ਪਹਿਲਗਾਮ ਦਾ ਕਤਲੇਆਮ

ਹਰਪ੍ਰੀਤ ਪੱਤੋ

ਮਾਰ-ਮਾਰ ਲੋਥਾਂ ਦੇ ਢੇਰ ਲਾਤੇ,
ਸੁਣੀ ਕਿਸੇ ਨਾ ਕੂਕ ਪੁਕਾਰ ਸਾਈਂ।
ਡਿੱਗੇ ਹੋਣਗੇ ਪੰਛੀਆਂ ਦੀ ਅੱਖੋਂ ਹੰਝੂ,
ਵੇਖ ਮਨੁੱਖਾਂ 'ਤੇ ਅੱਤਿਆਚਾਰ ਸਾਈਂ।
ਬੇਸ਼ਗਨਾਂ ਹੋਇਆ ਹੋਊ ਤੁਰਦਿਆਂ ਨੂੰ,
ਮੁੜ ਵੇਖਿਆ ਨਾ ਘਰ ਬਾਰ ਸਾਈਂ।
ਘਰੋਂ ਗਏ ਸੀ ਹੱਸਦੇ, ਮੁੜੇ ਰੋਂਦੇ,
ਦਿੱਤੀ ਕਰਮਾਂ ਵੱਡੀ ਹਾਰ ਸਾਈਂ।
ਪਹਿਲਗਾਮ ਕਬਰਸਤਾਨ ਬਣਿਆ,
ਲੁੱਟੇ ਸੁਹਾਗ ਸਰੇ ਬਾਜ਼ਾਰ ਸਾਈਂ।
ਮਿਸਾਲੀ ਸਜ਼ਾਵਾਂ ਦਿਉ ਦਰਿੰਦਿਆਂ ਨੂੰ,
ਦਿੱਤਾ ਜਿਨ੍ਹਾਂ ਦੇਸ਼ ਵੰਗਾਰ ਸਾਈਂ।
ਅੱਖ ਪੱਟ ਕੇ ਝਾਕੇ ਨਾ ਮੁੜ ਵੈਰੀ,
ਤੁਸੀਂ ਮਾਰੋ ਐਸੀ ਮਾਰ ਸਾਈਂ।

## ਦੋਸ਼ੀ ਕੌਣ ?

ਲਖਵਿੰਦਰ ਸਿੰਘ ਬਾਜਵਾ

ਬੀਜ ਬੀਜ ਕੇ ਕਿਸ ਨਫ਼ਰਤ ਦਾ, ਮਹੁਰਾ ਮਨੀਂ ਉਗਾਇਆ।
ਕਿਹੜਾ ਹੈ ਇਹ ਮਾਨਵਤਾ ਦੇ, ਲਹੂਆਂ ਦਾ ਤਿਰਹਾਇਆ।
ਸੂਰਜ ਕਿਰਨਾਂ ਲੱਜਿਤ ਹੋਈਆਂ, ਦੇ ਕੇ ਉਹਨੂੰ ਗਰਮੀ,
ਚੰਨ ਰਿਸ਼ਮਾਂ ਦੀ ਠੰਢਕ ਦੇ ਕੇ, ਹੋਵੇਗਾ ਪਛਤਾਇਆ।
ਨਿੱਤਰੇ ਨਿਰਮਲ ਜਲ ਦੇ ਅੰਦਰ, ਗਾਦ ਜ਼ਹਿਰ ਕਿਸ ਘੋਲੀ,
ਨਿਰਦੋਸ਼ਾਂ ਦੀ ਜਿੰਦ ਤੇ ਜਿਹੜਾ, ਪਿਆ ਮੌਤ ਦਾ ਸਾਇਆ।
ਇਹ ਤਖ਼ਤਾਂ ਦੇ ਗੰਦੇ ਆਂਡੇ, ਅਮਰ ਕਿਓਂ ਕਰ ਹੋਏ,
ਅਮਰ ਕਥਾ ਦਾ ਪਾਰਵਤੀ ਨੂੰ, ਕਿਸ ਫਿਰ ਪਾਠ ਸੁਣਾਇਆ।
ਮਾਰਨ ਲਈ ਸੰਵੇਦਨ ਮਨ ਚੋਂ, ਫ਼ਿਰਕੂ ਕਾੜ੍ਹ ਦੁਸ਼ਾਂਦਾ,
ਧਰਮ ਕਰਮ ਦਾ ਸ਼ਹਿਦ ਰਲਾ ਕੇ, ਕਿਸਨੇ ਬੈਠ ਪਿਆਇਆ।
ਫਿਰ ਕਿਸ ਅੰਨ੍ਹੇ ਧ੍ਰਿਤਰਾਸ਼ਟਰ, ਬਾਤ ਕਨਕ ਦੀ ਮੰਨੀ,
ਕਿਸ ਰਾਜੇ ਵਿਸ਼ਕੰਨਿਆ ਪਾਲੀ, ਡੱਸਦੀ ਫਿਰੇ ਰਿਆਇਆ।
ਕੀ ਕੇਵਲ ਜੰਨਤ ਹੂਰਾਂ ਦਾ, ਲਾਲਚ ਹੈ ਇਸ ਪਿੱਛੇ ?
ਕਿਸ ਲਾਲਚ ਦੇ ਪਿੱਛੇ ਉਨ੍ਹਾਂ, ਘੋਰ ਉਪੱਦਰ ਚਾਇਆ।
ਕਿਸ ਨੇ ਧਰਤੀ ਮਾਂ ਦਾ ਪੱਲਾ, ਰੰਗਣ ਦੇ ਲਈ ਸੂਹਾ,
ਬੇਦੋਸ਼ਾਂ ਦਾ ਖ਼ੂਨ ਪਵਿੱਤਰ ਕਾਇਰਾਂ ਹੱਥ ਚੁਆਇਆ।
ਪੁੱਛ ਰਿਹਾ ਇੱਕ ਬੇਬਸ ਬੱਚਾ, ਲਾਸ਼ ਪਿਓ ਦੀ ਤੱਕ ਕੇ,
ਆਦਮਖ਼ੋਰ ਆਦਮੀ ਕਰ ਕੇ, ਕੀ ਤੇਰੇ ਹੱਥ ਆਇਆ।
ਜੰਨਤ ਨੂੰ ਕਬਜ਼ਾਉਣ ਵਾਸਤੇ, ਮਸਲ ਰਿਹਾ ਜੋ ਬੰਦੇ,
ਕਿਓਂ ਮਹਿਖਾਸੁਰ ਤੇ ਇੰਦਰ ਨੇ, ਖ਼ੂਨੀ ਯੁੱਧ ਮਚਾਇਆ।
ਕਿਓਂ ਅਮਨ ਦੀ ਘੁੱਗੀ ਤਾਈਂ, ਕਾਗ ਸਮੇਂ ਦੇ ਨੋਚਣ,
ਕਿਓਂ ਇਤਿਹਾਸ ਜ਼ੁਲਮ ਦਾ ਜਾਏ, ਮੁੜ ਮੁੜ ਕੇ ਦੁਹਰਾਇਆ।
ਦੋ ਪਲ ਹੰਝੂ ਮਗਰਮੱਛ ਦੇ, ਕੇਰ ਫੇਰ ਚੁੱਪ ਵੱਟਣੀ,
ਇਹ ਕਿਹੜਾ ਪ੍ਰਚਾਉਣੀ ਦਾ ਢੰਗ, ਜੋ ਇਨ੍ਹਾਂ ਅਪਣਾਇਆ।
ਜਦ ਦਾ ਬੰਦਾ ਹਲਕਾ ਹੋਇਆ, ਸੱਤਾ ਦੌਲਤਾਂ ਪਿੱਛੇ,
ਇਹ ਦਹਿਸ਼ਤ ਦਾ ਸ਼ਬਦਕੋਸ਼ ਵਿੱਚ, ਸ਼ਬਦ ਤਦੋਂ ਦਾ ਆਇਆ।
ਜਿੰਨਾ ਚਿਰ ਮਾਨਵ ਦੇ ਮਨ ਚੋਂ, ਫ਼ਿਰਕੂ ਦੈਂਤ ਨਾ ਮਰਦਾ,
ਓਨਾ ਚਿਰ ਨਾ ਹੋਏ ਸੁਰੱਖਿਅਤ, ਜਾਨਾਂ ਦਾ ਸਰਮਾਇਆ।
ਵਹਿਸ਼ਤ ਦਾ ਇਹ ਮਾਰੂ ਡੰਗਰ, ਲੈਂਦਾ ਰਹਿਸੀ ਜਾਨਾਂ,
ਜਿੰਨੀ ਦੇਰ ਬਾਜਵਾ ਇਹਨੂੰ, ਨੱਥ ਕੇ ਨਾ ਬਿਠਲਾਇਆ।

## ਪਤਾਲ

ਨਿਰਜੀਤ

ਤੂੰ ਪਾਣੀ ਬਚਾ ਲੈ ਪੰਜਾਬ ਸਿੰਹਾਂ।
ਮੈਂ ਧਰਤੀ ਥੱਲਿਓਂ ਪਤਾਲ ਬੋਲਦਾਂ।
ਮੇਰੀ ਫ਼ਰਿਆਦ ਤੂੰ ਮੈਨੂੰ ਬਚਾ ਲੈ।
ਕਿਉਂ ਮੈਨੂੰ ਗਟਰਾਂ ਵਿੱਚ ਰੋਲਦਾ।
ਮੈਨੂੰ ਫ਼ਿਕਰ ਹੈ ਥੋਡੇ ਬੱਚਿਆਂ ਦਾ।
ਮੇਰੇ ਕੋਲ ਥੋੜ੍ਹਾ ਪਾਣੀ ਤਾਂ ਡੋਲਦਾ।
ਮੇਰੀ ਛਾਤੀ ਵਿੱਚ ਬੜੇ ਛੇਕ ਡੂੰਘੇ ਨੇ।
ਗੁੱਝੇ ਸੀ ਭੇਤ ਮੈਂ ਅੱਜ ਤਾਂ ਖੋਲ੍ਹਦਾ।
ਪਿਆਸ ਬੁਝਾਉਂਦਾ ਹਰ ਇੱਕ ਦੀ।
ਕਦੇ ਵਿਤਕਰਾ ਨਹੀਂ ਪੂਰਾ ਤੋਲਦਾ।
ਕੀ ਕਰਾਂ ਮੱਥੇ ਹੱਥ ਰੱਖ ਬੈਠ ਜਾਂਦਾ।
ਤੂੰ ਬੇਵਜ੍ਹਾ ਮੋਟਰਾਂ ਟੂਟੀਆਂ ਖੋਲ੍ਹਦਾ।
ਮੇਰੇ ਹੱਥ ਵਿੱਚ ਕੁਝ ਨਹੀਂ ਰਹਿਣਾ।
ਬਹੁਤ ਪਛਤਾਵੇਂਗਾ ਮੈਂ ਤਾਂ ਖੋਲਦਾ।
ਮੈਂ ਆਖ਼ਰੀ ਵਾਰੀ ਕਹਿ ਦਿੱਤਾ ਤੈਨੂੰ।
ਮੈਂ ਲੱਭਣਾ ਨਹੀਂ ਫ਼ਿਰੇਂਗਾ ਟੋਲਦਾ।
ਤੂੰ ਪਾਣੀ ਬਚਾ ਲੈ ਪੰਜਾਬ ਸਿੰਹਾਂ।
ਮੈਂ ਧਰਤੀ ਥੱਲਿਓਂ ਪਤਾਲ ਬੋਲਦਾਂ।

## ਗ਼ਜ਼ਲ

ਬਿੰਦਰ ਸਿੰਘ ਖੁੱਡੀ ਕਲਾਂ

ਇਸ ਧਰਤੀ ਉੱਪਰ ਅਮਨ ਜ਼ਰੂਰੀ ਏ।
ਫੁੱਲਾਂ ਦਾ ਖਿੜਿਆ ਚਮਨ ਜ਼ਰੂਰੀ ਏ।
ਜੰਗਾਂ ਦਾ ਜੋ ਵੀ ਕਾਰਨ ਬਣਦੇ ਨੇ,
ਐਸੇ ਤੱਤਾਂ ਦਾ ਦਮਨ ਜ਼ਰੂਰੀ ਏ।
ਵੋਟਾਂ ਖ਼ਾਤਰ ਜੋ ਛੇੜਨ ਜੰਗਾਂ ਨੂੰ,
ਉਨ੍ਹਾਂ ਦਾ ਫੜਨਾ ਗਬਨ ਜ਼ਰੂਰੀ ਏ।
ਮੇਰੀ ਮੇਰੀ ਕਰਦੇ ਬੰਦੇ ਖ਼ਾਤਰ,
ਅੰਤ ਸਮੇਂ ਕੇਵਲ ਕਫ਼ਨ ਜ਼ਰੂਰੀ ਏ।
ਸੁੱਖਾਂ ਵਾਲੇ ਜੋ ਸੰਦੇਸ਼ ਲਿਆਵੇ,
ਬਿੰਦਰ ਉਹ ਚਲਣੀ ਪਵਨ ਜ਼ਰੂਰੀ ਏ।

# ਆਈ.ਪੀ.ਐਲ. ਦੇ ਫਾਈਨਲ ਵਿੱਚ ਪੰਜਾਬ ਕਿੰਗਜ਼ ਨੂੰ ਹਰਾ ਕੇ ਰੌਇਲ ਚੈਲੇਂਜਰਜ਼ ਬੰਗਲੂਰੂ ਬਣਿਆ ਚੈਂਪੀਅਨ






ਅਹਿਮਦਾਬਾਦ/ਏ.ਟੀ.ਨਿਊਜ਼: ਰੌਇਲ ਚੈਲੇਂਜਰਜ਼ ਬੰਗਲੂਰੂ (ਆਰ.ਸੀ.ਬੀ.) ਦੀ ਟੀਮ ਇੰਡੀਅਨ ਪ੍ਰੀਮੀਅਰ ਲੀਗ ਦੇ ਫਾਈਨਲ ਵਿੱਚ ਪੰਜਾਬ ਕਿੰਗਜ਼ ਨੂੰ 6 ਦੌੜਾਂ ਨਾਲ ਹਰਾ ਕੇ ਚੈਂਪੀਅਨ ਬਣ ਗਈ ਹੈ। ਵਿਰਾਟ ਕੋਹਲੀ ਤੇ ਆਰ.ਸੀ.ਬੀ. ਦੀ ਟੀਮ ਨੇ 18 ਸਾਲਾਂ ਵਿੱਚ ਪਹਿਲੀ ਵਾਰ ਆਈ.ਪੀ.ਐਲ. ਵਿੱਚ ਖਿਤਾਬੀ ਜਿੱਤ ਦਰਜ ਕੀਤੀ ਹੈ। ਪੰਜਾਬ ਦੀ ਟੀਮ ਬੰਗਲੂਰੂ ਵੱਲੋਂ ਜਿੱਤ ਲਈ ਮਿਲੇ 191 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ ਨਿਰਧਾਰਿਤ 20 ਓਵਰਾਂ ਵਿੱਚ 7 ਵਿਕਟਾਂ ਦੇ ਨੁਕਸਾਨ ਨਾਲ 184 ਦੌੜਾਂ ਹੀ ਬਣਾ ਸਕੀ। ਟੀਮ ਨੂੰ ਮਿਲੀ ਜਿੱਤ ਮਗਰੋਂ ਵਿਰਾਟ ਕੋਹਲੀ ਮੈਦਾਨ ’ਤੇ ਕਾਫੀ ਭਾਵੁਕ ਨਜ਼ਰ ਆਏ ਕਿਉਂਕਿ ਇਹ ਉਨ੍ਹਾਂ ਦਾ ਪਹਿਲਾ ਆਈ.ਪੀ.ਐਲ. ਖਿਤਾਬ ਹੈ।

ਪੰਜਾਬ ਲਈ ਸ਼ਸ਼ਾਂਕ ਸਿੰਘ ਨੇ 30 ਗੇਂਦਾਂ ਵਿਚ 61 ਦੌੜਾਂ ਦੀ ਨਾਬਾਦ ਪਾਰੀ ਖੇਡੀ, ਜਿਸ ਵਿੱਚ 3 ਚੌਕੇ ਤੇ 6 ਛੱਕੇ ਵੀ ਸ਼ਾਮਲ ਹਨ, ਪਰ ਉਹ ਟੀਮ ਨੂੰ ਜਿੱਤ ਦੀਆਂ ਬਰੂਹਾਂ ਤੱਕ ਪਹੁੰਚਾਉਣ ਵਿੱਚ ਨਾਕਾਮ ਰਿਹਾ। ਹੋਰਨਾਂ ਬੱਲੇਬਾਜ਼ਾਂ ਵਿੱਚ ਦਰਤੀ ਜੋਸ਼ ਇੰਗਲਿਸ਼ ਨੇ 23 ਗੇਂਦਾਂ ’ਤੇ 39 ਦੌੜਾਂ ਬਣਾਈਆਂ। ਕਪਤਾਨ ਸ਼ਰੇਆਸ ਆਈਅਰ ਜੋ ਦੂਜੇ ਕੁਆਲੀਫਾਇਰ ਵਿੱਚ ਟੀਮ ਦੀ ਜਿੱਤ ਦਾ ਹੀਰੋ ਸੀ, 1 ਦੌੜ ਬਣਾ ਕੇ ਆਊਟ ਹੋ ਗਿਆ। ਪੀ.ਆਰੀਆ ਨੇ 24 ਤੇ ਪ੍ਰਭਸਿਮਰਨ ਸਿੰਘ ਨੇ 26 ਦੌੜਾਂ ਦਾ ਯੋਗਦਾਨ ਪਾਇਆ। ਰੌਇਲ ਚੈਲੇਂਜਰਜ਼ ਬੰਗਲੂਰੂ ਲਈ ਭੁਵਨੇਸ਼ਵਰ ਕੁਮਾਰ ਤੇ ਕਰੁਨਾਲ ਪੰਡਿਆ ਨੇ ਦੋ ਦੋ ਅਤੇ ਵਾਈ. ਦਿਆਲ, ਜੋਸ਼ ਹੇਜ਼ਲਵੁੱਡ ਤੇ ਆਰ.ਸ਼ੈਪਰਡ ਨੇ ਇੱਕ ਇੱਕ ਵਿਕਟ ਲਈ।

ਇਸ ਤੋਂ ਪਹਿਲਾਂ ਰੌਇਲ ਚੈਲੇਂਜਰਜ਼ ਬੰਗਲੂਰੂ ਦੀ ਟੀਮ ਨੇ ਪੰਜਾਬ ਵੱਲੋਂ ਪਹਿਲਾਂ ਬੱਲੇਬਾਜ਼ੀ ਕਰਨ ਦੇ ਮਿਲੇ ਸੱਦੇ ’ਤੇ ਨਿਰਧਾਰਿਤ 20 ਓਵਰਾਂ ਵਿੱਚ 9 ਵਿਕਟਾਂ ਦੇ ਨੁਕਸਾਨ ਨਾਲ 190 ਦੌੜਾਂ ਬਣਾਈਆਂ।

ਬੰਗਲੂਰੂ ਦੀ ਟੀਮ ਲਈ ਵਿਰਾਟ ਕੋਹਲੀ ਨੇ 43, ਕਪਤਾਨ ਰਜਤ ਪਾਟੀਦਾਰ ਨੇ 26, ਲਿਆਮ ਲਿਵਿੰਗਸਟੋਨ 25, ਮਯੰਕ ਅਗਰਵਾਲ ਤੇ ਜਿਤੇਸ਼ ਸ਼ਰਮਾ ਨੇ 24-24 ਦੌੜਾਂ ਦਾ ਯੋਗਦਾਨ ਪਾਇਆ।

ਪੰਜਾਬ ਲਈ ਤੇਜ਼ ਗੇਂਦਬਾਜ਼ ਅਰਸ਼ਦੀਪ ਸਿੰਘ ਨੇ ਆਖਰੀ ਓਵਰ ਵਿੱਚ ਤਿੰਨ ਵਿਕਟਾਂ ਲਈਆਂ। ਹੋਰਨਾਂ ਗੇਂਦਬਾਜ਼ਾਂ ਵਿੱਚ ਕਾਇਲੀ ਜੈਮੀਸਨ ਨੇ 48 ਦੌੜਾਂ ਬਦਲੇ ਤਿੰਨ ਵਿਕਟ ਲਏ ਜਦੋਂਕਿ ਇੱਕ ਇੱਕ ਵਿਕਟ ਅਜ਼ਮਤਉੱਲਾ ਓਮਰਜ਼ਈ, ਯੁਜ਼ਵੇਂਦਰ ਚਹਿਲ ਤੇ ਵਾਇਸ਼ੈਕ ਵਿਜੈ ਕੁਮਾਰ ਨੇ ਲਈ। ਕਾਬਿਲੇਗੌਰ ਹੈ ਕਿ ਪੰਜਾਬ ਦੀ ਟੀਮ 11 ਸਾਲਾਂ ਬਾਅਦ ਆਈ.ਪੀ.ਐੱਲ. ਦੇ ਫਾਈਨਲ ਵਿੱਚ ਪਹੁੰਚੀ ਸੀ ਜਦੋਂਕਿ ਆਰ.ਸੀ.ਬੀ. ਦਾ ਇਹ ਚੌਥਾ ਖਿਤਾਬੀ ਮੁਕਾਬਲਾ ਸੀ। ਦੋਵਾਂ ਟੀਮਾਂ ਨੇ ਆਈ.ਪੀ.ਐੱਲ. ਦੇ 18 ਸਾਲਾਂ ਦੇ ਇਤਿਹਾਸ ਵਿੱਚ ਹੁਣ ਤੱਕ ਆਈ.ਪੀ.ਐੱਲ. ਦਾ ਖਿਤਾਬ ਨਹੀਂ ਜਿੱਤਿਆ ਸੀ।

## ਜਦੋਂ ਤੱਕ ਆਈ.ਪੀ.ਐਲ. ਖੇਡਾਂਗਾ, ਆਰ.ਸੀ.ਬੀ. ਲਈ ਹੀ ਖੇਡਾਂਗਾ: ਕੋਹਲੀ



ਅਹਿਮਦਾਬਾਦ:ਜੋਸ਼ ਹੇਜ਼ਲਵੁੱਡ ਨੇ 20ਵੇਂ ਓਵਰ ਦੀ ਦੂਜੀ ਗੇਂਦ ਸੁੱਟੀ ਤਾਂ ਕੋਹਲੀ ਦੀਆਂ ਅੱਖਾਂ ਭਰ ਆਈਆਂ। ਕੋਹਲੀ ਨੂੰ ਮੋਟੇਰਾ ਦੀ ਪਿੱਚ ਨੂੰ ਚੁੰਮਦੇ ਦੇਖ ਉਨ੍ਹਾਂ ਦੇ ਪ੍ਰਸ਼ੰਸਕ ਵੀ ਆਪਣੇ ਖ਼ੁਸ਼ੀ ਦੇ ਹੰਝੂਆਂ ਨੂੰ ਨਹੀਂ ਰੋਕ ਸਕੇ। ਆਈਪੀਐੱਲ ਇਸ ਵਰ੍ਹੇ 18 ਸਾਲ ਦਾ ਹੋ ਗਿਆ ਤੇ ਇਸ ਖਿਤਾਬ ਨਾਲ ਕੋਹਲੀ ਦਾ ਕੱਦ ਕੁਝ ਹੋਰ ਵੱਧ ਗਿਆ ਹੈ। ਉਂਝ ਕੋਹਲੀ ਨੇ ਸਾਫ਼ ਕਰ ਦਿੱਤਾ ਕਿ ਉਹ ਜਦੋਂ ਤੱਕ ਆਈਪੀਐੱਲ ਵਿਚ ਹੈ, ਰੌਇਲ ਚੈਲੇਂਜਰਜ਼ ਬੰਗਲੂਰੂ ਲਈ ਹੀ ਖੇਡੇਗਾ।

ਕੋਹਲੀ ਨੇ ਮੈਚ ਜਿੱਤਣ ਮਗਰੋਂ ਕਿਹਾ, “ਇਹ ਟੀਮ ਓਨੀ ਹੀ ਪ੍ਰਸ਼ੰਸਕਾਂ ਦੀ ਹੈ, ਜਿੰਨੀ ਕਿ ਟੀਮ ਦੀ। 18 ਸਾਲ ਦਾ ਲੰਮਾ ਸਮਾਂ। ਮੈਂ ਆਪਣੀ ਜਵਾਨੀ, ਟਾਈਮ ਤੇ ਤਜਰਬਾ ਸਭ ਕੁਝ ਇਸ ਟੀਮ ਨੂੰ ਦਿੱਤਾ। ਮੈਂ ਹਰ ਸੀਜ਼ਨ ਵਿਚ ਜਿੱਤਣ ਦੀ ਕੋਸ਼ਿਸ਼ ਕੀਤੀ। ਮੇਰੇ ਕੋਲ ਜੋ ਵੀ ਸੀ, ਮੈਂ ਦਿੱਤਾ।”

ਫਾਈਨਲ ਮਗਰੋਂ ਕੋਹਲੀ ਨੇ ਆਪਣੀ ਅਦਾਕਾਰ ਪਤਨੀ ਅਨੁਸ਼ਕਾ ਨੂੰ ਗਲੇ ਲਾਇਆ। ਉਨ੍ਹਾਂ ਕਿਹਾ, “ਆਖਿਰ ਨੂੰ ਖਿਤਾਬ ਜਿੱਤਣਾ ਸ਼ਾਨਦਾਰ ਤਜਰਬਾ ਹੈ। ਕਦੇ ਸੋਚਿਆ ਨਹੀਂ ਸੀ ਕਿ ਇਹ ਦਿਨ ਆਏਗਾ। ਆਖਰੀ ਗੇਂਦ ਸੁੱਟੇ ਜਾਣ ਵੇਲੇ ਮੈਂ ਬਹੁਤ ਭਾਵੁਕ ਹੋ ਗਿਆ ਸੀ। ਮੈਂ ਆਪਣੀ ਪੂਰੀ ਤਾਕਤ ਲਾ ਦਿੱਤੀ ਸੀ ਤੇ ਇਹ ਬਹੁਤ ਵਧੀਆ ਅਹਿਸਾਸ ਹੈ।”

ਕੋਹਲੀ ਨੇ ਆਪਣੇ ਜਿਗਰੀ ਦੋਸਤ ਤੇ ਦੱਖਣੀ ਅਫਰੀਕਾ ਦੇ ਸਾਬਕਾ ਕ੍ਰਿਕਟਰ ਏਬੀ ਡਿਵਿਲੀਅਰਜ਼ ਬਾਰੇ ਕਿਹਾ, “ਏਬੀਡੀ ਨੇ ਜੋ ਇਸ ਟੀਮ ਲਈ ਕੀਤਾ, ਉਹ ਬਹੁਤ ਵਧੀਆ ਹੈ। ਮੈਂ ਉਸ ਨੂੰ ਕਿਹਾ ਕਿ ਇਹ ਜਿੱਤ ਓਨੀ ਹੀ ਉਸ ਦੀ ਹੈ, ਜਿੰਨੀ ਸਾਡੀ।”

# ਖੇਡਾਂ ਦੇ ਵਿਕਾਸ ਲਈ ਜ਼ਰੂਰੀ ਹਨ ਖੇਡ ਮੈਦਾਨ

ਬਲਜਿੰਦਰ ਮਾਨ

## ਸ਼ਾਮਲਾਤ ਅਤੇ ਖਾਲੀ ਪਈ ਜ਼ਮੀਨ ’ਤੇ ਬਣਾਏ ਜਾਣ ਖੇਡ ਮੈਦਾਨ

ਕਹਿੰਦੇ ਨੇ, ਵਿਹਲਾ ਮਨ ਸ਼ੈਤਾਨ ਦਾ ਕਾਰਖਾਨਾ ਹੁੰਦਾ ਹੈ, ਇਸ ਲਈ ਜੇ ਅਸੀਂ ਵਿਹਲ ਦਾ ਸਹੀ ਇਸਤੇਮਾਲ ਕਰਨਾ ਹੈ ਤਾਂ ਉਹ ਨੇ ਸਾਡੇ ਖੇਡ ਮੈਦਾਨ, ਜਿਥੇ ਪੰਜਾਬ ਦੀ ਜੁਆਨੀ ਨੇ ਨਿਖਰਨਾ ਅਤੇ ਨਿਸਰਨਾ ਹੈ। ਜੇ ਇਹ ਖੇਡ ਮੈਦਾਨ ਜੁਆਨਾਂ ਨਾਲ ਭਰੇ ਹੋਣਗੇ ਤਾਂ ਸਮਝੋ ਪੰਜਾਬ ਚੜ੍ਹਦੀ ਕਲਾ ਵੱਲ ਵਧ ਰਿਹਾ ਹੈ।

ਸਾਡੇ ਬਚਪਨ ਨੂੰ ਬਸਤੇ ਦੇ ਭਾਰ ਅਤੇ ਨੈੱਟ ਦੇ ਮਾਇਆ-ਜਾਲ ਨੇ ਖਾ ਲਿਆ ਹੈ। ਹਰ ਮਾਂ ਆਪਣੇ ਕੰਮ ਨਿਬੇੜਨ ਵਾਸਤੇ ਬੱਚੇ ਹੱਥ ਖਿਡਾਉਣੇ ਦੇਣ ਦੀ ਬਜਾਇ ਮੋਬਾਈਲ ਫੋਨ ਫੜਾ ਰਹੀ ਹੈ ਜਿਸ ਦੇ ਨਤੀਜਿਆਂ ਬਾਰੇ ਅਜੇ ਅਸੀਂ ਸਭ ਅਵੇਸਲੇ ਹੋਏ ਬੈਠੇ ਹੈ। ਮੋਬਾਈਲ ਜਾਂ ਕੰਪਿਊਟਰ ’ਤੇ ਗੇਮ ਖੇਡਣਾ ਕੋਈ ਸਿਹਤਮੰਦ ਰੁਝਾਨ ਨਹੀਂ ਹੈ। ਜੇ ਅਸੀਂ ਬਾਲ ਮਨ, ਬੁੱਧੀ ਅਤੇ ਸਰੀਰ ਦਾ ਵਿਕਾਸ ਕਰਨਾ ਹੈ ਤਾਂ ਉਸ ਨੂੰ ਨੱਚਣ ਕੁੱਦਣ ਦਾ ਸਮਾਂ ਜ਼ਰੂਰ ਦੇਣਾ ਪਵੇਗਾ। ਪੁਰਾਣੇ ਜ਼ਮਾਨੇ ਵਿੱਚ ਅਸੀਂ ਗਲੀਆਂ ਵਿੱਚ ਲੁਕਣਮੀਚੀ, ਛੁਹਣ-ਛੁਆਈ, ਬਾਂਦਰ ਕੀਲਾ, ਕਬੱਡੀ, ਘੋਲ ਅਤੇ ਪਤਾ ਨਹੀਂ ਹੋਰ ਕਿੰਨੀਆਂ ਪੁਰਾਤਨ ਖੇਡਾਂ ਖੇਡਦੇ ਸਾਂ। ਇਹਨਾਂ ਖੇਡਾਂ ਨਾਲ ਸਾਡਾ ਸਰਬਪੱਖੀ ਵਿਕਾਸ ਹੁੰਦਾ ਸੀ। ਪਿੰਡਾਂ ਦਾ ਸਿਆਣਾ ਖਿਡਾਰੀ ਜਾਂ ਵਿਅਕਤੀ ਇਹਨਾਂ ਖੇਡਾਂ ਲਈ ਕੋਚ ਵੀ ਬਣ ਜਾਂਦਾ ਸੀ, ਭਾਵ ਕਿਸੇ ਨੂੰ ਫਾਊਲ ਨਾ ਖੇਡਣ ਦਿੰਦਾ। ਬਸ ਜੀਵਨ ਵੀ ਖੇਡ ਹੀ ਹੈ ਜਿਸ ਵਿਚੋਂ ਫਾਊਲ ਖੇਡਣ ਦੀ ਆਦਤ ਨੂੰ ਮਾਰਨਾ ਹੈ। ਜੋ ਅੱਜ ਸਾਡੀ ਦਸ਼ਾ ਬਣੀ ਹੈ, ਇਹ ਸਾਡੇ ਆਗੂਆਂ ਤੇ ਅਧਿਕਾਰੀਆਂ ਦੁਆਰਾ ਫਾਊਲ ਖੇਡਣ ਕਰਕੇ ਬਣੀ ਹੈ। ਰਾਤੋ-ਰਾਤ ਕੁਝ ਵੀ ਨਹੀਂ ਹੁੰਦਾ। ਹਰ ਕੰਮ ਲਈ ਸਮੇਂ ਦੀ ਲੋੜ ਹੁੰਦੀ ਹੈ।



ਪੁਰਾਤਨ ਖੇਡਾਂ ਤਾਂ ਬੱਚੇ ਪਿੰਡਾਂ ਵਿੱਚ ਹੀ ਖੇਡਦੇ ਸਨ। ਇਹ ਖੇਡਾਂ ਉਦੋਂ ਖੇਡੀਆਂ ਜਾਂਦੀਆਂ ਸਨ ਜਦੋਂ ਸਾਰੇ ਬੱਚੇ ਸਕੂਲ ਨਹੀਂ ਸਨ ਜਾਂਦੇ। ਅੱਜਕੱਲ੍ਹ ਤਾਂ ਤਿੰਨ ਸਾਲ ਦਾ ਬੱਚਾ ਨਰਸਰੀ ਜਮਾਤ ਦਾ ਵਿਦਿਆਰਥੀ ਬਣ ਜਾਂਦਾ ਹੈ। ਉਸ ਨੇ ਸਭ ਖੇਡਾਂ ਸਕੂਲਾਂ ਵਿੱਚ ਹੀ ਖੇਡਣੀਆਂ ਹਨ। ਇਸ ਲਈ ਜੇ ਅਸੀਂ ਮੈਡਲਾਂ ਵਾਲੇ ਖਿਡਾਰੀ ਪੈਦਾ ਕਰਨੇ ਹਨ ਤਾਂ ਉਹਨਾਂ ਦੀ ਕਾਂਟ-ਛਾਂਟ ਵੀ ਨਰਸਰੀ ਪੱਧਰ ’ਤੇ ਹੀ ਕੀਤੀ ਜਾਣੀ ਬਣਦੀ ਹੈ। ਹਰ ਪ੍ਰਾਇਮਰੀ ਸਕੂਲ ਵਿੱਚ ਤਿਆਰ ਹੋ ਰਹੇ ਖਿਡਾਰੀ ਤੇ ਅਥਲੀਟ ਵਾਸਤੇ ਕਲੱਸਟਰ ਪੱਧਰ ’ਤੇ ਕੋਚਿੰਗ ਦਾ ਪ੍ਰਬੰਧ ਸਰਕਾਰਾਂ ਦੁਆਰਾ ਕੀਤਾ ਜਾਵੇ। ਅੱਜ ਦਾ ਯੁੱਗ ਤਕਨੀਕ ਦਾ ਯੁੱਗ ਹੈ। ਇਸ ਲਈ ਖਿਡਾਰੀ ਨੂੰ ਆਧੁਨਿਕ ਤਕਨੀਕ ਅਤੇ ਆਧੁਨਿਕ ਸਾਜ਼ੋ-ਸਮਾਨ ਨਾਲ ਲੈਸ ਕਰਨ ਦੀ ਜ਼ਰੂਰਤ ਹੈ। ਹਰ ਸਕੂਲ ਦੇ ਹੋਣਹਾਰ ਖਿਡਾਰੀਆਂ ਦੀ ਵਿਸ਼ੇਸ਼ ਕੈਂਪਾਂ ਰਾਹੀ ਕੋਚਿੰਗ ਕਰਵਾਉਣੀ ਲਾਜ਼ਮੀ ਕੀਤੀ ਜਾਵੇ। ਜਿਹੜੇ ਖਿਡਾਰੀ ਬਲਾਕ ਜਾਂ ਕਲੱਸਟਰ ਪੱਧਰ ’ਤੇ ਮੱਲਾਂ ਮਾਰਦੇ ਹਨ, ਉਹਨਾਂ ਦੇ ਵਿਸ਼ੇਸ਼ ਕੈਂਪ ਲਗਾ ਕੇ ਤਿਆਰੀ ਕਰਵਾਉਣੀ ਚਾਹੀਦੀ ਹੈ। ਮੁਕਾਬਲਿਆਂ ਵਿੱਚ ਹੁੰਦੀਆਂ ਹੇਰਾਫੇਰੀਆਂ ਰੋਕਣ ਦੀ ਖਾਸ ਜ਼ਰੂਰਤ ਹੈ। ਭਾਈ ਭਤੀਜਾਵਾਦ ਕਾਰਨ ਕਈ ਵਾਰ ਯੋਗ ਖਿਡਾਰੀ ਰਹਿ ਜਾਂਦੇ ਹਨ। ਯੁਵਕ ਸੇਵਾਵਾਂ ਵਿਭਾਗ ਪੰਜਾਬ ਨੂੰ ਪਿੰਡਾਂ ਦੀਆਂ ਖੇਡ ਕਲੱਬਾਂ ਅਤੇ ਨੌਜਵਾਨ ਕਲੱਬਾਂ ਨੂੰ ਸਰਗਰਮ ਕਰਨ ਦੀ ਜ਼ਰੂਰਤ ਹੈ। ਹੁਣ ਕਾਗਜ਼ੀ ਕੰਮ ਨਹੀਂ ਸਗੋਂ ਜ਼ਮੀਨੀ ਪੱਧਰ ’ਤੇ ਸਭ ਕੁਝ ਕਰਨ ਦੀ ਜ਼ਰੂਰਤ ਹੈ। ਨਹਿਰੂ ਯੁਵਾ ਕੇਂਦਰ ਸੰਗਠਨ (ਭਾਰਤ ਸਰਕਾਰ) ਦਾ ਵੀ ਇਹਨਾਂ ਗਤੀਵਿਧੀਆਂ ਵਿੱਚ ਸਹਿਯੋਗ ਲਿਆ ਜਾ ਸਕਦਾ ਹੈ। ਜਿਹੜੇ ਕਲੱਬ ਦਹਾਕਿਆਂ ਤੋਂ ਖੇਡ ਸਰਗਰਮੀਆਂ ਕਰ ਰਹੇ ਹਨ, ਉਹਨਾਂ ਦੇ ਪ੍ਰਬੰਧਕਾਂ ਦੀ ਰਾਇ ਵੀ ਖੇਡ ਨੀਤੀ ਵਿਚ ਸ਼ਾਮਲ ਹੋਵੇ। ਇਹਨਾਂ ਸੰਸਥਾਵਾਂ ਦੀ ਸਰਪ੍ਰਸਤੀ ਕਰਨੀ ਵੀ ਸਰਕਾਰ ਦਾ ਟੀਚਾ ਹੋਣਾ ਚਾਗੀਦਾ ਹੈ। ਹਰ ਪਿੰਡ ਦੇ ਖਿਡਾਰੀ ਦੀ ਪ੍ਰਗਤੀ ਵਾਸਤੇ ਵਿਸ਼ੇਸ਼ ਉਪਰਾਲੇ ਕਰਨੇ ਪਿੰਡ ਦੀ ਪੰਚਾਇਤ ਦੀ ਜ਼ਿੰਮੇਵਾਰੀ ਬਣਦੀ ਹੈ ਕਿਉਂਕਿ ਪਿੰਡ ਦਾ ਨਾਮ ਉਸ ਨੇ ਮਸ਼ਹੂਰ ਕਰਨਾ ਹੁੰਦਾ ਹੈ।

ਪਿੰਡਾਂ ਦੀ ਖਾਲੀ ਪਈ ਜ਼ਮੀਨ ਨੂੰ ਖੇਡ ਮੈਦਾਨਾਂ ਵਿੱਚ ਤਬਦੀਲ ਕਰਨਾ ਚਾਹੀਦਾ ਹੈ। ਨੇੜਲੇ ਪੰਜਾਂ ਸੱਤਾਂ ਪਿੰਡਾਂ ਵਾਸਤੇ ਕੋਚਿੰਗ ਸੈਂਟਰ ਬਣਾਇਆ ਜਾਵੇ ਜਿਥੇ ਲਾਗਲੇ ਪਿੰਡਾਂ ਦੇ ਗੱਭਰੂ ਅਤੇ ਮੁਟਿਆਰਾਂ ਆਪੋ-ਆਪਣਾ ਅਭਿਆਸ ਕਰ ਸਕਣ। ਉਹਨਾਂ ਦੀ ਕੋਚਿੰਗ ਵਾਸਤੇ ਮਾਹਿਰ ਕੋਚ ਸ਼ਾਮ ਸਵੇਰੇ ਹਾਜ਼ਰ ਹੋਣ ਤਾਂ ਕਿ ਉਹਨਾਂ ਦੀ ਖੇਡ ਕਲਾ ਨਿਖਰ ਸਕੇ। ਪਿੰਡ, ਸੈਂਟਰ, ਕਲੱਸਟਰ, ਬਲਾਕ ਜ਼ਿਲ੍ਹਾ ਅਤੇ ਰਾਜ ਪੱਧਰੀ ਮੁਕਾਬਲੇ ਕਰਵਾਏ ਜਾਣ ਤਾਂ ਜੋ ਖਿਡਾਰੀਆਂ ਵਿੱਚ ਮੁਕਾਬਲਾ ਤੇ ਉਤਸ਼ਾਹ ਵਧ ਸਕੇ। ਹੋਣਹਾਰ ਖਿਡਾਰੀਆਂ ਦੀ ਪੜ੍ਹਾਈ ਅਤੇ ਖੇਡ ਕੋਚਿੰਗ ਦਾ ਸਾਰਾ ਜਿੰਮਾ ਸਰਕਾਰ ਨੂੰ ਚੁੱਕਣਾ ਚਾਹੀਦਾ ਹੈ। ਜਿੱਤਾਂ ਮਗਰੋਂ ਉਹਨਾਂ ਵਾਸਤੇ ਨੌਕਰੀਆਂ ਅਤੇ ਮਾਣ ਸਨਮਾਨ ਵਿੱਚ ਕੋਈ ਕਮੀ ਨਾ ਰਹੇ।





# ਲੋਕ ਦਿਲਾਂ 'ਚ ਵਸਦਾ ਕੁਲਦੀਪ ਮਾਣਕ

ਸਰੂਪ ਸਿੰਘ

ਮਾਣਕ ਉਹ ਅਨਮੋਲ ਵਸਤੂ ਹੈ, ਜਿਸ ਦੀ ਕੋਈ ਕੀਮਤ ਨਹੀਂ, ਭਾਵ ਉਸ ਨੂੰ ਕੋਈ ਖ਼ਰੀਦ ਨਹੀਂ ਸਕਦਾ। ਅਸੀਂ ਜਿਸ ਮਾਣਕ ਦੀ ਅੱਜ ਗੱਲ ਕਰਨ ਜਾ ਰਹੇ ਹਾਂ ਉਸ ਨੇ ਵੀ ਗ਼ਰੀਬੀ ਤੇ ਭੁੱਖ ਪਿਆਸ ਦੀ ਭੱਠੀ ਵਿੱਚ ਤਪ ਕੇ ਆਪਣੀ ਮਿਹਨਤ ਨਾਲ ਪੰਜਾਬੀ ਗਾਇਕੀ 'ਚ ਖ਼ੁਦ ਨੂੰ ਸਮਰਪਿਤ ਕਰ ਕੇ ਮਾਲਵੇ ਦਾ ਸਪੂਤ, ਕਲੀਆਂ ਦਾ ਬਾਦਸ਼ਾਹ, ਲੋਕ ਗਾਥਾਵਾਂ ਦਾ ਬਾਦਸ਼ਾਹ ਵਰਗੇ ਅਨੇਕ ਖ਼ਿਤਾਬ ਹਾਸਿਲ ਕਰ ਕੇ ਆਪਣੇ ਨਾਂ ਨੂੰ ਗਾਇਕੀ ਦੇ ਸੱਤਵੇਂ ਅਸਮਾਨ ਵਿੱਚ ਲਿਖਵਾਇਆ।ਕੁਲਦੀਪ ਮਾਣਕ ਦਾ ਜਨਮ ਬਠਿੰਡਾ ਜ਼ਿਲ੍ਹੇ ਦੇ ਪਿੰਡ ਜਲਾਲ ਵਿੱਚ ਮਾਤਾ ਬਚਨ ਕੌਰ ਦੀ ਕੁੱਖੋਂ ਪਿਤਾ ਨਿੱਕਾ ਸਿੰਘ ਦੇ ਘਰ 15 ਨਵੰਬਰ 1951 ਨੂੰ ਹੋਇਆ। ਮਾਪਿਆਂ ਨੇ ਉਸ ਨੂੰ ਲਤੀਫ਼ ਮੁਹੰਮਦ ਦੇ ਨਾਂ ਨਾਲ ਨਿਵਾਜਿਆ। ਬਚਪਨ ਤੋਂ ਜਵਾਨੀ ਵੱਲ ਵੱਧਦਾ ਹੋਇਆ ਲਤੀਫ ਮੁਹੰਮਦ ਲੱਧੇ ਦੇ ਨਾਂ ਨਾਲ ਮਸ਼ਹੂਰ ਹੋਇਆ। ਘਰ ਦੀ ਗ਼ਰੀਬੀ ਨੂੰ ਸਹਾਰਦੇ ਹੋਇਆ ਲੱਧਾ ਦਸਵੀਂ ਵਿੱਚ ਪੜ੍ਹਦਿਆਂ ਹੀ ਸਕੂਲ 'ਚ ਹੋਏ ਇੱਕ ਫੰਕਸ਼ਨ ਵਿੱਚ ਸ਼ਾਮਲ ਹੋਏ ਤੱਤਕਾਲੀਨ ਮੁੱਖ ਮੰਤਰੀ ਪ੍ਰਤਾਪ ਸਿੰਘ ਕੈਰੋਂ ਜੀ ਦੇ ਮੁੱਖੋਂ ਮਾਣਕ ਦਾ ਖ਼ਿਤਾਬ ਹਾਸਲ ਕਰ ਗਿਆ ਸੀ। ਆਪਣੇ ਉਸਤਾਦ ਕੱਵਾਲ ਖ਼ੁਸ਼ੀ ਮੁਹੰਮਦ ਤੋਂ ਸੰਗੀਤ ਦੀ ਸਿੱਖਿਆ ਲੈ ਕੇ ਸਾਲ 1968 ਵਿਚ ਸੰਗੀਤਕ ਖੇਤਰ 'ਚ ਸੁਰਿੰਦਰ ਸੀਮਾ ਨਾਲ ਗਾਇਕ ਵਜੋਂ ਤਾਲ ਠੋਕ ਦਿੱਤੀ। ਸਮੇਂ ਦੇ ਗੁਜ਼ਰਨ ਨਾਲ 1972-73 ਵਿਚ ਲੋਕ ਗਾਥਾਵਾਂ ਨਾਲ ਭਰਪੂਰ ਆਏ ਐੱਲਪੀ ਰਿਕਾਰਡ ਨਾਲ ਮਾਣਕ ਨੇ ਆਪਣੀ ਅਜਿਹੀ ਪਛਾਣ ਬਣਾਈ ਕਿ ਉਹ ਦਿਨੋਂ-ਦਿਨ ਸੰਗੀਤ ਦੀਆਂ ਬੁਲੰਦੀਆਂ ਨੂੰ ਛੂੰਹਦਾ ਗਿਆ। ਉੱਚੀ ਤੇ ਜੋਸ਼ੀਲੀ ਆਵਾਜ਼ ਦੇ ਮਾਲਕ ਮਾਣਕ ਨੇ ਪੰਜਾਬੀ ਸੱਭਿਆਚਾਰ, ਲੋਕ ਰੰਗ, ਗਜ਼ਲ, ਕੱਵਾਲੀ, ਪਰਿਵਾਰਕ ਤੇ ਧਾਰਮਿਕ ਜੋ ਵੀ ਗਾਇਆ, ਜਿਸ ਗੀਤਕਾਰ ਦੀ ਕਲਮ ਨੂੰ ਗਾਇਆ ਉਸ ਦੇ ਨਾਮ ਨੂੰ ਸੁਨਹਿਰੀ ਹਰਫ਼ਾਂ ਵਿੱਚ ਦਰਜ ਕਰ ਦਿੱਤਾ।

ਕੁਲਦੀਪ ਮਾਣਕ ਨੇ ਆਪਣੀ ਲੰਮੀ ਹੇਕ ਤੇ ਉੱਚੀ ਸੁਰ ਨਾਲ 'ਤੇਰੇ ਟਿੱਲੇ ਤੋਂ', 'ਛੇਤੀ ਕਰ ਸਰਵਣ ਬੱਚਾ', 'ਮਾਂ ਹੁੰਦੀ ਏ ਮਾਂ', 'ਰੰਨਾਂ ਚੰਚਲ ਹਾਰੀਆਂ', 'ਮਾਂ ਮਿਰਜੇ ਦੀ ਬੋਲਦੀ', 'ਸਹਿਬਾਂ ਬਣੀ ਭਰਾਵਾਂ ਦੀ', 'ਦੁਨੀਆਂ ਧੋਖੇਬਾਜਾਂ ਦੀ', 'ਚੰਨਾਂ ਮੈਂ ਤੇਰੀ ਖ਼ੈਰ ਮੰਗਦੀ', 'ਗੋਲ਼ੀ ਮਾਰੋ ਬਨਾਉਟੀ ਯਾਰ ਦੇ', 'ਮਾਣ ਕਰੀ ਨਾ ਜੱਟੀਏ', 'ਇੱਛਰਾਂ ਧਾਹਾਂ ਮਾਰਦੀ', 'ਕਮੀਨੇ ਯਾਰ', 'ਪੁੱਤਰ ਦੀ ਕਸਮ', 'ਨੀ ਪੁੱਤ ਜੱਟਾਂ ਦਾ', 'ਸੱਚੀਂ ਗੱਲ', 'ਸਾਹਿਬਾਂ ਦਾ ਤਰਲਾ', 'ਛੱਡੀਏ ਨਾ ਵੈਰੀ ਨੂੰ', 'ਤੇਰੀ ਐ ਮੈਂ ਤੇਰੀ ਰਾਝਾ', 'ਪੁੱਤ ਮਰੇ ਨਾ ਭੁੱਲਦੇ', 'ਯਾਰ ਦਾ ਚੌਥਾ ਗੇੜਾ', 'ਹੋਇਆ ਕਿ ਜੇ ਧੀ ਜੰਮ ਪਈ' ਅਤੇ 'ਚਾਦਰ' ਵਰਗੇ ਹਜ਼ਾਰਾਂ ਗੀਤ ਗਾਏ। ਲੋਕ ਗਾਥਾਵਾਂ ਦੇ ਬਾਦਸ਼ਾਹ ਕੁਲਦੀਪ ਮਾਣਕ ਨੇ ਆਪਣੀ ਆਵਾਜ਼ ਤੇ ਅੰਦਾਜ਼ ਦੀ ਵਿਲੱਖਣਤਾ ਨਾਲ ਗਾਇਕੀ ਦੀਆਂ ਸਿਖ਼ਰਾਂ ਨੂੰ ਛੋਹਿਆ। ਪੰਜਾਬੀ ਸੰਗੀਤ ਵਿੱਚ ਲੋਕ ਗਾਥਾਵਾਂ ਗਾ ਕੇ ਮਾਣਕ ਨੇ ਇਤਿਹਾਸ ਸਿਰਜ ਕੇ ਆਪਣੇ ਨਾਂ ਦਾ ਅਜਿਹਾ ਯੁੱਗ ਸਥਾਪਤ ਕੀਤਾ ਜਿਸ ਦਾ ਅਜੇ ਤੱਕ ਕੋਈ ਵੀ ਬਦਲ ਨਹੀਂ ਹੋਇਆ। ਕੁਲਦੀਪ ਮਾਣਕ 30 ਨਵੰਬਰ 2011 ਨੂੰ ਫਾਨੀ ਸੰਸਾਰ ਤੋਂ ਰੁਖ਼ਸਤ ਹੋ ਗਿਆ। ਕੁਲਦੀਪ ਮਾਣਕ ਨੂੰ ਜਿੱਥੇ ਉੱਚ ਕੋਟੀ ਦਾ ਗਵੱਈਆ ਹੋਣ ਦਾ ਮਾਣ ਹਾਸਲ ਸੀ ਉੱਥੇ ਹੀ ਉਸ ਨੂੰ ਕੰਪੋਜ਼ਰ ਤੇ ਪੇਸ਼ਕਾਰੀ ਕਰਨ ਵਿਚ ਵਿਸ਼ੇਸ਼ ਮੁਹਾਰਤ ਹਾਸਲ ਸੀ। ਇਸ ਲਈ ਉਸ ਨੂੰ ਅਖਾੜਿਆਂ ਦਾ ਮੋਢੀ, ਅਖਾੜਿਆਂ ਦੀ ਸ਼ਾਨ, ਬਾਈ ਮਾਣਕ ਵਰਗੇ ਨਾਵਾਂ ਨਾਲ ਜਾਣਿਆ ਜਾਂਦਾ ਸੀ।

# ਲੋਕ ਗਾਇਕ ਬਣਨ ਲਈ ਸੱਭਿਆਚਾਰ ਤੇ ਜਨਜੀਵਨ ਨੂੰ ਸਮਝਣਾ ਜ਼ਰੂਰੀ : ਮੁਹੰਮਦ ਸਦੀਕ

## 'ਪੰਜਾਬੀ ਗਾਇਕੀ ਤੇ ਗੀਤਕਾਰੀ ਦੀਆਂ ਭਾਸ਼ਾਈ ਸਮੱਸਿਆਵਾਂ' ਵਿਸ਼ੇ 'ਤੇ ਖੁੱਲ੍ਹੀ ਵਿਚਾਰ ਚਰਚਾ

ਪਟਿਆਲਾ/ਏ.ਟੀ.ਨਿਊਜ਼ : ਭਾਸ਼ਾ ਵਿਭਾਗ ਵੱਲੋਂ ਮੁੱਖ ਦਫ਼ਤਰ ਦੇ ਸੈਮੀਨਾਰ ਹਾਲ ਵਿਖੇ 'ਪੰਜਾਬੀ ਗਾਇਕੀ ਤੇ ਗੀਤਕਾਰੀ ਦੀਆਂ ਭਾਸ਼ਾਈ ਸਮੱਸਿਆਵਾਂ' ਵਿਸ਼ੇ 'ਤੇ ਖੁੱਲੀ ਵਿਚਾਰ ਚਰਚਾ ਕਰਵਾਈ ਗਈ।ਵਿਭਾਗ ਦੇ ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਕਰਵਾਈ ਗਈ ਇਸ ਚਰਚਾ ਵਿੱਚ ਸ਼੍ਰੋਮਣੀ ਗਾਇਕ ਜਨਾਬ ਮੁਹੰਮਦ ਸਦੀਕ ਮੁੱਖ ਵਕਤਾ ਵਜੋਂ ਸ਼ਾਮਲ ਹੋਏ। ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਪ੍ਰੋ. ਬਲਦੇਵ ਸਿੰਘ ਧਾਲੀਵਾਲ ਨੇ ਸਮਾਗਮ ਦੀ ਪ੍ਰਧਾਨਗੀ ਕੀਤੀ। ਇਸ ਤੋਂ ਇਲਾਵਾ ਚਰਚਾ 'ਚ ਅੱਧੀ ਦਰਜ਼ਨ ਦੇ ਕਰੀਬ ਸਰੋਤਿਆਂ 'ਚ ਸ਼ਾਮਲ ਸਾਹਿਤਕ ਮੱਸ ਰੱਖਣ ਵਾਲੀਆਂ ਸਖਸ਼ੀਅਤਾਂ ਨੇ ਵੀ ਭਾਗ ਲਿਆ।ਜਸਵੰਤ ਸਿੰਘ ਜ਼ਫ਼ਰ ਨੇ ਚਰਚਾ ਦੀ ਸ਼ੁਰੂਆਤ ਕਰਦਿਆਂ ਕਿਹਾ ਕਿ ਮੁਹੰਮਦ ਸਦੀਕ ਸਾਡੀ ਗਾਇਕੀ ਦਾ ਉਹ ਹਸਤਾਖਰ ਹਨ ਜਿੰਨ੍ਹਾਂ ਨੇ ਪੰਜਾਬੀ ਸੱਭਿਆਚਾਰ ਦੀ ਸੱਭਿਅਕ ਸ਼ਬਦਾਵਲੀ ਵਾਲੀ ਗਾਇਕੀ ਰਾਹੀਂ ਪੰਜਾਬ ਦੀਆਂ ਚਾਰ ਪੀੜ੍ਹੀਆਂ ਦਾ ਜੀਅ ਲਗਾਕੇ ਰੱਖਿਆ ਹੈ। ਹੁਣ ਅਜਿਹੀ ਗਾਇਕੀ ਦੀ ਕਮੀ ਕਾਰਨ ਹੀ ਸਾਡੀ ਮੌਜੂਦਾ ਪੀੜ੍ਹੀ ਦਾ ਪੰਜਾਬ 'ਚ ਜੀਅ ਨਹੀਂ ਲੱਗ ਰਿਹਾ ਅਤੇ ਉਹ ਪ੍ਰਵਾਸ ਕਰ



ਰਹੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਖਿੱਤੇ ਦੀ ਵਧੀਆ ਤਰਜ਼ਮਾਨੀ ਕਰਨ ਵਾਲੀ ਸ਼ਾਇਰੀ ਤੇ ਗਾਇਕੀ ਵਧੀਆ ਸਮਾਜ ਦੀ ਸਿਰਜਣਾ ਕਰਨ 'ਚ ਵੱਡੀ ਭੂਮਿਕਾ ਨਿਭਾਉਂਦੀ ਹੈ ਮੁਹੰਮਦ ਸਦੀਕ ਨੇ ਕਿਹਾ ਕਿ ਗਾਇਕੀ ਦੇ ਖੇਤਰ 'ਚ ਲੰਬਾ ਸਮਾਂ ਸਥਾਪਤ ਹੋਣ ਲਈ ਆਪਣੇ ਖਿੱਤੇ ਦੇ ਸੱਭਿਆਚਾਰ, ਭਾਸ਼ਾ ਤੇ ਸਮੇਂ-ਸਮੇਂ ਆਉਣ ਵਾਲੀਆਂ ਤਬਦੀਲੀਆਂ ਬਾਰੇ ਜਾਣੂ ਹੋਣਾ ਲਾਜ਼ਮੀ ਹੈ। ਸਦੀਕ ਨੇ ਕਿਹਾ ਕਿ ਉਨ੍ਹਾਂ ਨੂੰ ਨਾਨਕ ਸਿੰਘ, ਜਸਵੰਤ ਸਿੰਘ ਕੰਵਲ ਆਦਿ ਦੀਆਂ ਲਿਖਤਾਂ ਪੜ੍ਹਕੇ ਪੰਜਾਬੀ ਜਨਜੀਵਨ ਦੀ ਚੰਗੇਰੀ ਸਮਝ ਪ੍ਰਾਪਤ ਹੋਈ। ਉਨ੍ਹਾਂ ਕਿਹਾ ਕਿ ਅਜੋਕੇ ਦੌਰ 'ਚ ਜਿਆਦਾਤਰ ਗਾਇਕੀ ਦੇਖਣ ਵਾਲੀ ਕਲਾ ਬਣਕੇ ਰਹਿ ਗਈ ਹੈ ਅਤੇ ਬਹੁਤ ਥੋੜ੍ਹੇ ਗਾਇਕ ਹਨ ਜੋ ਅੱਜ ਵੀ ਗੀਤਕਾਰੀ ਤੇ ਗਾਇਕੀ ਪੱਖੋਂ ਨੈਤਿਕ ਤੇ ਸਮਾਜਿਕ ਕਦਰਾਂ ਕੀਮਤਾਂ ਨੂੰ ਪ੍ਰਣਾਏ ਹੋਏ ਹਨ।ਜਨਾਬ ਸਦੀਕ ਨੇ ਕਿਹਾ ਕਿ ਗਾਇਕੀ ਦੇ ਹਰ ਦੌਰ 'ਚ ਸਰੋਤਿਆਂ ਦੀ ਭੂਮਿਕਾ ਦਾ ਬਹੁਤ ਅਹਿਮ ਰਹੀ ਹੈ। ਇਸ ਕਰਕੇ ਸਰੋਤਿਆਂ ਦਾ ਫ਼ਰਜ਼ ਬਣਦਾ ਹੈ ਕਿ ਉਹ ਸੱਭਿਅਕ ਗਾਇਕੀ ਨੂੰ ਪ੍ਰਣਾਏ ਗਾਇਕਾਂ ਨੂੰ ਭਰਵਾਂ ਹੁੰਗਾਰਾ ਦੇਣ।

# ਫ਼ਿਲਮਾਂ ਦਾ ਸਮਾਜ ਨੂੰ ਜੋੜਨ ਤੇ ਤੋੜਨ ਵਿੱਚ ਅਹਿਮ ਰੋਲ : ਬੱਬੂ ਮਾਨ



ਜਗਰਾਓਂ/ਏ.ਟੀ.ਨਿਊਜ਼ : ਗਾਇਕ ਤੇ ਅਦਾਕਾਰ ਬੱਬੂ ਮਾਨ ਇੱਥੇ ਆਪਣੀ ਫ਼ਿਲਮ 'ਸ਼ੌਂਕੀ ਸਰਦਾਰ' ਦੇ ਪ੍ਰਚਾਰ ਲਈ ਪੁੱਜੇ। ਉਨ੍ਹਾਂ ਨੇ ਧਾਰਮਿਕ ਫ਼ਿਲਮਾਂ ਨੂੰ ਲੈ ਕੇ ਉਠਦੇ ਵਾਦ-ਵਿਵਾਦਾਂ 'ਤੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਹੈ, 'ਹੁਣ ਨਹੀਂ ਲੱਗਦਾ ਕਿ ਛੇਤੀ ਭਵਿੱਖ ਵਿੱਚ ਧਾਰਮਿਕ ਫ਼ਿਲਮਾਂ ਬਣਨਗੀਆਂ'।ਉਨ੍ਹਾਂ ਨੇ ਵੀ ਕਈ ਸਿਆਸਤਦਾਨਾਂ ਵੱਲੋਂ ਅਫ਼ੀਮ, ਭੁੱਕੀ ਦੀ ਵਰਤੋਂ ਦੀ ਵਕਾਲਤ ਕਰਨ ਨੂੰ ਸਹੀ ਕਰਾਰ ਦਿੰਦਿਆਂ ਕਿਹਾ ਕਿ ਨਸ਼ੇ ਦੀ ਕਾਟ ਕਰਨ ਲਈ ਨਸ਼ੇ ਦੀ ਹੀ ਵਰਤੋਂ ਜ਼ਰੂਰੀ ਹੈ।

ਪਿਛਲੇ ਦਿਨੀਂ ਸਥਾਨਕ ਮਲਟੀਪਲੈਕਸ 'ਚ ਪੁੱਜੇ ਅਦਾਕਾਰ ਬੱਬੂ ਮਾਨ ਨੇ ਕਿਹਾ ਕਿ ਫ਼ਿਲਮਾਂ ਦਾ ਸਮਾਜ ਨੂੰ ਜੋੜਨ ਤੇ ਤੋੜਨ ਵਿੱਚ ਅਹਿਮ ਰੋਲ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜਿਵੇਂ 'ਅਕਾਲ' ਸਮੇਤ ਹੋਰਨਾਂ ਧਾਰਮਿਕ ਫ਼ਿਲਮਾਂ 'ਤੇ ਵਿਵਾਦ ਹੋਏ ਹਨ, ਤੋਂ ਲੱਗਦਾ ਨਹੀਂ ਕਿ ਛੇਤੀ ਭਵਿੱਖ ਵਿੱਚ ਧਾਰਮਿਕ ਫ਼ਿਲਮਾਂ ਬਣਨਗੀਆਂ। ਉਨ੍ਹਾਂ ਕਿਹਾ ਕਿ ਸਾਊਥ ਵਾਂਗ ਪੰਜਾਬੀ ਫ਼ਿਲਮਾਂ ਵੀ ਹੋਰਨਾਂ ਭਾਸ਼ਾਵਾਂ ਵਿੱਚ ਡੱਬ ਹੋ ਰਹੀਆਂ ਹਨ, ਜੋ ਪੰਜਾਬੀ ਫ਼ਿਲਮ ਇੰਡਸਟਰੀ ਲਈ ਵੱਡਾ ਹੁੰਗਾਰਾ ਹਨ, ਸੁੱਚਾ ਸੂਰਮਾ ਕਈ ਭਾਸ਼ਾਵਾਂ ਵਿੱਚ ਡੱਬ ਹੋਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬੀ ਫ਼ਿਲਮ ਇੰਡਸਟਰੀ ਦੀ ਬਾਂਹ ਫ਼ੜੇ। ਸਿਰਫ਼ ਪੰਜਾਬੀ ਫ਼ਿਲਮਾਂ ਦੀ ਟਿਕਟ 'ਤੇ ਟੈਕਸ ਮਾਫ਼ ਕਰ ਦੇਵੇ ਤਾਂ ਆਮ ਲੋਕ ਇਨ੍ਹਾਂ ਦਾ ਫ਼ਿਲਮਾਂ ਦਾ ਅਨੰਦ ਮਲਟੀਪਲੈਕਸ ਵਿੱਚ ਮਾਣ ਸਕਣਗੇ। ਬੱਬੂ ਮਾਨ ਕੋਲੋਂ ਜਦੋਂ ਪੁੱਛਿਆ ਕਿ ਸ਼ੌਂਕੀ ਸਰਦਾਰ ਕਿਸ ਦੀ ਕਹਾਣੀ ਹੈ ? ਤਾਂ ਉਨ੍ਹਾਂ ਕਿਹਾ, 'ਮੈਂ ਸਾਹਮਣੇ ਬੈਠਾ ਹਾਂ'। ਉਨ੍ਹਾਂ ਸੋਸ਼ਲ ਮੀਡੀਆ ਨੂੰ ਫ਼ੇਕ ਮੀਡੀਆ ਕਰਾਰ ਦਿੰਦਿਆਂ ਕਿਹਾ ਕਿ ਇਸ ਦਾ ਕੰਮ ਹੀ ਬੇਵਜ੍ਹਾ ਵਿਵਾਦ ਖੜ੍ਹੇ ਕਰਨਾ ਹੈ।

# ਦੋਗਾਣਾ-ਸ਼ੈਲੀ ਦਾ ਹਸਤਾਖ਼ਰ ਹਰਚਰਨ ਗਰੇਵਾਲ

ਭੋਲਾ ਸਿੰਘ ਸ਼ਮੀਰੀਆ



ਅਖਾੜਾ ਸ਼ੈਲੀ ਦਾ ਮੁੱਢਲਾ ਹਸਤਾਖਰ ਹਰਚਰਨ ਗਰੇਵਾਲ ਸੀ ਜੋ ਇਸ ਸ਼ੈਲੀ ਨੂੰ ਸਿਖਰ ਵੱਲ ਲੈ ਕੇ ਗਿਆ। ਹਰਚਰਨ ਸਿੰਘ ਗਰੇਵਾਲ ਦਾ ਪਰਿਵਾਰਕ ਪਿਛੋਕੜ ਪਾਕਿਸਤਾਨ ਦਾ ਹੈ। ਦੇਸ਼ ਦੀ ਵੰਡ ਸਮੇਂ ਇਸ ਪਰਿਵਾਰ ਨੇ ਇੱਧਰ ਚੜ੍ਹਦੇ ਪੰਜਾਬ ਵਿੱਚ ਆ ਡੇਰੇ ਲਾਏ। ਉਸ ਦਾ ਜਨਮ ਪਹਿਲੀ ਅਕਤੂਬਰ 1930 ਨੂੰ ਪਾਕਿਸਤਾਨ ਦੇ ਜ਼ਿਲ੍ਹਾ ਲਾਇਲਪੁਰ ਦੇ ਚੱਕ ਨੰ: 76 ਵਿਖੇ ਗੌਹਰ ਸਿੰਘ ਗਰੇਵਾਲ ਤੇ ਮਾਤਾ ਨਿਹਾਲ ਕੌਰ ਦੇ ਘਰ ਹੋਇਆ। ਦੇਸ਼ ਦੀ ਵੰਡ ਸਮੇਂ ਹਰਚਰਨ ਸਿੰਘ ਦੀ ਉਮਰ ਤਕਰੀਬਨ 17 ਸਾਲਾਂ ਸੀ। ਚੜ੍ਹਦੇ ਪੰਜਾਬ ਵਿੱਚ ਇਸ ਪਰਿਵਾਰ ਨੇ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਜਮਾਲਪੁਰ ਵਿਖੇ ਆ ਧੂਣਾ ਲਾਇਆ। ਇਸ ਪਰਿਵਾਰ ਦੀ ਗੁਰੂ ਘਰ ਪ੍ਰਤੀ ਬਹੁਤ ਸ਼ਰਧਾ ਸੀ। ਉਸ ਦੇ ਪਿਤਾ ਗੌਹਰ ਸਿੰਘ ਗਰੇਵਾਲ ਤੇ ਗੌਹਰ ਸਿੰਘ ਦਾ ਭਰਾ ਗੁਰਮੁਖ ਸਿੰਘ ਗਰੇਵਾਲ ਗੁਰੂ ਘਰ ਦੇ ਪਾਠੀ ਵੀ ਸਨ ਤੇ ਦੋਵੇਂ ਭਰਾ ਕੀਰਤਨ ਵੀ ਕਰਿਆ ਕਰਦੇ ਸਨ। ਜਮਾਲਪੁਰ ਵਿੱਚ ਇਸ ਪਰਿਵਾਰ ਨੂੰ ਜ਼ਮੀਨ ਅਲਾਟ ਹੋਣ ਕਰਕੇ ਇਨ੍ਹਾਂ ਨੇ ਇੱਥੇ ਹੀ ਪੱਕੇ ਡੇਰੇ ਲਾ ਲਏ।

ਹਰਚਰਨ ਗਰੇਵਾਲ ਨੂੰ ਬਚਪਨ ਤੋਂ ਹੀ ਗਾਉਣ ਦਾ ਸ਼ੌਕ ਸੀ। ਸ਼ੁਰੂ ਸ਼ੁਰੂ ਵਿੱਚ ਉਸ ਨੇ ਹਲ਼ ਵੀ ਵਾਹਿਆ ਤੇ ਟਰੱਕ ਡਰਾਇਵਰੀ ਵੀ ਕੀਤੀ। 1950 ਵਿੱਚ ਉਸ ਦਾ ਵਿਆਹ ਵਰਿਆਮ ਸਿੰਘ ਚੀਮਾ ਦੀ ਪੁੱਤਰੀ ਸੁਰਜੀਤ ਕੌਰ ਨਾਲ ਹੋਇਆ। ਪ੍ਰਸਿੱਧ ਗੀਤਕਾਰ ਗੁਰਦੇਵ ਸਿੰਘ ਮਾਨ ਨਾਲ ਹਰਚਰਨ ਗਰੇਵਾਲ ਦੀ ਮਿਲਣੀ ਇੱਕ ਢਾਬੇ 'ਤੇ ਰੋਟੀ ਖਾਂਦਿਆ ਹੋਈ। ਹਰਚਰਨ ਗਰੇਵਾਲ ਨੂੰ ਗਾਉਣ ਦਾ ਸ਼ੌਕ ਹੋਣ ਕਾਰਨ, ਉਹ ਰੋਟੀ ਖਾਣ ਸਮੇਂ ਗਾਉਣ ਲੱਗ ਪਿਆ। ਗੁਰਦੇਵ ਸਿੰਘ ਮਾਨ ਨੂੰ ਉਸ ਦੀ ਆਵਾਜ਼ ਬਹੁਤ ਵਧੀਆ ਲੱਗੀ। ਫ਼ਿਰ ਉਨ੍ਹਾਂ ਦੀ ਨੇੜਤਾ ਵਧ ਗਈ। ਗੁਰਦੇਵ ਮਾਨ ਉਸ ਨੂੰ ਆਪਣੇ ਨਾਲ ਸਟੇਜਾਂ 'ਤੇ ਲਿਜਾਣ ਲੱਗਾ। ਫ਼ਿਰ ਗੁਰਦੇਵ ਸਿੰਘ ਮਾਨ ਉਸ ਨੂੰ ਜਸਵੰਤ ਭੰਵਰਾ ਕੋਲ ਲੈ ਗਿਆ। ਭੰਵਰਾ ਦੀ ਜੌਹਰੀ ਅੱਖ ਹੀਰਾ ਪਛਾਣ ਲੈਂਦੀ ਸੀ। ਹਰਚਰਨ ਗਰੇਵਾਲ ਨੇ ਭੰਵਰੇ ਨੂੰ ਆਪਣਾ ਉਸਤਾਦ ਧਾਰ ਲਿਆ ਤੇ ਪੱਕੇ ਤੌਰ 'ਤੇ ਉਸ ਦੇ ਚਰਨੀਂ ਜਾ ਲੱਗਿਆ।

ਗੁਰਦੇਵ ਮਾਨ ਨੇ ਹੀ ਹਰਚਰਨ ਗਰੇਵਾਲ ਨੂੰ ਲੋਕ ਸੰਪਰਕ ਵਿਭਾਗ ਵਿੱਚ ਭਰਤੀ ਕਰਵਾਇਆ। ਗਰੇਵਾਲ ਦੀ ਆਵਾਜ਼ ਵਿੱਚ ਕਾਫ਼ੀ ਨਿਖਾਰ ਆ ਚੁੱਕਾ ਸੀ। ਫ਼ਿਰ ਭੰਵਰਾ ਨੇ ਹਰਚਰਨ ਗਰੇਵਾਲ ਦਾ ਰਾਜਿੰਦਰ ਰਾਜਨ ਨਾਲ ਸੈੱਟ ਬਣਾ ਕੇ ਬਾਕਾਇਦਾ ਅਖਾੜਾ ਕਲਚਰ ਨਾਲ ਨਾਤਾ ਜੋੜ ਲਿਆ। ਹਰਚਰਨ ਗਰੇਵਾਲ ਨੇ ਯੂ.ਪੀ. ਵਿੱਚ ਪੀਲੀਭੀਤ ਦੇ ਲਾਗੇ 35 ਏਕੜ ਜ਼ਮੀਨ ਖ਼ਰੀਦ ਲਈ ਸੀ। ਪੰਜਾਬੀ ਲੇਖਕ ਗੁਲਜ਼ਾਰ ਸਿੰਘ ਸ਼ੌਂਕੀ ਨੇ ਇਸ ਕਲਾਕਾਰ ਦੀ ਸਮੁੱਚੀ ਜ਼ਿੰਦਗੀ ਬਾਰੇ ਇੱਕ ਕਿਤਾਬ ਲਿਖ ਕੇ ਇਸ ਕਲਾਕਾਰ (**ਬਾਕੀ ਸਫ਼ਾ 31 'ਤੇ**)

## ਪੰਜਾਬ ’ਚ ਮੁੜ ਸ਼ੁਰੂ ਹੋਇਆ

ਜਿਨ੍ਹਾਂ ਵਿੱਚ 23 ਕਥਿਤ ਮੁਲਜ਼ਮ ਮਾਰੇ ਗਏ ਅਤੇ 160 ਤੋਂ ਵੱਧ ਮੁਲਜ਼ਮ ਜ਼ਖਮੀ ਹੋਏ ਹਨ। ਭਾਵੇਂ ਕਿ ਪੰਜਾਬ ਸਰਕਾਰ ਜਾਂ ਪੁਲਿਸ ਨੇ ਕਥਿਤ ਪੁਲਿਸ ਮੁਕਾਬਲਿਆਂ ਦਾ ਅਧਿਕਾਰਤ ਡਾਟਾ ਸਾਂਝਾ ਨਹੀਂ ਕੀਤਾ ਹੈ, ਪਰ ਪਿਛਲੇ ਕੁਝ ਮਹੀਨਿਆਂ ਦੌਰਾਨ ਇਨ੍ਹਾਂ ਦੀ ਗਿਣਤੀ ਵਿੱਚ ਅਚਾਨਕ ਵਾਧਾ ਹੋਣ ਅਤੇ ਸੂਬਾ ਸਰਕਾਰ ਦੇ ਮੰਤਰੀਆਂ ਅਤੇ ਸੱਤਾਧਾਰੀ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਵੱਲੋਂ ਇਸ ਵਰਤਾਰੇ ਨੂੰ ਜਾਇਜ਼ ਠਹਿਰਾਉਣ ਉੱਤੇ ਸਵਾਲ ਖੜ੍ਹੇ ਹੋਏ ਹਨ।

ਅੰਕੜਿਆਂ ਅਨੁਸਾਰ ਸਾਲ 2025 ਦੀ ਸ਼ੁਰੂਆਤ ਦੌਰਾਨ ਹੀ ਪੰਜਾਬ ਵਿੱਚ ਪੁਲਿਸ ਮੁਕਾਬਲਿਆਂ ਦਾ ਦੌਰ ਸ਼ੁਰੂ ਹੋ ਗਿਆ ਸੀ। ਮੀਡੀਆ ਰਿਪੋਰਟਾਂ ਅਨੁਸਾਰ 1 ਜਨਵਰੀ ਤੋਂ ਲੈ ਕੇ 31 ਮਾਰਚ 2025 ਤੱਕ 41 ਪੁਲਿਸ ਮੁਕਾਬਲੇ ਹੋਏ ਸਨ ਜਦੋਂ ਕਿ ਸਾਲ 2024 ਦੌਰਾਨ ਪੰਜਾਬ ਵਿੱਚ 64 ਮੁਕਾਬਲੇ ਹੋਏ ਸਨ। ਭਾਵੇਂ ਕਿ ਪੰਜਾਬ ਪੁਲਿਸ ਵੱਲੋਂ ਇਹ ਮੁਕਾਬਲੇ ਅਪਰਾਧੀਆਂ ਖਾਸ ਕਰਕੇ ਗੈਂਗਸਟਰਾਂ ਨਾਲ ਕੀਤੇ ਜਾ ਰਹੇ ਹਨ ਪਰ ਪੁਲਿਸ ਦੇ ਹਮਲਾਵਰ ਤਰੀਕੇ ’ਤੇ ਕੁਝ ਧਿਰਾਂ ਵੱਲੋਂ ਹੁਣ ਸਵਾਲ ਉਠਾਏ ਜਾ ਰਹੇ ਹਨ। ਮੀਡੀਆ ਰਿਪੋਰਟਾਂ ਅਨੁਸਾਰ ਇਸ ਸਾਲ ਦੇ ਪਹਿਲੇ ਤਿੰਨ ਮਹੀਨਿਆਂ ਦੌਰਾਨ ਹੀ ਪੁਲਿਸ ਨਾਲ ਮੁਕਾਬਲਿਆਂ ਦੌਰਾਨ ਗੈਂਗਸਟਰਾਂ, ਨਸ਼ਾ ਤਸਕਰਾਂ ਅਤੇ ਕਾਤਲਾਂ ਸਮੇਤ ਕਰੀਬ 45 ਅਪਰਾਧੀਆਂ ਦੀਆਂ ਲੱਤਾਂ ’ਤੇ ਗੋਲੀਆਂ ਲੱਗੀਆਂ ਸਨ, ਇਹ ਸਿਲਸਿਲਾ ਮਈ ਮਹੀਨੇ ਵੀ ਜਾਰੀ ਰਿਹਾ। ਜਿਸ ਤੋਂ ਪਤਾ ਚਲਦਾ ਹੈ ਕਿ ਪੰਜਾਬ ਵਿੱਚ ਪੁਲਿਸ ਨੂੰ ‘ਆਪ’ ਸਰਕਾਰ ਵੱਲੋਂ ਖੁੱਲ੍ਹੀ ਛੁੱਟੀ ਦੇ ਦਿੱਤੀ ਗਈ ਹੈ। ਆਪ ਸਰਕਾਰ ਦੇ ਹੁਕਮਾਂ ’ਤੇ ਪੰਜਾਬ ਪੁਲਿਸ ਨੇ ਨਸ਼ੇ ਅਤੇ ਜੁਰਮ ਖ਼ਿਲਾਫ਼ ਸਖ਼ਤ ਕਾਰਵਾਈ ਸ਼ੁਰੂ ਕੀਤੀ ਹੋਈ ਹੈ ਪਰ ਇਸ ਦੇ ਨਾਲ ਹੀ ਸੱਤਾ ਦੀ ਸੰਭਾਵੀ ਦੁਰਵਰਤੋਂ ਦਾ ਖ਼ਤਰਾ ਵੀ ਵਧ ਗਿਆ ਹੈ। ਕੁੱਝ ਸਮਾਂ ਪਹਿਲਾਂ ਪਟਿਆਲਾ ’ਚ ਥਲ ਸੈਨਾ ਦੇ ਕਰਨਲ ਅਤੇ ਉਸ ਦੇ ਪੁੱਤਰ ਦੀ ਕਰੀਬ 12 ਪੁਲਿਸ ਕਰਮੀਆਂ ਵੱਲੋਂ ਕੁੱਟਮਾਰ ਕਰਨ ਨਾਲ ਪੁਲਿਸ ਵਧੀਕੀਆਂ ਵਧ ਗਈਆਂ ਹਨ। ਕਾਂਗਰਸ ਅਤੇ ਹੋਰ ਸਿਆਸੀ ਪਾਰਟੀਆਂ ਦੇ ਆਗੂ ਦੋਸ਼ ਲਗਾ ਰਹੇ ਹਨ ਕਿ ‘ਆਪ’ ਸਰਕਾਰ ਦੇ ਰਾਜ ਵਿੱਚ ਪੰਜਾਬ ਵਿੱਚ ਕਿਸਾਨ ਅਤੇ ਜਵਾਨ ਸੁਰੱਖਿਅਤ ਨਹੀਂ। ਹੁਣ ਆਮ ਲੋਕ ਵੀ ਇਹ ਮਹਿਸੂਸ ਕਰਨ ਲੱਗ ਪਏ ਹਨ ਕਿ ‘ਆਪ’ ਸਰਕਾਰ ਨੇ ਪੁਲਿਸ ਨੂੰ ਕੁਝ ਵਧੇਰੇ ਹੀ ਸ਼ਕਤੀਆਂ ਅਤੇ ਤਾਕਤਾਂ ਦੇ ਦਿੱਤੀਆਂ ਹਨ, ਜਿਨ੍ਹਾਂ ਦੀ ਪੁਲਿਸ ਵੱਲੋਂ ਦੁਰਵਰਤੋਂ ਕੀਤੇ ਜਾਣ ਦੀ ਸੰਭਾਵਨਾ ਹੈ। ਸਾਂਸਦ ਹਰਸਿਮਰਤ ਕੌਰ ਬਾਦਲ ਨੇ ਪੰਜਾਬ ਨੂੰ ‘ਪੁਲਿਸ ਸਟੇਟ’ ਵਿੱਚ ਤਬਦੀਲ ਹੋਣ ਦੀ ਚਿੰਤਾ ਪ੍ਰਗਟਾਈ ਹੈ।

ਜਦੋਂ ਕਾਨੂੰਨ ਦੇ ਰਾਖੇ ਖ਼ੁਦ ਜ਼ੁਲਮ ਦੀ ਚਾਦਰ ਓੜ੍ਹ ਲੈਣ, ਤਾਂ ਇਨਸਾਫ਼ ਦੀ ਆਸ ਕਿਥੋਂ ਜਾਗੇ ? ਪੰਜਾਬ ’ਚ ਬੀਤੇ ਕੁਝ ਸਮੇਂ ਤੋਂ ਪੁਲਿਸ ਮੁਕਾਬਲਿਆਂ ’ਚ ਨੌਜਵਾਨਾਂ ਦੇ ਮਾਰੇ ਜਾਣ ਨੂੰ ਕਾਮਯਾਬੀ ਬਣਾ ਕੇ ਪੇਸ਼ ਕਰਨ ਦਾ ਜੋਰ ਫੜ੍ਹ ਰਿਹਾ ਰੁਝਾਨ ਪੰਜਾਬ ਵਿੱਚ ਮਨੁੱਖੀ ਹੱਕਾਂ ਦੀ ਸਥਿਤੀ ਬਾਰੇ ਖ਼ਤਰੇ ਦੀ ਘੰਟੀ ਹੈ। ਅੱਸੀ ਅਤੇ ਨੱਬੇ ਦੇ ਦਹਾਕਿਆਂ ਦੌਰਾਨ ਵੀ ਪੰਜਾਬ ਵਿੱਚ ਅਨੇਕਾਂ ਪੁਲਿਸ ਮੁਕਾਬਲੇ ਹੋਏ ਸਨ, ਜਿਨ੍ਹਾਂ ਬਾਰੇ ਅਕਸਰ ਚਰਚਾ ਹੁੰਦੀ ਰਹੀ ਕਿ ਇਹਨਾਂ ਮੁਕਾਬਲਿਆਂ ’ਚ ਪੁਲਿਸ ਨੇ ਬੇਕਸੂਰ ਸਿੱਖ ਨੌਜਵਾਨਾਂ ਨੂੰ ਮਾਰਿਆ ਹੈ। ਉਸ ਵੇਲੇ ਕਈ ਤਰ੍ਹਾਂ ਦੀਆਂ ਵਧੀਕੀਆਂ ਹੋਈਆਂ, ਜਿਨ੍ਹਾਂ ਵਿੱਚੋਂ ਕੁਝ ਪੁਲਿਸ ਅਧਿਕਾਰੀਆਂ ਵੱਲੋਂ ਸਿਰਫ਼ ਆਪਣੀਆਂ ਤਰੱਕੀਆਂ ਲਈ ਐਵੇਂ ਝੂਠੇ ਪੁਲਿਸ ਮੁਕਾਬਲੇ ਵਿਖਾ ਕੇ ਵੱਡੀ ਗਿਣਤੀ ’ਚ ਨੌਜਵਾਨਾਂ ਦਾ ਘਾਣ ਕੀਤਾ ਗਿਆ ਸੀ। ਮੀਡੀਆ ਰਿਪੋਰਟਾਂ ਅਨੁਸਾਰ ਉਸ ਸਮੇਂ ਪੰਜਾਬ ਪੁਲਿਸ ਵੱਲੋਂ ਵੱਖੋ-ਵੱਖਰੇ ਸਥਾਨਾਂ ’ਤੇ ਅਜਿਹੇ ਨੌਜਵਾਨਾਂ ਦੀਆਂ 10 ਹਜ਼ਾਰ ਲਾਵਾਰਸ ਲਾਸ਼ਾਂ ਦੇ ਸਮੂਹਕ ਅੰਤਮ ਸਸਕਾਰ ਵੀ ਕੀਤੇ ਗਏ ਸਨ। ਮਨੁੱਖੀ ਅਧਿਕਾਰਾਂ ਲਈ ਡਟਣ ਵਾਲੇ ਜਸਵੰਤ ਸਿੰਘ ਖਾਲੜਾ ਨੇ ਇਹ ਮੁੱਦਾ ਬਹੁਤ ਜ਼ੋਰ-ਸ਼ੋਰ ਨਾਲ ਉਠਾਇਆ ਸੀ। ਮਨੁੱਖੀ ਅਧਿਕਾਰਾਂ ਦੀ ਸਭ ਤੋਂ ਪਹਿਲਾਂ ਅਵਾਜ਼ ਬੁਲੰਦ ਕਰਨ ਵਾਲੇ ਜਸਵੰਤ ਸਿੰਘ ਖਾਲੜਾ ਨੂੰ ਪੁਲਿਸ ਨੇ ਘਰੋਂ ਚੁੱਕਿਆ ਤੇ ਤਸੀਹੇ ਦੇ ਕੇ ਮਾਰ ਦਿੱਤਾ ਸੀ। ਪੰਜਾਬ ’ਚ ਅਜਿਹੇ ਮੁਕਾਬਲੇ 1984 ਤੋਂ 1995 ਦੌਰਾਨ ਸਭ ਤੋਂ ਵੱਧ ਹੋਏ ਸਨ। ਪੁਲਿਸ ਅਧਿਕਾਰੀ ਆਪਣੀ ਮਰਜ਼ੀ ਨਾਲ ਕਿਸੇ ਪਿੰਡ ਦੇ ਨੌਜਵਾਨਾਂ ਨੂੰ ਪਹਿਲਾਂ ਇੱਧਰੋਂ-ਉੱਧਰੋਂ ਇਕੱਠੀ ਕੀਤੀ ਗਈ ਕੱਚੀ-ਪਿੱਲੀ ਜਾਣਕਾਰੀ ਦੇ ਆਧਾਰ ’ਤੇ ਚੁਣ ਲੈਂਦਾ ਸੀ। ਫਿਰ ਦੇਰ ਰਾਤੀਂ ਜਾਂ ਵੱਡੇ ਤੜਕੇ ਕਿਸੇ ਇੱਕ ਜਾਂ ਵੱਧ ਨੌਜਵਾਨਾਂ ਨੂੰ ਘਰੋਂ ਸੁੱਤੇ ਪਿਆਂ ਨੂੰ ਚੁੱਕ ਲਿਆ ਜਾਂਦਾ ਸੀ। ਪਰਿਵਾਰ ਨੂੰ ਆਪਣੇ ਜਿਗਰ ਦੇ ਟੋਟਿਆਂ ਦੀ ਦੋ-ਤਿੰਨ ਦਿਨਾਂ ਤੱਕ ਕੋਈ ਉੱਘ-ਸੁੱਘ ਨਹੀਂ ਸੀ ਲੱਗਦੀ ਤੇ ਫਿਰ ਉਸ ਦੇ ਕਿਸੇ ਪੁਲਿਸ ਮੁਕਾਬਲੇ ’ਚ ਮਾਰੇ ਜਾਣ ਦੀ ਖ਼ਬਰ ਆ ਜਾਂਦੀ ਸੀ। ਉਸ ਤੋਂ ਬਾਅਦ ਰੋਂਦੇ-ਵਿਲਕਦੇ ਪਰਿਵਾਰ ਲਈ ਕੋਈ ਢੋਈ ਨਹੀਂ ਸੀ ਹੁੰਦੀ। ਉਦੋਂ ਪੀੜਤ ਪਰਿਵਾਰ ਹੰਭ-ਹਾਰ ਕੇ ਅਦਾਲਤਾਂ ਦਾ ਰੁਖ਼ ਕਰਦਾ ਸੀ ਤੇ ਉੱਥੋਂ ਉਸ ਨੂੰ ਇਨਸਾਫ਼ ਦੀ ਆਸ ਹੁੰਦੀ ਸੀ। ਉਨ੍ਹਾਂ ਹੀ ਸਮਿਆਂ ਦੇ ਕੁਝ ਮੁਲਜ਼ਮ ਪੁਲਿਸ ਅਧਿਕਾਰੀਆਂ ਨੂੰ ਹੁਣ ਅਦਾਲਤਾਂ ਵੱਲੋਂ ਸਜ਼ਾਵਾਂ ਸੁਣਾਈਆਂ ਜਾ ਰਹੀਆਂ ਹਨ। ਅਦਾਲਤਾਂ ਹੁਣ ਪੀੜਤਾਂ ਦੀਆਂ ਆਸਾਂ ’ਤੇ ਖਰੀਆਂ ਉੱਤਰ ਰਹੀਆਂ ਹਨ ਤੇ ਇਨਸਾਫ਼ ਦਾ ਤਕਾਜ਼ਾ ਵੀ ਇਹੋ ਹੈ।

### ਲਾਸ਼ਾਂ ’ਤੇ ਹੁੰਦੀ ਰਹੀ ਸਿਆਸਤ

ਵੱਖ- ਵੱਖ ਸਿਆਸੀ ਪਾਰਟੀਆਂ ਵੱਲੋਂ ਸੱਤਾ ਤੋਂ ਦੂਰ ਰਹਿੰਦਿਆਂ ਝੂਠੇ ਪੁਲਿਸ ਮੁਕਾਬਲਿਆਂ ਅਤੇ ਸਿੱਖ ਨੌਜਵਾਨਾਂ ’ਤੇ ਪੁਲਿਸ ਵੱਲੋਂ ਕੀਤੇ ਗਏ ਵਹਿਸ਼ੀ ਤਸ਼ੱਦਦ ਦਾ ਮਾਮਲਾ ਤਾਂ ਉਠਾਇਆ ਜਾਂਦਾ ਰਿਹਾ ਪਰ ਸੱਤਾ ਪ੍ਰਾਪਤੀ ਤੋਂ ਬਾਅਦ ਇਹਨਾਂ ਸਿਆਸੀ ਪਾਰਟੀਆਂ ਵੱਲੋਂ ਆਪੋ ਆਪਣੇ ਰਾਜ ਦੌਰਾਨ ਪੀੜਤਾਂ ਲਈ ਕੁਝ ਨਾ ਕੀਤਾ ਗਿਆ।

ਇਸ ਤਰ੍ਹਾਂ ਇਹ ਸਿਆਸੀ ਪਾਰਟੀਆਂ ਸਿਰਫ਼ ਸੱਤਾ ਦੀ ਪ੍ਰਾਪਤੀ ਲਈ ਲਾਸ਼ਾਂ ’ਤੇ ਸਿਆਸਤ ਕਰਦੀਆਂ ਰਹੀਆਂ। ਜਿਹੜੇ ਮਾਪਿਆਂ ਦੇ ਨੌਜਵਾਨ ਪੁੱਤਰ ਬੀਤੇ ਸਮੇਂ ਦੌਰਾਨ ਝੂਠੇ ਪੁਲਿਸ ਮੁਕਾਬਲਿਆਂ ’ਚ ਮਾਰੇ ਗਏ, ਉਹਨਾਂ ਨੂੰ ਅਜੇ ਤੱਕ ਇਨਸਾਫ਼ ਨਹੀਂ ਮਿਲਿਆ। ਦੂਜੇ ਪਾਸੇ ਲਾਸ਼ਾਂ ’ਤੇ ਸਿਆਸਤ ਕਰਕੇ ਲੋਕਾਂ ਦੀਆਂ ਭਾਵਨਾਵਾਂ ਨਾਲ ਖੇਡ ਕੇ ਸੱਤਾ ਵਿੱਚ ਆਏ ਸਿਆਸੀ ਨੇਤਾ ਸੱਤਾ ਦਾ ਸੁੱਖ ਮਾਣਦੇ ਰਹੇ।

## ਕੈਨੇਡਾ ’ਚ ਗ਼ੈਰ ਕਾਨੂੰਨੀ ਪਰਵਾਸੀਆਂ

27,675 ਲੋਕ ਦੇਸ਼ ਨਿਕਾਲਾ ਦੇ ਆਖਰੀ ਪੜਾਅ ਵਿੱਚ ਹਨ। 378,320 ਲੋਕ ਨਿਗਰਾਨੀ ਹੇਠ ਹਨ। ਅਤੇ ਸ਼ਰਨਾਰਥੀ ਬਣਨ ਦੇ ਫੈਸਲੇ ਦੀ ਉਡੀਕ ਕਰ ਰਹੇ ਹਨ।

### ਸ਼ਰਨ ਮੰਗਣ ਵਾਲੇ ਲੋਕਾਂ ਦੀ ਗਿਣਤੀ ਵਧੀ

ਇਕ ਹੋਰ ਕੈਨੇਡੀਅਨ ਮਾਹਿਰ ਮੁਤਾਬਕ ਪਿਛਲੇ ਤਿੰਨ ਸਾਲਾਂ ਵਿੱਚ ਸ਼ਰਨ ਮੰਗਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਬਹੁਤ ਤੇਜ਼ੀ ਨਾਲ ਵਧੀ ਹੈ। 2024 ਵਿੱਚ ਹੁਣ ਤੱਕ 20,000 ਤੋਂ ਵੱਧ ਸ਼ਰਨ ਪਟੀਸ਼ਨਾਂ ਦਾਇਰ ਕੀਤੀਆਂ ਗਈਆਂ ਹਨ, ਜੋ ਕਿ 2019 ਨਾਲੋਂ 615 ਪ੍ਰਤੀਸ਼ਤ ਵੱਧ ਹੈ। ਸਰਕਾਰ ਇਨ੍ਹਾਂ ਪਟੀਸ਼ਨਾਂ ਦਾ ਜਲਦੀ ਨਿਪਟਾਰਾ ਕਰ ਰਹੀ ਹੈ ਕਿਉਂਕਿ ਇਨ੍ਹਾਂ ਵਿੱਚੋਂ 98-99 ਪ੍ਰਤੀਸ਼ਤ ਦਾਅਵਿਆਂ ਨੂੰ ਝੂਠਾ ਪਾਇਆ ਗਿਆ ਹੈ।

***

## ਚੀਨ ਨੇ ਵਪਾਰਕ ਸਮਝੌਤੇ

ਟੈਰਿਫ ਨੀਤੀ ਦੀ ਸਖ਼ਤ ਆਲੋਚਨਾ ਕੀਤੀ ਅਤੇ ਇਸਨੂੰ ‘ਸੁਰੱਖਿਆਵਾਦ’ ਕਿਹਾ। ਮੰਤਰਾਲੇ ਨੇ ਕਿਹਾ ਕਿ ਵਪਾਰ ਯੁੱਧਾਂ ਵਿੱਚ ਕੋਈ ਨਹੀਂ ਜਿੱਤਦਾ ਅਤੇ ਅੰਤ ਵਿੱਚ ਸਾਰਿਆਂ ਨੂੰ ਨੁਕਸਾਨ ਝੱਲਣਾ ਪੈਂਦਾ ਹੈ। ਬੀਜਿੰਗ ਨੇ ਅਮਰੀਕਾ ਨੂੰ ‘ਗਲਤ ਅਤੇ ਇਕਪਾਸੜ ਟੈਰਿਫ ਨੂੰ ਪੂਰੀ ਤਰ੍ਹਾਂ ਹਟਾਉਣ’ ਦੀ ਅਪੀਲ ਕੀਤੀ ਹੈ।

### ਵਪਾਰ ਗੱਲਬਾਤ ’ਚ ਰੁਕਾਵਟ

ਇਸ ਦੌਰਾਨ, ਅਮਰੀਕੀ ਖਜ਼ਾਨਾ ਸਕੱਤਰ ਸਕਾਟ ਬੇਸੈਂਟ ਨੇ ਮੰਨਿਆ ਹੈ ਕਿ ਅਮਰੀਕਾ ਤੇ ਚੀਨ ਵਿਚਕਾਰ ਵਪਾਰਕ ਗੱਲਬਾਤ ਥੋੜ੍ਹੀ ਜਿਹੀ ਰੁਕੀ ਹੋਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹੁਣ ਇਨ੍ਹਾਂ ਗੱਲਬਾਤਾਂ ਨੂੰ ਅੰਤਿਮ ਰੂਪ ਦੇਣ ਲਈ ਟਰੰਪ ਅਤੇ ਸ਼ੀ ਜਿਨਪਿੰਗ ਵਰਗੇ ਚੋਟੀ ਦੇ ਨੇਤਾਵਾਂ ਦੀ ਸਿੱਧੀ ਭੂਮਿਕਾ ਜ਼ਰੂਰੀ ਹੋਵੇਗੀ।

***

## ਟਰੰਪ ਨੇ ਸਟੀਲ ਅਤੇ

ਬਾਅਦ ਸਟੀਲ ਦੀਆਂ ਕੀਮਤਾਂ 16 ਫ਼ੀਸਦੀ ਵਧ ਗਈਆਂ ਹਨ। ਅਮਰੀਕੀ ਵਣਜ ਵਿਭਾਗ ਦੇ ਅਨੁਸਾਰ ਮਾਰਚ 2025 ਤੱਕ ਸੰਯੁਕਤ ਰਾਜ ਵਿੱਚ ਸਟੀਲ ਦੀ ਕੀਮਤ 984 ਡਾਲਰ ਪ੍ਰਤੀ ਮੀਟ੍ਰਿਕ ਟਨ ਸੀ, ਜੋ ਕਿ ਯੂਰਪ (690 ਡਾਲਰ) ਜਾਂ ਚੀਨ (392 ਡਾਲਰ) ਵਿੱਚ ਕੀਮਤ ਨਾਲੋਂ ਕਾਫ਼ੀ ਜ਼ਿਆਦਾ ਹੈ।

***

## ਤਣਾਅ ਦੀਆਂ ਸਮੱਸਿਆਵਾਂ

ਐਡਰਾਲ ਵੀ ਸ਼ਾਮਲ ਹੈ ਜੋ ਵੱਖਰੇ ਤੌਰ ’ਤੇ ਚਿੰਨ੍ਹਿਤ ਹੈ। ਨਿਊਯਾਰਕ ਟਾਈਮਜ਼ ਦੀ ਇੱਕ ਰਿਪੋਰਟ ਨੇ ਉਨ੍ਹਾਂ ਲੋਕਾਂ ਦਾ ਹਵਾਲਾ ਦਿੰਦੇ ਹੋਏ ਦਾਅਵਾ ਕੀਤਾ ਹੈ ਜਿਨ੍ਹਾਂ ਨੇ ਡੱਬਾ ਦੇਖਿਆ ਹੈ। ਰਿਪੋਰਟ ਵਿੱਚ ਮਸਕ ਦੇ ਸਰਕਾਰ ਵਿੱਚ ਥੋੜ੍ਹੇ ਸਮੇਂ ਦੇ ਕਾਰਜਕਾਲ ਦਾ ਵਰਣਨ ਕੀਤਾ ਗਿਆ ਹੈ ਜੋ ਮਸਕ ਦੁਆਰਾ ਆਪਣੇ ਆਪ ਨੂੰ ਮੁਹਿੰਮ ਵਿੱਚ ਸ਼ਾਮਲ ਕਰਨ ਨਾਲ ਸ਼ੁਰੂ ਹੋਇਆ ਸੀ ਅਤੇ ਸਰਕਾਰੀ ਕੁਸ਼ਲਤਾ ਵਿਭਾਗ ਤੋਂ ਬਾਹਰ ਹੋਣ ਨਾਲ ਖਤਮ ਹੋਇਆ ਸੀ। ਉਸ ਦੀਆਂ ਗਤੀਵਿਧੀਆਂ ਤੋਂ ਜਾਣੂ ਲੋਕਾਂ ਨੇ ਪੁਸ਼ਟੀ ਕੀਤੀ ਕਿ ਉਹ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਤੀਬਰਤਾ ਨਾਲ ਨਸ਼ੀਲੇ ਪਦਾਰਥਾਂ ਦੀ ਵਰਤੋਂ ਕਰ ਰਿਹਾ ਸੀ।

ਐਲੋਨ ਮਸਕ ਹਮੇਸ਼ਾ ਨਸ਼ੇ ਲੈਣ ਬਾਰੇ ਖੁੱਲ੍ਹ ਕੇ ਬੋਲਦੇ ਰਹੇ ਹਨ ਪਰ ਉਨ੍ਹਾਂ ਨੇ ਕਦੇ ਵੀ ਜ਼ਿਆਦਾ ਲੈਣ ਤੋਂ ਇਨਕਾਰ ਕੀਤਾ। ਰਿਪੋਰਟ ਮੁਤਾਬਕ ਐਲਨ ਮਸਕ ਨੇ ਲੋਕਾਂ ਨੂੰ ਦੱਸਿਆ ਕਿ ਉਹ ਇੰਨਾ ਜ਼ਿਆਦਾ ਕੇਟਾਮਾਈਨ ਲੈ ਰਿਹਾ ਸੀ ਕਿ ਇਹ ਉਸਦੇ ਬਲੈਡਰ ਨੂੰ ਪ੍ਰਭਾਵਿਤ ਕਰ ਰਿਹਾ ਸੀ। ਉਸਨੇ ਐਕਸਟਸੀ ਅਤੇ ਸਾਈਕੇਡੇਲਿਕ ਮਸ਼ਰੂਮ ਵੀ ਲਏ। ਇਹ ਉਹੀ ਸਮਾਂ ਸੀ ਜਦੋਂ ਮਸਕ ਦਾ ਆਪਣੇ ਪਰਿਵਾਰ ਨਾਲ ਤਣਾਅ ਚੱਲ ਰਿਹਾ ਸੀ, ਜਿਸ ਵਿੱਚ ਰੋਮਾਂਟਿਕ ਸਬੰਧਾਂ ਅਤੇ ਆਪਣੇ ਬੱਚਿਆਂ, ਉਨ੍ਹਾਂ ਦੀਆਂ ਮਾਵਾਂ ਆਦਿ ਬਾਰੇ ਕਾਨੂੰਨੀ ਲੜਾਈਆਂ ਸ਼ਾਮਲ ਸਨ। ਜਦੋਂ ਕਿ ਐਲੋਨ ਮਸਕ ਕਦੇ ਵੀ ਇਹ ਸਵੀਕਾਰ ਕਰਨ ਤੋਂ ਨਹੀਂ ਝਿਜਕਿਆ ਕਿ ਉਸਨੇ ਨਸ਼ੇ ਲਏ ਸਨ। ਜੋ ਰੋਗਨ ਨਾਲ 2018 ਦੇ ਇੱਕ ਪੋਡਕਾਸਟ ਵਿੱਚ ਐਲੋਨ ਮਸਕ ਨੇ ਭੰਗ ਪੀਤੀ ਸੀ, ਜਿਸ ਕਾਰਨ ਉਸ ਦਾ ਸਖ਼ਤ ਵਿਰੋਧ ਹੋਇਆ।

***

## ਰੂਸ-ਯੂਕ੍ਰੇਨ ਗੱਲਬਾਤ ਰਾਹੀਂ

ਟਰੰਪ ਨੇ ਤਿੰਨ ਸਾਲ ਲੰਬੀ ਜੰਗ ਨੂੰ ਖਤਮ ਕਰਨ ਲਈ ਦੋਵਾਂ ਧਿਰਾਂ ਦੀ ਆਪਸੀ ਸਹਿਮਤੀ ਵਾਲੇ ਅਤੇ ਕਾਰਜਸ਼ੀਲ ਹੱਲ ਤੱਕ ਪਹੁੰਚਣ ਵਿੱਚ ਅਸਮਰੱਥਾ ’ਤੇ ਵਾਰ-ਵਾਰ ਅਮਰੀਕੀ ਨਿਰਾਸ਼ਾ ਜ਼ਾਹਰ ਕੀਤੀ ਹੈ ਅਤੇ ਕਿਹਾ ਹੈ ਕਿ ਜੇਕਰ ਕੋਈ ਹੱਲ ਨਹੀਂ ਨਿਕਲਦਾ ਹੈ, ਤਾਂ ਅਮਰੀਕਾ ਸ਼ਾਂਤੀ ਵਾਰਤਾ ਤੋਂ ਬਾਹਰ ਹੋ ਜਾਵੇਗਾ ਅਤੇ ਰੂਸ ਅਤੇ ਯੂਕ੍ਰੇਨ ਨੂੰ ਉਸ ਦੇ ਹਾਲ ’ਤੇ ਛੱਡ ਦਿੱਤਾ ਜਾਵੇਗਾ।

## ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ

ਮੈਂ ਸਾਰਿਆਂ ਨੂੰ ਦੱਸ ਦਿਆਂ ਕਿ ਸਾਡੇ ਦੇਸ਼ ਵਿੱਚ ਦਾਖਲ ਹੋਣ ਲਈ ਵੀਜ਼ਾ ਅਪਲਾਈ ਕਰਨ ਵਾਲਿਆਂ ਦੀ ਜਾਂਚ ਕਰਨ ਲਈ ਹਰ ਸੰਭਵ ਤਰੀਕਾ ਅਪਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਹਰੇਕ ਪ੍ਰਭੂਸੱਤਾ ਸੰਪੰਨ ਦੇਸ਼ ਨੂੰ ਇਹ ਜਾਣਨ ਦਾ ਅਧਿਕਾਰ ਹੈ ਕਿ ਕੌਣ ਆਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਉਹ ਕੌਣ ਹੈ, ਉਹ ਕਿਉਂ ਆਉਣਾ ਚਾਹੁੰਦਾ ਹੈ, ਉਹ ਕੀ ਕਰ ਰਿਹਾ ਹੈ। ਬਰੂਸ ਨੇ ਕਿਹਾ, ‘ਇਸ ਲਈ ਇਹ ਕੋਈ ਨਵੀਂ ਗੱਲ ਨਹੀਂ ਹੈ ਅਤੇ ਅਸੀਂ ਇੱਥੇ ਕੌਣ ਆ ਰਿਹਾ ਹੈ, ਇਸਦਾ ਮੁਲਾਂਕਣ ਕਰਨ ਲਈ ਹਰ ਸੰਭਵ ਤਰੀਕੇ ਦੀ ਵਰਤੋਂ ਕਰਦੇ ਰਹਾਂਗੇ, ਭਾਵੇਂ ਉਹ ਵਿਦਿਆਰਥੀ ਹਨ ਜਾਂ ਕੋਈ ਹੋਰ।’

***

## ਟਰੰਪ ਨੇ ਮਸਕ ਦੇ ਸਹਿਯੋਗੀ

ਜੈਰੇਡ ਇਸਾਕਮੈਨ ਦਾ ਨਾਮ ਵਾਪਸ ਲੈ ਰਿਹਾ ਹਾਂ।” ਉਨ੍ਹਾਂ ਕਿਹਾ, “ਮੈਂ ਜਲਦੀ ਹੀ ਇੱਕ ਨਵੇਂ ਉਮੀਦਵਾਰ ਦਾ ਐਲਾਨ ਕਰਾਂਗਾ ਜੋ ਮਿਸ਼ਨ ਨਾਲ ਜੁੜਿਆ ਹੋਵੇਗਾ ਤੇ ਪੁਲਾੜ ਵਿੱਚ ਅਮਰੀਕਾ ਨੂੰ ਅੱਗੇ ਰੱਖੇਗਾ।”

ਚੇਤੇ ਰਹੇ ਕਿ ਟਰੰਪ ਨੇ ਦਸੰਬਰ ਵਿੱਚ ਐਲਾਨ ਕੀਤਾ ਸੀ ਕਿ ਉਨ੍ਹਾਂ ਇਸਾਕਮੈਨ ਨੂੰ ਪੁਲਾੜ ਏਜੰਸੀ ਦਾ ਅਗਲਾ ਪ੍ਰਸ਼ਾਸਕ ਚੁਣਿਆ ਹੈ।

***

## ਸਾਕਾ ਨੀਲਾ ਤਾਰਾ ਦੌਰਾਨ

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਮਲਕੀਤ ਸਿੰਘ, ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਪੁੱਤਰ ਭਾਈ ਈਸ਼ਰ ਸਿੰਘ ਤੇ ਹੋਰ ਪਤਵੰਤੇ ਅਤੇ ਸੰਗਤ ਹਾਜ਼ਰ ਸਨ। ਦੱਸਣਯੋਗ ਹੈ ਕਿ ਸਾਕਾ ਨੀਲਾ ਤਾਰਾ ਫ਼ੌਜੀ ਹਮਲੇ ਸਮੇਂ ਵੱਡੀ ਗਿਣਤੀ ਵਿੱਚ ਸਿੱਖ ਸੰਗਤਾਂ ਦਾ ਜਾਨੀ ਨੁਕਸਾਨ ਵੀ ਹੋਇਆ ਸੀ। ਕੰਪਲੈਕਸ ਵਿੱਚ ਸ੍ਰੀ ਅਕਾਲ ਤਖ਼ਤ ਸਾਹਿਬ ਸਮੇਤ ਕਈ ਇਮਾਰਤਾਂ ਨੁਕਸਾਨੀਆਂ ਗਈਆਂ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਇਸ ਵਾਰ ਸਾਕਾ ਨੀਲਾ ਤਾਰਾ ਦੀ 41ਵੀਂ ਬਰਸੀ 6 ਜੂਨ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਮਨਾਈ ਜਾ ਰਹੀ ਹੈ।

***

## ਯੂਕ੍ਰੇਨ-ਰੂਸ ਜੰਗ ’ਚ ਫ਼ਸੇ

ਉਨ੍ਹਾਂ ਦਾ ਮਾਂ-ਪਿਓ ਜਾਂ ਭਰਾ-ਭੈਣ ਕੋਈ ਛੋਟਾ-ਮੋਟਾ ਕੰਮ ਕਰਦੇ ਸਨ, ਕੁਝ ਰਿਕਸ਼ਾ ਚਲਾਉਂਦੇ ਸਨ ਜਾਂ ਫ਼ਿਰ ਠੇਲੇ ’ਤੇ ਚਾਹ ਵੇਚਦੇ ਸਨ। ਪੀੜਤਾਂ ਅਤੇ ਉਨ੍ਹਾਂ ਨੇ ਪਰਿਵਾਰਾਂ ਦਾ ਕਹਿਣਾ ਹੈ ਕਿ ਜਦੋਂ ਇਹ ਲੋਕ ਰੂਸ ਪਹੁੰਚੇ ਤਾਂ ਉਨ੍ਹਾਂ ਨੇ ਘੱਰ ਭੇਜੇ ਗਏ ਆਪਣੇ ਵੀਡੀਓ ਸੰਦੇਸ਼ ਵਿੱਚ ਇਹ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਸਿਖਲਾਈ ਦੇ ਨਾਮ ’ਤੇ ਜੰਗ ਵਿੱਚ ਭੇਜ ਦਿੱਤਾ ਗਿਆ ਹੈ।

### ਕਿੰਨੇ ਭਾਰਤੀ ਲਾਪਤਾ ਹਨ ?

ਸਰਕਾਰੀ ਅੰਕੜਿਆਂ ਅਨੁਸਾਰ, ਰੂਸ-ਯੂਕ੍ਰੇਨ ਜੰਗ ਵਿੱਚ 16 ਭਾਰਤੀ ਨੌਜਵਾਨ ਲਾਪਤਾ ਹਨ। ਇਹ ਨੌਜਵਾਨ ਮੁੱਖ ਤੌਰ ’ਤੇ ਗ਼ਰੀਬ ਪਰਿਵਾਰਾਂ ਨਾਲ ਸਬੰਧਿਤ ਹਨ ਅਤੇ ਏਜੰਟਾਂ ਦੁਆਰਾ ਧੋਖੇ ਨਾਲ ਰੂਸੀ ਸੈਨਾ ਵਿੱਚ ਭਰਤੀ ਕੀਤੇ ਗਏ ਸਨ।

### ਕਿੰਨੇ ਭਾਰਤੀ ਮਾਰੇ ਗਏ ?

ਕੇਂਦਰ ਸਰਕਾਰ ਨੇ ਸੰਸਦ ਵਿੱਚ ਜਾਣਕਾਰੀ ਦਿੱਤੀ ਹੈ ਕਿ ਰੂਸ-ਯੂਕ੍ਰੇਨ ਜੰਗ ਵਿੱਚ ਹੁਣ ਤੱਕ 12 ਭਾਰਤੀ ਨੌਜਵਾਨਾਂ ਦੀ ਮੌਤ ਹੋ ਚੁੱਕੀ ਹੈ। ਇਹ ਵਿਅਕਤੀ ਰੂਸੀ ਸੈਨਾ ਵਿੱਚ ਸਹਾਇਕ ਜਾਂ ਲੜਾਕੂ ਵਜੋਂ ਕੰਮ ਕਰ ਰਹੇ ਸਨ।

### ਭਾਰਤ ਸਰਕਾਰ ਨੇ ਕੀ ਯਤਨ ਕੀਤੇ ?

ਭਾਰਤ ਸਰਕਾਰ ਨੇ ਰੂਸ ਨਾਲ ਗੱਲਬਾਤ ਕਰਕੇ ਲਾਪਤਾ ਨੌਜਵਾਨਾਂ ਦੀ ਭਾਲ ਅਤੇ ਬਾਕੀਆਂ ਨੂੰ ਵਾਪਸ ਲਿਆਉਣ ਦੀਆਂ ਕੋਸ਼ਿਸ਼ਾਂ ਸ਼ੁਰੂ ਕੀਤੀਆਂ ਹਨ। ਵਿਦੇਸ਼ ਮੰਤਰਾਲੇ ਨੇ ਪੁਸ਼ਟੀ ਕੀਤੀ ਹੈ ਕਿ ਉਹ ਰੂਸੀ ਅਧਿਕਾਰੀਆਂ ਨਾਲ ਸੰਪਰਕ ਵਿੱਚ ਹਨ। ਪੰਜਾਬ ਵਿੱਚ ਏਜੰਟਾਂ ਵਿਰੁੱਧ ਐਫ਼.ਆਈ.ਆਰ. ਦਰਜ ਕੀਤੀ ਗਈ ਅਤੇ ਕੁਝ ਗ੍ਰਿਫ਼ਤਾਰੀਆਂ ਵੀ ਹੋਈਆਂ ਹਨ, ਪਰ ਪਰਿਵਾਰਾਂ ਦਾ ਕਹਿਣਾ ਹੈ ਕਿ ਸਰਕਾਰ ਦੀਆਂ ਕੋਸ਼ਿਸ਼ਾਂ ਨਾਕਾਫ਼ੀ ਹਨ।

### ਕੀ ਰੂਸ ਨੇ ਭਾਰਤ ਦੀ ਬੇਨਤੀ ਵੱਲ ਧਿਆਨ ਦਿੱਤਾ ?

ਰੂਸ ਨੇ ਭਾਰਤ ਦੀਆਂ ਅਪੀਲਾਂ ਦਾ ਸਕਾਰਾਤਮਕ ਜਵਾਬ ਨਹੀਂ ਦਿੱਤਾ। ਭਾਰਤੀ ਸਫ਼ਾਰਤਖਾਨੇ ਨੂੰ ਮਾਸਕੋ ਵਿੱਚ ਸਹਿਯੋਗ ਨਹੀਂ ਮਿਲਿਆ ਅਤੇ ਪਰਿਵਾਰਾਂ ਦਾ ਦੋਸ਼ ਹੈ ਕਿ ਰੂਸੀ ਅਧਿਕਾਰੀ ਲਾਪਤਾ ਵਿਅਕਤੀਆਂ ਬਾਰੇ ਜਾਣਕਾਰੀ ਸਾਂਝੀ ਨਹੀਂ ਕਰ ਰਹੇ। ਜੁਲਾਈ 2024 ਵਿੱਚ ਰੂਸ ਨੇ ਭਾਰਤੀਆਂ ਨੂੰ ਸੈਨਾ ਵਿੱਚੋਂ ਮੁਕਤ ਕਰਨ ਦਾ ਫ਼ੈਸਲਾ ਕੀਤਾ ਸੀ, ਪਰ ਇਸ ਦੀ ਪ੍ਰਗਤੀ ਬਾਰੇ ਕੋਈ ਸਪੱਸ਼ਟ ਜਾਣਕਾਰੀ ਨਹੀਂ ਮਿਲੀ।

***

## ਲੋਕਤੰਤਰ ਦਾ ਨਵਾਂ ਰੂਪ

ਦੇਸ਼ ਦੀਆਂ ਵੱਡੀ ਗਿਣਤੀ ਖੇਤਰੀ ਪਾਰਟੀਆਂ ਪਰਿਵਾਰ-ਕੇਂਦ੍ਰਿਤ ਹਨ, ਬਾਕੀਆਂ ਦੀ ਸਥਿਤੀ ਵੀ ਇਸ ਤੋਂ ਵੱਖਰੀ ਨਹੀਂ ਹੈ। ਸਾਲ 2024 ਵਿੱਚ ਹੋਈਆਂ ਲੋਕ ਸਭਾ ਚੋਣਾਂ ਵਿੱਚ ਵੀ ਪਰਿਵਾਰਵਾਦ ਹਰ ਜਗ੍ਹਾ ਮੌਜੂਦ ਸੀ।

ਭਾਰਤੀ ਲੋਕਤੰਤਰ ਪਰਿਵਾਰਵਾਦ ਤੋਂ ਬਿਨਾਂ ਸ਼ੁਰੂ ਹੋਇਆ ਹੋ ਸਕਦਾ ਹੈ, ਪਰ ਸਿਆਸੀ ਆਗੂਆਂ ਦੇ ਪਰਿਵਾਰਾਂ ਨੂੰ ਰਾਜਨੀਤੀ ਵਿੱਚ ਪੈਰ ਜਮਾਉਣ ਵਿੱਚ ਜ਼ਿਆਦਾ ਸਮਾਂ ਨਹੀਂ ਲੱਗਿਆ। ਇੱਕ ਵਾਰ ਜਦੋਂ ਇਹ ਰੁਝਾਨ ਸ਼ੁਰੂ ਹੋ ਜਾਂਦਾ ਹੈ, ਤਾਂ ਸਰਕਾਰਾਂ ਪਿੱਛੇ ਰਹਿ ਜਾਂਦੀਆਂ ਹਨ ਅਤੇ ਝਗੜੇ ਮੁੱਖ ਕੇਂਦਰ ਬਣ ਜਾਂਦੇ ਹਨ। ਅਜਿਹਾ ਨਹੀਂ ਹੈ ਕਿ ਦੇਸ਼ ਦੇ ਕਿਸੇ ਖਾਸ ਹਿੱਸੇ ਵਿੱਚ ਪਰਿਵਾਰਵਾਦ ਪ੍ਰਚਲਿਤ ਹੈ। ਉੱਤਰੀ ਭਾਰਤ ਤੋਂ ਲੈ ਕੇ ਦੱਖਣੀ ਭਾਰਤ ਤੱਕ ਭਾਰਤੀ ਰਾਜਨੀਤੀ ਵਿੱਚ ਪਰਿਵਾਰਵਾਦ ਅਤੇ ਭਾਈ-ਭਤੀਜਾਵਾਦ ਦਾ ਬੋਲਬਾਲਾ ਹੈ।

ਭਾਰਤੀ ਰਾਜਨੀਤੀ ਵਿੱਚ ਵੰਸ਼ਵਾਦ ਕੋਈ ਨਵਾਂ ਮੁੱਦਾ ਨਹੀਂ ਹੈ, ਪਰ ਇਸ ਦਾ ਵਧਦਾ ਰੁਝਾਨ ਇੱਕ ਵੱਡੇ ਖ਼ਤਰੇ ਦਾ ਸੰਕੇਤ ਹੈ। ਰਾਜਨੀਤਿਕ ਪਾਰਟੀਆਂ ਇੱਕ ਦੂਜੇ ’ਤੇ ਪਰਿਵਾਰਵਾਦ ਅਤੇ ਭਾਈ-ਭਤੀਜਾਵਾਦ ਦਾ ਦੋਸ਼ ਲਗਾਉਂਦੀਆਂ ਹਨ, ਪਰ ਸੱਚਾਈ ਇਹ ਹੈ ਕਿ ਕੋਈ ਵੀ ਦੂਜੇ ਤੋਂ ਪਿੱਛੇ ਨਹੀਂ ਹੈ। ਇੱਕ ਸੀਨੀਅਰ ਸਿਆਸੀ ਆਗੂ ਦਾ ਕਹਿਣਾ ਹੈ ਕਿ ਜੇ ਕਿਸਾਨ ਦਾ ਪੁੱਤਰ ਕਿਸਾਨ ਤੇ ਵਪਾਰੀ ਦਾ ਪੁੱਤਰ ਵਪਾਰੀ, ਤਰਖਾਣ ਦਾ ਪੁੱਤਰ ਤਰਖਾਣ, ਲੌਹਾਰ ਦਾ ਪੁੱਤਰ ਲੌਹਾਰ ਬਣ ਸਕਦਾ ਹੈ ਤਾਂ ਸਿਆਸੀ ਆਗੂ ਦਾ ਪੁੱਤਰ ਸਿਆਸੀ ਆਗੂ ਕਿਉਂ ਨਹੀਂ ਬਣ ਸਕਦਾ ? ਇਸ ਤਰ੍ਹਾਂ ਭਾਰਤ ਦੀ ਸਿਆਸਤ ਦਿਨੋਂ ਦਿਨ ਪਰਿਵਾਰਵਾਦ ਵਿੱਚ ਘਿਰਦੀ ਜਾ ਰਹੀ ਹੈ ਅਤੇ ਸਿਆਸਤ ਵਿੱਚ ਪਰਿਵਾਰਵਾਦ ਦਾ ਰੁਝਾਨ ਵਧਦਾ ਜਾ ਰਿਹਾ ਹੈ, ਜੋਕਿ ਲੋਕਤੰਤਰ ਦੀਆਂ ਕਦਰਾਂ ਕੀਮਤਾਂ ਅਨੁਸਾਰ ਸਹੀ ਨਹੀਂ।

***

## ਕੇਜਰੀਵਾਲ ਦਾ ਪੰਜਾਬ ’ਤੇ ਵਧਦਾ ਦਬਦਬਾ

ਕਰਨਾ ਅਤੇ ਉਨ੍ਹਾਂ ਤੋਂ ਨਿਰਦੇਸ਼ ਲੈਣਾ, ਮਾਨ ਦੀ ਸੱਤਾ ’ਤੇ ਸਵਾਲ ਖੜ੍ਹੇ ਕਰਦਾ ਹੈ। ਵਿਰੋਧੀ ਪਾਰਟੀਆਂ, ਖ਼ਾਸ ਕਰਕੇ ਕਾਂਗਰਸ ਅਤੇ ਅਕਾਲੀ ਦਲ, ਨੇ ਇਸ ਸਥਿਤੀ ’ਤੇ ਤਿੱਖੀ ਆਲੋਚਨਾ ਕੀਤੀ ਹੈ।

ਕਾਂਗਰਸ ਵਿਧਾਇਕ ਪਰਗਟ ਸਿੰਘ ਨੇ ਐਕਸ ’ਤੇ ਲਿਖਿਆ ਕਿ ਮੰਤਰੀਆਂ, ਅਧਿਕਾਰੀਆਂ ਅਤੇ ਸਾਰੀ ਮਸ਼ੀਨਰੀ ਲਈ ਕੇਜਰੀਵਾਲ ਨੂੰ ਵਾਸਤਵਿਕ ਮੁੱਖ ਮੰਤਰੀ ਮੰਨਣਾ ਆਮ ਗੱਲ ਹੋ ਗਈ ਹੈ।

ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ ਨੇ ਵੀ ਕੇਜਰੀਵਾਲ ਦੀਆਂ ਨਿਯੁਕਤੀਆਂ ’ਤੇ ਸਵਾਲ ਉਠਾਉਂਦਿਆਂ ਕਿਹਾ ਕਿ ਇਹ ਪੰਜਾਬ ’ਤੇ ਦਿੱਲੀ ਦੀ ਸੱਤਾ ਦਾ ਸਪਸ਼ਟ ਸੰਕੇਤ ਹੈ।ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਪੰਜਾਬ ਦੇ ‘ਆਪ’ ਵਰਕਰਾਂ ਨੂੰ ਹਾਸ਼ੀਏ ’ਤੇ ਧੱਕਣ ਅਤੇ ਬਾਹਰੀਆਂ ਨੂੰ ਅਹਿਮ ਅਹੁਦਿਆਂ ’ਤੇ ਬਿਠਾਉਣ ਦੀ ਆਲੋਚਨਾ ਕੀਤੀ।

***

## ਪੰਜਾਬ ’ਚ ਹਾਰ-ਸ਼ਿੰਗਾਰ ਦੇ

ਪੰਜਾਬੀਅਤ, ਜੋ ਸਾਦਗੀ, ਸਮਰਪਣ, ਅਤੇ ਸਚਾਈ ਦੀ ਪ੍ਰਤੀਕ ਸੀ, ਅੱਜ ਕਾਰਪੋਰੇਟ ਬਾਜ਼ਾਰ ਦੀ ਚਮਕ ਵਿੱਚ ਗੁਆਚਦੀ ਜਾ ਰਹੀ ਹੈ। ਸੋਸ਼ਲ ਮੀਡੀਆ ’ਤੇ ਵਿਸ਼ਵ ਸੁੰਦਰੀਆਂ ਅਤੇ ਫਿਲਮੀ ਸਿਤਾਰਿਆਂ ਦੀਆਂ ਤਸਵੀਰਾਂ ਨੇ ਨੌਜਵਾਨ ਪੀੜ੍ਹੀ ਨੂੰ ਇੱਕ ਅਜਿਹੀ ਦੌੜ ਵਿੱਚ ਸ਼ਾਮਲ ਕਰ ਦਿੱਤਾ ਹੈ, ਜਿੱਥੇ ਸੁੰਦਰਤਾ ਦੀ ਪਰਿਭਾਸ਼ਾ ਕਾਰਪੋਰੇਟ ਬਰਾਂਡਾਂ ਦੀਆਂ ਇਸ਼ਤਿਹਾਰਬਾਜ਼ੀਆਂ ਨੇ ਤੈਅ ਕਰ ਦਿੱਤੀ ਹੈ। ਕੀ ਕਰੀਏ ? ਸੁੰਦਰਤਾ ਨੂੰ ਸੰਵਾਰੀਏ ਜਾਂ ਜੜ੍ਹਾਂ ਨੂੰ ਸੰਭਾਲੀਏ ?

ਇਹ ਸੱਚ ਹੈ ਕਿ ਸੁੰਦਰਤਾ ਉਤਪਾਦਾਂ ਨੇ ਪੰਜਾਬ ਵਿੱਚ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕੀਤੇ ਹਨ। ਸਰਕਾਰ ਨੂੰ ਸਾਢੇ ਸੱਤ ਸਾਲਾਂ ਵਿੱਚ 636.66 ਕਰੋੜ ਦਾ ਟੈਕਸ ਮਿਲਿਆ ਅਤੇ ਹਜ਼ਾਰਾਂ ਬਿਊਟੀ ਸੈਲੂਨਾਂ ਨੇ ਨੌਜਵਾਨਾਂ ਨੂੰ ਕੰਮ ਦਿੱਤਾ। ਪਰ ਸਵਾਲ ਇਹ ਹੈ ਕਿ ਕੀ ਅਸੀਂ ਇਸ ਚਮਕ-ਦਮਕ ਦੀ ਦੌੜ ਵਿੱਚ ਆਪਣੀ ਪੰਜਾਬੀ ਪਛਾਣ ਨੂੰ ਨਹੀਂ ਗੁਆ ਰਹੇ ? ਸਾਨੂੰ ਚਾਹੀਦਾ ਹੈ ਕਿ ਅਸੀਂ ਸੁੰਦਰਤਾ ਅਤੇ ਸਿਹਤ ਦਾ ਸੰਤੁਲਨ ਬਣਾਈਏ। ਜੈਵਿਕ ਅਤੇ ਆਯੁਰਵੈਦਿਕ ਉਤਪਾਦਾਂ ਨੂੰ ਤਰਜੀਹ ਦੇਈਏ, ਜੋ ਸਾਡੀ ਸਿਹਤ ਨੂੰ ਨੁਕਸਾਨ ਨਾ ਪਹੁੰਚਾਉਣ। ਸਾਡੇ ਪੁਰਾਣੇ ਨੁਸਖੇ - ਜਿਵੇਂ ਹਲਦੀ, ਮੁਲਤਾਨੀ ਮਿੱਟੀ ਅਤੇ ਗੁਲਾਬ ਜਲ - ਅੱਜ ਵੀ ਕੌਮਾਂਤਰੀ ਬਾਜ਼ਾਰ ਵਿੱਚ ਮਕਬੂਲ ਹਨ। ਇਨ੍ਹਾਂ ਨੂੰ ਅਪਣਾ ਕੇ ਅਸੀਂ ਨਾ ਸਿਰਫ਼ ਸਿਹਤਮੰਦ ਰਹਿ ਸਕਦੇ ਹਾਂ, ਸਗੋਂ ਆਪਣੀ ਜੜ੍ਹਾਂ ਨਾਲ ਵੀ ਜੁੜੇ ਰਹਿ ਸਕਦੇ ਹਾਂ। ਸੁੰਦਰਤਾ ਸਿਰਫ਼ ਚਿਹਰੇ ਦੀ ਚਮਕ ਨਹੀਂ, ਸਗੋਂ ਅੰਦਰੂਨੀ ਸਾਦਗੀ ਅਤੇ ਪੰਜਾਬੀਅਤ ਦੀ ਮਹਿਕ ਹੈ। ਪੰਜਾਬ ਦਾ ਸੁੰਦਰਤਾ ਬਾਜ਼ਾਰ ਇੱਕ ਤਰਫ ਜਿੱਥੇ ਅਰਥਚਾਰੇ ਨੂੰ ਮਜ਼ਬੂਤ ਕਰ ਰਿਹਾ ਹੈ, ਉੱਥੇ ਸਾਡੀ ਸੱਭਿਆਚਾਰਕ ਪਛਾਣ ਨੂੰ ਵੀ ਚੁਣੌਤੀ ਦੇ ਰਿਹਾ ਹੈ।

2024-25 ਲਈ, ਭਾਰਤ ਦੇ ਸੁੰਦਰਤਾ ਅਤੇ ਨਿੱਜੀ ਸੰਭਾਲ ਬਾਜ਼ਾਰ ਦਾ ਅੰਦਾਜ਼ਨ ਮੁੱਲ 28 ਅਰਬ ਅਮਰੀਕੀ ਡਾਲਰ (ਲਗਭਗ 2.3 ਲੱਖ ਕਰੋੜ ਰੁਪਏ) ਸੀ, ਅਤੇ ਇਹ 2025-2033 ਦੌਰਾਨ 5.60% ਦੀ ਸੀ.ਏ.ਜੀ.ਆਰ. ਨਾਲ ਵਧ ਕੇ 48.3 ਅਰਬ ਅਮਰੀਕੀ ਡਾਲਰ ਤੱਕ ਪਹੁੰਚਣ ਦੀ ਉਮੀਦ ਹੈ।

***

## ਪਾਣੀ ਦੇ ਸੰਕਟ ਦੇ ਹੱਲ ਲਈ ਜ਼ਰੂਰੀ

ਵਰਤਮਾਨ ਵਿੱਚ ਭਾਰਤ ਦੀਆਂ ਕੁੱਲ ਖੇਤੀ ਦਰਾਮਦਾਂ ਵਿਚ 52 ਫ਼ੀਸਦੀ ਹਿੱਸਾ ਵਨਸਪਤੀ ਤੇਲਾਂ ਦਾ ਹੀ ਹੈ। ਇਸ ਲਈ ਸਰਕਾਰ ਇਨ੍ਹਾਂ ਫ਼ਸਲਾਂ ਨੂੰ ਵਿਸ਼ਵ ਵਪਾਰ ਸੰਗਠਨ ਦੇ ਘੇਰੇ ਵਿਚੋਂ ਕੱਢ ਕੇ ਅਤੇ ਇਨ੍ਹਾਂ 'ਤੇ ਦਰਾਮਦੀ ਟੈਕਸ ਵਧਾ ਅਤੇ ਘਰੇਲੂ ਉਤਪਾਦਨ ਨੂੰ ਉਤਸ਼ਾਹਿਤ ਕਰ ਕੇ ਫ਼ਸਲੀ ਵਿਭਿੰਨਤਾ ਲਿਆ ਸਕਦੀ ਹੈ। ਇਸ ਨਾਲ ਇੱਕ ਪਾਸੇ ਵਿਦੇਸ਼ੀ ਵਪਾਰ ਉੱਪਰ ਖ਼ਰਚ ਹੋਣ ਵਾਲੀ ਰਾਸ਼ੀ ਨੂੰ ਬਚਾਇਆ ਜਾ ਸਕਦਾ ਹੈ ਉੱਥੇ ਪੰਜਾਬ ਅਤੇ ਹਰਿਆਣੇ ਵਰਗੇ ਸੂਬਿਆਂ ਦੇ ਜਲ ਸੰਕਟ ਦੇ ਨਾਲ-ਨਾਲ ਪਰਾਲੀ ਤੇ ਨਾੜ ਸਾੜਨ ਦੀਆਂ ਸਮੱਸਿਆਵਾਂ 'ਤੇ ਵੀ ਕੰਟਰੋਲ ਕੀਤਾ ਜਾ ਸਕਦਾ ਹੈ। ਇਸ ਤੋਂ ਇਲਾਵਾ ਪੰਜ ਦਰਿਆਵਾਂ ਦੀ ਧਰਤੀ ਪੰਜਾਬ ਵਿੱਚ ਸਿਰਫ 28 ਫ਼ੀਸਦੀ ਰਕਬੇ 'ਤੇ ਹੀ ਸਿੰਚਾਈ ਨਹਿਰੀ ਪਾਣੀ ਨਾਲ ਹੋ ਰਹੀ ਹੈ। ਇਸ ਲਈ ਮਜ਼ਬੂਤ ਨਹਿਰੀ ਪ੍ਰਣਾਲੀ ਉਸਾਰ ਕੇ ਅਤੇ ਪੰਜਾਬ ਦਾ ਨਹਿਰੀ ਪਾਣੀ ਪੰਜਾਬ ਦੇ ਖੇਤਾਂ ਨੂੰ ਹੀ ਮੁਹੱਈਆ ਕਰਵਾ ਕੇ ਪਾਣੀ ਦਾ ਡਿੱਗਦਾ ਪੱਧਰ ਬਚਾਇਆ ਜਾ ਸਕਦਾ ਹੈ। ਭਾਵੇਂ ਸਰਕਾਰ ਝੋਨੇ ਦੀ ਸਿੱਧੀ ਬਿਜਾਈ ਨੂੰ ਉਤਸ਼ਾਹਤ ਕਰਨ ਲਈ ਵਿੱਤੀ ਸਹਾਇਤਾ ਦੇ ਰਹੀ ਹੈ ਅਤੇ ਝੋਨੇ ਅਤੇ ਬਾਸਮਤੀ ਦੀਆਂ ਘੱਟ ਪਾਣੀ ਲੈਣ ਵਾਲੀਆਂ ਕਿਸਮਾਂ ਉੱਪਰ ਜ਼ੋਰ ਦੇ ਰਹੀ ਹੈ ਪਰ ਫਿਰ ਵੀ ਪਾਣੀ ਦੇ ਡਿੱਗਦੇ ਪੱਧਰ ਉੱਪਰ ਲੋੜੀਂਦਾ ਕਾਬੂ ਪਾਉਣ ਵਿੱਚ ਸਰਕਾਰ ਅਸਮਰਥ ਲੱਗ ਰਹੀ ਹੈ।

ਇਸ ਲਈ ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਡਿੱਗਦੇ ਪੱਧਰ ਨੂੰ ਬਚਾਉਣ ਲਈ ਫ਼ਸਲੀ ਵਿਭਿੰਨਤਾ ਲਿਆਉਣੀ ਬਹੁਤ ਜ਼ਰੂਰੀ ਹੈ। ਨਹੀਂ ਤਾਂ ਉਹ ਸਮਾਂ ਦੂਰ ਨਹੀ ਜਦੋਂ ਮੌਜੂਦਾ ਦਿੱਲੀ ਵਿਚਲੇ ਜਲ ਸੰਕਟ ਦਾ ਸਾਹਮਣਾ ਪੰਜਾਬ ਨੂੰ ਵੀ ਕਰਨਾ ਪਵੇਗਾ।

***

## ਦੋਗਾਣਾ-ਸ਼ੈਲੀ ਦਾ ਹਸਤਾਖਰ

ਦੀਆਂ ਪ੍ਰਾਪਤੀਆਂ ਨੂੰ ਦਸਤਾਵੇਜ਼ੀ ਰੂਪ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਸ ਤਰ੍ਹਾਂ ਅਜਿਹੇ ਕਲਾਕਾਰਾਂ ਦੀਆਂ ਪ੍ਰਾਪਤੀਆਂ ਨੂੰ ਸਾਂਭਣਾ ਆਉਣ ਵਾਲੀ ਪੀੜ੍ਹੀ ਲਈ ਅਗਵਾਈ-ਕਦਮ ਸਾਬਤ ਹੋ ਸਕਦੇ ਹਨ। ਅਫ਼ਸੋਸ ਨਾਲ ਲਿਖਣਾ ਪੈ ਰਿਹਾ ਹੈ ਕਿ ਪੰਜ ਰਤਨੀ ਦੇ ਜ਼ਿਆਦਾ ਸੇਵਨ ਨਾਲ ਇਹ ਮਹਾਨ ਹਸਤੀ 1990 ਵਿੱਚ ਸਾਨੂੰ ਸਦੀਵੀ ਵਿਛੋੜਾ ਦੇ ਗਈ, ਪਰ ਉਹ ਆਪਣੀ ਦਿਲਕਸ਼ ਆਵਾਜ਼ ਨਾਲ ਅਮਰ ਹੋ ਚੁੱਕਾ ਹੈ।

***

## ਸ਼੍ਰੋਮਣੀ ਕਮੇਟੀ ਦੇ ਵਫ਼ਦ ਵੱਲੋਂ

ਗੁਰਚਰਨ ਸਿੰਘ ਗਰੇਵਾਲ ਨੇ ਦੱਸਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਹੋਏ ਫੈਸਲੇ ਤੋਂ ਬਾਅਦ ਪ੍ਰਬੰਧਕਾਂ ਵਿੱਚ ਕੁਝ ਮਤਭੇਦ ਪਾਏ ਗਏ ਸਨ, ਜਿਸ ਦਾ ਸਿੱਖ ਸੰਗਤ 'ਤੇ ਗਹਿਰਾ ਪ੍ਰਭਾਵ ਪੈ ਰਿਹਾ ਸੀ। ਇਸ ਮਸਲੇ ਨੂੰ ਹੱਲ ਕਰਨ ਲਈ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਵੱਲੋਂ ਇੱਕ ਕਮੇਟੀ ਗਠਿਤ ਕੀਤੀ ਗਈ ਸੀ, ਜਿਸ ਨੇ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਨਾਲ ਮੀਟਿੰਗ ਕੀਤੀ ਹੈ। ਸਿੱਖ ਸੰਸਥਾ ਦਾ ਮਕਸਦ ਇਸ ਮਾਮਲੇ ਨੂੰ ਗੱਲਬਾਤ ਰਾਹੀਂ ਹੱਲ ਕਰਨਾ ਹੈ ਅਤੇ ਉਹ ਇਸ ਮੀਟਿੰਗ ਦੀ ਰਿਪੋਰਟ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਸੌਂਪਣਗੇ। ਉਨ੍ਹਾਂ ਕਿਹਾ ਕਿ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਜੋ ਆਦੇਸ਼ ਜਾਰੀ ਕੀਤੇ ਗਏ ਸਨ, ਇੱਥੋਂ ਦੀ ਪ੍ਰਬੰਧਕ ਕਮੇਟੀ ਨੇ ਵੀ ਉਸ ਨਾਲ ਸਹਿਮਤੀ ਪ੍ਰਗਟਾਈ ਸੀ। ਉਨ੍ਹਾਂ ਕਿਹਾ ਕਿ ਅਸੀਂ ਇਸ ਫੈਸਲੇ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਸ਼੍ਰੋਮਣੀ ਕਮੇਟੀ ਦਾ ਪੱਖ ਰੱਖਿਆ ਹੈ। ਉਨ੍ਹਾਂ ਕਿਹਾ ਕਿ ਆਸ ਹੈ ਕਿ ਇਹ ਮਾਮਲਾ ਜਲਦ ਹੱਲ ਹੋ ਜਾਵੇਗਾ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਸ. ਰਘੂਜੀਤ ਸਿੰਘ ਵਿਰਕ, ਭਾਈ ਗੁਰਚਰਨ ਸਿੰਘ ਗਰੇਵਾਲ, ਸ. ਗੁਰਬਚਨ ਸਿੰਘ ਕਰਮੂੰਵਾਲਾ, ਕੋਆਰਡੀਨੇਟਰ ਮੀਤ ਸਕੱਤਰ ਸ. ਜਸਵਿੰਦਰ ਸਿੰਘ ਜੱਸੀ ਤੋਂ ਇਲਾਵਾ ਤਖ਼ਤ ਸ੍ਰੀ ਪਟਨਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ, ਮੀਤ ਪ੍ਰਧਾਨ ਸ. ਮਹਿੰਦਰ ਪਾਲ ਸਿੰਘ, ਜਨਰਲ ਸਕੱਤਰ ਸ. ਇੰਦਰਜੀਤ ਸਿੰਘ, ਸਕੱਤਰ ਸ. ਹਰਬੰਸ ਸਿੰਘ ਖਨੂੰਜਾ, ਸ. ਹਰਪਾਲ ਸਿੰਘ, ਮੈਂਬਰ ਸ. ਗੁਰਮੀਤ ਸਿੰਘ, ਸ. ਗੁਰਵਿੰਦਰ ਸਿੰਘ ਅਤੇ ਸ. ਲਖਵਿੰਦਰ ਸਿੰਘ ਆਦਿ ਹਾਜ਼ਰ ਸਨ।

***

## ਕਬਜ਼ੇ ਦੀ ਸਥਿਤੀ ਬਾਰੇ ਪਾਕਿਸਤਾਨ ਸਰਕਾਰ

ਪਾਕਿਸਤਾਨ ਸਰਕਾਰ ਦੀ ਇਸ ਮਸਲੇ ਪ੍ਰਤੀ ਉਦਾਸੀਨਤਾ ਸਿੱਖ ਭਾਈਚਾਰੇ ਵਿੱਚ ਨਾਰਾਜ਼ਗੀ ਦਾ ਕਾਰਨ ਬਣੀ ਹੈ, ਕਿਉਂਕਿ ਇਸ ਨੇ ਨਾ ਸਿਰਫ ਸਿੱਖ ਵਿਰਸੇ ਨੂੰ ਨੁਕਸਾਨ ਪਹੁੰਚਾਇਆ, ਸਗੋਂ ਧਾਰਮਿਕ ਭਾਵਨਾਵਾਂ ਨੂੰ ਵੀ ਠੇਸ ਪਹੁੰਚਾਈ ਹੈ। ਗੁਰਦੁਆਰਾ ਲਾਲ ਖੂਹ ਦੇ ਮਾਮਲੇ ਵਿੱਚ ਐਸ.ਜੀ.ਪੀ.ਸੀ. ਜਾਂ ਪ੍ਰਵਾਸੀ ਸਿੱਖ ਸੰਗਠਨਾਂ ਵੱਲੋਂ ਕੋਈ ਸਪੱਸ਼ਟ ਅਤੇ ਜਨਤਕ ਤੌਰ 'ਤੇ ਉਠਾਏ ਗਏ ਕਦਮਾਂ ਦੀ ਜਾਣਕਾਰੀ ਮੌਜੂਦ ਨਹੀਂ ਹੈ।

ਪਾਕਿਸਤਾਨ ਸਰਕਾਰ ਦਾ ਪੱਖ: ਪਾਕਿਸਤਾਨ ਸਰਕਾਰ ਨੇ ਸਿੱਖ ਧਾਰਮਿਕ ਅਸਥਾਨਾਂ ਦੀ ਸੰਭਾਲ ਲਈ ਕੁਝ ਯਤਨ ਕੀਤੇ ਹਨ, ਜਿਵੇਂ ਕਿ ਗੁਰਦੁਆਰਾ ਕਰਤਾਰਪੁਰ ਸਾਹਿਬ ਦੀ ਮੁਰੰਮਤ ਅਤੇ 2019 ਵਿੱਚ ਕਰਤਾਰਪੁਰ ਕੋਰੀਡੋਰ ਦੀ ਸਥਾਪਨਾ, ਜਿਸ ਨੂੰ ਵਿਸ਼ਵ ਭਰ ਦੇ ਸਿੱਖਾਂ ਨੇ ਸਰਾਹਿਆ। ਪਰ, ਗੁਰਦੁਆਰਾ ਲਾਲ ਖੂਹ ਵਰਗੇ ਘੱਟ ਜਾਣੇ-ਪਛਾਣੇ ਅਸਥਾਨਾਂ ਦੀ ਸੰਭਾਲ ਲਈ ਸਰਕਾਰ ਜਾਂ ਈ.ਟੀ.ਪੀ.ਬੀ. ਦੀ ਤਰਫੋਂ ਕੋਈ ਖਾਸ ਕਾਰਵਾਈ ਨਹੀਂ ਕੀਤੀ ਗਈ। ਇਸ ਦੀ ਵਜ੍ਹਾ ਸੰਭਵ ਤੌਰ 'ਤੇ ਸਥਾਨਕ ਪ੍ਰਸ਼ਾਸਨਿਕ ਅਣਗਹਿਲੀ, ਸਰੋਤਾਂ ਦੀ ਕਮੀ, ਜਾਂ ਸਥਾਨਕ ਭਾਈਚਾਰਿਆਂ ਦਾ ਵਿਰੋਧ ਹੋ ਸਕਦਾ ਹੈ, ਜਿਨ੍ਹਾਂ ਨੇ ਇਸ ਅਸਥਾਨ ਨੂੰ ਦਰਗਾਹ ਵਜੋਂ ਅਪਣਾ ਲਿਆ ਹੈ।

***

## ਭਾਜਪਾ ਦੀ ਰਾਸ਼ਟਰੀ ਪ੍ਰਧਾਨ ਦੀ ਚੋਣ ਦੇਰੀ

ਭਾਜਪਾ ਵਰਗੀ ਵਿਸ਼ਾਲ ਪਾਰਟੀ, ਜਿਸ ਨੇ ਦੇਸ਼ ਦੀ ਸਿਆਸਤ ਵਿੱਚ ਆਪਣੀ ਮਜ਼ਬੂਤ ਪਕੜ ਬਣਾਈ ਹੈ, ਨੂੰ ਇੱਕ ਯੋਗ ਨੇਤਾ ਦੀ ਚੋਣ ਵਿਚ ਮੁਸ਼ਕਲ ਕਿਉਂ ਆ ਰਹੀ ਹੈ ? ਕੀ ਪਾਰਟੀ ਦੀ ਨਵੀਂ ਪੀੜ੍ਹੀ ਅਜੇ ਇਸ ਅਹੁਦੇ ਲਈ ਪੂਰੀ ਤਰ੍ਹਾਂ ਤਿਆਰ ਨਹੀਂ, ਜਾਂ ਫ਼ਿਰ ਸੀਨੀਅਰ ਨੇਤਾਵਾਂ ਵਿੱਚ ਕੋਈ ਅਜਿਹਾ ਨਾਂ ਨਹੀਂ ਜੋ ਸਭ ਨੂੰ ਜੋੜ ਸਕੇ ? ਇਹ ਸਥਿਤੀ ਪਾਰਟੀ ਦੀ ਅੰਦਰੂਨੀ ਸੰਗਠਨਾਤਮਕ ਕਮਜ਼ੋਰੀ ਨੂੰ ਦਰਸਾਉਂਦੀ ਹੈ, ਜੋ ਆਉਣ ਵਾਲੇ ਸਮੇਂ 'ਚ ਉਸ ਲਈ ਮੁਸ਼ਕਿਲਾਂ ਖੜੀ ਕਰ ਸਕਦੀ ਹੈ।

***

## ਸਵਾਂ ਨਦੀ ਦੀ ਤਬਾਹੀ ਬਾਰੇ ਪੰਜਾਬ ਸਰਕਾਰ

ਅਤੇ ਆਸ-ਪਾਸ ਦੇ ਇਲਾਕਿਆਂ 'ਚ ਹਰ ਸਾਲ ਮੌਨਸੂਨ ਦੌਰਾਨ ਫ਼ਸਲਾਂ ਤਬਾਹ ਹੋ ਜਾਂਦੀਆਂ ਹਨ। ਨਦੀ ਦੇ ਬੈੱਡ 'ਚ ਨਾਜਾਇਜ਼ ਮਾਈਨਿੰਗ ਕਾਰਨ ਪਾਣੀ ਦਾ ਰੁਖ ਅਣਕੰਟਰੋਲ ਹੋ ਜਾਂਦਾ ਹੈ, ਜਿਸ ਨਾਲ ਖੇਤਾਂ ਵਿੱਚ ਪਾਣੀ ਭਰ ਜਾਂਦਾ ਹੈ। ਇਸ ਤੋਂ ਇਲਾਵਾ, ਭੱਲਾਂ ਤੋਂ ਕਲਮਾ ਮੋੜ ਨੂੰ ਜੋੜਨ ਵਾਲਾ ਪੁਲ ਵੀ ਅਸੁਰੱਖਿਅਤ ਹੋ ਗਿਆ, ਜਿਸ ਕਾਰਨ ਸਥਾਨਕ ਲੋਕਾਂ ਨੂੰ ਪੈਦਲ ਚੱਲਣਾ ਪੈਂਦਾ ਹੈ।

ਸਵਾਂ ਨਦੀ ਦੀ ਸਮੱਸਿਆ ਦਾ ਹੱਲ ਸਿਰਫ਼ ਸਰਕਾਰੀ ਪੱਧਰ 'ਤੇ ਯੋਜਨਾਬੰਦੀ ਅਤੇ ਤੁਰੰਤ ਕਾਰਵਾਈ ਨਾਲ ਸੰਭਵ ਹੈ। ਸਭ ਤੋਂ ਪਹਿਲਾਂ, ਨਦੀ ਨੂੰ ਚੈਨਲਾਈਜ਼ ਕਰਨ ਲਈ ਪ੍ਰੋਜੈਕਟ ਸ਼ੁਰੂ ਕੀਤਾ ਜਾਵੇ, ਜਿਸ ਨਾਲ ਪਾਣੀ ਦਾ ਵਹਾਅ ਨਿਯੰਤਰਿਤ ਹੋ ਸਕੇ। ਦੂਜਾ, ਨਾਜਾਇਜ਼ ਮਾਈਨਿੰਗ 'ਤੇ ਸਖ਼ਤੀ ਨਾਲ ਰੋਕ ਲਗਾਈ ਜਾਵੇ, ਜੋ ਨਦੀ ਦੇ ਬੈੱਡ ਨੂੰ ਤਬਾਹ ਕਰ ਰਹੀ ਹੈ। ਤੀਜਾ, ਹਿਮਾਚਲ ਦੀ ਤਰ੍ਹਾਂ ਨਹਿਰਾਂ ਅਤੇ ਖਾਲਾਂ ਕੱਢ ਕੇ ਪਾਣੀ ਨੂੰ ਸਿੰਚਾਈ ਲਈ ਵਰਤਿਆ ਜਾਵੇ ਅਤੇ ਵਾਧੂ ਪਾਣੀ ਨੂੰ ਹਰਿਆਣਾ-ਰਾਜਸਥਾਨ ਵੱਲ ਮੋੜਨ ਦੀ ਯੋਜਨਾ ਬਣਾਈ ਜਾਵੇ। ਚੌਥਾ, ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਤਾਲਮੇਲ ਨਾਲ ਕੰਮ ਕਰਕੇ ਪੁਰਾਣੀ ਯੋਜਨਾਵਾਂ 'ਤੇ ਅਮਲ ਕਰਨਾ ਚਾਹੀਦਾ। ਜੇ ਸਰਕਾਰ ਨੇ ਸਮੇਂ ਸਿਰ ਕਦਮ ਨਾ ਚੁੱਕੇ, ਤਾਂ ਪੰਜਾਬ ਦੇ ਕਿਸਾਨਾਂ ਦਾ ਨੁਕਸਾਨ ਵਧਦਾ ਜਾਵੇਗਾ, ਜੋ ਕਿ ਸੂਬੇ ਦੀ ਖੇਤੀ ਅਰਥਚਾਰੇ ਲਈ ਵੱਡਾ ਝਟਕਾ ਹੋਵੇਗਾ।

***

## 32 ਸਾਲ ਬੀਤਣ ਦੇ ਬਾਵਜੂਦ ਇਨਸਾਫ਼

ਰਿਪੋਰਟ ਨੂੰ ਜਨਤਕ ਨਹੀਂ ਕੀਤਾ ਗਿਆ ਅਤੇ ਨਾ ਹੀ ਕੋਈ ਕਾਰਵਾਈ ਹੋਈ।

2011 ਵਿੱਚ ਪੱਤਰਕਾਰ ਐੱਚ.ਐੱਸ. ਬਾਵਾ ਨੇ ਤਿਵਾੜੀ ਰਿਪੋਰਟ ਦੀ ਕਾਪੀ ਹਾਸਲ ਕਰਕੇ ਜਨਤਕ ਕੀਤੀ, ਜਿਸ ਨੇ ਪੁਲਿਸ ਦੀਆਂ ਜ਼ਿਆਦਤੀਆਂ ਨੂੰ ਸਾਹਮਣੇ ਲਿਆਂਦਾ। ਪਰ ਇਸ ਦੇ ਬਾਵਜੂਦ, ਸਰਕਾਰ ਨੇ ਕੋਈ ਕਦਮ ਨਹੀਂ ਚੁੱਕਿਆ।

**ਸਰਕਾਰੀ ਚੁੱਪ ਅਤੇ ਸਿਆਸੀ ਸਮਝੌਤੇ**

ਤਿਵਾੜੀ ਰਿਪੋਰਟ ਵਿੱਚ ਸਪੱਸ਼ਟ ਸੀ ਕਿ ਜਥੇਦਾਰ ਕਾਉਂਕੇ ਦੀ ਮੌਤ ਪੁਲਿਸ ਹਿਰਾਸਤ ਵਿੱਚ ਹੋਈ, ਪਰ ਸਰਕਾਰ ਨੇ ਇਸ ਨੂੰ ਦਬਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ, ਜਿਸ ਦੇ ਮੁਖੀ ਪ੍ਰਕਾਸ਼ ਸਿੰਘ ਬਾਦਲ ਸਨ, ਨੇ ਵਾਅਦੇ ਕੀਤੇ ਸਨ ਕਿ 1978 ਤੋਂ 1997 ਤੱਕ ਦੇ ਜ਼ੁਲਮਾਂ ਦੀ ਜਾਂਚ ਹੋਵੇਗੀ। ਪਰ ਸੱਤਾ ਵਿੱਚ ਆਉਂਦਿਆਂ ਹੀ ਉਹਨਾਂ ਨੇ ਅਜਿਹੀਆਂ ਜਾਂਚਾਂ ਨੂੰ ਦਬਾਉਣ ਵਿੱਚ ਜ਼ਿਆਦਾ ਦਿਲਚਸਪੀ ਵਿਖਾਈ।

**ਪੁਲਿਸ ਅਧਿਕਾਰੀਆਂ ਦੀ ਸਰਪ੍ਰਸਤੀ**

ਤਿਵਾੜੀ ਰਿਪੋਰਟ ਅਤੇ ਕਮੇਟੀ ਫ਼ਾਰ ਕੋਆਰਡੀਨੇਸ਼ਨ ਆਫ਼ ਡਿਸਅਪੀਅਰੈਂਸ ਇਨ ਪੰਜਾਬ ਦੀ ਜਾਂਚ ਨੇ ਸਪੱਸ਼ਟ ਕੀਤਾ ਕਿ ਜਥੇਦਾਰ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਸਿਪਾਹੀ ਦਰਸ਼ਨ ਸਿੰਘ ਹਠੂਰ ਨੇ 1998 ਵਿੱਚ ਦਾਅਵਾ ਕੀਤਾ ਸੀ ਕਿ ਜਥੇਦਾਰ ਨੂੰ ਸੀ.ਆਈ.ਏ. ਸਟਾਫ਼ ਜਗਰਾਉਂ ਵਿੱਚ ਤਸੀਹੇ ਦਿੱਤੇ ਗਏ। ਉਹਨਾਂ 'ਤੇ ਬੈਂਤਾਂ ਨਾਲ ਕੁੱਟਮਾਰ, ਸਰੀਰਕ ਅਤੇ ਮਾਨਸਿਕ ਤਸੀਹੇ ਕੀਤੇ ਗਏ ਅਤੇ ਅਖੀਰ ਵਿੱਚ ਗੋਲੀ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ। ਉਹਨਾਂ ਦੇ ਸਰੀਰ ਦੇ ਟੁਕੜੇ ਕਰਕੇ ਕੰਨੀਆਂ ਗੁਰਦੁਆਰੇ ਕੋਲ ਦਰਿਆ ਵਿੱਚ ਸੁੱਟ ਦਿੱਤੇ ਗਏ।

ਤਿਵਾੜੀ ਰਿਪੋਰਟ ਵਿੱਚ ਪੁਲਿਸ ਅਧਿਕਾਰੀਆਂ, ਖਾਸ ਕਰਕੇ ਕੇ.ਪੀ.ਐੱਸ. ਗਿੱਲ ਅਤੇ ਇੰਸਪੈਕਟਰ ਗੁਰਮੀਤ ਸਿੰਘ ਵਰਗੇ ਅਧਿਕਾਰੀਆਂ ਦੀ ਜ਼ਿਆਦਤੀਆਂ ਦਾ ਜ਼ਿਕਰ ਸੀ। ਪੁਲਿਸ ਅਧਿਕਾਰੀਆਂ ਦੇ ਨਾਲ-ਨਾਲ ਸਰਕਾਰੀ ਅਤੇ ਸਿਆਸੀ ਸਿਸਟਮ, ਜਿਸ ਨੇ ਇਸ ਜਾਂਚ ਨੂੰ ਦਬਾਇਆ, ਵੀ ਜ਼ਿੰਮੇਵਾਰ ਹੈ। ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ 'ਤੇ ਦੋਸ਼ ਹੈ ਕਿ ਉਸ ਨੇ ਤਿਵਾੜੀ ਰਿਪੋਰਟ 'ਤੇ ਕਾਰਵਾਈ ਨਹੀਂ ਕੀਤੀ ਅਤੇ ਦੋਸ਼ੀ ਅਧਿਕਾਰੀਆਂ ਨੂੰ ਸੁਰੱਖਿਆ ਦਿੱਤੀ। ਸਿੱਖ ਕਨੂੰਨੀ ਮਾਹਿਰਾਂ ਦਾ ਮੰਨਣਾ ਹੈ ਕਿ 1990 ਦੇ ਦਹਾਕੇ ਵਿੱਚ ਪੰਜਾਬ ਵਿੱਚ ਸਿਆਸੀ ਅਸਥਿਰਤਾ ਅਤੇ ਕੇਂਦਰੀ ਸਰਕਾਰ ਦੇ ਦਬਾਅ ਨੇ ਸਥਾਨਕ ਸਰਕਾਰਾਂ ਨੂੰ ਅਜਿਹੇ ਮਾਮਲਿਆਂ ਵਿੱਚ ਕਾਰਵਾਈ ਕਰਨ ਤੋਂ ਰੋਕਿਆ। ਸਿੱਖਾਂ ਦੇ ਮਸਲਿਆਂ ਨੂੰ ਅੱਤਵਾਦ ਨਾਲ ਜੋੜ ਕੇ ਮਾਮਲੇ ਨੂੰ ਦਬਾਇਆ ਗਿਆ।

**ਅਦਾਲਤੀ ਪ੍ਰਕਿਰਿਆ ਵਿੱਚ ਦੇਰੀ**

ਜਥੇਦਾਰ ਦੀ ਪਤਨੀ ਗੁਰਮੇਲ ਕੌਰ ਨੇ 1993 ਵਿੱਚ ਹੈਬੀਅਸ ਕਾਰਪਸ ਪਟੀਸ਼ਨ ਦਾਇਰ ਕੀਤੀ ਸੀ, ਪਰ ਅਦਾਲਤ ਨੂੰ ਪੁਲਿਸ ਵੱਲੋਂ ਗੁੰਮਰਾਹਕੁੰਨ ਜਾਣਕਾਰੀ ਦਿੱਤੀ ਗਈ। ਇੰਸਪੈਕਟਰ ਗੁਰਮੀਤ ਸਿੰਘ ਨੇ ਹਲਫ਼ਨਾਮੇ ਵਿੱਚ ਦਾਅਵਾ ਕੀਤਾ ਕਿ ਜਥੇਦਾਰ ਨੂੰ ਕਦੇ ਹਿਰਾਸਤ ਵਿੱਚ ਨਹੀਂ ਲਿਆ ਗਿਆ। ਇਸ ਨੇ ਅਦਾਲਤੀ ਪ੍ਰਕਿਰਿਆ ਨੂੰ ਹੋਰ ਪੇਚੀਦਾ ਕਰ ਦਿੱਤਾ।

***

## ਅਪਰੇਸ਼ਨ ਸੰਧੂਰ ਸਬੰਧੀ ਵੱਖ-ਵੱਖ ਬਿਰਤਾਂਤ

ਟਰੰਪ ਦੇ ਚੱਕਰ ਵਿੱਚ ਭਾਰਤ ਲਈ ਇੱਕ ਮੁਸ਼ਕਿਲ ਇਹ ਪੈਦਾ ਹੋ ਗਈ ਹੈ ਕਿ ਉਹ ਪਾਕਿਸਤਾਨ ਦੁਆਰਾ ਕਸ਼ਮੀਰ ਮੁੱਦੇ ਦਾ ਅੰਤਰਰਾਸ਼ਟਰੀਕਰਨ ਕਰਨ ਦੇ ਬਿਰਤਾਂਤ ਨੂੰ ਪੂਰੀ ਤਰ੍ਹਾਂ ਨਾਲ ਨਾਕਾਮ ਨਹੀਂ ਕਰ ਪਾ ਰਿਹਾ ਹੈ। ਚੀਨ ਉਂਝ ਤਾਂ ਅਮਰੀਕਾ ਵਾਂਗ ਕੋਈ ਬਿਰਤਾਂਤ ਵੱਖਰੇ ਤੌਰ 'ਤੇ ਨਹੀਂ ਚਲਾ ਰਿਹਾ, ਪਰ ਉਹ ਪਾਕਿਸਤਾਨ ਦੇ ਭਾਰਤ ਵਿਰੋਧੀ ਬਿਰਤਾਂਤ ਨੂੰ ਮਜ਼ਬੂਤ ਕਰਨ 'ਚ ਲੱਗਾ ਹੋਇਆ ਦਿਖਾਈ ਦਿੰਦਾ ਹੈ। ਇਥੇ ਇੱਕ ਹੋਰ ਵਚਿੱਤਰ ਬਿਰਤਾਂਤ ਦੀ ਮੌਜੂਦਗੀ ਦੇਖੀ ਜਾ ਸਕਦੀ ਹੈ। ਇਸ ਨੇ ਅੰਤਰਰਾਸ਼ਟਰੀ ਹਥਿਆਰ ਉਦਯੋਗ ਦੀਆਂ ਵੱਖੋ-ਵੱਖ ਲਾਬੀਆਂ ਵਿਚਾਲੇ ਮੁਕਾਬਲੇਬਾਜ਼ੀ ਪੈਦਾ ਕਰ ਦਿੱਤੀ ਹੈ। ਫ਼ੌਜੀ ਸੰਘਰਸ਼ ਦੌਰਾਨ ਕਿਹੜਾ ਹਵਾਈ ਜਹਾਜ਼ ਡਿੱਗਿਆ, ਕਿਸ ਨੇ ਸੁੱਟਿਆ, ਹੁਣ ਕਿਹੜਾ ਸੌਦਾ ਰੱਦ ਹੋਵੇਗਾ, ਕੌਣ ਕਿਹੜਾ ਤੇ ਕਿਸ ਦਾ ਹਵਾਈ ਜਹਾਜ਼ ਖਰੀਦੇਗਾ-ਅਜਿਹੀਆਂ ਗੱਲਾਂ ਭਾਰਤੀ ਤੇ ਕੌਮਾਂਤਰੀ ਮੰਚ 'ਤੇ ਚੱਲ ਰਹੀਆਂ ਹਨ। ਇਸ ਦੇ ਪਿੱਛੇ ਖਰਬਾਂ ਡਾਲਰ ਦੇ ਯੂਰਪੀਨ, ਚੀਨੀ, ਤੁਰਕੀ ਤੇ ਅਮਰੀਕੀ ਹਥਿਆਰ ਉਦਯੋਗ ਦੀਆਂ ਹੱਥਕੰਢੇਬਾਜ਼ੀਆਂ ਹਨ। ਕੁੱਲ ਮਿਲਾ ਕੇ ਬਿਰਤਾਂਤਾਂ ਦਾ ਅਜਿਹਾ ਰਾਇਤਾ ਫ਼ੈਲਿਆ ਹੋਇਆ ਹੈ, ਜਿਸ ਨੂੰ ਸਰਕਾਰ ਦੀ ਬਹੁਮੁਖੀ ਦਖ਼ਲਅੰਦਾਜ਼ੀ ਦੇ ਬਗੈਰ ਭਰਮ ਦੀ ਇਹ ਸਥਿਤੀ ਦੂਰ ਨਹੀਂ ਕੀਤੀ ਜਾ ਸਕਦੀ। -ਲੇਖਕ ਅੰਬੇਡਕਰ ਯੂਨੀਵਰਸਿਟੀ ਦਿੱਲੀ ਵਿੱਚ ਪ੍ਰੋਫ਼ੈਸਰ ਤੇ ਭਾਰਤੀ ਭਾਸ਼ਾਵਾਂ ਵਿੱਚ ਅਭਿਲੇਖਾਗਾਰੀ ਖੋਜ ਪ੍ਰੋਗਰਾਮ ਦੇ ਨਿਰਦੇਸ਼ਕ ਹਨ।

***

## ਕਾਨੂੰਨ ਦੀ ਇਜਾਜ਼ਤ ਤੋਂ ਬਿਨਾਂ ਕਿਸੇ ਦਾ

ਉੱਤਰਾਖੰਡ ਵਿੱਚ ਨੈਨੀਤਾਲ ਵਿਖੇ 72 ਸਾਲਾਂ ਦੇ ਉਸਮਾਨ ਦਾ ਘਰ ਇਸ ਲਈ ਢਾਹ ਦਿੱਤਾ ਕਿ ਉਸ 'ਤੇ ਬਲਾਤਕਾਰ ਦਾ ਕੇਸ ਦਰਜ ਸੀ। ਭਾਵੇਂ ਕਿ ਬਾਅਦ ਵਿੱਚ ਹਾਈ ਕੋਰਟ ਨੇ ਸਰਕਾਰ ਅਤੇ ਪ੍ਰਸ਼ਾਸਨ ਨੂੰ ਫ਼ਿਟਕਾਰ ਵੀ ਲਾਈ ਹੈ। ਉਥੋਂ ਦੇ ਪ੍ਰਸ਼ਾਸਨ ਨੇ ਅਜਿਹਾ ਕਰਨ ਲਈ ਅਦਾਲਤ ਤੋਂ ਮਾਫ਼ੀ ਵੀ ਮੰਗੀ ਹੈ। ਸਵਾਲ ਇਹ ਹੈ ਕਿ ਅਜਿਹਾ ਹੋ ਕਿਉਂ ਰਿਹਾ ਹੈ ? ਤਾਨਾਸ਼ਾਹੀ ਰਵੱਈਏ ਨਾਲ ਕਿਸੇ ਦੀ ਜਾਇਦਾਦ ਦਾ ਨੁਕਸਾਨ ਕਰਨਾ ਤਾਂ ਗ਼ੈਰ-ਕਾਨੂੰਨੀ ਹੈ। ਅਦਾਲਤ ਨੇ ਤਾਂ ਮਾਰਚ 2021 ਵਿੱਚ ਪ੍ਰਯਾਗ ਰਾਜ ਵਿੱਚ ਢਾਹੇ ਗਏ ਘਰਾਂ ਨੂੰ ਮੁੜ ਬਣਾ ਕੇ ਦੇਣ ਲਈ ਵੀ ਕਹਿ ਦਿੱਤਾ ਸੀ, ਜਿਨ੍ਹਾਂ ਨੂੰ ਇਹ ਕਹਿ ਕੇ ਢਾਹ ਦਿੱਤਾ ਗਿਆ ਸੀ ਕਿ ਉਨ੍ਹਾਂ ਘਰਾਂ ਦਾ ਸੰਬੰਧ ਬਦਮਾਸ਼ਾਂ ਅਤੇ ਸੰਸਦ ਮੈਂਬਰ ਰਹਿ ਚੁੱਕੇ ਅਤੀਕ ਅਹਿਮਦ ਨਾਲ ਹੈ। ਇਸੇ ਸਾਲ 24 ਮਾਰਚ ਨੂੰ ਸੁਪਰੀਮ ਕੋਰਟ ਨੇ ਬਕਾਇਦਾ ਕਿਹਾ ਸੀ ਕਿ ਘਰ ਢਾਹੁਣ ਮੌਕੇ ਕਾਨੂੰਨੀ ਵਿਧੀ ਦੀ ਉਲੰਘਣਾ ਹੋ ਰਹੀ ਹੈ। ਅਦਾਲਤ ਨੇ ਬਹੁਤ ਸਮਿਆਂ ਤੇ ਘਰ ਢਾਹੁਣ ਦੀ ਨੀਤੀ ਨੂੰ ਗਲਤ ਕਿਹਾ ਹੈ। ਕਿਸੇ ਗਲਤ ਅਨਸਰ ਨੂੰ, ਕਿਸੇ ਨਸ਼ਾ ਤਸਕਰ ਨੂੰ ਸਜ਼ਾ ਦੇਣੀ ਗਲਤ ਨਹੀਂ ਹੈ ਪਰ ਉਸ ਬਾਰੇ ਕਾਨੂੰਨ ਵਿਧੀ ਵਿਧਾਨ ਹੈ। ਪੰਜਾਬ ਵਿੱਚ ਅਤੇ ਹੋਰ ਥਾਂਵਾਂ 'ਤੇ ਨਾਜਾਇਜ਼ ਕਾਬਜ਼ ਕਹਿ ਕੇ, ਨਸ਼ਾ ਤਸਕਰ ਕਹਿ ਕੇ, ਗਲਤ ਅਨਸਰ ਕਹਿ ਕੇ ਘਰ ਢਾਹੇ ਜਾ ਰਹੇ ਹਨ। ਕਸ਼ਮੀਰ ਦੇ ਪਹਿਲਗਾਮ ਵਿੱਚ 26 ਵਿਅਕਤੀ ਬੇਰਹਿਮੀ ਨਾਲ ਕਤਲ ਕਰ ਦਿੱਤੇ ਗਏ। ਬਿਨਾਂ ਸ਼ੱਕ ਇਹ ਗਲਤ ਸੀ। ਇਹ ਅਤਿ ਨਿੰਦਣਯੋਗ ਸੀ। ਦੋਸ਼ੀਆਂ ਨੂੰ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ ਪਰ ਪ੍ਰਸ਼ਾਸਨ ਨੇ ਕਈ ਹੋਰ ਵਿਅਕਤੀਆਂ ਦੇ ਹੀ ਘਰ ਢਾਹ ਦਿੱਤੇ। ਇਹ ਕਿਹਾ ਗਿਆ ਕਿ ਸਬੰਧਿਤ ਵਿਅਕਤੀ ਗਲਤ ਅਨਸਰ ਹਨ। ਉਹਨਾਂ ਦਾ ਪਿਛੋਕੜ ਮਾੜਾ ਹੈ। ਪਿਛੋਕੜ ਮਾੜਾ ਕਹਿ ਕੇ ਤਾਂ ਕਿਸੇ ਦਾ ਘਰ ਨਹੀਂ ਉਜਾੜਨਾ ਚਾਹੀਦਾ। ਇਹ ਪਤਾ ਤਾਂ ਕਰਨਾ ਸੀ ਕਿ, ਕੀ ਉਹ ਹੀ ਨਿਰਦੋਸ਼ਾਂ ਦੇ ਕਤਲਾਂ ਲਈ ਜ਼ਿੰਮੇਵਾਰ ਹਨ। ਜ਼ਬਰਦਸਤੀ ਕਿਸੇ ਦਾ ਘਰ ਢਾਹੁਣਾ ਤਾਂ ਕਿਸੇ ਤਰ੍ਹਾਂ ਵੀ ਵਾਜਬ ਨਹੀਂ ਹੈ। ਕਿਸੇ ਵੀ ਤਰ੍ਹਾਂ ਘਰ ਢਾਹੁਣ ਦੀ ਨੀਤੀ ਨੂੰ ਠੀਕ ਕਿਹਾ ਜਾ ਸਕਦਾ ਹੈ। ਸਰਕਾਰਾਂ ਨੂੰ ਕੋਈ ਪਰਵਾਹ ਨਹੀਂ ਹੈ। ਇਸ ਵਿਧੀ ਦੀ ਸਾਰੇ ਨਿਖੇਧੀ ਕਰਨ। ਅਦਾਲਤਾਂ ਨੂੰ ਵੀ ਚਾਹੀਦਾ ਹੈ ਕਿ ਉਹ ਆਪ ਅਜਿਹੀਆਂ ਘਟਨਾਵਾਂ ਦੇ ਨੋਟਿਸ ਲੈਣ। ਇਹ ਮਨੁੱਖੀ ਅਧਿਕਾਰਾਂ ਦੀ ਸਰਾਸਰ ਉਲੰਘਣਾ ਹੈ। ਇਹ ਕਾਨੂੰਨ ਦੀ ਉਲੰਘਣਾ ਹੈ। ਕਿਸੇ ਵੀ ਮੁਜਰਮ ਨੂੰ ਉਸ ਵੱਲੋਂ ਕੀਤੇ ਗੁਨਾਹਾਂ ਦੀ ਸਜ਼ਾ ਮਿਲਣੀ ਚਾਹੀਦੀ ਹੈ। ਪਰ ਕਾਨੂੰਨੀ ਪ੍ਰਕਿਰਿਆ ਰਾਹੀਂ ਹੀ ਤਹਿ ਹੋ ਸਕਦਾ ਹੈ ਕਿ ਸਜ਼ਾ ਕਿੰਨੀ ਕਿਸੇ ਨੂੰ ਦੇਣੀ ਹੈ। ਮਨਮਰਜ਼ੀ ਕਰਨੀ ਜਾਂ ਤਾਨਾਸ਼ਾਹੀ ਰਵੱਈਆ ਤਾਂ ਗ਼ੈਰ-ਕਾਨੂੰਨੀ ਹੈ।

ਜੇਕਰ ਕੋਈ ਲੇਖਕ ਆਪਣਾ ਆਰਟੀਕਲ, ਕਵਿਤਾ, ਕਹਾਣੀ, ਮਿੰਨੀ ਕਹਾਣੀ ਜਾਂ ਲੇਖ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ AMRITSAR TIMES
ਅਖ਼ਬਾਰ ਵਿੱਚ ਛਪਵਾਉਣ ਲਈ ਇੱਛੁਕ ਹੈ ਤਾਂ ਉਹ
ਸਾਡੀ ਈ ਮੇਲ : asrnewwriters@gmail.com
'ਤੇ ਆਪਣੀ ਲਿਖਤ ਭੇਜ ਸਕਦੇ ਹਨ। ਮਿਆਰੀ ਲਿਖਤ ਨੂੰ ਅਖ਼ਬਾਰ 'ਚ ਜ਼ਰੂਰ ਥਾਂ ਦਿੱਤੀ ਜਾਵੇਗੀ।
ਨਾਮ ਅਤੇ ਫ਼ੋਨ ਨੰਬਰ ਜ਼ਰੂਰ ਲਿਖਿਆ ਜਾਵੇ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
Email: asrnewwriters@gmail.com www.amritsartimes.com Ph.: (510) 240-5949

ਪਾਠਕਾਂ ਲਈ ਵਿਸ਼ੇਸ਼ ਸੂਚਨਾ
ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵੱਲੋਂ ਪਾਠਕਾਂ ਦੀ ਜਾਣਕਾਰੀ ਵਿੱਚ ਵਾਧਾ ਕਰਨ ਲਈ ਨਵੀਂ ਵੈਬਸਾਈਟ
www.amritsartimes.live
ਸ਼ੁਰੂ ਕੀਤੀ ਗਈ ਹੈ। ਜਿਸ ਵਿੱਚ ਦੇਸ਼ ਵਿਦੇਸ਼ ਵਿੱਚ ਹਰ ਦਿਨ ਵਾਪਰਦੀਆਂ ਘਟਨਾਵਾਂ ਦਾ ਵੇਰਵਾ, ਪੰਥਕ ਖ਼ਬਰਾਂ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਮਾਹਿਰ ਵਿਦਵਾਨਾਂ ਦੇ ਲੇਖ, ਵਿਸ਼ੇਸ਼ ਟਿੱਪਣੀਆਂ, ਕਵਰ ਸਟੋਰੀਆਂ, ਕਹਾਣੀਆਂ ਅਤੇ ਹੋਰ ਬਹੁਤ ਕੁਝ ਜਾਣਕਾਰੀ ਭਰਪੂਰ ਦੇਣ ਦਾ ਯਤਨ ਕੀਤਾ ਗਿਆ ਹੈ। ਇਕ ਵਾਰ ਜ਼ਰੂਰ ਵਿਜ਼ਟ ਕਰੋ।
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES
LIKE & SHARE
www.amritsartimes.live
Please like and share

ਰੋਜ਼ਾਨਾ ਦੇਸ਼-ਵਿਦੇਸ਼ ਦੇ ਰਾਜਨੀਤਕ, ਧਾਰਮਿਕ ਜਾਂ ਸੱਭਿਆਚਾਰਕ ਮੁੱਦਿਆਂ ਬਾਰੇ
ਜਾਣੋ ਪਲ ਪਲ ਦੀ ਖਬਰ




ON

jus PUNJABI HD

sling

CREDIBILITY RELIABILITY

Minute to Minute Coverage of Punjab Elections

Punjabi Super Pack

20 channels for only $25/month on

sling

SCAN ME TO SUBSCRIBE

Get 30% off ANY Pack for the first month! w/code: SLINGER854

To Subscribe Call: +1-718-752-9290

Visit: sling.com/juspunjabi

for advertisement & more information call: +1-718-752-9293

www.jusbroadcasting.com